
$40 $20
Tanya's
BEAUTY SALON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
137-40 JAMAICA AVE., JAMAICA NY 11435 TEL : 718-297-1019
85-03 ROOSEVELT AVE., JACKSON HEIGHTS NY 11373 TEL : 718-205-7832
We Specialize for Bridal & Henna

Pyramid Brokerage Company
Please contact to buy/sell commercial/Residential real estate

Vikramdeep Cheema
Specialize in:
• Gas Stations, Motels, Liquor Stores
• Tenant Rep
• Investment Properties
• Office, Retail and Industrial Space
*Contact: Vikramdeep Cheema, Buffalo, NY*
Ph: 716-777-0298
*vcheema@pyramidbrokerage.com*
*Licensed Real Estate Person*


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Sixteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 46, November 14, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਸਰਬੱਤ ਖਾਲਸਾ ਵੱਲੋਂ ਜਥੇਦਾਰਾਂ ਦੀ ਛੁੱਟੀ

## ਹਵਾਰਾ ਨੂੰ ਅਕਾਲ ਤਖਤ ਦਾ ਜਥੇਦਾਰ ਥਾਪਿਆ

**ਅੰਮ੍ਰਿਤਸਰ (ਗੁਰਵਿੰਦਰ ਸਿੰਘ ਵਿਰਕ):** ਸਿੱਖ ਜਥੇਬੰਦੀਆਂ ਵੱਲੋਂ ਸਰਬੱਤ ਖਾਲਸਾ ਸਮਾਗਮ ਵਿਚ ਚਾਰ ਤਖਤਾਂ ਦੇ ਜਥੇਦਾਰਾਂ ਨੂੰ ਬਰਤਰਫ ਕਰਦਿਆਂ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਸਜ਼ਾਯਾਫਤਾ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖਤ ਦਾ ਨਵਾਂ ਜਥੇਦਾਰ ਥਾਪ ਦਿੱਤਾ ਗਿਆ ਹੈ। ਸਰਬਸੰਮਤੀ ਨਾਲ ਹਟਾਏ ਗਏ ਜਥੇਦਾਰਾਂ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸ਼ਾਮਲ ਹਨ।

ਹਟਾਏ ਗਏ ਜਥੇਦਾਰਾਂ ਉਪਰ ਤਖਤ ਸਾਹਿਬਾਨ ਦੀ ਮਾਣ-ਮਰਿਆਦਾ ਕਾਇਮ ਨਾ ਰੱਖਣ ਤੇ ਆਪਣੇ ਨਿੱਜੀ ਹਿੱਤਾਂ, ਸਵਾਰਥਾਂ ਤੇ ਸਿਆਸੀ ਲਾਲਸਾਵਾਂ ਕਾਰਨ ਸਰਵਉਚ ਸਿੱਖ ਸੰਸਥਾ ਦੇ ਸਿਧਾਂਤ ਤੇ ਹੋਂਦ ਨੂੰ ਢਾਹ ਲਾਉਣ ਦਾ ਦੋਸ਼ ਲਾਇਆ ਗਿਆ ਹੈ। ਇਸ ਬਾਰੇ ਡੇਰਾ ਸਿਰਸਾ ਦੇ ਮੁਖੀ ਨੂੰ ਪਹਿਲਾਂ ਮੁਆਫ ਕਰਨਾ ਤੇ ਫਿਰ ਮੁਆਫੀ ਰੱਦ ਕਰਨ ਦੇ ਫੈਸਲੇ ਇਨ੍ਹਾਂ ਘਟਨਾਵਾਂ ਦਾ ਸਿਖਰ ਸਨ। ਇਕੱਠ ਵਿਚ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਨੂੰ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਅਤੇ ਉਸ ਦੀ ਗੈਰਹਾਜ਼ਰੀ ਵਿਚ ਸਾਬਕਾ ਸੰਸਦ ਮੈਂਬਰ ਤੇ ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਧਿਆਨ ਸਿੰਘ ਮੰਡ ਨੂੰ ਕਾਰਜਕਾਰੀ ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਵਜੋਂ ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਭਾਈ ਅਮਰੀਕ ਸਿੰਘ ਅਜਨਾਲਾ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਬਲਜੀਤ ਸਿੰਘ ਦਾਦੂਵਾਲ ਨੂੰ ਨਿਯੁਕਤ ਕਰਨ ਦਾ ਐਲਾਨ ਕੀਤਾ।

ਇਕ ਮਤੇ ਰਾਹੀਂ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਤੇ ਸਮੁੱਚੀ ਕਾਰਜ ਪ੍ਰਣਾਲੀ ਵਾਸਤੇ ਪਾਰਦਰਸ਼ੀ ਵਿਧੀ ਵਿਧਾਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਵਾਸਤੇ 30 ਨਵੰਬਰ ਤੱਕ ਸ੍ਰੀ ਅਕਾਲ ਤਖਤ ਵੱਲੋਂ ਨਾਮਜ਼ਦ ਦੇਸ਼-ਵਿਦੇਸ਼ ਦੇ ਸਿੱਖ ਨੁਮਾਇੰਦਿਆਂ ਦਾ ਪੈਨਲ ਤਿਆਰ ਕੀਤਾ ਜਾਵੇਗਾ ਜੋ ਇਸ ਬਾਰੇ ਖੁਦ-ਮੁਖਤਾਰ ਪ੍ਰਸ਼ਾਸਨਿਕ ਢਾਂਚੇ ਦਾ ਖਰੜਾ ਤਿਆਰ ਕਰੇਗਾ। ਇਸ ਖਰੜੇ ਨੂੰ ਅਗਲੀ ਵਿਸਾਖੀ ਮੌਕੇ ਹੋਣ ਵਾਲੇ ਸਰਬੱਤ ਖਾਲਸਾ ਵਿਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ। ਸਰਬੱਤ ਖਾਲਸਾ ਵੱਲੋਂ


*(ਬਾਕੀ ਸਫਾ 6 'ਤੇ)*




### ਟਕਰਾਅ ਦਾ ਖਦਸ਼ਾ

**ਚੰਡੀਗੜ੍ਹ:** ਸਰਬੱਤ ਖਾਲਸਾ ਵਿਚ ਪਾਸ ਕੀਤੇ ਗਏ ਮਤਿਆਂ ਤੋਂ ਬਾਅਦ ਪੰਥ ਵਿਚ ਟਕਰਾਅ ਵਧਣ ਦਾ ਖਦਸ਼ਾ ਬਣ ਗਿਆ ਹੈ। ਬਹੁਤ ਸਾਰੇ ਪੰਥਕ ਵਿਦਵਾਨ ਮਿਸਾਲੀ ਇਕੱਠ ਦੇ ਬਾਵਜੂਦ ਆਗੂਆਂ ਦੀ ਕਾਬਲੀਅਤ ਉਤੇ ਸਵਾਲ ਉਠਾ ਰਹੇ ਹਨ। ਪਹਿਲਾਂ ਹੀ ਬਹੁਤ ਸਾਰੀਆਂ ਪੰਥਕ ਜਥੇਬੰਦੀਆਂ, ਧਾਰਮਿਕ ਆਗੂ ਤੇ ਪ੍ਰਚਾਰਕ ਇਸ ਇਕੱਠ ਤੋਂ ਬਾਹਰ ਸਨ। ਉਨ੍ਹਾਂ ਦਾ ਮੱਤ ਸੀ ਕਿ ਸਰਬੱਤ ਖਾਲਸਾ ਲਈ ਪਹਿਲਾਂ ਵਿਧੀ ਵਿਧਾਨ ਬਣਾਏ ਜਾਣ ਦੀ ਲੋੜ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਤੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਸਰਬੱਤ ਖਾਲਸਾ ਵਿਚ ਪਾਸ ਮਤਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

### ਸਰਬੱਤ ਖਾਲਸਾ ਵਿਚ ਪਾਸ ਮਤੇ

ਪ੍ਰਕਾਸ਼ ਸਿੰਘ ਬਾਦਲ ਤੋਂ 'ਫਖਰ-ਏ-ਕੌਮ' ਤੇ 'ਪੰਥ ਰਤਨ' ਦੇ ਖਿਤਾਬ ਵਾਪਸ ਲਏ।
ਕੇ.ਪੀ.ਐਸ. ਗਿੱਲ ਤੇ ਜਨਰਲ ਕੁਲਦੀਪ ਸਿੰਘ ਬਰਾੜ ਅਕਾਲ ਤਖਤ ਉਤੇ ਤਲਬ।
ਜਥੇਦਾਰਾਂ ਦੀ ਨਿਯੁਕਤੀ ਤੇ ਕਾਰਜ ਪ੍ਰਣਾਲੀ ਲਈ ਵਿਧੀ ਵਿਧਾਨ ਬਣਾਈ ਜਾਵੇ।
ਸਿੱਖ ਰਾਜ ਲਈ ਦ੍ਰਿੜਤਾ, ਏਕਤਾ ਤੇ ਅਨੁਸ਼ਾਸਨ ਨਾਲ ਸੰਘਰਸ਼ ਕਰਨ ਦਾ ਅਹਿਦ।
ਅਗਲਾ ਸਰਬੱਤ ਖਾਲਸਾ 2016 ਦੀ ਵਿਸਾਖੀ ਮੌਕੇ ਸੱਦਿਆ।
ਸਿੱਖ ਕੈਦੀਆਂ ਦੀ ਬਿਨਾਂ ਸ਼ਰਤ ਰਿਹਾਈ ਉਤੇ ਜ਼ੋਰ।
ਚਾਰ ਜਥੇਦਾਰਾਂ ਉਤੇ ਤਖਤ ਦੀ ਮਰਿਆਦਾ ਕਾਇਮ ਨਾ ਰੱਖਣ ਦਾ ਦੋਸ਼।
ਸ੍ਰੀ ਹਰਿਮੰਦਰ ਸਾਹਿਬ ਸਮੂਹ ਨੂੰ ਵੈਟੀਕਨ ਸਿਟੀ ਵਰਗਾ ਦਰਜਾ ਦੇਣ ਤੇ ਇਸ ਦੇ ਕੰਪਲੈਕਸ ਵਿਚ ਕੋਈ ਵੀ ਕਾਨੂੰਨ ਲਾਗੂ ਨਾ ਕਰਨਾ।
ਜਾਤਾਂ ਦੇ ਆਧਾਰ ਉਤੇ ਬਣੇ ਗੁਰਦੁਆਰੇ ਤੇ ਸ਼ਮਸ਼ਾਨਘਾਟ ਖਤਮ ਕਰਨਾ।
ਬੇਅਦਬੀ ਦੇ ਦੋਸ਼ੀਆਂ ਨੂੰ ਪੰਥਕ ਰਵਾਇਤਾਂ ਮੁਤਾਬਕ ਸਜ਼ਾਵਾਂ ਦੇਣ ਦਾ ਐਲਾਨ।
ਸ਼੍ਰੋਮਣੀ ਕਮੇਟੀ ਦੀ ਚੋਣ ਤੁਰੰਤ ਕਰਵਾ ਕੇ ਜਮਹੂਰੀਅਤ ਬਹਾਲ ਕਰਨਾ।
ਕੌਮ ਲਈ ਸਰਵ-ਪ੍ਰਵਾਨਿਤ ਕੈਲੰਡਰ ਤਿਆਰ ਕਰਨ ਵਾਸਤੇ ਯਤਨ।
ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਵਿਸ਼ਵ ਸਿੱਖ ਪਾਰਲੀਮੈਂਟ ਦਾ ਗਠਨ।

# ਬਿਹਾਰ ਨੇ ਮੋਦੀ ਲਹਿਰ ਡੱਕੀ

**ਚੰਡੀਗੜ੍ਹ:** ਭਾਜਪਾ ਭਾਵੇਂ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਵਾਲੀ ਹਾਰ ਬਾਰੇ ਆਤਮ-ਮੰਥਨ ਕਰਨ ਵਿਚ ਜੁਟੀ ਹੋਈ ਹੈ, ਪਰ ਹਾਰ ਲਈ ਪਾਰਟੀ ਦੀ ਫਿਰਕੂ ਸੋਚ ਨੂੰ ਸਭ ਤੋਂ ਵੱਧ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਇਕ ਵਰ੍ਹੇ ਵਿਚ ਦੋ ਸੂਬਿਆਂ ਵਿਚ ਵੱਡੀਆਂ ਹਾਰਾਂ ਨੇ ਭਾਜਪਾ ਦੇ ਸਾਰੇ ਭਰਮ-ਭੁਲੇਖੇ ਤੋੜ ਦਿੱਤੇ ਹਨ। ਦਿੱਲੀ ਚੋਣਾਂ ਵਿਚ ਰਾਜਧਾਨੀ ਵਿਚੋਂ ਭਾਜਪਾ ਦੇ ਸਫਾਏ ਤੋਂ ਬਾਅਦ ਹੁਣ ਬਿਹਾਰ ਚੋਣ ਨਤੀਜਿਆਂ ਨੇ ਭਾਜਪਾ ਅੰਦਰ ਖਲਬਲੀ ਮਚਾ ਦਿੱਤੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਨ੍ਹਾਂ ਚੋਣਾਂ ਨੂੰ ਆਪਣੇ ਵੱਕਾਰ ਦਾ ਸਵਾਲ ਬਣਾ ਲਿਆ ਸੀ ਤੇ ਉਨ੍ਹਾਂ ਨੇ ਸੂਬੇ ਵਿਚ 30 ਤੋਂ ਵੱਧ ਰੈਲੀਆਂ ਕੀਤੀਆਂ ਸਨ, ਪਰ ਉਨ੍ਹਾਂ ਦੀ ਪਾਰਟੀ ਭਾਜਪਾ ਨੂੰ 53 ਸੀਟਾਂ 'ਤੇ ਹੀ ਜਿੱਤ ਮਿਲ ਸਕੀ। ਬਿਹਾਰ ਵਿਚ 243 ਸੀਟਾਂ ਵਿਚੋਂ ਜਨਤਾ ਦਲ (ਯੂ)-ਆਰ.ਜੇ.ਡੀ.-ਕਾਂਗਰਸ ਦੇ ਮਹਾਗਠਜੋੜ ਨੂੰ 178 ਸੀਟਾਂ ਮਿਲੀਆਂ। ਮੋਦੀ ਧਿਰ ਨੇ ਇਨ੍ਹਾਂ ਚੋਣਾਂ ਵਿਚ ਹਰ ਹਰਬਾ ਵਰਤਿਆ। ਆਰੰਭ ਵਿਚ ਆਪਣੀ ਚੋਣ ਮੁਹਿੰਮ ਦਾ ਮੁੱਖ ਮੁੱਦਾ ਵਿਕਾਸ ਨੂੰ ਬਣਾਇਆ ਗਿਆ ਸੀ। ਪ੍ਰਧਾਨ ਮੰਤਰੀ ਨੇ ਵੋਟਰਾਂ ਨੂੰ ਰਿਝਾਉਣ ਲਈ 1.25 ਲੱਖ ਕਰੋੜ ਦਾ ਪੈਕੇਜ ਵੀ ਬਿਹਾਰ ਜਾ ਕੇ ਐਲਾਨਿਆ। ਇਸੇ ਦੌਰਾਨ ਰਾਸ਼ਟਰੀ ਸੋਇਮਸੇਵਕ ਸੰਘ ਦੇ ਮੁੱਖ ਸੰਚਾਲਕ ਮੋਹਨ ਭਗਵਤ ਦਾ ਰਾਖਵੇਂਕਰਨ 'ਤੇ ਮੁੜ ਵਿਚਾਰ ਕਰਨ ਬਾਰੇ ਬਿਆਨ ਆ ਗਿਆ। ਇਹ ਵਿਚਾਰ ਨਿਤੀਸ਼ ਕੁਮਾਰ ਤੇ ਲਾਲੂ ਪ੍ਰਸਾਦ ਯਾਦਵ ਨੂੰ ਰਾਸ ਆ ਗਿਆ ਤੇ ਉਨ੍ਹਾਂ ਇਹ ਪ੍ਰਚਾਰ ਤੇਜ਼ ਕਰ ਦਿੱਤਾ ਕਿ ਭਾਜਪਾ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਕਬੀਲਿਆਂ ਨੂੰ ਮਿਲੇ ਰਾਖਵੇਂਕਰਨ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਨਾਲ ਬਿਹਾਰ ਦੀ ਚੋਣ ਮੁਹਿੰਮ ਵਿਚ ਜਾਤੀਵਾਦ ਦਾ ਮੁੱਦਾ ਤੂਲ ਫੜ ਗਿਆ। ਭਾਜਪਾ ਨੇ ਇਸ ਰਾਜਨੀਤਕ ਦਾਅ ਨੂੰ ਕੱਟਣ ਲਈ ਧਰਮ ਦੇ ਆਧਾਰ 'ਤੇ ਫਿਰਕੂ ਕਤਾਰਬੰਦੀ


*(ਬਾਕੀ ਸਫਾ 6 'ਤੇ)*




ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800-914-1013 408-428-2300

ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ
ਦੀ ਸਮੂੰਹ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥
ਸਤਿਗੁਰੁ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥
ਭਇਆ ਆਨੰਦ ਜਗਤ ਵਿਚ
ਕਲਿ ਤਾਰਨ ਗੁਰੂ ਨਾਨਕ ਆਇਆ ॥

# ਗੁਰਦੁਆਰਾ
# ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ

## ਅਤੇ ਟਰਾਈ ਸਟੇਟ ਦੇ ਸਮੂਹ ਗੁਰਦੁਆਰੇ, ਜਥੇਬੰਦੀਆਂ, ਸਮੂਹ ਸੰਗਤ ਦੇ ਪਿਆਰ ਅਤੇ ਸਹਿਯੋਗ ਸਦਕਾ

ਮਨੁੱਖਤਾ ਦੇ ਰਹਿਬਰ ਸਿੱਖ ਪੰਥ ਦੇ ਬਾਨੀ ਕਲਿਜੁਗ ਦੇ ਤਾਰਣਹਾਰ
ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
546 ਵੇਂ ਆਗਮਨ ਪੁਰਬ ਦੇ ਸੰਬਧ ਵਿੱਚ



# 15 ਵਾਂ ਮਹਾਨ ਨਗਰ ਕੀਰਤਨ

14 ਨਵੰਬਰ 2015 ਦਿਨ ਸ਼ਨੀਵਾਰ ਨੂੰ ਰਿਚਮੰਡ ਹਿੱਲ ਵਿਖੇ
ਬੜੀ ਸ਼ਰਧਾ ਅਤੇ ਧੂਮਧਾਮ ਨਾਲ ਕੱਢਿਆ ਜਾ ਰਿਹਾ ਹੈ।
113-10 101 Avenue, Richmond Hill, NY

ਉਪਰੰਤ ਨਗਰ ਕੀਰਤਨ ਦੀ ਆਰੰਭਤਾ ਸਵੇਰੇ 12 ਵਜੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਤੋਂ ਹੋਵੇਗੀ ਨਗਰ ਕੀਰਤਨ 111 ਸਟਰੀਟ ਤੋਂ ਹੁੰਦਿਆਂ ਲਿਬਰਟੀ ਐਵਨਿਊ ਤੋਂ 123 ਸਟਰੀਟ, ਅਟਲੈਂਟਿਕ ਐਵਨਿਊ 118 ਸਟਰੀਟ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਦੇ ਅਗੋ ਹੁੰਦਿਆਂ ਹੋਇਆਂ 101 ਐਵਨਿਓ ਤੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਸਮਾਪਤ ਹੋਵੇਗਾ ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 12 ਨਵੰਬਰ ਦਿਨ ਵੀਰਵਾਰ ਸਵੇਰੇ 10:30 ਵਜੇ
ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ 14 ਨਵੰਬਰ ਦਿਨ ਸ਼ਨੀਵਾਰ ਸਵੇਰੇ 10 ਵਜੇ ਹੋਵੇਗੀ
ਉਪਰੰਤ 11:30 ਵਜੇ ਤੱਕ ਦੀਵਾਨ ਸਜਣਗੇ ।



11 ਨਵੰਬਰ ਦਿਨ ਬੁੱਧਵਾਰ ਸਵੇਰੇ 10:30 ਵਜੇ ਭੋਗ ਉਪਰੰਤ 12:00 ਵਜੇ ਤੱਕ ਕੀਰਤਨ ਦੀਵਾਨ ਸਜਣਗੇ। ਅਤੇ ਸ਼ਾਮ 7:00 ਵਜੇ ਤੋਂ ਰਾਤ ਦੇਰ ਤੱਕ
## ਬੰਦੀ ਛੋੜ ਦਿਵਸ
ਦੇ ਸਬੰਧ ਵਿੱਚ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ।

## ਗੁਰਪੁਰਬ ਦੇ ਸਬੰਧ ਵਿੱਚ ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ 23 ਨਵੰਬਰ ਦਿਨ ਸੋਮਵਾਰ ਸਵੇਰੇ 10:30 ਵਜੇ ਸਮਾਪਤੀ ਸ੍ਰੀ ਅਖੰਡ ਪਾਠ 25 ਨਵੰਬਰ ਦਿਨ ਬੁੱਧਵਾਰ ਸਵੇਰੇ 10:00 ਵਜੇ ਉਪਰੰਤ ਦੁਪਹਿਰ 12:00 ਤੱਕ ਦੀਵਾਨ ਸਜਣਗੇ । ਅਤੇ ਸ਼ਾਮ 6 ਵਜੇ ਤੋਂ ਰਾਤ 12 ਵਜੇ ਤੱਕ ਕੀਰਤਨ ਹੋਵੇਗਾ ਅਤੇ ਫੁਲਾਂ ਦੀ ਬਰਖਾ ਕਰਕੇ ਸਮਾਪਤੀ ਹੋਵੇਗੀ ।

ਨੋਟ: ਭਾਈ ਸਾਹਿਬ ਭਾਈ ਸਰਬਜੀਤ ਸਿੰਘ ਜੀ ਰੰਗੀਲਾ ਦੁਰਗਵਾਲੇ 13 ਨਵੰਬਰ ਤੋਂ 29 ਨਵੰਬਰ ਤੱਕ ਲਗਾਤਾਰ ਗੁਰੂ ਘਰ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ।

ਪਹੁੰਚ ਰਹੇ ਰਾਗੀ, ਢਾਡੀ ਅਤੇ ਪ੍ਰਚਾਰਕ:
* ਭਾਈ ਸਾਹਿਬ ਭਾਈ ਸਰਬਜੀਤ ਸਿੰਘ ਜੀ ਰੰਗੀਲਾ ਦੁਰਗਵਾਲੇ
* ਭਾਈ ਗੁਰਮੇਲ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
* * ਭਾਈ ਬਲਜਿੰਦਰ ਸਿੰਘ ਪਿਹੋਵਾ ਵਾਲੇ, ਭਾਈ ਗਗਨਦੀਪ ਸਿੰਘ ਲੁਧਿਆਣਾ ਵਾਲੇ

ਕਥਾ ਵਾਚਕ : ਪ੍ਰੋਫੈਸਰ ਮਨਜੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਢਾਡੀ ਜਥਾ ਬੀਬੀ ਸੁਰਿੰਦਰ ਕੌਰ ਪਟਿਆਲੇ ਵਾਲੇ, ਗਿਆਨੀ ਜਸਪਾਲ ਸਿੰਘ ਹੈਡ ਗ੍ਰੰਥੀ

ਸੰਗਤ ਨੂੰ ਪੁਰਜ਼ੋਰ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਆਪ ਵੀ ਹਾਜ਼ਰੀਆਂ ਭਰੋ ਅਤੇ ਹੋਰਨਾਂ ਨੂੰ ਵੀ ਪ੍ਰੇਰਣਾ ਕਰ ਕੇ ਲੈ ਕੇ ਆਓ ਅਤੇ ਨਗਰ ਕੀਰਤਨ ਦੀ ਰੋਣਕ ਨੂੰ ਵਧਾਓ ॥




| | |
|---|---|
| Kuldeep Singh Khalsa (President) | 917-687-3560 |
| Ranjit Singh Mehmadpur (Vice President) | 917-969-3190 |
| Himmat Singh Sarpanch (Gen. Sec.) | 917-533-5036 |
| Daler Singh Haryana (Asst. Sect.) | 917-819-9033 |
| Jugvinder Singh (Cashier) | 347-645-6550 |
| Preetpal Singh (Cashier) | 718-659-8700 |
| Lakhwinder Singh (Building Incharge) | 718-414-7700 |
| Sardool Singh (Building Incharge) | 516-603-2005 |
| Gurbachan Kaur (Education Incharge) | 718-641-5115 |
| Jaswinder Kaur (Education Incharge) | 516-710-2027 |
| Paramjit Kaur (PRO) | 347-685-0611 |
| Lakhwinder Kaur (Member) | 718-306-7779 |
| Jagtar Singh (Member) | 917-913-3352 |
| Baljinder Kaur (Member) | 718-562-1090 |
| Kulwant Kaur (Member) | 516-805-3870 |
| Malkit Singh Multani (Member) | 917-533-5036 |
| Sukhwinder Singh (Member) | 917-913-3352 |
| Kali Pehowa (Member) | 917-379-8895 |
| | 347-612-8895 |

| | |
|---|---|
| Sukhjinder Singh Sukhanpur (Chairman) | 917-807-3054 |
| Gurnam Singh (Vice Chairman) | 718-219-5506 |
| Kulwant Singh (Bol Skather) | 718-306-7779 |
| Nirmal Kaur (Member) | 516-448-7979 |
| Malkiat Kaur (Member) | 516-672-7346 |
| Prabhjit Singh (Member) | 917-239-9790 |
| Sampuran Singh (Member) | 646-318-7658 |
| Lakhwinder Singh (Member) | 646-897-0041 |
| Surabjit Singh (Member) | 917-907-1168 |
| Gurwant Singh (Member) | 917-595-9777 |
| Sukhdev Singh (Member) | 347-651-3867 |
| Narinder Kaur (Member) | 718-441-0468 |
| Balwinder Kaur (Member) | 718-969-0444 |
| Jagat Singh (Member) | 646-318-6759 |
| Sukhwinder Singh (Member) | 917-379-8895 |
| Mohinder Singh (Member) | 917-940-9004 |
| Talwinder Kaur (Member) | 718-673-6830 |

ਸੰਗਤਾਂ ਦੀ ਸੇਵਾ ਲਈ
ਖਾਣ ਪੀਣ ਦਾ ਵਿਸ਼ੇਸ਼
ਪ੍ਰਬੰਧ ਕੀਤਾ ਜਾਵੇਗਾ ।

ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਆਗਮਨ ਪੁਰਬ ਦੇ ਸੰਬੰਧ ਵਿਚ
27,28 ਅਤੇ 29 ਨਵੰਬਰ 2015
ਨੂੰ ਵਿਸ਼ੇਸ਼ ਦੀਵਾਨ ਸਜਣਗੇ ।



Gurmit Singh Bhulath
Harjit Singh
Daljit Singh
Jaswinder Singh Tony
Sandeep Singh Gippy
Jaspal Singh Satta
Gurnam Singh
Surinder Singh
Sukhdev Singh
Navdeep Singh Prince

Baljinder Singh Soni
Malkeet Singh
Malkeet Singh Neeta
Paramjit Singh
Harminder Singh
Balwinder Singh
Gulzar Singh
Manjinder Singh
Micky
Sethi

### ਸਾਬਕਾ ਪ੍ਰਧਾਨ
ਮਾਸਟਰ ਮੁਹਿੰਦਰ ਸਿੰਘ, ਸ. ਰਘਬੀਰ ਸਿੰਘ ਸੁਲਤਾਨਪੁਰ
ਸ. ਮਨਜੀਤ ਸਿੰਘ ਦਾਹੜ, ਸ. ਪ੍ਰੀਤਮ ਸਿੰਘ ਫਿਲੌਰੀਆਂ
ਸ. ਕੁਲਦੀਪ ਸਿੰਘ ਖਾਲਸਾ, ਸ. ਹਿੰਮਤ ਸਿੰਘ ਸਰਪੰਚ, ਸ. ਗੁਰਮੇਜ ਸਿੰਘ

ਸ. ਪਰਮਜੀਤ ਸਿੰਘ ਜੀ ਕੋਹੇਵਾਲ
ਸ. ਸਰਨਾਮ ਸਿੰਘ ਟਾਹਲੀ
ਸ. ਹਰਜੀਤ ਸਿੰਘ ਸੱਗਾ
ਸ. ਬਲਵਿੰਦਰ ਸਿੰਘ ਸੁਲਤਾਨਪੁਰ
ਸ. ਮਹਿੰਦਰ ਸਿੰਘ ਮਹਿਮਦਪੁਰ
ਸ. ਮਹਿੰਦਰ ਸਿੰਘ ਟੋਨੀ
ਸ. ਅਮਰੀਕ ਸਿੰਘ ਮੋਹਾਲੀ
ਸ. ਰਘਬੀਰ ਸਿੰਘ ਬੱਗੀ
ਸ. ਗੁਰਮੀਤ ਸਿੰਘ ਮਹਿਮਦਪੁਰ
ਸ. ਬਲਦੇਵ ਸਿੰਘ ਫਿਲੌਰੀਆਂ
ਸ. ਦਿਲਬਾਗ ਸਿੰਘ ਮੁਲਤਾਨੀ

Watch LIVE on GLOBAL PUNJAB

ਗਿਆਨੀ ਜਸਪਾਲ ਸਿੰਘ ਹੈਡ ਗ੍ਰੰਥੀ
ਭਾਈ ਸੇਵਕ ਸਿੰਘ ਗ੍ਰੰਥੀ
ਭਾਈ ਕੁਲਵੰਤ ਸਿੰਘ ਗ੍ਰੰਥੀ
ਭਾਈ ਪਰਮਜੀਤ ਸਿੰਘ ਗ੍ਰੰਥੀ
ਭਾਈ ਜਗਤ ਸਿੰਘ ਸੇਵਾਦਾਰ
ਭਾਈ ਗੁਰਮੀਤ ਸਿੰਘ ਲੰਗਰ ਸੇਵਾਦਾਰ

Print & Design By INFINITY 347 475 7751

ਫੋਨ ਨੰਬਰ: 718 805 6941 - 718 805 7400

# ਟਰੂਡੋ ਸਰਕਾਰ ਨੇ ਬਖਸ਼ਿਆ ਪੰਜਾਬੀਆਂ ਨੂੰ ਮਾਣ

**ਓਟਵਾ:** ਲਿਬਰਲ ਆਗੂ ਜਸਟਿਨ ਟਰੂਡੋ (43) ਨੇ ਕੈਨੇਡਾ ਦੇ 23ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ। ਉਨ੍ਹਾਂ ਆਪਣੇ ਮੰਤਰੀ ਮੰਡਲ ਵਿਚ ਚਾਰ ਪੰਜਾਬੀਆਂ ਨੂੰ ਵੀ ਥਾਂ ਦਿੱਤੀ ਹੈ। ਸਿੱਖ ਆਗੂ ਨਵਦੀਪ ਬੈਂਸ ਨੂੰ ਇਨੋਵੇਸ਼ਨ, ਸਾਇੰਸ ਤੇ ਆਰਥਿਕ ਵਿਕਾਸ, ਹਰਜੀਤ ਸੱਜਣ ਨੂੰ ਰੱਖਿਆ, ਅਮਰਜੀਤ ਸੋਹੀ ਨੂੰ ਬੁਨਿਆਦੀ ਢਾਂਚਾ ਤੇ ਭਾਈਚਾਰੇ ਤੇ ਬਰਦੀਸ਼ ਚੱਗਰ ਨੂੰ ਛੋਟੇ ਉਦਯੋਗਾਂ ਤੇ ਸੈਰ ਸਪਾਟਾ ਬਾਰੇ ਮੰਤਰੀ ਬਣਾਇਆ ਗਿਆ ਹੈ। ਮਿਸੀਸਾਗਾ-ਮਾਲਟਨ ਤੋਂ ਸੰਸਦ ਵਿਚ ਪੁੱਜੇ ਸ੍ਰੀ ਬੈਂਸ ਦੇ ਮਾਪੇ ਮਾਹਿਲਪੁਰ ਤੋਂ ਕੈਨੇਡਾ ਗਏ ਸਨ।

ਵੈਨਕੂਵਰ ਸਾਊਥ ਤੋਂ ਚੋਣ ਜਿੱਤੇ ਲੈਫਟੀਨੈਂਟ ਕਰਨਲ ਹਰਜੀਤ ਸੱਜਣ ਕੈਨੇਡਾ ਦੇ ਪਹਿਲੇ ਸਿੱਖ ਫੌਜੀ ਸਨ ਤੇ ਉਨ੍ਹਾਂ ਅਫ਼ਗਾਨਿਸਤਾਨ ਵਿਚ ਤਿੰਨ ਵਾਰ ਲੜਾਈ ਵਿਚ ਹਿੱਸਾ ਲਿਆ। ਸ੍ਰੀ ਸੋਹੀ ਦਾ ਪਿਛੋਕੜ ਸੰਗਰੂਰ ਜ਼ਿਲ੍ਹੇ ਦੇ ਪਿੰਡ ਬਨਭੌਰਾ ਦਾ ਹੈ ਤੇ ਉਨ੍ਹਾਂ ਐਡਮੰਟਨ-ਮਿਲ ਵੁੱਡਸ ਵਿਚ ਆਪਣੇ ਵਿਰੋਧੀ ਉਮੀਦਵਾਰ ਨੂੰ ਹਰਾ ਕੇ ਸੰਸਦ ਦਾ ਰੁਖ਼ ਕੀਤਾ ਹੈ। ਪੰਜਾਬੀ ਮੂਲ ਦੀ ਬਰਦੀਸ਼ ਚੱਗਰ ਨੇ ਵਾਟਰਲੂ ਹਲਕੇ ਤੋਂ ਚੋਣ ਜਿੱਤੀ ਹੈ। ਕੈਨੇਡਾ ਵਿਚ ਹੋਈਆਂ ਚੋਣਾਂ ਦੌਰਾਨ 20 ਪੰਜਾਬੀਆਂ ਨੇ ਮੱਲ ਮਾਰੀ ਸੀ ਤੇ ਸੰਸਦ ਦਾ ਰੁਖ਼ ਕੀਤਾ ਸੀ।

ਅਧਿਆਪਕ ਰਹੇ ਟਰੂਡੋ ਨੇ ਆਪਣੇ ਪਿਤਾ ਦੇ ਪੂਰਨਿਆਂ 'ਤੇ ਚੱਲਦਿਆਂ ਲਿਬਰਲ ਪਾਰਟੀ ਨੂੰ ਜਿੱਤ ਦੇ ਰਾਹ ਪਾਇਆ। ਉਨ੍ਹਾਂ 10 ਸਾਲ ਤੱਕ ਰਾਜ ਕਰਨ ਵਾਲੇ ਸਟੀਫਨ ਹਾਰਪਰ ਦੀ ਪਾਰਟੀ ਨੂੰ ਚੋਣਾਂ ਵਿਚ ਹਰਾਇਆ ਸੀ। ਉਨ੍ਹਾਂ ਦੇ ਮੰਤਰੀ ਮੰਡਲ ਵਿਚ 30 ਆਗੂ ਸ਼ਾਮਲ ਹਨ ਤੇ ਵੱਖ-ਵੱਖ ਖੇਤਰਾਂ ਨੂੰ ਨੁਮਾਇੰਦਗੀ ਦਿੰਦਿਆਂ ਉਨ੍ਹਾਂ ਮੰਤਰੀ ਮੰਡਲ ਵਿਚ 15 ਔਰਤਾਂ ਤੇ 15 ਮਰਦਾਂ ਨੂੰ ਸ਼ਾਮਲ ਕੀਤਾ ਹੈ। ਵਿੱਤ ਮੰਤਰੀ ਦਾ ਅਹਿਮ ਅਹੁਦਾ ਬਿਲ ਮੋਰਨਿਊ ਨੂੰ ਸੌਂਪਿਆ ਗਿਆ ਹੈ ਜਦਕਿ ਸਟੀਫਨ ਡਿਓਨ ਨੂੰ ਵਿਦੇਸ਼ ਮੰਤਰੀ ਬਣਾਇਆ ਗਿਆ ਹੈ।

# ਸਿੱਖ ਕਤਲੇਆਮ ਪੀੜਤਾਂ ਵੱਲੋਂ ਮੋਮਬੱਤੀ ਮਾਰਚ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1984 ਦੇ ਸਿੱਖ ਕਤਲੇਆਮ ਪੀੜਤ ਪਰਿਵਾਰਾਂ ਦੇ ਨਾਲ ਮਿਲ ਕੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਜੰਤਰ-ਮੰਤਰ ਤੱਕ ਸ਼ਾਂਤਮਈ ਮੋਮਬੱਤੀ ਮਾਰਚ ਕੱਢਿਆ ਗਿਆ। ਸ਼੍ਰੋਮਣੀ ਅਕਾਲੀ ਦਲ ਦਿੱਲੀ ਤੇ ਗੁਰਦੁਆਰਾ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇਸ ਮਾਰਚ ਦੀ ਅਗਵਾਈ ਕੀਤੀ।

ਸੈਂਕੜਿਆਂ ਦੀ ਗਿਣਤੀ ਵਿਚ ਮੌਜੂਦ ਲੋਕਾਂ ਨੇ ਹੱਥਾਂ ਵਿਚ ਤਖਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ 'ਤੇ ਕਾਂਗਰਸ ਆਗੂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਫਾਂਸੀ ਦੇਣ ਦੀ ਮੰਗ, 1984 ਵਿਚ ਹੋਈ ਘਟਨਾ ਨੂੰ ਦੰਗਿਆਂ ਦੀ ਬਜਾਏ ਕਤਲੇਆਮ ਦੱਸਦੇ ਹੋਏ ਇਨਸਾਫ ਦੀ ਮੰਗ, ਕਤਲੇਆਮ ਨੂੰ ਮਨੁੱਖੀ ਅਧਿਕਾਰਾਂ ਦੀ ਹੱਤਿਆ ਦੱਸਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਧਾਰਾ 302 ਦੇ ਤਹਿਤ ਸਜ਼ਾਵਾਂ ਦੇਣਾ ਤੇ ਕਿਸੇ ਵੀ ਕੀਮਤ ਉੱਤੇ ਗੁਰੂ ਦੀ ਬੇਅਦਬੀ ਨੂੰ ਬਰਦਾਸ਼ਤ ਨਹੀਂ ਕਰਨਾ ਆਦਿ ਨਾਅਰੇ ਲਿਖੇ ਹੋਏ ਸਨ। ਅਰਦਾਸ ਉਪਰੰਤ ਸ਼ੁਰੂ ਹੋਏ ਮਾਰਚ ਮੌਕੇ ਜੀ.ਕੇ. ਨੇ 31 ਸਾਲਾਂ ਪਿਛੋਂ ਵੀ ਇਨਸਾਫ ਨਾ ਮਿਲਣ ਨੂੰ ਬਦਕਿਸਮਤੀ ਭਰਿਆ ਦੱਸਦੇ ਹੋਏ ਸਿੱਖ ਕੌਮ ਨੂੰ ਇਨਸਾਫ ਦੇਣ ਲਈ ਸਰਕਾਰਾਂ ਨੂੰ ਨੀਂਦ ਤੋਂ ਜਾਗਣ ਦੀ ਅਪੀਲ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਵਿਦੇਸ਼ੀ ਏਜੰਸੀਆਂ ਦੀ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖਰਾਬ ਕਰਨ ਦੀ ਸਾਜਿਸ਼ ਦੱਸਦੇ ਹੋਏ ਉਨ੍ਹਾਂ ਨੇ ਇਸ ਸਬੰਧੀ ਘਟਨਾਵਾਂ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਾ ਕਰਨ ਦੀ ਗੱਲ ਕਹੀ। ਰਾਹੁਲ ਗਾਂਧੀ ਦੀ ਪੰਜਾਬ ਫੇਰੀ ਬਾਰੇ ਉਨ੍ਹਾਂ ਰਾਹੁਲ ਨੂੰ 1984 ਦੇ ਪੀੜਤਾਂ ਦੀ ਕਲੋਨੀ ਤਿਲਕ ਵਿਹਾਰ ਵਿਚ ਵੀ ਗੇੜਾ ਕੱਟਣ ਦੀ ਸਲਾਹ ਦਿੱਤੀ ਜਿਥੇ ਅੱਜ ਵੀ ਰਾਹੁਲ ਦੇ ਪਰਿਵਾਰ ਦੀਆਂ ਗਲਤੀਆਂ ਦਾ ਭੁਗਤਾਨ ਪੀੜਤ ਵਿਧਵਾਵਾਂ ਕਰ ਰਹੀਆਂ ਹਨ।

# ਕੈਨੇਡਾ ਵਿਚ ਸਿੱਖਾਂ ਦੀ ਖ਼ੂਨਦਾਨ ਲਹਿਰ ਨੂੰ ਹੁੰਗਾਰਾ

**ਸਰੀ:** ਦਿੱਲੀ ਸਿੱਖ ਕਤਲੇਆਮ ਦੀ ਯਾਦ ਵਿਚ ਖ਼ੂਨਦਾਨ ਲਹਿਰ ਨੇ ਕੈਨੇਡਾ ਵਿਚ ਲੱਖ ਤੋਂ ਵੱਧ ਜਾਨਾਂ ਬਚਾਈਆਂ ਹਨ। ਵੈਨਕੂਵਰ ਵਿਚ ਸਾਲ 1999 ਵਿਚ ਕੁਝ ਸਮਾਜ ਸੇਵੀ ਨੌਜਵਾਨਾਂ ਨੇ ਸਿੱਖ ਨੇਸ਼ਨ ਦੇ ਝੰਡੇ ਹੇਠ ਕੀਤੇ ਸੁਹਿਰਦ ਯਤਨ ਸਦਕਾ ਕਾਇਮ ਕਾਇਮ ਕੀਤੇ ਖ਼ੂਨਦਾਨ ਗਰੁੱਪ ਵੱਲੋਂ ਪਿਛਲੇ ਸਾਲ ਤੱਕ 35000 ਯੂਨਿਟ ਖ਼ੂਨ ਇਕੱਤਰ ਕਰਕੇ ਇਕ ਲੱਖ ਮਰੀਜ਼ਾਂ ਦੀ ਜਾਨ ਬਚਾਈ ਹੈ। ਕੈਨੇਡੀਅਨ ਬਲੱਡ ਸਰਵਿਸਜ਼ ਨੇ ਇਸ ਮੁਹਿੰਮ ਨੂੰ ਦੇਸ਼ ਦੀ ਸਭ ਤੋਂ ਵੱਡੀ ਜਾਨਾਂ ਬਚਾਉਣ ਵਾਲੀ ਮੁਹਿੰਮ ਦਾ ਮਾਣ ਦਿੱਤਾ ਹੈ।

ਦਿੱਲੀ ਸਿੱਖ ਕਤਲੇਆਮ ਦੌਰਾਨ ਨਿਰਦੋਸ਼ਾਂ ਦੇ ਡੁੱਲੇ ਖ਼ੂਨ ਨੂੰ ਸਮਰਪਣ ਦੀ ਭਾਵਨਾ ਨਾਲ, ਹੋਂਦ 'ਚ ਆਈ ਇਸ ਮੁਹਿੰਮ ਦਾ ਨਾਅਰਾ ਹੀ ਖ਼ੂਨ ਲੈਣਾ ਨਹੀਂ ਖ਼ੂਨ ਦੇਣਾ ਹੈ। 'ਏਕ ਪਿਤਾ ਏਕਸ ਕੇ ਹਮ ਬਾਰਿਕ', ਦੇ ਸੰਦੇਸ਼ ਵਿਚ ਵਿਸ਼ਵਾਸ ਰੱਖਣ ਵਾਲੀ ਮੁਹਿੰਮ ਵੱਲੋਂ ਹਰ ਸਾਲ ਪਹਿਲੀ ਨਵੰਬਰ ਤੋਂ ਵੱਖ-ਵੱਖ ਸ਼ਹਿਰਾਂ 'ਚ ਖ਼ੂਨਦਾਨ ਕੈਂਪ ਲਾ ਕੇ ਲੋਕਾਂ ਤੋਂ ਖ਼ੂਨਦਾਨ ਕਰਵਾਇਆ ਜਾਂਦਾ ਹੈ।

ਆਪਣੇ ਨਾਂ ਜ਼ਾਹਰ ਨਾ ਕਰਨ ਦੀ ਬੇਨਤੀ ਉੱਤੇ ਮੁਹਿੰਮ ਨਾਲ ਜੁੜੇ ਨੌਜਵਾਨ ਨੇ ਦੱਸਿਆ ਕਿ ਇਸ ਮੁਹਿੰਮ ਨੂੰ ਪੰਜਾਬੀਆਂ ਦੀ ਵੱਸੋਂ ਵਾਲੇ ਸਾਰੇ 122 ਦੇਸ਼ਾਂ ਤੱਕ ਫੈਲਾਏ ਜਾਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਉਸ ਨੇ ਦੱਸਿਆ ਕਿ ਇੰਜ ਕਰਕੇ ਜਿਥੇ ਉਹ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਵਿਚ ਸਹਾਈ ਹੁੰਦੇ ਹਨ, ਉਥੇ ਖ਼ੂਨ ਦੀ ਸਾਂਝ ਦਾ ਰਿਸ਼ਤਾ ਬਣਾਉਣ ਤੇ ਸਿੱਖ ਧਰਮ ਦੇ ਫਲਸਫੇ ਨੂੰ ਪ੍ਰਚਾਰਨ ਵਿਚ ਵੀ ਸਫਲ ਹੁੰਦੇ ਹਨ। ਇਸ ਸਾਲ ਦੇ ਕੈਂਪ ਸ਼ੁਰੂ ਹੋ ਚੁੱਕੇ ਹਨ ਤੇ ਹੁਣ ਤੱਕ ਸਰੀ ਸਮੇਤ ਕਈ ਥਾਂਵਾਂ ਉੱਤੇ ਕੈਂਪ ਲਾ ਕੇ ਸੈਂਕੜੇ ਯੂਨਿਟ ਇਕੱਤਰ ਕਰ ਚੁੱਕੇ ਹਨ। ਅਗਲੇ ਦਿਨਾਂ ਵਿਚ ਕੈਨੇਡਾ ਤੇ ਅਮਰੀਕਾ ਦੇ ਕਈ ਵੱਡੇ ਸ਼ਹਿਰਾਂ ਵਿਚ ਅਜਿਹੇ ਕੈਂਪ ਲਾਏ ਜਾਣੇ ਹਨ। ਇਹ ਮੁਹਿੰਮ ਦੁਨੀਆਂ ਦੀਆਂ ਉਨ੍ਹਾਂ ਸਾਰੀਆਂ ਮੁਹਿੰਮਾਂ ਦਾ ਸਵਾਗਤ ਕਰਦੀ ਹਨ, ਜੋ ਮਨੁੱਖੀ ਅਧਿਕਾਰਾਂ ਦੀ ਪਹਿਰੇਦਾਰੀ ਤੇ ਨਸਲਵਾਦ ਤੇ ਨਸਲਕੁਸ਼ੀ ਵਿਰੁੱਧ ਚਟਾਨ ਵਾਂਗ ਖੜ੍ਹਦੀਆਂ ਹਨ।

# ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ 22 ਨਵੰਬਰ ਨੂੰ

**ਨਿਊ ਯਾਰਕ (ਬਿਊਰੋ):** ਭਾਰਤ ਦੀ ਆਜ਼ਾਦੀ ਲਈ ਕੁਰਬਾਨ ਹੋਏ ਦੋ ਨਾਮਧਾਰੀ ਸ਼ਹੀਦਾਂ ਦੀ 150ਵੀਂ ਵਰ੍ਹੇਗੰਢ ਅਤੇ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਛੇ ਸਾਥੀਆਂ-ਜਗਤ ਸਿੰਘ, ਹਰਨਾਮ ਸਿੰਘ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਛੋਟਾ, ਸੁਰੈਣ ਸਿੰਘ ਵੱਡਾ ਤੇ ਵਿਸ਼ਨੂ ਗਣੇਸ਼ ਪਿੰਗਲੇ ਦੀ ਪਹਿਲੀ ਸ਼ਤਾਬਦੀ ਮਨਾਉਣ ਲਈ ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫਾਉਂਡੇਸ਼ਨ, ਨਿਊ ਯਾਰਕ ਵਲੋਂ ਇਕ ਸ਼ਹੀਦੀ ਸਮਾਗਮ ਆਉਂਦੀ 22 ਨਵੰਬਰ, ਐਤਵਾਰ ਨੂੰ 206-12 ਹਿਲ ਸਾਈਡ ਐਵਨਿਊ, ਕੁਈਨਜ਼, ਨਿਊ ਯਾਰਕ ਵਿਖੇ ਹੋਵੇਗਾ।

ਇਸ ਸਮਾਗਮ ਦੌਰਾਨ ਹੋ ਰਹੇ ਇਕ ਸੈਮੀਨਾਰ ਵਿਚ ਚਿੰਤਕ ਡਾ. ਗੁਰੂਮੇਲ ਸਿੰਘ ਸਿੱਧੂ, ਪ੍ਰੋ. ਕੇ ਕਲੋਟੀ, ਕਹਾਣੀਕਾਰ ਵਰਿਆਮ ਸਿੰਘ ਸੰਧੂ, ਕਿਰਪਾਲ ਸਿੰਘ ਸੰਧੂ (ਸ਼ਹੀਦ ਭਗਤ ਸਿੰਘ ਦਾ ਭਰਾ), ਐਸ ਪੀ ਸਿੰਘ (ਭਾਈ ਭਗਵਾਨ ਸਿੰਘ ਦਾ ਦੋਹਤਰਾ), ਕਸ਼ਮੀਰ ਸਿੰਘ ਕਾਂਗਣਾ (ਬੇਕਰਜ਼ਫੀਲਡ) ਅਤੇ ਜਸਵੀਰ ਸਿੰਘ ਸੰਧੂ (ਐਮ ਪੀ, ਕੈਨੇਡਾ) ਪਹੁੰਚ ਰਹੇ ਹਨ। ਜਥੇਬੰਦੀ ਨੇ ਸਮੂਹ ਵਤਨਪ੍ਰਸਤਾਂ ਨੂੰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਸ ਸਮਾਗਮ ਵਿਚ ਪਹੁੰਚਣ ਦਾ ਸੱਦਾ ਦਿੱਤਾ ਹੈ।

## ਸਾਹਿਤਕ ਅਕਾਦਮੀ ਦੀ ਮੀਟਿੰਗ 21 ਨੂੰ

ਨਿਊ ਯਾਰਕ (ਬਿਊਰੋ): ਪੰਜਾਬੀ ਸਾਹਿਤਕ ਅਕਾਦਮੀ ਨਿਊ ਯਾਰਕ ਦੀ ਇਕ ਮੀਟਿੰਗ 21 ਨਵੰਬਰ ਨੂੰ 101 ਐਵੇਨਿਊ ਅਤੇ 118 ਸਟਰੀਟ (ਪੰਜਾਬ ਜਿਊਲਰਜ਼ ਦੇ ਪਿਛਲੇ ਪਾਸੇ) ਵਿਖੇ ਸ਼ਾਮ 5 ਵਜੇ ਤੋਂ 9 ਵਜੇ ਤਕ ਰੱਖੀ ਗਈ ਹੈ।

ਪ੍ਰਬੰਧਕਾਂ ਨੇ ਸਾਹਿਤ ਪ੍ਰੇਮੀਆਂ ਨੂੰ ਮੀਟਿੰਗ ਵਿਚ ਪਹੁੰਚਣ ਦਾ ਸੱਦਾ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਵਿਚ ਬਾਹਰੋਂ ਵੀ ਨਾਮੀ ਲੇਖਕ ਪੁੱਜ ਰਹੇ ਹਨ। ਹੋਰ ਜਾਣਕਾਰੀ ਲਈ ਰਾਜਿੰਦਰ ਜਿੰਦ (917-776-9956), ਬਲਬੀਰ ਡੁਮੇਲੀ (516-858-9155) ਜਾਂ ਉਂਕਾਰ ਸਿੰਘ ਡੁਮੇਲੀ (347-476-1604) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ ਹੈ

Ghumiyar Sikh (Amritdhari), Engineer, Work Visa Holder, Living in Houston (USA), Age 27, Height 5'-7". Looking For well educated, US/Canadian Citizen girl. Contact: Ph. 281-253-3743 jasvirk.7812@gmail.com

43-46

Looking a match for a turbaned Saini Sikh, 27, computer Engineer, working in Canada after higher studies. Girl from USA or Canada will be preferred. Contact, Ph: 510-557-6988 or raj@gfbontime.com

43-46

ਪੜ੍ਹੇ ਲਿਖੇ ਚੰਗੇ ਖਾਨਦਾਨ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇੱਛਕ ਹੋਣ। ਸੰਪਰਕ ਕਰੋ, ਫੋਨ: 510-695-4836

## ਹੈਲਪ ਦੀ ਲੋੜ ਹੈ

**ਬਜ਼ੁਰਗ ਔਰਤ ਦੀ ਸੰਭਾਲ ਲਈ ਨਾਲ ਰਹਿਣ ਵਾਲੀ ਇਕ ਸਿਆਣੀ ਔਰਤ ਦੀ ਲੋੜ ਹੈ। ਬਜ਼ੁਰਗ ਔਰਤ ਲੌਂਗ ਆਈਲੈਂਡ, ਨਿਊ ਯਾਰਕ ਵਿਚ ਇਕੱਲੀ ਰਹਿੰਦੀ ਹੈ। ਡਿਊਟੀ ਵਿਚ ਨੁਹਾਉਣਾ-ਧੁਆਉਣਾ ਅਤੇ ਘਰ ਦਾ ਕੰਮ-ਕਾਰ ਸ਼ਾਮਲ ਹੈ। ਪਰਿਵਾਰ ਦੇ ਹੋਰ ਮੈਂਬਰ ਦੇ ਨਾਲ ਰਹਿਣ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ।**

*ਸੰਪਰਕ ਕਰੋ:*

**ਫੋਨ:917-440-8148 ਜਾਂ 516-778-7400**

## Help Needed

**Live in mature lady needed to take care of an elderly lady, living alone in Long Island, New York. Duties include personal hygiene and routine household work. Additional family member can be considered for accommodation**

**Call: 917-440-8148 or 516-778-7400**

## ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ**

*ਸੰਪਰਕ ਕਰੋ:*

**ਸੰਨੀ, ਫੋਨ: 608-630-0287**

44-47

## Flat Rate Funding Group

**Are you tired of waiting to get paid on your outstanding freight invoices?**

**Get your $$$ now!**

**At Flat Rate Funding Group, we offer the lowest fixed factoring rate in the transportation industry-**

*****1.5%!*****

***Call Goldy Dhillon*** **734-444-9625**

sales@flatratefunding.com



*We also guarantee $.20 off per gallon at all Flying J and Pilot stations!*

**ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?**

**ਅੱਜ ਹੀ ਲੋੜੀਂਦਾ ਪੈਸਾ ਲਓ**

ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਬਾਦਲਾਂ ਲਈ ਪੰਜਾਬ ਵਿਚ ਅਕਸ ਸੁਧਾਰ ਮੁਹਿੰਮ ਬਣੀ ਚੁਣੌਤੀ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਦੀ ਮੁਆਫੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਕਰਕੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਹੋਏ ਸਿਆਸੀ ਨੁਕਸਾਨ ਦੀ ਪੂਰਤੀ ਦਾ ਕੰਮ ਸੁਖਾਲਾ ਨਹੀਂ ਲੱਗ ਰਿਹਾ। ਹੁਣ ਤੱਕ ਅਕਾਲੀ ਦਲ ਨੂੰ ਪੰਥ ਦੀ ਨੁਮਾਇੰਦਾ ਜਮਾਤ ਹੋਣ ਦਾ ਖਿਤਾਬ ਹਾਸਲ ਸੀ, ਪਰ ਇਸ ਵੇਲੇ ਇਹ ਪਾਰਟੀ ਪੰਥ ਦੀ ਸਭ ਤੋਂ ਵੱਡੇ 'ਮੁਲਜ਼ਮ' ਦੇ ਰੂਪ ਵਿਚ ਨਜ਼ਰ ਆ ਰਹੀ ਹੈ। ਸੀਨੀਅਰ ਅਕਾਲੀ ਲੀਡਰਾਂ, ਇਥੋਂ ਤੱਕ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮੰਨਣਾ ਹੈ ਕਿ ਅਕਾਲੀ ਦੇ ਅਕਸ ਨੂੰ ਵੱਡੀ ਢਾਹ ਲੱਗੀ ਹੈ।



ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਸਭ ਤੋਂ ਵੱਧ ਨੁਕਸਾਨ ਬਾਦਲ ਪਰਿਵਾਰ ਦਾ ਹੋਇਆ ਹੈ। ਪਾਰਟੀ ਵੱਲੋਂ ਸ. ਬਾਦਲ ਨੂੰ ਹੁਣ ਤੱਕ ਸਭ ਤੋਂ ਵੱਡੇ ਪੰਥਪ੍ਰਸਤ ਵਜੋਂ ਪੇਸ਼ ਕੀਤਾ ਜਾ ਰਿਹਾ ਸੀ, ਪਰ ਹੁਣ ਇਹ ਸਭ ਢਹਿ-ਢੇਰੀ ਹੋ ਗਿਆ ਲੱਗਦਾ ਹੈ। ਦਰਅਸਲ, ਸਿੱਖ ਮਸਲਿਆਂ ਨੂੰ ਲੈ ਕੇ ਸਿੱਖ ਸੰਗਤ ਦੇ ਗੁੱਸੇ ਦਾ ਸਭ ਤੋਂ ਵੱਧ ਸ਼ਿਕਾਰ ਬਾਦਲ ਪਰਿਵਾਰ ਹੋ ਰਿਹਾ ਹੈ।

ਪੰਜਾਬ ਤੇ ਖਾਸਕਰ ਵਿਦੇਸ਼ਾਂ ਵਿਚ ਵੱਸਦੇ ਸਿੱਖ ਮੌਜੂਦਾ ਸਥਿਤੀ ਲਈ ਸਿੱਧਾ ਬਾਦਲ ਪਰਿਵਾਰ ਨੂੰ ਹੀ ਜ਼ਿੰਮੇਵਾਰ ਮੰਨ ਰਹੇ ਹਨ। ਸੋਸ਼ਲ ਮੀਡੀਆ 'ਤੇ ਵੀ ਬਾਦਲਾਂ ਖਿਲਾਫ ਹੀ ਭੜਾਸ ਕੱਢੀ ਜਾ ਰਹੀ ਹੈ। ਉਧਰ, ਡੇਰਾ ਮੁਖੀ ਨੂੰ ਮੁਆਫੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਤੋਂ ਬਾਅਦ ਪੈਦਾ ਹੋਈ ਸਥਿਤੀ ਬਾਰੇ ਹੋਰ ਸੀਨੀਅਰ ਅਕਾਲੀ ਲੀਡਰ ਖਾਮੋਸ਼ ਹਨ। ਅਕਾਲੀ ਲੀਡਰ ਮੀਟਿੰਗਾਂ ਵਿਚ ਪਹੁੰਚਦੇ ਹਨ, ਪਰ ਇਸ ਮਸਲੇ ਨਾਲ ਨਜਿੱਠਣ ਲਈ ਕੋਈ ਬਾਹਲੀ ਸਰਗਰਮੀ ਨਹੀਂ ਵਿਖਾ ਰਹੇ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੀ ਇਸ ਔਖੇ ਦੌਰ ਵਿਚੋਂ ਨਿਕਲਣ ਲਈ ਹਰ ਹਰਬਾ ਵਰਤ ਰਹੇ ਹਨ।

ਪੰਜਾਬ ਸਰਕਾਰ ਨੇ ਖੁੱਸੀ ਹੋਈ ਭਰੋਸੇਯੋਗਤਾ ਬਹਾਲ ਕਰਨ ਲਈ ਸਿਵਲ ਤੇ ਪੁਲਿਸ ਪ੍ਰਸ਼ਾਸਨ 'ਤੇ ਟੇਕ ਰੱਖੀ ਹੈ। ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਵਾਰ-ਵਾਰ ਵਿਭਾਗ ਦੇ ਉੱਚ ਅਫਸਰਾਂ ਤੇ ਮੁੱਖ ਸਕੱਤਰ ਤੱਕ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕਰਕੇ ਹਾਲਾਤ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਪੰਜ ਸਾਲਾਂ ਦੇ ਵਕਫੇ ਬਾਅਦ ਪੁਲਿਸ ਨਾਲ ਮੀਟਿੰਗ ਕੀਤੀ ਹੈ। ਮੁੱਖ ਮੰਤਰੀ ਨੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਿਹਾ ਕਿ ਝੂਠੇ ਕੇਸ ਦਰਜ ਨਾ ਕੀਤੇ ਜਾਣ, ਸਗੋਂ ਇਸ ਤਰ੍ਹਾਂ ਦਾ ਕੰਮ ਕੀਤਾ ਜਾਵੇ ਜਿਸ ਨਾਲ ਸਰਕਾਰ ਦੀ ਲੋਕਾਂ ਵਿਚ ਭਰੋਸੇਯੋਗਤਾ ਬਹਾਲ ਹੋਵੇ। ਸੂਤਰਾਂ ਮੁਤਾਬਕ ਡੀ.ਜੀ.ਪੀ. ਸੁਰੇਸ਼ ਅਰੋੜਾ ਤੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੇ ਦੋਹਾਂ ਬਾਦਲਾਂ ਨੂੰ ਇਹ ਵੀ ਦੱਸਿਆ ਕਿ ਪ੍ਰਤੀਬੱਧ ਤੇ ਯੋਗ ਪੁਲਿਸ ਅਫਸਰਾਂ ਨੂੰ ਅਹੁਦਿਆਂ 'ਤੇ ਟਿਕਣ ਨਹੀਂ ਦਿੱਤਾ ਜਾਂਦਾ ਤੇ ਜਿਨ੍ਹਾਂ ਅਫਸਰਾਂ ਦੀ ਲੋਕਾਂ ਵਿਚ ਚੰਗੀ ਭੱਲ ਨਹੀਂ, ਅਜਿਹੇ ਅਫਸਰਾਂ ਨੂੰ ਸਿਆਸਤਦਾਨਾਂ ਵੱਲੋਂ ਅਹਿਮ ਅਹੁਦਿਆਂ 'ਤੇ ਤਾਇਨਾਤ ਕਰਨ ਦਾ ਜ਼ੋਰ ਦਿੱਤਾ ਜਾਂਦਾ ਹੈ। ਬਾਦਲਾਂ ਨੇ ਇਹ ਪ੍ਰਭਾਵ ਦੇਣ ਦਾ ਯਤਨ ਵੀ ਕੀਤਾ ਕਿ ਭਵਿੱਖ ਵਿਚ ਪੁਲਿਸ 'ਤੇ ਰਾਜਸੀ ਪ੍ਰਭਾਵ ਨਹੀਂ ਹੋਵੇਗਾ।

## ਅਕਾਲੀ ਦਲ ਨੂੰ ਜਥੇਦਾਰਾਂ ਦਾ ਫੈਸਲਾ ਗਲਤ ਲੱਗਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੀ ਮੰਨਦਾ ਹੈ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਹੋਰ ਸਿੰਘ ਸਾਹਿਬਾਨ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ ਕਰਨ ਦਾ ਤਰੀਕਾ ਗਲਤ ਸੀ ਤੇ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਮੇਧ ਸਿੰਘ ਸੈਣੀ ਨੂੰ ਸੂਬੇ ਵਿਚਲੀਆਂ ਘਟਨਾਵਾਂ ਨਾਲ ਠੀਕ ਢੰਗ ਨਾਲ ਨਾ ਨਜਿੱਠਣ ਕਾਰਨ ਲਾਂਭੇ ਕੀਤਾ ਹੈ। ਪੰਜਾਬ ਵਿਚ ਪਾਵਨ ਬੀੜਾਂ ਦੀ ਲਗਾਤਾਰ ਬੇਅਦਬੀ ਕਾਰਨ ਪੈਦਾ ਹੋਏ ਹਾਲਾਤ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਹੈ ਕਿ ਉਸ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਸਾਂਝ ਪੱਕੀ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਇਹ ਖੁਲਾਸੇ ਕੀਤੇ ਗਏ ਹਨ। ਪ੍ਰੈਸ ਕਾਨਫਰੰਸ ਵਿਚ ਸ਼ਾਮਲ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ ਅਤੇ ਸਿੱਖਿਆ ਮੰਤਰੀ ਤੇ ਪਾਰਟੀ ਦੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਮੰਨਿਆ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਲਈ ਗਲਤ ਤਰੀਕਾ ਅਪਨਾਇਆ ਸੀ।

# ਬੈਂਸ ਭਰਾਵਾਂ ਵੱਲੋਂ ਨਵੀਂ ਰਾਜਸੀ ਪਾਰਟੀ ਬਣਾਉਣ ਦਾ ਐਲਾਨ

**ਲੁਧਿਆਣਾ:** ਟੀਮ ਇਨਸਾਫ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਵੱਖਰੀ ਰਾਜਸੀ ਪਾਰਟੀ ਬਣਾ ਕੇ ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਲੜਨ ਦਾ ਰਸਮੀ ਐਲਾਨ ਕੀਤਾ ਹੈ। ਵਿਧਾਇਕ ਭਰਾ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੇ ਪਹਿਲੀ ਵਾਰੀ ਉਕਤ ਐਲਾਨ ਕਰਦਿਆਂ ਦੱਸਿਆ ਕਿ ਉਹ ਹਮਖਿਆਲੀ ਪਾਰਟੀਆਂ ਨਾਲ ਰਲ ਕੇ ਚੋਣਾਂ ਲੜਨਗੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਬਾਦਲ ਸਰਕਾਰ ਦੇ ਜਬਰ ਤੇ ਜ਼ੁਲਮ ਤੋਂ ਰਾਹਤ ਦਿਵਾ ਕੇ ਚੰਗਾ ਬਦਲ ਦਿੱਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੁੱਖ ਆਗੂ ਉਨ੍ਹਾਂ ਦੇ ਸੰਪਰਕ ਵਿਚ ਹਨ ਤੇ ਕਈ ਰਾਜਸੀ ਆਗੂਆਂ ਨੂੰ ਵੀ ਉਨ੍ਹਾਂ ਨਾਲ ਸਾਂਝਾ ਫਰੰਟ ਕਾਇਮ ਕਰਨ ਲਈ ਸੰਪਰਕ ਕਾਇਮ ਕੀਤਾ ਹੈ। ਅਕਾਲੀ ਦਲ ਤੇ ਕਾਂਗਰਸ ਦੇ ਕਈ ਆਗੂਆਂ ਨੇ ਮਿਲ ਕੇ ਉਨ੍ਹਾਂ ਨੂੰ ਹਮਾਇਤ ਦੇਣ ਲਈ ਵੀ ਪੇਸ਼ਕਸ਼ ਕੀਤੀ ਹੈ।



ਵਿਧਾਇਕ ਬੈਂਸ ਭਰਾਵਾਂ ਨੇ ਸੂਬੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਹੋਈਆਂ ਘਟਨਾਵਾਂ ਉਪਰ ਚਿੰਤਾ ਪ੍ਰਗਟ ਕਰਦਿਆਂ ਅਕਾਲੀ ਭਾਜਪਾ ਸਰਕਾਰ ਉਪਰ ਵੀ ਤਿੱਖੇ ਹਮਲੇ ਕੀਤੇ।

## ਬੇਅਦਬੀ ਬਾਰੇ ਕੇਂਦਰ ਸਖਤ ਕਾਨੂੰਨ ਬਣਾਏ: ਅਵਤਾਰ ਸਿੰਘ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮੋਗੇ ਦੇ ਪਿੰਡ ਮਲਕੇ ਵਿਚ ਗੁਰਬਾਣੀ ਦੀ ਪੋਥੀ ਦੇ ਪੱਤਰੇ ਖਿਲਾਰਨ ਦੀ ਘਟਨਾ ਨੂੰ ਨਿੰਦਣਯੋਗ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਗੁਰਬਾਣੀ ਦੀਆਂ ਪੋਥੀਆਂ ਤੇ ਗੁਟਕਿਆਂ ਨੂੰ ਪਾੜਨ ਦੀਆਂ ਘਟਨਾਵਾਂ ਲਗਾਤਾਰ ਜਾਰੀ ਹਨ ਜਿਸ ਨਾਲ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚ ਰਹੀ ਹੈ। ਉਨ੍ਹਾਂ ਪੰਜਾਬ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੰਵਿਧਾਨ ਵਿਚ ਸੋਧ ਕਰਕੇ ਸਖਤ ਕਾਨੂੰਨ ਬਣਾਇਆ ਜਾਵੇ।



# ਬੇਅਦਬੀ ਮਾਮਲੇ ਵਿਚ ਸਿਆਸੀ ਪਾਰਟੀਆਂ ਦਾ ਬਾਈਕਾਟ

**ਆਦਮਪੁਰ ਦੋਆਬਾ:** ਆਦਮਪੁਰ ਬਲਾਕ ਅਧੀਨ ਪੈਂਦੇ ਪਿੰਡ ਡੀਂਗਰੀਆਂ ਦੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਸਿਆਸੀ ਪਾਰਟੀਆਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ।

ਆਦਮਪੁਰ-ਭੋਗਪੁਰ ਰੋਡ 'ਤੇ ਪੈਂਦੇ ਪਿੰਡ ਡੀਂਗਰੀਆਂ ਦੇ ਮੁੱਖ ਗੇਟ ਉਤੇ ਲਗਾਏ ਇਕ ਬੈਨਰ ਵਿਚ ਲਿਖਿਆ ਗਿਆ ਹੈ ਕਿ ਮਾਲਵੇ, ਪਿੰਡ ਘੁੜਿਆਲ ਤੇ ਹੋਰ ਕਈ ਥਾਵਾਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਤੋਂ ਬਾਅਦ ਸਿਆਸੀ ਪਾਰਟੀਆਂ ਵੱਲੋਂ ਠੀਕ ਢੰਗ ਨਾਲ ਦਖਲ ਨਾ ਦੇਣਾ, ਸਰਕਾਰ ਵੱਲੋਂ ਪੰਥ ਤੇ ਅਕਾਲ ਤਖਤ ਦੇ ਮਾਮਲਿਆਂ ਵਿਚ ਗਲਤ-ਢੰਗ ਨਾਲ ਦਖਲਅੰਦਾਜ਼ੀ ਕਰਨਾ, ਪੰਜਾਬ ਦੇ ਪਿੰਡਾਂ ਵਿਚ ਸ਼ਰਾਬ ਦੇ ਠੇਕਿਆਂ ਤੇ ਸ਼ਰੇਆਮ ਵਿਕ ਰਹੇ ਨਸ਼ਿਆਂ ਤੇ ਕਿਸਾਨਾਂ ਦੀਆਂ ਮੰਗਾਂ ਨਾ ਮੰਨਣ ਦੇ ਵਿਰੋਧ ਵਿਚ ਸਾਰੀਆਂ ਸਿਆਸੀ ਪਾਰਟੀਆਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਿੰਡ ਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਰੋਸ ਪ੍ਰਦਰਸ਼ਨ ਕਰ ਰਹੀਆਂ ਸਿੱਖ ਸੰਗਤਾਂ 'ਤੇ ਦਰਜ ਕੀਤੇ ਕੇਸ ਰੱਦ ਕੀਤੇ ਜਾਣ ਤੇ ਗ੍ਰਿਫਤਾਰ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਵੇ।




# ਪਾਕਿਸਤਾਨ ਔਕਾਫ ਬੋਰਡ ਵੱਲੋਂ ਸਰੂਪਾਂ ਦੀ ਸੁਰੱਖਿਆ ਦਾ ਭਰੋਸਾ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਾਰ-ਵਾਰ ਹੋ ਰਹੀ ਬੇਅਦਬੀ ਨੂੰ ਲੈ ਕੇ ਪਾਕਿਸਤਾਨ ਵਿਚ ਕਰਾਚੀ ਵਿਖੇ ਔਕਾਫ ਬੋਰਡ ਦੇ ਚੇਅਰਮੈਨ ਸਦੀਕ-ਉਲ-ਫਾਰੂਕ ਨੇ ਸਿੱਖ ਆਗੂਆਂ ਨਾਲ ਮੀਟਿੰਗ ਕੀਤੀ ਤੇ ਗੁਰੂ ਸਾਹਿਬ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਬੇਅਦਬੀਆਂ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਲਈ ਉਹ ਸਰਕਾਰ ਤੇ ਪ੍ਰਸ਼ਾਸਨ ਨਾਲ ਗੱਲਬਾਤ ਕਰਨਗੇ।



ਪਾਕਿਸਤਾਨ ਸਿੱਖ ਕੌਂਸਲ ਦੇ ਪ੍ਰਧਾਨ ਰਮੇਸ਼ ਸਿੰਘ ਖਾਲਸਾ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਪੂਰਬੀ ਪੰਜਾਬ ਵਿਚ ਵਾਰ-ਵਾਰ ਹੋ ਰਹੀ ਬੇਅਦਬੀ ਨੂੰ ਮੁੱਖ ਰੱਖ ਕੇ ਪਾਕਿਸਤਾਨ ਵਿਚ ਔਕਾਫ ਬੋਰਡ ਦੇ ਚੇਅਰਮੈਨ ਸਦੀਕ-ਉਲ-ਫਾਰੂਕ ਵਿਸ਼ੇਸ਼ ਤੌਰ 'ਤੇ ਕਰਾਚੀ ਪੁੱਜੇ ਤੇ ਉਨ੍ਹਾਂ ਨੇ ਭਰੋਸਾ ਦਿੱਤਾ ਕਿ ਸਿੱਖਾਂ ਨੂੰ ਹਰ ਪ੍ਰਕਾਰ ਦਾ ਸਹਿਯੋਗ ਦਿੱਤਾ ਜਾਵੇਗਾ।

ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਔਕਾਫ ਬੋਰਡ ਦੇ ਚੇਅਰਮੈਨ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ।

# ਖੂਨ ਦੇ ਰਿਸ਼ਤੇ 'ਚ ਜਾਇਦਾਦ ਤਬਦੀਲੀ ਲਈ ਫੀਸ ਮੁਆਫ

**ਫਤਿਹਗੜ੍ਹ ਸਾਹਿਬ:** ਪੰਜਾਬ ਸਰਕਾਰ ਵੱਲੋਂ ਪਤੀ-ਪਤਨੀ ਤੇ ਖੂਨ ਦੇ ਰਿਸ਼ਤੇ ਵਿਚ ਜਾਇਦਾਦ ਟਰਾਂਸਫਰ ਕਰਵਾਉਣ ਲਈ ਰਜਿਸਟਰੇਸ਼ਨ ਫੀਸ ਮੁਆਫ ਕਰਕੇ ਸੂਬੇ ਦੇ ਲੋਕਾਂ ਨੂੰ ਦਿਵਾਲੀ ਦਾ ਤੋਹਫਾ ਦਿੱਤਾ ਹੈ। ਇਸ ਦਾ ਸੂਬੇ ਦੇ ਲੋਕਾਂ ਨੂੰ ਕਾਫੀ ਲਾਭ ਪਹੁੰਚੇਗਾ ਤੇ ਪੰਜਾਬ ਦੇ ਲੋਕ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਉਪਰੰਤ ਜਾਇਦਾਦ ਟਰਾਂਸਫਰ ਕਰਨ ਮੌਕੇ ਅਦਾ ਕਰਨ ਵਾਲੀ ਰਜਿਸਟਰੇਸ਼ਨ ਫੀਸ, ਸਮਾਜਿਕ ਸੁਰੱਖਿਆ ਫੰਡ, ਸਮਾਜਿਕ ਬੁਨਿਆਦੀ ਢਾਂਚਾ ਫੰਡ ਤੇ ਅਸ਼ਟਾਮ ਡਿਊਟੀ ਤੋਂ ਮੁਕਤ ਹੋ ਗਏ ਹਨ। ਪੰਜਾਬ ਸਰਕਾਰ ਦੇ ਇਸ ਫੈਸਲੇ ਨੂੰ ਲੋਕ ਪੱਖੀ ਦੱਸਦਿਆਂ ਕਿਹਾ ਕਿ ਫੈਸਲੇ ਅਨੁਸਾਰ ਹੁਣ ਕਿਸੇ ਵਿਅਕਤੀ ਨੂੰ ਆਪਣੇ ਖੂਨ ਦੇ ਰਿਸ਼ਤੇ ਜਿਵੇਂ ਪਤੀ ਪਤਨੀ, ਬੇਟਾ-ਬੇਟੀ, ਮਾਤਾ ਪਿਤਾ, ਭੈਣ ਭਰਾ ਤੇ ਪੋਤਰਾ ਤੇ ਪੋਤਰੀ ਨੇ ਨਾਂ ਆਪਣੇ ਜੀਵਨ ਕਾਲ ਵਿਚ ਬਿਨਾਂ ਕੋਈ ਫੀਸ ਅਦਾ ਕੀਤੇ ਆਪਣੀ ਜਾਇਦਾਦ ਦਾ ਕਾਨੂੰਨੀ ਤਬਾਦਲਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਅਜਿਹਾ ਕਰਨ ਲਈ ਸਬੰਧਤ ਵਿਅਕਤੀ ਨੂੰ ਰਜਿਸਟਰੇਸ਼ਨ ਫੀਸ, ਸਮਾਜਿਕ ਸੁਰੱਖਿਆ ਫੰਡ, ਸਮਾਜਿਕ ਬੁਨਿਆਦੀ ਢਾਂਚਾ ਫੰਡ ਤੇ ਅਸ਼ਟਾਮ ਡਿਊਟੀ ਅਦਾ ਕਰਨੀ ਪੈਂਦੀ ਸੀ।

# ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਆਮਦਨੀ ਬਾਰੇ ਹਾਈਕੋਰਟ ਜਾਣ ਦੀ ਤਿਆਰੀ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਵਿਚ ਮੁੱਖ ਸਕੱਤਰ ਦੀ ਨਿਯੁਕਤੀ ਨੂੰ ਹਾਈਕੋਰਟ ਵਿਚ ਚੁਣੌਤੀ ਦੇਣ ਵਾਲੇ ਪੰਜਾਬ ਦੇ ਸਿੱਖ ਸਦਭਾਵਨਾ ਦਲ ਨੇ ਹੁਣ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਆਮਦਨੀ ਨੂੰ ਸਰੋਤਾਂ ਤੋਂ ਵੱਧ ਦੱਸਦਿਆਂ ਇਸ ਦੀ ਸੀ.ਬੀ.ਆਈ. ਜਾਂਚ ਲਈ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਨ ਦੀ ਗੱਲ ਆਖੀ ਹੈ।

ਚੇਤੇ ਰਹੇ ਕਿ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਵੱਲੋਂ ਮੁਅੱਤਲ ਕੀਤੇ ਗਏ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਇਸ ਦਲ ਦੇ ਮੁਖੀ ਹਨ। ਦਲ ਦੇ ਸੇਵਾਦਾਰ ਬਲਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਆਪਣੇ ਪ੍ਰਧਾਨਗੀ ਕਾਰਜਕਾਲ ਵਿਚ ਜੋ ਵੀ ਜਾਇਜ਼ ਤੇ ਨਾਜਾਇਜ਼ ਜਾਇਦਾਦਾਂ ਬਣਾਈਆਂ ਹਨ, ਉਨ੍ਹਾਂ ਦੀ ਮੁਕੰਮਲ ਸੂਚੀ ਤਿਆਰ ਕਰ ਲਈ ਗਈ ਹੈ। ਉਨ੍ਹਾਂ ਕਿਹਾ ਬੜੀ ਹੈਰਾਨਗੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਦੀਆਂ ਉਕਤ ਜਾਇਦਾਦਾਂ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਭਾਰਤ ਦੇ ਕਈ ਸੂਬਿਆਂ ਵਿਚ ਵੀ ਹਨ, ਜਿਨ੍ਹਾਂ ਦੀ ਕੀਮਤ ਅੱਜ ਦੇ ਸਮੇਂ ਵਿਚ ਤਰਕੀਬਨ 85 ਤੋਂ 90 ਕਰੋੜ ਰੁਪਏ ਬਣਦੀ ਹੈ, ਇਸ ਲਈ ਉਹ ਜਥੇਦਾਰ ਅਵਤਾਰ ਸਿੰਘ ਦੀਆਂ ਉਪਰੋਕਤ ਸਾਰੀਆਂ ਜਾਇਦਾਦਾਂ ਤੇ ਸਰੋਤਾਂ ਦੀ ਵੱਧ ਆਮਦਨ ਦੀ ਨਿਰਪੱਖ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਨੂੰ ਲੈ ਕੇ ਅਦਾਲਤ ਦਾ ਬੂਹਾ ਖੜਕਾਉਣ ਜਾ ਰਹੇ ਹਨ।




## ਮੁੱਖ ਸਕੱਤਰ ਮਾਮਲੇ ਦੀ ਸੁਣਵਾਈ ਅੱਗੇ ਪਈ

**ਅੰਮ੍ਰਿਤਸਰ:** ਮੁੱਖ ਸਕੱਤਰ ਦੀ ਨਿਯੁਕਤੀ ਨੂੰ ਹਾਈਕੋਰਟ ਵਿਚ ਚੁਣੌਤੀ ਦੇਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਆਪਣਾ ਜਵਾਬ ਅਦਾਲਤ ਵਿਚ ਦਾਇਰ ਨਹੀਂ ਕਰ ਸਕੀ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਅੱਠ ਜਨਵਰੀ ਨੂੰ ਤੈਅ ਕੀਤੀ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਸਕੱਤਰ ਵਜੋਂ ਉਘੇ ਬੈਂਕ ਅਧਿਕਾਰੀ ਹਰਚਰਨ ਸਿੰਘ ਦੀ ਨਿਯੁਕਤੀ ਕੀਤੀ ਗਈ ਹੈ, ਜਿਸ ਦਾ ਸਿੱਖ ਪੰਥ ਵਿਚ ਵੱਡਾ ਵਿਰੋਧ ਹੋ ਰਿਹਾ ਹੈ। ਇਸੇ ਵਿਰੋਧ ਤਹਿਤ ਬਲਵਿੰਦਰ ਸਿੰਘ ਨਾਂ ਦੇ ਵਿਅਕਤੀ ਨੇ ਇਸ ਨਿਯੁਕਤੀ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ। ਇਸ 'ਤੇ ਅਦਾਲਤ ਨੇ ਪੰਜ ਅਕਤੂਬਰ ਨੂੰ ਸ਼੍ਰੋਮਣੀ ਕਮੇਟੀ, ਪੰਜਾਬ ਸਰਕਾਰ ਤੇ ਮੁੱਖ ਸਕੱਤਰ ਹਰਚਰਨ ਸਿੰਘ ਨੂੰ ਨੋਟਿਸ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦੇ ਵਕੀਲ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਅਦਾਲਤ ਵਿਚ ਪਹਿਲੀ ਪੇਸ਼ੀ ਸੀ ਅਤੇ ਉਨ੍ਹਾਂ ਨੇ ਅਦਾਲਤ ਕੋਲੋਂ ਇਸ ਮਾਮਲੇ ਬਾਰੇ ਜਵਾਬ ਤਿਆਰ ਕਰਨ ਲਈ ਕੁਝ ਹੋਰ ਸਮੇਂ ਦੀ ਮੰਗ ਕੀਤੀ ਹੈ।

# ਬਿਹਾਰ ਚੋਣਾਂ ਵਿਚ ਭਾਜਪਾ ਚਾਰੇ ਖਾਨੇ ਚਿੱਤ

**ਪਟਨਾ:** ਬਿਹਾਰ ਵਿਧਾਨ ਸਭਾ ਚੋਣਾਂ ਨੇ ਭਾਜਪਾ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਸੂਬੇ ਵਿਚ ਮਹਾਗਠਜੋੜ ਨੇ ਦੋ-ਤਿਹਾਈ ਬਹੁਮਤ ਹਾਸਲ ਕਰ ਲਿਆ। ਜਨਤਾ ਦਲ (ਯੂ) ਆਗੂ ਨਿਤੀਸ਼ ਕੁਮਾਰ ਤੀਜੀ ਵਾਰ ਮੁੱਖ ਮੰਤਰੀ ਬਣਨਗੇ। ਬਿਹਾਰ ਵਿਚ 243 ਸੀਟਾਂ ਵਿਚੋਂ ਜਨਤਾ ਦਲ (ਯੂ)-ਆਰ.ਜੇ.ਡੀ.-ਕਾਂਗਰਸ ਦੇ ਮਹਾਗਠਜੋੜ ਨੂੰ 178 ਸੀਟਾਂ ਮਿਲੀਆਂ। ਭਾਜਪਾ ਨੂੰ ਸਿਰਫ 53 ਸੀਟਾਂ ਹੀ ਨਸੀਬ ਹੋਈਆਂ।

ਪਿਛਲੇ ਸਾਲ ਲੋਕ ਸਭਾ ਚੋਣਾਂ ਵਿਚ ਮਿਲੀ ਵੱਡੀ ਹਾਰ ਤੋਂ ਬਾਅਦ ਮਹਾਗਠਜੋੜ ਨੇ ਜ਼ਬਰਦਸਤ ਵਾਪਸੀ ਕੀਤੀ। ਲਾਲੂ ਯਾਦਵ ਦੀ ਅਗਵਾਈ ਹੇਠਲੇ ਰਾਸ਼ਟਰੀ ਜਨਤਾ ਦਲ ਨੇ 80 ਜਦਕਿ ਜਨਤਾ ਦਲ (ਯੂ) ਨੇ 71 ਸੀਟਾਂ 'ਤੇ ਜਿੱਤ ਹਾਸਲ ਕੀਤੀ। ਦੋਹਾਂ ਪਾਰਟੀਆਂ ਨੇ 101-101 ਸੀਟਾਂ ਉਤੇ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ ਸਨ। ਮਹਾਗਠਜੋੜ ਦੀ ਤੀਜੀ ਪਾਰਟੀ ਕਾਂਗਰਸ ਨੇ 27 ਸੀਟਾਂ ਹਾਸਲ ਕੀਤੀਆਂ ਜਦਕਿ ਉਸ ਨੇ 41 ਸੀਟਾਂ 'ਤੇ ਚੋਣ ਲੜੀ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਸਿਰਫ ਚਾਰ ਸੀਟਾਂ ਹੀ ਮਿਲੀਆਂ ਸਨ।

ਭਾਜਪਾ ਦੀ ਅਗਵਾਈ ਹੇਠਲੇ ਐਨ.ਡੀ.ਏ. ਲਈ ਪ੍ਰਧਾਨ ਮੰਤਰੀ ਮੋਦੀ ਨੇ ਤਿੱਖਾ ਪ੍ਰਚਾਰ ਕਰਦਿਆਂ 30 ਤੋਂ ਵੱਧ ਰੈਲੀਆਂ ਕੀਤੀਆਂ ਸਨ, ਪਰ ਉਨ੍ਹਾਂ ਦੀ ਪਾਰਟੀ ਭਾਜਪਾ ਨੂੰ 53 ਸੀਟਾਂ 'ਤੇ ਹੀ ਜਿੱਤ ਮਿਲ ਸਕੀ। ਭਾਜਪਾ ਨੇ 157 ਸੀਟਾਂ 'ਤੇ ਚੋਣ ਲੜੀ ਸੀ ਜਦਕਿ ਉਨ੍ਹਾਂ ਦੇ ਭਾਈਵਾਲਾਂ



ਰਾਮ ਵਿਲਾਸ ਪਾਸਵਾਨ ਦੀ ਅਗਵਾਈ ਹੇਠਲੀ ਲੋਕ ਜਨਸ਼ਕਤੀ ਪਾਰਟੀ ਤੇ ਉਪਿੰਦਰ ਕੁਸ਼ਵਾਹਾ ਦੀ ਆਰ.ਐਲ.ਐਸ.ਪੀ. ਨੂੰ ਦੋ-ਦੋ ਸੀਟਾਂ ਤੇ ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦੇ ਹਿੰਦੁਸਤਾਨ ਅਵਾਮ ਮੋਰਚਾ ਨੂੰ ਇਕ ਸੀਟ ਮਿਲੀ। ਸ੍ਰੀ ਮਾਂਝੀ ਦੀ ਪਾਰਟੀ 19 ਸੀਟਾਂ 'ਤੇ ਬੁਰੀ ਤਰ੍ਹਾਂ ਹਾਰੀ ਜਦਕਿ ਉਹ ਖੁਦ ਦੋ ਸੀਟਾਂ ਤੋਂ ਚੋਣ ਲੜੇ ਸਨ ਤੇ ਆਪਣੀ ਇਕ ਸੀਟ ਹੀ ਬਚਾਉਣ ਵਿਚ ਕਾਮਯਾਬ ਰਹੇ।

ਬਿਹਾਰ ਚੋਣਾਂ ਦੇ ਨਤੀਜੇ ਸ੍ਰੀ ਮੋਦੀ ਲਈ ਪਿਛਲੇ 10 ਮਹੀਨਿਆਂ ਵਿਚ ਦੂਜਾ ਵੱਡਾ ਝਟਕਾ ਹਨ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਭਾਜਪਾ ਨੂੰ ਸਿਰਫ ਤਿੰਨ ਸੀਟਾਂ ਤੱਕ ਸੀਮਤ ਕਰ ਦਿੱਤਾ ਸੀ। ਲੋਕ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਜਨਤਾ ਦਲ (ਯੂ), ਆਰ.ਜੇ.ਡੀ. ਤੇ ਕਾਂਗਰਸ ਨੇ ਮਹਾਗਠਜੋੜ ਬਣਾਉਣ ਦਾ ਫੈਸਲਾ ਕੀਤਾ ਸੀ।

ਇਨ੍ਹਾਂ ਚੋਣਾਂ ਵਿਚ ਸੀ.ਪੀ.ਆਈ. (ਐਮ.ਐਲ.-ਐਲ) ਦੇ ਤਿੰਨ ਤੇ ਆਜ਼ਾਦ ਚਾਰ ਸੀਟਾਂ 'ਤੇ ਚੋਣ ਜਿੱਤੇ। ਅਸਦ-ਉਦ-ਦੀਨ ਓਵਾਇਸੀ ਦੀ ਏ.ਆਈ.ਐਮ. ਆਈ.ਐਮ. ਤੇ ਲੋਕ ਸਭਾ ਮੈਂਬਰ ਪੱਪੂ ਯਾਦਵ ਦੀ ਜਨ ਅਧਿਕਾਰ ਪਾਰਟੀ ਦਾ ਖਾਤਾ ਹੀ ਨਹੀਂ ਖੁੱਲ੍ਹਿਆ।

ਨਿਤੀਸ਼ ਕੁਮਾਰ ਦੀ ਅਗਵਾਈ ਹੇਠਲੀ ਪਿਛਲੀ ਸਰਕਾਰ ਦੇ ਤਕਰੀਬਨ ਸਾਰੇ ਮੰਤਰੀ ਚੋਣ ਜਿੱਤਣ ਵਿਚ ਕਾਮਯਾਬ ਰਹੇ। ਲਾਲੂ ਯਾਦਵ ਦੇ ਦੋਵੇਂ ਪੁੱਤਰਾਂ ਤੇਜਸਵੀ ਪ੍ਰਸਾਦ ਤੇ ਤੇਜ ਪ੍ਰਤਾਪ ਨੇ ਕ੍ਰਮਵਾਰ ਰਾਘੋਪੁਰ ਤੇ ਮਹੂਆ ਹਲਕਿਆਂ ਤੋਂ ਜਿੱਤ ਨਾਲ ਆਪਣੀ ਸਿਆਸੀ ਪਾਰੀ ਦਾ ਆਗਾਜ਼ ਕੀਤਾ। ਉਧਰ ਐਨ.ਡੀ.ਏ. ਦੇ ਆਗੂਆਂ ਦੇ ਪਰਿਵਾਰਕ ਮੈਂਬਰ ਇੰਨੇ ਖੁਸ਼ਕਿਸਮਤ ਨਹੀਂ ਰਹੇ ਤੇ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਕੇਂਦਰੀ ਮੰਤਰੀ ਤੇ ਲੋਕ ਜਨ ਸ਼ਕਤੀ ਪਾਰਟੀ ਦੇ ਆਗੂ ਰਾਮ ਵਿਲਾਸ ਪਾਸਵਾਨ ਦਾ ਭਰਾ ਪਸ਼ੂਪਤੀ ਕੁਮਾਰ ਪਾਰਸ ਅਲੌਲੀ ਸੀਟ ਤੋਂ ਚੋਣ ਹਾਰ ਗਿਆ ਜਦਕਿ ਪਾਸਵਾਨ ਦਾ ਇਕ ਹੋਰ ਨੇੜਲਾ ਰਿਸ਼ਤੇਦਾਰ ਪ੍ਰਿੰਸ ਰਾਜ ਕਲਿਆਣਪੁਰ ਵਿਚ ਜਿੱਤ ਦਾ ਡੰਕਾ ਨਹੀਂ ਵਜਾ ਸਕਿਆ। ਜੀਤਨ ਰਾਮ ਮਾਂਝੀ ਦੇ ਪੁੱਤਰ ਸੰਤੋਸ਼ ਕੁਮਾਰ ਸੁਮਨ ਨੂੰ ਕੁਟੁੰਬਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਰਾਜੇਸ਼ ਕੁਮਾਰ ਨੇ ਹਰਾਇਆ। ਸੂਬੇ ਦੇ ਤਿੰਨ ਵਾਰ ਮੁੱਖ ਮੰਤਰੀ ਰਹੇ ਜਗਨਨਾਥ ਮਿਸ਼ਰਾ ਦਾ ਪੁੱਤਰ ਨਿਤੀਸ਼ ਮਿਸ਼ਰਾ ਝੰਜਾਰਪੁਰ ਤੋਂ ਚੋਣ ਹਾਰ ਗਿਆ।

## ਦੁਨੀਆਂ ਭਰ 'ਚ ਮੋਦੀ ਦੀ ਹਾਰ ਉਤੇ ਚਰਚਾ

**ਨਵੀਂ ਦਿੱਲੀ:** ਦੁਨੀਆਂ ਭਰ ਦੇ ਮੀਡੀਆ ਦੀ ਬਿਹਾਰ ਨਤੀਜਿਆਂ ਉਤੇ ਨਜ਼ਰ ਬਣੀ ਹੋਈ ਸੀ। ਨਤੀਜਿਆਂ ਤੋਂ ਬਾਅਦ ਪੂਰੀ ਦੁਨੀਆਂ ਵਿਚ ਮੋਦੀ ਦੀ ਹਾਰ ਉਤੇ ਚਰਚਾ ਹੋ ਰਹੀ ਹੈ। ਅਖਬਾਰਾਂ ਤੇ ਵੈੱਬ ਸਾਈਟਾਂ ਉਤੇ ਮੋਦੀ ਦੀ ਹਾਰ ਹੈੱਡਲਾਈਨ ਬਣੀ ਹੈ। ਇਸ ਦੇ ਨਾਲ ਹੀ ਭਾਰਤ ਦੇ ਆਰਥਿਕ ਵਿਕਾਸ ਨੂੰ ਲੈ ਕੇ ਸਵਾਲ ਚੁੱਕੇ ਜਾ ਰਹੇ ਹਨ। ਪਾਕਿਸਤਾਨ ਦੇ ਅਖਬਾਰ 'ਦ ਡਾਨ' ਨੇ ਪਹਿਲੇ ਪੰਨੇ ਉਤੇ ਨਿਤਿਸ਼ ਤੇ ਲਾਲੂ ਨੂੰ ਸਥਾਨ ਦਿੱਤਾ ਹੈ। ਇਸ ਦੇ ਨਾਲ ਹੀ ਤਨਜ਼ ਕੱਸਦਿਆਂ 'ਦ ਡਾਨ' ਲਿਖਿਆ ਹੈ ਕਿ ਬਿਹਾਰ ਨੇ ਮੋਦੀ ਦੇ ਪਟਾਕੇ ਚੋਰੀ ਕਰ ਲਏ ਹਨ। ਦਰਅਸਲ, ਬੀਤੇ ਦਿਨੀਂ ਅਮਿਤ ਸ਼ਾਹ ਨੇ ਕਿਹਾ ਸੀ ਕਿ ਜੇਕਰ ਬਿਹਾਰ ਵਿਚ ਮੋਦੀ ਹਾਰੇ ਤਾਂ ਪਾਕਿਸਤਾਨ ਵਿਚ ਪਟਾਕੇ ਚਲਾਏ ਜਾਣਗੇ। ਅਮਰੀਕੀ ਮੀਡੀਆ ਨੇ ਬਿਹਾਰ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ ਗੰਭੀਰ ਰਾਜਸੀ




ਝਟਕਾ ਕਰਾਰ ਦਿੱਤਾ ਹੈ ਜਦ ਕਿ ਇਕ ਅਮਰੀਕੀ ਮਾਹਿਰ ਨੇ ਕਿਹਾ ਹੈ ਕਿ ਚੋਣ ਨਤੀਜੇ ਪਿਛਲੇ ਇਕ ਸਾਲ ਦੀ ਭਾਜਪਾ ਦੀ ਕਾਰਗੁਜ਼ਾਰੀ ਦਾ ਸਿੱਧਾ ਤੇ ਨਾਂਹ ਪੱਖੀ ਮੁਲਾਂਕਣ ਹੈ। ਇਸ ਵਿਚਾਲੇ ਵਸਿੰਗਟਨ ਪੋਸਟ, ਨਿਊਯਾਰਕ ਟਾਈਮਜ਼, ਟੈਲੀਗ੍ਰਾਫ ਵਰਗੇ ਅਖਬਾਰਾਂ ਨੇ ਆਰਥਿਕ ਸੁਧਾਰਾਂ ਨੂੰ ਲੈ ਕੇ ਚਿੰਤਾ ਜਤਾਈ ਹੈ। ਬਿਹਾਰ ਵਿਚ ਮੋਦੀ ਦੀ ਹਾਰ ਦਾ ਦੇਸ਼ 'ਤੇ ਵੀ ਅਸਰ ਪਿਆ ਹੈ। ਸ਼ੇਅਰ ਬਾਜ਼ਾਰ ਵਿਚ ਹਾਹਾਕਾਰ ਦੇ ਨਾਲ ਕਾਰੋਬਾਰ ਸ਼ੁਰੂ ਹੋਇਆ।

## ਪਾਰਟੀ ਵਾਰ ਵੀ ਭਾਜਪਾ ਦੀ ਹਾਲਤ ਪਤਲੀ


**ਨਵੀਂ ਦਿੱਲੀ:** ਜੇ ਪਾਰਟੀ ਵਾਰ ਸੀਟਾਂ ਉਤੇ ਜਿੱਤ ਦੇ ਪ੍ਰਦਰਸ਼ਨ 'ਤੇ ਗੌਰ ਕਰੀਏ ਤਾਂ ਲਾਲੂ ਯਾਦਵ ਦੀ ਆਰ.ਜੇ.ਡੀ. ਜਿੰਨੀਆਂ ਸੀਟਾਂ 'ਤੇ ਚੋਣ ਲੜੀ ਉਨ੍ਹਾਂ ਵਿਚੋਂ ਉਸ ਨੇ ਹਰ ਦਸ ਵਿਚੋਂ ਅੱਠ ਸੀਟਾਂ 'ਤੇ ਕਬਜ਼ਾ ਕੀਤਾ ਹੈ। ਭਾਜਪਾ ਦਾ ਤਿੰਨ ਵਿਚੋਂ ਇਕ ਉਮੀਦਵਾਰ ਹੀ ਜਿੱਤ ਦੇ ਨੇੜੇ ਢੁਕਿਆ ਹੈ। ਆਰ.ਜੇ.ਡੀ. ਤੇ ਕਾਂਗਰਸ ਨੇ ਆਪਣੇ ਪ੍ਰਦਰਸ਼ਨ ਵਿਚ ਖਾਸਾ ਸੁਧਾਰ ਕੀਤਾ ਹੈ, ਜਦ ਕਿ ਭਾਜਪਾ ਦਾ ਪ੍ਰਦਰਸ਼ਨ 90 ਫੀਸਦੀ ਤੋਂ ਘੱਟ ਕੇ 33 ਫੀਸਦੀ 'ਤੇ ਆ ਗਿਆ। ਜੇ.ਡੀ.ਯੂ. ਭਾਵੇਂ ਸੱਤਾ 'ਤੇ ਮੁੜ ਕਾਬਜ਼ ਹੋ ਗਈ ਹੈ, ਪਰ ਉਸ ਦਾ ਪ੍ਰਦਰਸ਼ਨ ਵੀ 81 ਤੋਂ ਘੱਟ ਕੇ 70 ਫੀਸਦੀ ਉਤੇ ਆਇਆ ਹੈ। ਭਾਜਪਾ ਦੀਆਂ ਭਾਈਵਾਲ ਲੋਕ ਜਨ ਸ਼ਕਤੀ ਪਾਰਟੀ ਤੇ ਹਿੰਦੁਸਤਾਨ ਅਵਾਮ ਮੋਰਚਾ (ਸੈਕੂਲਰ) ਨੂੰ ਸਭ ਤੋਂ ਵੱਧ ਮਾਰ ਗਈ ਹੈ। ਇਨ੍ਹਾਂ ਪਾਰਟੀਆਂ ਨੇ ਜਿੰਨੇ ਉਮੀਦਵਾਰ ਖੜ੍ਹੇ ਸਨ, ਵਿਚੋਂ ਕ੍ਰਮਵਾਰ ਸੱਤ ਤੇ ਚਾਰ ਫੀਸਦੀ ਜਿੱਤੇ।

# ਹਾਰ ਪਿਛੋਂ ਭਾਜਪਾ ਵਿਚ ਬਾਗੀ ਸੁਰਾਂ ਹੋਈਆਂ ਤੇਜ਼

**ਨਵੀਂ ਦਿੱਲੀ:** ਭਾਜਪਾ ਦੇ ਬਜ਼ੁਰਗ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਨੇ ਆਪਣੀ ਹੀ ਪਾਰਟੀ ਖਿਲਾਫ ਝੰਡਾ ਚੁੱਕ ਦਿੱਤਾ। ਦੋਵਾਂ ਆਗੂਆਂ ਨੇ ਕਿਹਾ ਕਿ ਬੀਤੇ ਇਕ ਸਾਲ ਵਿਚ ਪਾਰਟੀ ਨਕਾਰਾ ਹੋ ਗਈ ਹੈ। ਪਾਰਟੀ ਨੂੰ ਕੁਝ ਮੁੱਠੀ ਭਰ ਆਗੂ ਮਨਮਰਜ਼ੀ ਨਾਲ ਚਲਾ ਰਹੇ ਹਨ ਜਿਸ ਨਾਲ ਪਾਰਟੀ ਦੇ ਅਕਸ ਨੂੰ ਢਾਹ ਲੱਗੀ ਹੈ। ਅਡਵਾਨੀ ਤੇ ਜੋਸ਼ੀ ਤੋਂ ਪਹਿਲਾਂ ਸੰਸਦ ਮੈਂਬਰ ਸ਼ਾਂਤਾ ਕੁਮਾਰ ਤੇ ਯਸ਼ਵੰਤ ਸਿਨਹਾ ਵੀ ਪਾਰਟੀਆਂ ਦੀਆਂ ਨੀਤੀਆਂ ਨੂੰ ਲੈ ਕੇ ਜਨਤਕ ਤੌਰ 'ਤੇ ਮੋਦੀ ਸਰਕਾਰ ਨੂੰ ਭੰਡ ਚੁੱਕੇ ਹਨ। ਬਿਆਨ ਜਾਰੀ ਕਰਨ ਤੋਂ ਪਹਿਲਾਂ ਮੁਰਲੀ ਮਨੋਹਰ ਜੋਸ਼ੀ ਨੇ ਸ਼ੌਰੀ ਤੇ ਗੋਵਿੰਦਾਚਾਰੀਆ ਨਾਲ ਬੰਦ ਕਮਰਾ ਮੀਟਿੰਗ ਵੀ ਕੀਤੀ। ਬਿਆਨ ਵਿਚ ਇਹ ਵੀ ਕਿਹਾ ਗਿਆ ਕਿ ਪਾਰਟੀ ਨੇ ਦਿੱਲੀ ਵਿਚ ਆਮ ਆਦਮੀ ਪਾਰਟੀ ਹੱਥੋਂ ਮਿਲੀ ਕਰਾਰੀ ਹਾਰ ਤੋਂ ਵੀ ਕੋਈ ਸਬਕ ਨਹੀਂ ਸਿੱਖਿਆ।

**ਨਵੀਂ ਦਿੱਲੀ:** ਬਿਹਾਰ ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਝੰਬੀ ਭਾਜਪਾ ਹੁਣ ਇਸ ਦੇ ਕਾਰਨ ਲੱਭਣ ਵਿਚ ਜੁਟ ਗਈ ਹੈ, ਹਾਲਾਂਕਿ ਪਾਰਟੀ ਨੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦੀ ਰਾਖਵੇਂਕਰਨ ਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੀਆਂ ਵਿਵਾਦਤ ਟਿੱਪਣੀਆਂ ਨੂੰ ਹਾਰ ਦਾ ਵੱਡਾ ਕਾਰਨ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਹਾਰ

### ਭਾਜਪਾ ਵੱਲੋਂ ਹਾਰ ਲਈ ਆਤਮ ਮੰਥਨ



ਅਡਵਾਨੀ



ਜੋਸ਼ੀ

ਨੂੰ ਮੋਦੀ ਸਰਕਾਰ ਖਿਲਾਫ ਰਾਇਸ਼ੁਮਾਰੀ ਨਾ ਮੰਨਦਿਆਂ ਇਹ ਕਿਹਾ ਗਿਆ ਕਿ ਇਹ ਪੱਤਰਕਾਰਾਂ ਵੱਲੋਂ ਘੜੀ ਗਈ ਭਾਸ਼ਾ ਹੈ ਤੇ ਸਾਰੀਆਂ ਚੋਣਾਂ ਵੱਖ-ਵੱਖ ਮੁੱਦਿਆਂ 'ਤੇ ਲੜੀਆਂ ਜਾਂਦੀਆਂ ਹਨ।

ਬਿਹਾਰ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਭਾਜਪਾ ਸੰਸਦੀ ਬੋਰਡ ਦੀ ਬੈਠਕ ਹੋਈ ਜਿਸ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਪਾਰਟੀ ਪ੍ਰਧਾਨ ਅਮਿਤ ਸ਼ਾਹ ਸਮੇਤ ਹੋਰ ਆਗੂਆਂ ਨੇ ਹਾਰ ਦੇ ਕਾਰਨਾਂ ਦੀ ਪੜਚੋਲ ਕੀਤੀ। ਭਾਜਪਾ ਨੇ ਮੰਨਿਆ ਕਿ ਉਨ੍ਹਾਂ ਨੂੰ ਇਸ ਲਈ ਹਾਰ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਮਹਾਗਠਜੋੜ ਦੀਆਂ 'ਸਮਾਜਿਕ ਗਿਣਤੀਆਂ-ਮਿਣਤੀਆਂ' ਦਾ ਘੇਰਾ ਐਨ.ਡੀ.ਏ. ਤੋਂ ਵੱਡਾ ਸੀ ਤੇ ਪਾਰਟੀ ਦਾ ਇਹ ਅੰਦਾਜ਼ਾ ਗਲਤ ਸਾਬਤ ਹੋਇਆ ਕਿ ਜਨਤਾ ਦਲ (ਯੂ), ਆਰ.ਜੇ.ਡੀ. ਤੇ ਕਾਂਗਰਸ ਨੂੰ ਇਕ-ਦੂਜੇ ਦੇ ਵੋਟ ਨਹੀਂ ਮਿਲਣਗੇ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਲੋਕ ਸਭਾ ਚੋਣਾਂ ਦੀ ਸਫਲਤਾ ਤੋਂ ਬਾਅਦ ਭਾਜਪਾ ਨੇ ਚਾਰ ਸੂਬਿਆਂ ਦੀਆਂ ਚੋਣਾਂ ਵਿਚ ਜਿੱਤ ਹਾਸਲ ਕੀਤੀ ਤੇ ਕਈ ਹੋਰ ਸੂਬਿਆਂ ਵਿਚ ਸਥਾਨਕ ਚੋਣਾਂ ਵਿਚ ਮੱਲ੍ਹਾਂ ਵੀ ਮਾਰੀਆਂ। ਦਿੱਲੀ ਦੀ ਹਾਰ ਤੋਂ ਬਾਅਦ ਦੂਜੇ ਵੱਡੇ ਝਟਕੇ ਨਾਲ ਅਮਿਤ ਸ਼ਾਹ ਦੀ ਲੀਡਰਸ਼ਿਪ 'ਤੇ ਅਸਰ ਪੈਣ ਦੀ ਸੰਭਾਵਨਾ ਦੇ ਸਵਾਲ ਉਤੇ ਸ੍ਰੀ ਜੇਤਲੀ ਨੇ ਉਨ੍ਹਾਂ ਦਾ ਮਜ਼ਬੂਤੀ ਨਾਲ ਬਚਾਅ ਕੀਤਾ। ਸ੍ਰੀ ਸ਼ਾਹ ਦਾ ਭਾਜਪਾ ਪ੍ਰਧਾਨ ਵਜੋਂ ਕਾਰਜਕਾਲ ਆਉਂਦੇ ਜਨਵਰੀ ਮਹੀਨੇ ਵਿਚ ਖਤਮ ਹੋ ਰਿਹਾ ਹੈ।

ਉਨ੍ਹਾਂ ਸ੍ਰੀ ਸ਼ਾਹ ਤੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦਾ ਬਚਾਅ ਕਰਦਿਆਂ ਕਿਹਾ ਕਿ ਇੱਕਾ-ਦੁੱਕਾ ਬਿਆਨਾਂ ਨਾਲ ਚੋਣਾਂ ਦਾ ਫੈਸਲਾ ਨਹੀਂ ਹੁੰਦਾ। ਪਾਰਟੀ ਦੇ ਹਿੰਦੁਤਵ ਪੱਖੀ ਵਿਚਾਰਧਾਰਾ ਵਾਲੇ ਆਗੂਆਂ ਵੱਲੋਂ ਦਿੱਤੇ ਗਏ ਵਿਵਾਦਤ ਬਿਆਨਾਂ ਬਾਰੇ ਸ੍ਰੀ ਅਰੁਣ ਜੇਤਲੀ ਨੇ ਕਿਹਾ ਕਿ ਹਰ ਕਿਸੇ ਨੂੰ ਤਹਿਜ਼ੀਬ ਨਾਲ ਬੋਲਣਾ ਚਾਹੀਦਾ ਹੈ। ਤਿੰਨ ਭਾਈਵਾਲਾਂ ਦੀ ਖਰਾਬ ਕਾਰਗੁਜ਼ਾਰੀ ਨੂੰ ਅਣਗੌਲਿਆਂ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਭਾਜਪਾ ਨੂੰ ਆਪਣੇ ਵੋਟ ਪਵਾਉਣ ਵਿਚ ਕਾਮਯਾਬ ਰਹੀਆਂ। ਜ਼ਿਕਰਯੋਗ ਹੈ ਕਿ ਤਿੰਨ ਪਾਰਟੀਆਂ ਨੇ 84 ਸੀਟਾਂ 'ਤੇ ਚੋਣ ਲੜੀ ਸੀ, ਪਰ ਉਨ੍ਹਾਂ ਦੇ ਸਿਰਫ ਤਿੰਨ ਉਮੀਦਵਾਰ ਹੀ ਵਿਧਾਨ ਸਭਾ ਵਿਚ ਪਹੁੰਚ ਸਕੇ ਹਨ। ਇਸੇ ਕਰ ਕੇ ਸੀਟਾਂ ਦੀ ਗਿਣਤੀ ਸਿਮਟ ਕੇ ਰਹਿ ਗਈ।

## ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਰੱਦ: ਨਿਤੀਸ਼

**ਪਟਨਾ:** ਬਿਹਾਰ ਦੇ ਤੀਜੀ ਵਾਰ ਮੁੱਖ ਮੰਤਰੀ ਬਣਨ ਜਾ ਰਹੇ ਨਿਤੀਸ਼ ਕੁਮਾਰ ਨੇ ਕਿਹਾ ਕਿ ਚੋਣਾਂ ਵਿਚ ਮਿਲੀ ਜਿੱਤ ਨੇ ਸਪਸ਼ਟ ਕਰ ਦਿੱਤਾ ਹੈ ਕਿ ਲੋਕ ਕੌਮੀ ਪੱਧਰ 'ਤੇ ਮਜ਼ਬੂਤ ਬਦਲ ਚਾਹੁੰਦੇ ਨੇ ਤੇ ਉਨ੍ਹਾਂ ਸਮਾਜ ਵਿਚ ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ।



## ਅਸਹਿਣਸ਼ੀਲ ਤਾਕਤਾਂ ਨੂੰ ਖਾਰਜ ਕੀਤਾ: ਕੈਪਟਨ

**ਚੰਡੀਗੜ੍ਹ:** ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬਿਹਾਰ ਦੀ ਜਨਤਾ ਨੇ ਵੰਡ ਪਾਊ ਤੇ ਅਸਹਿਣਸ਼ੀਲ ਤਾਕਤਾਂ ਨੂੰ ਖਾਰਜ ਕਰ ਦਿੱਤਾ ਹੈ। ਉਨ੍ਹਾਂ ਨੇ ਜਿੱਤ ਲਈ ਨਿਤਿਸ਼, ਲਾਲੂ ਤੇ ਰਾਹੁਲ ਗਾਂਧੀ ਨੂੰ ਵਧਾਈ ਦਿੱਤੀ।




## ਬਿਹਾਰ ਚੋਣਾਂ ਮੋਦੀ ਦੀ ਨਿਜੀ ਹਾਰ: ਓਵੈਸੀ

**ਹੈਦਰਾਬਾਦ:** ਮਜਲਿਸ-ਏ-ਇਤਿਹਾਦੁਲ ਮੁਸਲਿਮੀਨ (ਐਮ.ਆਈ.ਐਮ.) ਦੇ ਮੁਖੀ ਅਸਦੁਦੀਨ ਓਵੈਸੀ ਨੇ ਕਿਹਾ ਕਿ ਬਿਹਾਰ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਦੀ ਹਾਰ ਪ੍ਰਧਾਨ ਮੰਤਰੀ ਦੀ ਨਿੱਜੀ ਤੌਰ ਉਤੇ ਹਾਰ ਹੈ, ਕਿਉਂਕਿ ਇਸ ਤੋਂ ਪਹਿਲਾਂ ਕਿਸੇ ਵੀ ਚੋਣਾਂ ਵਿਚ ਕਿਸੇ ਪ੍ਰਧਾਨ ਮੰਤਰੀ ਨੇ ਪ੍ਰਚਾਰ ਮੁਹਿੰਮ ਵਿਚ ਇਸ ਤਰ੍ਹਾਂ ਹਿੱਸਾ ਨਹੀਂ ਸੀ ਲਿਆ।




## ਰਾਹਤ ਪੈਕਜ ਦਾ ਵਾਅਦਾ ਨਿਭਾਵਾਂਗੇ: ਰਾਜਨਾਥ

**ਨਵੀਂ ਦਿੱਲੀ:** ਕੇਂਦਰੀ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਕੇਂਦਰ ਸੂਬੇ ਨੂੰ ਸਵਾ ਲੱਖ ਕਰੋੜ ਦਾ ਆਰਥਿਕ ਪੈਕਜ ਦੇਣ ਲਈ ਵਚਨਬੱਧ ਹੈ। ਪ੍ਰਧਾਨ ਮੰਤਰੀ ਨੇ ਬਿਹਾਰ ਨੂੰ ਆਰਥਿਕ ਪੈਕਜ ਦੇਣ ਦਾ ਵਾਅਦਾ ਕੀਤਾ ਸੀ ਤੇ ਕੇਂਦਰ ਇਸ ਨੂੰ ਕਿਸੇ ਵੀ ਕੀਮਤ ਉਤੇ ਪੁਗਾਏਗਾ।



## ਕੇਜਰੀਵਾਲ ਵੱਲੋਂ ਨਤੀਜੇ ਰਾਇਸ਼ੁਮਾਰੀ ਕਰਾਰ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬਿਹਾਰ ਵਿਚ ਭਾਜਪਾ ਦੀ ਅਗਵਾਈ ਹੇਠਲੇ ਐਨ.ਡੀ.ਏ. ਦੀ ਹਾਰ ਨੂੰ ਨਰੇਂਦਰ ਮੋਦੀ ਸਰਕਾਰ ਖਿਲਾਫ ਰਾਇਸ਼ੁਮਾਰੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਜਿਸ ਹੰਕਾਰ ਨਾਲ ਕੰਮ ਕਰ ਰਹੇ ਹਨ, ਉਸ ਨੂੰ ਬਿਹਾਰ ਦੇ ਲੋਕਾਂ ਨੇ ਤੋੜ ਦਿੱਤਾ ਹੈ। ਚੋਣਾਂ ਦੇ ਨਤੀਜੇ ਨਫਰਤ ਦੀ ਸਿਆਸਤ ਤੇ ਅਸਹਿਣਸ਼ੀਲਤਾ ਦਾ ਮਾਹੌਲ ਬਣਾਉਣ ਵਾਲੀਆਂ ਤਾਕਤਾਂ ਦੇ ਮੂੰਹ ਉਤੇ ਥੱਪੜ ਹੈ।



## ਸ਼ਿਵ ਸੈਨਾ ਨੇ ਜਲੇ 'ਤੇ ਨਮਕ ਸੁੱਟਿਆ

**ਮੁੰਬਈ:** ਸ਼ਿਵ ਸੈਨਾ ਮੁਖੀ ਉਧਵ ਠਾਕਰੇ ਨੇ ਨਿਤੀਸ਼ ਕੁਮਾਰ ਨੂੰ ਜਿੱਤ ਉਤੇ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਲੋਕਾਂ ਲਈ ਕਾਫੀ ਕੰਮ ਕੀਤੇ ਤੇ ਇਹ ਗੱਲ ਵੋਟਰਾਂ ਨੂੰ ਸਮਝਾਉਣ ਵਿਚ ਤੁਸੀਂ ਕਾਮਯਾਬ ਰਹੇ ਜਿਸ ਕਾਰਨ ਉਨ੍ਹਾਂ ਤੁਹਾਡੇ 'ਤੇ ਵਿਸ਼ਵਾਸ ਕਰਕੇ ਇਕ ਵਾਰ ਫਿਰ ਰਾਜ ਕਰਨ ਦੀ ਤਾਕਤ ਬਖ਼ਸ਼ੀ ਹੈ। ਨਾਲ ਹੀ ਕਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਦੀ ਹਾਰ ਦੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਲੈਣੀ ਚਾਹੀਦੀ ਹੈ।

**Punjab Times**
**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੌਮੀ ਇਨਾਮ ਵਾਪਸ ਕਿਉਂ ਕਰ ਰਹੀ ਹਾਂ...

***ਲੇਖਕਾਂ, ਬੁੱਧੀਜੀਵੀਆਂ ਵਲੋਂ ਸ਼ੁਰੂ ਕੀਤੀ ਰੋਸ ਲਹਿਰ ਦਾ ਹਿੱਸਾ ਬਣਦਿਆਂ ਅਰੁੰਧਤੀ ਰਾਏ ਨੇ ਵੀ ਉਹ ਨੈਸ਼ਨਲ ਫਿਲਮ ਐਵਾਰਡ ਮੋੜ ਦਿੱਤਾ ਹੈ ਜੋ 1989 'ਚ ਉਸ ਨੂੰ ਉਸ ਦੇ ਸਕਰੀਨ ਪਲੇਅ 'ਇਨ ਵਿਚ ਐਨੀ ਗਿਵਜ਼ ਇਟ ਦੋਜ਼ ਵੰਨਜ਼' ਨੂੰ ਮਿਲਿਆ ਸੀ।***



ਮੈਂ ਇਹ ਵਿਸ਼ਵਾਸ ਨਹੀਂ ਕਰਦੀ ਕਿ ਐਵਾਰਡ ਸਾਡੀ ਘਾਲਣਾ ਨੂੰ ਮਾਪਣ ਦਾ ਸਹੀ ਪੈਮਾਨਾ ਹਨ। ਮੈਂ ਮੋੜੇ ਗਏ ਐਵਾਰਡਾਂ ਦੇ ਢੇਰ ਵਿਚ ਉਹ ਨੈਸ਼ਨਲ ਐਵਾਰਡ (ਬੈਸਟ ਸਕਰੀਨ ਪਲੇਅ ਲਈ) ਨੂੰ ਵੀ ਸ਼ਾਮਲ ਕਰਨਾ ਚਾਹਾਂਗੀ ਜੋ ਮੈਨੂੰ 1989 'ਚ ਮਿਲਿਆ ਸੀ। ਨਾਲ ਹੀ, ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦੀ ਹਾਂ ਕਿ ਮੈਂ ਇਹ ਐਵਾਰਡ ਇਸ ਲਈ ਵਾਪਸ ਨਹੀਂ ਕਰ ਰਹੀ ਕਿ ਮੈਨੂੰ ਇਸ ਨੇ ਹਿਲਾ ਦਿੱਤਾ ਹੈ ਜਿਸ ਨੂੰ ਇਸ ਸਰਕਾਰ ਵਲੋਂ ਫੈਲਾਈ ਜਾ ਰਹੀ 'ਵਧਦੀ ਅਸਹਿਣਸ਼ੀਲਤਾ' ਕਿਹਾ ਜਾ ਰਿਹਾ ਹੈ।

ਪਹਿਲੀ ਗੱਲ ਤਾਂ ਕੁੱਟ-ਕੁੱਟ ਕੇ ਮਾਰ ਦੇਣ, ਜਿਉਂਦਾ ਜਲਾ ਦੇਣ, ਗੋਲੀਆਂ ਨਾਲ ਭੁੰਨ ਦੇਣ ਜਾਂ ਕਤਲੇਆਮ ਲਈ 'ਅਸਹਿਣਸ਼ੀਲਤਾ' ਲਫ਼ਜ਼ ਇਸਤੇਮਾਲ ਕਰਨਾ ਸਹੀ ਨਹੀਂ। ਦੂਜੀ ਗੱਲ, ਸਾਨੂੰ ਪਹਿਲਾਂ ਹੀ ਇਹ ਭਿਣਕ ਸੀ ਕਿ ਭਾਰਤ ਅੰਦਰ ਕੀ ਹੋਣ ਜਾ ਰਿਹਾ ਹੈ। ਲਿਹਾਜ਼ਾ, ਮੈਂ ਇਹ ਦਾਅਵਾ ਨਹੀਂ ਕਰ ਸਕਦੀ ਕਿ ਇਸ ਸਰਕਾਰ ਦੇ ਪੂਰੇ ਜੋਸ਼-ਓ-ਖ਼ਰੋਸ਼ ਨਾਲ ਭਾਰੀ ਬਹੁਮਤ ਲੈ ਕੇ ਸੱਤਾਧਾਰੀ ਹੋਣ ਤੋਂ ਬਾਅਦ ਜੋ ਕੁਝ ਵੀ ਹੋ ਰਿਹਾ ਹੈ, ਉਸ ਨੂੰ ਵੇਖ ਕੇ ਮੈਂ ਹੈਰਾਨ-ਪ੍ਰੇਸ਼ਾਨ ਹਾਂ। ਤੀਜੀ ਗੱਲ, ਇਹ ਖ਼ੌਫ਼ਨਾਕ ਕਤਲ ਬਹੁਤ ਹੀ ਡੂੰਘੀ ਮਰਜ਼ ਦੀਆਂ ਮਹਿਜ਼ ਬਾਹਰੀ ਅਲਾਮਤਾਂ ਹਨ। ਜ਼ਿੰਦਗੀ ਜਿਉਣਾ ਹੀ ਨਰਕ ਬਣਾ ਦਿੱਤਾ ਗਿਆ ਹੈ। ਸਮੁੱਚੀ ਵਸੋਂ (ਕਰੋੜਾਂ ਦਲਿਤ, ਆਦਿਵਾਸੀ, ਮੁਸਲਮਾਨ ਅਤੇ ਈਸਾਈ) ਖ਼ੌਫ਼ ਦੇ ਸਾਏ ਹੇਠ ਜਿਉਣ ਲਈ ਮਜਬੂਰ ਹੈ। ਕਦੋਂ ਅਤੇ ਕਿੱਥੋਂ ਹਮਲਾ ਹੋ ਜਾਵੇ, ਕੋਈ ਪਤਾ ਨਹੀਂ।

ਅੱਜ ਅਸੀਂ ਐਸੇ ਮੁਲਕ ਵਿਚ ਰਹਿ ਰਹੇ ਹਾਂ ਜਿਥੇ ਜੇ ਨਵੇਂ ਨਿਜ਼ਾਮ ਦੇ ਠੱਗ ਅਤੇ ਉਨ੍ਹਾਂ ਦੇ ਕਾਰਿੰਦੇ 'ਗ਼ੈਰ-ਕਾਨੂੰਨੀ ਹੱਤਿਆ' ਦੀ ਗੱਲ ਕਰ ਰਹੇ ਹਨ ਤਾਂ ਉਨ੍ਹਾਂ ਦੀ ਮੁਰਾਦ ਕਿਸੇ ਕਾਲਪਨਿਕ ਗਊ ਦੀ ਹੱਤਿਆ ਤੋਂ ਹੈ, ਨਾ ਕਿ ਕਿਸੇ ਇਨਸਾਨ ਦੇ ਸੱਚਮੁੱਚ ਕਤਲ ਤੋਂ। ਜਦੋਂ ਉਹ ਵਕੂਆ-ਏ-ਵਾਰਦਾਤ ਤੋਂ 'ਜਾਂਚ ਲਈ ਸਬੂਤ ਇਕੱਠੇ ਕਰਨ' ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦੀ ਮੁਰਾਦ ਫ਼ਰਿੱਜ ਵਿਚ ਰੱਖੇ ਖਾਣੇ ਤੋਂ ਹੁੰਦੀ ਹੈ, ਨਾ ਕਿ ਕੁੱਟ-ਕੁੱਟ ਕੇ ਮਾਰੇ ਗਏ ਬੰਦੇ ਦੀ ਲਾਸ਼ ਤੋਂ। ਅਸੀਂ ਦਾਅਵੇ ਕਰਦੇ ਹਾਂ ਕਿ ਅਸੀ ਬਹੁਤ 'ਤਰੱਕੀ' ਕਰ ਲਈ ਹੈ, ਪਰ ਜਦੋਂ ਦਲਿਤਾਂ ਨੂੰ ਕੋਹ-ਕੋਹ ਕੇ ਮਾਰਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਬੱਚੇ ਜਿਉਂਦੇ ਜਲਾ ਦਿੱਤੇ ਜਾਂਦੇ ਹਨ, ਤਾਂ ਕਿਹੜਾ ਐਸਾ ਲੇਖਕ ਹੈ ਜੋ ਮਾਰ ਦਿੱਤੇ ਜਾਂ ਸਾੜ ਦਿੱਤੇ ਜਾਣ ਦੇ ਖੌਫ਼ ਤੋਂ ਮੁਕਤ ਹੋ ਕੇ ਬਾਬਾ ਸਾਹਿਬ ਅੰਬੇਦਕਰ ਵਾਂਗ ਖੁੱਲ੍ਹ ਕੇ ਕਹਿ ਸਕੇ- 'ਅਛੂਤਾਂ ਲਈ ਹਿੰਦੂ ਧਰਮ, ਸੱਚਮੁੱਚ ਖੌਫ਼ ਦੀ ਭੱਠੀ ਹੈ?' (ਬਾਬਾ ਸਾਹਿਬ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਸ, ਜਿਲਦ 9, ਸਫ਼ਾ 296)। ਕਿਹੜਾ ਲੇਖਕ ਹੈ ਜੋ ਅੱਜ ਉਹ ਹਕੀਕਤ ਲਿਖ ਸਕੇ ਜੋ ਸਆਦਤ ਹਸਨ ਮੰਟੋ ਨੇ 'ਲੈਟਰਜ਼ ਟੂ ਅੰਕਲ ਸੈਮ' ਵਿਚ ਲਿਖੀ ਸੀ? ਇਹ ਮਾਇਨੇ ਨਹੀਂ ਰੱਖਦਾ ਕਿ ਜੋ ਕਿਹਾ ਜਾ ਰਿਹਾ ਹੈ, ਉਸ ਨਾਲ ਸਾਡੀ ਸਹਿਮਤੀ ਹੈ ਜਾਂ ਅਸਹਿਮਤੀ। ਜੇ ਸਾਨੂੰ ਖੁੱਲ੍ਹ ਕੇ ਬੋਲਣ ਦਾ ਹੱਕ ਹੀ ਨਹੀਂ, ਤਾਂ ਅਸੀਂ ਉਸ ਸਮਾਜ ਵੱਲ ਪਰਤ ਜਾਵਾਂਗੇ ਜੋ ਬੌਧਿਕ ਕੰਗਾਲੀ ਵਿਚ ਗ੍ਰਸਿਆ, ਮੂਰਖਾਂ ਦਾ ਰਾਸ਼ਟਰ ਹੋਵੇਗਾ। ਇਸ ਸਮੁੱਚੇ ਉਪ-ਮਹਾਂਦੀਪ ਵਿਚ ਨਿਵਾਣਾਂ ਤਕ ਨਿੱਘਰਨ ਦੀ ਹੋੜ ਲੱਗੀ ਹੋਈ ਹੈ, ਤੇ ਇਹ ਨਵਾਂ ਭਾਰਤ ਬਹੁਤ ਹੀ ਜੋਸ਼-ਓ-ਖ਼ਰੋਸ਼ ਨਾਲ ਇਸ ਵਿਚ ਸ਼ਾਮਲ ਹੋਇਆ ਹੈ। ਇਥੇ ਵੀ ਹੁਣ ਹਜੂਮ ਨੂੰ ਸੈਂਸਰਸ਼ਿਪ ਦਾ ਜ਼ਿੰਮਾ ਦੇ ਦਿੱਤਾ ਗਿਆ ਹੈ। ਮੈਨੂੰ ਖ਼ੁਸ਼ੀ ਹੈ ਕਿ ਮੈਨੂੰ ਆਪਣੇ ਅਤੀਤ ਵਿਚ ਕਦੇ ਨੈਸ਼ਨਲ ਐਵਾਰਡ ਮਿਲਿਆ ਸੀ ਜਿਸ ਨੂੰ ਮੈਂ ਵਾਪਸ ਕਰ ਸਕਦੀ ਹਾਂ। ਇਹ ਮੈਨੂੰ ਉਸ ਸਿਆਸੀ ਮੁਹਿੰਮ ਦਾ ਹਿੱਸਾ ਬਣਨ ਦਾ ਮੌਕਾ ਦੇ ਰਿਹਾ ਹੈ ਜੋ ਲੇਖਕਾਂ, ਫਿਲਮਸਾਜ਼ਾਂ ਅਤੇ ਸਿਖਿਆ ਵਿਗਿਆਨੀਆਂ ਨੇ ਸ਼ੁਰੂ ਕੀਤੀ ਹੈ। ਉਹ ਵਿਚਾਰਧਾਰਕ ਕਰੂਰਤਾ ਅਤੇ ਸਮੂਹਕ ਸਮਝਦਾਰੀ ਉਪਰ ਕੀਤੇ ਜਾ ਰਹੇ ਹਮਲੇ ਵਿਰੁੱਧ ਉਠ ਖੜ੍ਹੇ ਹਨ। ਜੇ ਅਸੀਂ ਹੁਣ ਵੀ ਨਾ ਉਠੇ ਤਾਂ ਇਹ ਸਾਨੂੰ ਤਹਿਸ-ਨਹਿਸ ਕਰ ਦੇਵੇਗਾ ਅਤੇ ਪਾਤਾਲ ਵਿਚ ਦਫ਼ਨ ਕਰ ਦੇਵੇਗਾ। ਮੇਰਾ ਯਕੀਨ ਹੈ ਕਿ ਕਲਾਕਾਰ ਅਤੇ ਬੁੱਧੀਜੀਵੀ ਜੋ ਅੱਜ ਕਰ ਰਹੇ ਹਨ, ਉਹ ਬੇਮਿਸਾਲ ਹੈ। ਇਹ ਵੀ ਸਿਆਸਤ ਦਾ ਇਕ ਤਰੀਕਾ ਹੈ। ਮੈਨੂੰ ਇਸ ਦਾ ਹਿੱਸਾ ਬਣ ਕੇ ਫ਼ਖ਼ਰ ਮਹਿਸੂਸ ਹੋ ਰਿਹਾ ਹੈ। ਅੱਜ ਜੋ ਕੁਝ ਇਸ ਮੁਲਕ ਵਿਚ ਹੋ ਰਿਹਾ ਹੈ, ਮੇਰੇ ਲਈ ਉਹ ਬਹੁਤ ਸ਼ਰਮਨਾਕ ਹੈ।

ਇਹ ਵੀ ਧਿਆਨ 'ਚ ਰਹੇ ਕਿ 2005 ਵਿਚ ਜਦੋਂ ਕਾਂਗਰਸ ਦੀ ਹਕੂਮਤ ਸੀ, ਉਦੋਂ ਮੈਂ ਸਾਹਿਤਕ ਅਕਾਦਮੀ ਐਵਾਰਡ ਠੁਕਰਾ ਦਿੱਤਾ ਸੀ। ਲਿਹਾਜ਼ਾ, ਕਿਰਪਾ ਕਰ ਕੇ ਮੈਨੂੰ ਕਾਂਗਰਸ ਬਨਾਮ ਭਾਜਪਾ ਦੀ ਘਸੀਪਿਟੀ ਬਹਿਸ ਤੋਂ ਬਖ਼ਸ਼ਿਆ ਜਾਵੇ। ਗੱਲ ਉਸ ਸਭ ਕਾਸੇ ਤੋਂ ਬਹੁਤ ਅੱਗੇ ਜਾ ਚੁੱਕੀ ਹੈ!

***ਅਰੁੰਧਤੀ ਰਾਏ***
***ਅਨੁਵਾਦ: ਬੂਟਾ ਸਿੰਘ***

# ਸਰਬੱਤ ਖਾਲਸਾ ਵੱਲੋਂ ਜਥੇਦਾਰਾਂ ਦੀ ਛੁੱਟੀ

***(ਸਫਾ ਇਕ ਦੀ ਬਾਕੀ)***

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ 'ਫਖ਼ਰ-ਏ-ਕੌਮ' ਤੇ 'ਪੰਥ ਰਤਨ' ਦਾ ਖਿਤਾਬ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਦਿੱਤਾ ਗਿਆ 'ਸ਼੍ਰੋਮਣੀ ਸੇਵਕ' ਦਾ ਖਿਤਾਬ ਵੀ ਵਾਪਸ ਲਿਆ ਜਾਵੇਗਾ। ਇਕੱਠ ਵੱਲੋਂ ਦੋਵਾਂ ਸਿੱਖ ਆਗੂਆਂ ਉਤੇ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਨੇ ਮੀਰੀ-ਪੀਰੀ ਦੇ ਸਿਧਾਂਤਾਂ ਨੂੰ ਢਾਹ ਲਾਈ ਹੈ।

ਇਕੱਠ ਵੱਲੋਂ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਤੇ ਸੇਵਾਮੁਕਤ ਫੌਜੀ ਜਰਨੈਲ ਕੁਲਦੀਪ ਸਿੰਘ ਬਰਾੜ ਨੂੰ ਸਿੱਖ ਨਸਲਕੁਸ਼ੀ ਲਈ ਦੋਸ਼ੀ ਗਰਦਾਨਦਿਆਂ ਤਨਖਾਹੀਆ ਕਰਾਰ ਦਿੱਤਾ ਤੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਦੋਸ਼ਾਂ ਬਾਰੇ 30 ਨਵੰਬਰ ਤੱਕ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ। ਸਰਬੱਤ ਖਾਲਸਾ ਵੱਲੋਂ ਸਰਕਾਰ ਨੂੰ ਤਾਕੀਦ ਕੀਤੀ ਗਈ ਹੈ ਕਿ ਜੇਲ੍ਹਾਂ ਵਿਚ ਬੰਦ ਸਿੱਖ ਰਾਜਸੀ ਕੈਦੀ




***ਨਵੇਂ ਜਥੇਦਾਰ (ਖੱਬਿਓਂ) ਜਗਤਾਰ ਸਿੰਘ ਹਵਾਰਾ, ਅਮਰੀਕ ਸਿੰਘ ਅਜਨਾਲਾ, ਬਲਜੀਤ ਸਿੰਘ ਦਾਦੂਵਾਲ ਤੇ ਧਿਆਨ ਸਿੰਘ ਮੰਡ।***

ਜਿਨ੍ਹਾਂ ਵਿਚੋਂ ਕਈ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ, ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਪੰਥਕ ਰਵਾਇਤਾਂ ਮੁਤਾਬਕ ਸਜ਼ਾਵਾਂ ਦੇਣ ਦਾ ਐਲਾਨ ਕੀਤਾ ਗਿਆ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਚੋਣ ਤੁਰੰਤ ਕਰਵਾ ਕੇ ਇਸ ਦੀ ਜਮਹੂਰੀਅਤ ਬਹਾਲ ਕਰਨ, ਕੌਮ ਲਈ ਸਰਵ-ਪ੍ਰਵਾਨਿਤ ਕੈਲੰਡਰ ਤਿਆਰ ਕਰਨ ਵਾਸਤੇ ਯਤਨ ਕਰਨ, ਸਿੱਖ ਰਾਜ ਦੀ ਆਜ਼ਾਦੀ ਦੇ ਸੰਘਰਸ਼ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਖੁਦ-ਮੁਖਤਾਰੀ ਦੀ ਬਹਾਲੀ ਤੱਕ ਸਿੱਖਾਂ ਦੇ ਅੰਦਰੂਨੀ ਵਖਰੇਵੇਂ ਵਾਲੇ ਧਾਰਮਿਕ ਮੁੱਦੇ ਨਾ ਉਠਾਉਣ, ਸਮੂਹਿਕ ਰਾਏ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਵਿਸ਼ਵ ਸਿੱਖ ਪਾਰਲੀਮੈਂਟ ਦਾ ਗਠਨ ਕਰਨ ਦਾ ਫੈਸਲਾ ਕੀਤਾ ਹੈ।

# ਬਿਹਾਰ ਨੇ ਮੋਦੀ ਲਹਿਰ ਡੱਕੀ

***(ਸਫਾ ਇਕ ਦੀ ਬਾਕੀ)***

ਕਰਨ ਲਈ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ। ਗਊ ਮਾਸ ਖਾਣ ਜਾਂ ਨਾ ਖਾਣ ਦੇ ਮੁੱਦੇ ਨੂੰ ਵੀ ਜ਼ੋਰਦਾਰ ਢੰਗ ਨਾਲ ਉਭਾਰਿਆ ਗਿਆ। ਇਥੋਂ ਤੱਕ ਕਿ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੇ ਲੋਕਾਂ ਵਿਚ ਪਾਕਿਸਤਾਨ ਵਿਰੋਧੀ ਭਾਵਨਾਵਾਂ ਭੜਕਾਉਣ ਦੀ ਵੀ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਵਿਚ ਦਾਦਰੀ ਘਟਨਾ ਵਾਪਰੀ ਤੇ ਜਿਸ ਤਰ੍ਹਾਂ ਦੇਸ਼ ਭਰ ਵਿਚ ਭਾਰਤੀ ਜਨਤਾ ਪਾਰਟੀ, ਰਾਸ਼ਟਰੀ ਸੋਇਮਸੇਵਕ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸ਼ਿਵ ਸੈਨਾ ਆਦਿ ਦੇ ਆਗੂਆਂ ਨੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਘੱਟ-ਗਿਣਤੀਆਂ ਵਿਰੁੱਧ ਨਫਰਤ ਪੈਦਾ ਕਰਨ ਵਾਲੇ ਬਿਆਨ ਦਿੱਤੇ ਤੇ ਜਿਸ ਤਰ੍ਹਾਂ ਕੁਝ ਤਰਕਸ਼ੀਲ ਬੁੱਧੀਜੀਵੀਆਂ ਤੇ ਲੇਖਕਾਂ ਦੇ ਹੋਏ ਕਤਲਾਂ ਨੂੰ ਮੁੱਖ ਰੱਖ ਕੇ ਦੇਸ਼ ਭਰ ਵਿਚ ਲੇਖਕਾਂ ਤੇ ਕਲਾਕਾਰਾਂ ਨੇ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਉਤੇ ਅਸਹਿਣਸ਼ੀਲਤਾ ਨੂੰ ਉਤਸ਼ਾਹ ਦੇਣ ਜਾਂ ਇਸ ਵਰਤਾਰੇ ਵਿਰੁੱਧ ਖਾਮੋਸ਼ ਰਹਿਣ ਦਾ ਦੋਸ਼ ਲਗਾ ਕੇ ਵੱਡੇ ਪੱਧਰ 'ਤੇ ਆਪਣੇ ਮਾਣ-ਸਨਮਾਨ ਵਾਪਸ ਕੀਤੇ, ਇਸ ਨੇ ਬਿਹਾਰ ਚੋਣਾਂ ਨੂੰ ਇਕ ਪਾਸੜ ਕਰ ਦਿੱਤਾ।

ਲੋਕਾਂ ਵਿਚ ਇਹ ਪ੍ਰਭਾਵ ਗਿਆ ਕਿ ਭਾਰਤੀ ਜਨਤਾ ਪਾਰਟੀ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਦੇਸ਼ ਦਾ ਤੇਜ਼ੀ ਨਾਲ ਵਿਕਾਸ ਕਰਨ ਦੇ ਆਪਣੇ ਮੁੱਖ ਮੁੱਦੇ ਤੋਂ ਭਟਕ ਕੇ ਬਹੁ-ਗਿਣਤੀ ਉਤੇ ਆਧਾਰਿਤ ਫਿਰਕਾਪ੍ਰਸਤੀ ਨੂੰ ਉਭਾਰ ਰਹੀ ਹੈ। ਬੁੱਧੀਜੀਵੀਆਂ ਦਾ ਵੀ ਇਹ ਵਿਚਾਰ ਹੈ ਕਿ ਬਿਹਾਰ ਦੇ ਲੋਕਾਂ ਨੇ ਵਿਕਾਸ, ਧਰਮ-ਨਿਰਪੱਖਤਾ ਤੇ ਜਮਹੂਰੀਅਤ ਆਦਿ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਗਠਜੋੜ ਨੂੰ ਇਕ ਹੋਰ ਮੌਕਾ ਦਿੱਤਾ ਹੈ।

## ਅਕਾਲੀ ਦਲ ਨੇ ਲਿਆ ਸੁੱਖ ਦਾ ਸਾਹ

**ਚੰਡੀਗੜ੍ਹ:** ਭਾਈਵਾਲ ਭਾਜਪਾ ਦੀ ਬਿਹਾਰ ਵਿਚ ਨਮੋਸ਼ੀ ਭਰੀ ਹਾਰ ਨੇ ਪੰਜਾਬ ਵਿਚ ਹਾਸ਼ੀਏ 'ਤੇ ਆਏ ਅਕਾਲੀ ਦਲ ਨੂੰ ਕੁਝ ਰਾਹਤ ਦਿੱਤੀ ਹੈ। ਡੇਢ ਸਾਲ ਪਹਿਲਾਂ ਕੇਂਦਰ ਵਿਚ ਸਰਕਾਰ ਬਣਨ ਪਿੱਛੋਂ ਅਕਾਲੀ ਦਲ ਨੂੰ ਭਾਜਪਾ ਦਾ ਸਾਥ ਛੁੱਟਣ ਦਾ ਡਰ ਸਤਾ ਰਿਹਾ ਸੀ। ਭਾਜਪਾ ਆਗੂ ਸੂਬੇ ਵਿਚ 2017 ਦੀ ਵਿਧਾਨ ਸਭਾ ਚੋਣ ਵੱਖਰੇ ਤੌਰ 'ਤੇ ਲੜਨ ਦੀ ਗੱਲ ਆਖ ਰਹੇ ਸਨ। ਹੁਣ ਜਦੋਂ ਪੰਜਾਬ ਵਿਚ ਡੇਰਾ ਵਿਵਾਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਫੈਲੇ ਰੋਹ ਕਾਰਨ ਸੂਬਾ ਸਰਕਾਰ ਘਿਰੀ ਹੋਈ ਹੈ ਤਾਂ ਅਕਾਲੀ ਦਲ ਲਈ, ਭਾਜਪਾ ਦੀ ਹਾਰ ਦੀ ਖਬਰ ਕਿਸੇ ਸੌਗਾਤ ਤੋਂ ਘੱਟ ਨਹੀਂ। ਅਸਲ ਵਿਚ ਹਰਿਆਣਾ, ਮਹਾਰਾਸ਼ਟਰ, ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਵਿਚ ਮਿਲੀ ਸਫਲਤਾ ਤੋਂ ਬਾਅਦ ਪੰਜਾਬ ਦੇ ਭਾਜਪਾ ਆਗੂ ਸੂਬੇ ਵਿਚ ਇਕੱਲੇ ਚੋਣ ਲੜਨ ਲਈ ਹਾਈਕਮਾਨ 'ਤੇ ਜ਼ੋਰ ਪਾ ਰਹੇ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ‘ਆਪ’ ਵੱਲੋਂ ਕੈਨੇਡਾ ‘ਚ ਪਰਵਾਸੀਆਂ ਨਾਲ ਸੰਪਰਕ

**ਕੈਲਗਰੀ:** ਆਮ ਆਦਮੀ ਪਾਰਟੀ ਨੇ ਭਾਰਤ ਵਿਚ ਆਪਣੀ ਸਿਆਸੀ ਪਕੜ ਮਜ਼ਬੂਤ ਕਰਨ ਲਈ ਪਰਵਾਸੀ ਭਾਰਤੀਆਂ ਤੋਂ ਸਹਿਯੋਗ ਲੈਣ ਦੀ ਮੁਹਿੰਮ ਵਿੱਢੀ ਹੈ। ਇਸ ਤਹਿਤ ਕੈਲਗਰੀ ਵਿਚ ਪੰਜਾਬ ਜੋੜੋ ਦੇ ਨਾਂ ਹੇਠ ਭਰਵੀਂ ਰੈਲੀ ਕੀਤੀ ਗਈ। ਪਾਰਟੀ ਦੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਸੰਜੈ ਸਿੰਘ, ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਤੇ ਆਸ਼ੂਤੋਸ਼ ਗੁਪਤਾ ਨੇ ਇਸ ਰੈਲੀ ਨੂੰ ਸੰਬੋਧਨ ਕੀਤਾ। ਕੰਮਕਾਜੀ ਦਿਨਾਂ ਦੌਰਾਨ ਕੈਨੇਡਾ ਵਿਚ ਹੁੰਦੇ ਸਮਾਗਮਾਂ ਨੂੰ ਅਕਸਰ ਮੱਠਾ ਹੁੰਗਾਰਾ ਮਿਲਦਾ ਹੈ, ਪਰ ਇਸ ਰੈਲੀ ਦੀ ਹਾਜ਼ਰੀ ਤੋਂ ਸਪਸ਼ਟ ਹੋ ਗਿਆ ਕਿ ਪੰਜਾਬ ਤੋਂ ਬਾਹਰ ਬੈਠੇ ਲੋਕ ਆਪਣੇ ਸੂਬੇ ਦੇ ਹਾਲਾਤਾਂ ਤੋਂ ਚਿੰਤਤ ਹਨ।

ਮੁੱਖ ਬੁਲਾਰੇ ਸੰਜੈ ਸਿੰਘ ਨੇ ਭਾਰਤ ਦੇ ਉਨ੍ਹਾਂ ਸਿਆਸੀ ਘਰਾਣਿਆਂ ਦੀ ਸੂਚੀ ਬੜੇ ਰੌਚਕ ਢੰਗ ਨਾਲ ਪੇਸ਼ ਕੀਤੀ ਜਿਨ੍ਹਾਂ ਵਿਚ ਪੀੜੀ ਦਰ ਪੀੜੀ ਸਿਆਸਤ ਦੀ ਵਾਗਡੋਰ ਸੰਭਾਲੀ ਜਾ ਰਹੀ ਹੈ। ਇਸ ਸੂਚੀ ਵਿਚ ਜਿਉਂ ਹੀ ਬਾਦਲ ਪਰਿਵਾਰ ਦਾ ਜ਼ਿਕਰ ਕੀਤਾ ਤਾਂ ਸਰੋਤਿਆਂ ਨੇ ਜ਼ੋਰਦਾਰ ਤਾੜੀਆਂ ਨਾਲ ਹੁੰਗਾਰਾ ਭਰਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸੰਘਰਸ਼ ਵਿਚੋਂ ਉਪਜੀ ਹੈ, ਜਿਸ ਕਰਕੇ ਇਸ ਕੋਲ ਲੋਕਾਂ ਦੇ ਦਰਦ ਸਮਝਣ ਦੀ ਸਮਰਥਾ ਹੈ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਭ੍ਰਿਸ਼ਟਾਚਾਰ ਵਿਚ ਗਿਰਾਵਟ ਆਈ ਹੈ। ਅਜਿਹਾ ਹੀ ਇਕ ਮੌਕਾ ਪੰਜਾਬ ਵਾਸੀਆਂ ਕੋਲ 2017 ਵਿਚ ਹੋਵੇਗਾ, ਜਿਸ ਦੌਰਾਨ ਪੰਜਾਬ ਨੂੰ ਨਸ਼ਿਆਂ ਤੇ ਭ੍ਰਿਸ਼ਟਾਚਾਰ ਤੋਂ ਮੁਕਤ ਬਣਾਇਆ ਜਾ ਸਕੇ।

ਸ੍ਰੀ ਸ਼ੇਰਗਿੱਲ ਨੇ ਕਿਹਾ ਕਿ ਸਿਰਫ ਅਰਵਿੰਦ ਕੇਜਰੀਵਾਲ ਹੀ ਅਜਿਹੇ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਗੁਜਰਾਤ ਤੋਂ ਲੈ ਕੇ ਦਿੱਲੀ ਦੇ ਸਿੱਖ ਕਤਲੇਆਮ ਵਿਰੁੱਧ ਅਵਾਜ਼ ਉਠਾਈ ਹੈ। ‘ਆਪ’ ਦੇ ਬੁਲਾਰੇ ਆਸ਼ੂਤੋਸ਼ ਗੁਪਤਾ ਨੇ ਭਾਰਤ ਤੇ ਕੈਨੇਡਾ ਵਿਚਲੇ ਫਰਕ ਨੂੰ ਸਧਾਰਨ ਸ਼ਬਦਾਂ ਵਿਚ ਦੱਸਿਆ ਕਿ ਕੈਨੇਡਾ ਵਿਚ ਇਕ ਸੜਕ 25 ਸਾਲ ਵਿਚ ਇਕ ਵਾਰ ਬਣਦੀ ਹੈ, ਪਰ ਭਾਰਤ ਵਿਚ ਇਕ ਸਾਲ ਵਿਚ 25 ਵਾਰ ਬਣਦੀ ਹੈ। ‘ਆਪ’ ਇਕ ਪਾਰਟੀ ਨਾ ਹੋ ਕੇ ਅੰਦੋਲਨ ਹੈ, ਜੋ ਭਾਰਤ ਵਾਸੀਆਂ ਨੂੰ ਅਸਲੀ ਭਾਰਤ ਵਾਪਸ ਲਿਆਉਣ ਦੇ ਮਕਸਦ ਨਾਲ ਲੜਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕੈਲਗਰੀ ਤੋਂ ਡਾ. ਅਨਮੋਲ ਕਪੂਰ ਨੇ ਕਿਹਾ ਕਿ ਭਾਵੇਂ ਕੈਨੇਡਾ ਵਾਸੀਆਂ ਨੇ ਕਦੇ ਵੀ ਵਾਪਸ ਭਾਰਤ ਨਹੀਂ ਜਾਣਾ, ਪਰ ਉਸ ਧਰਤੀ ਨਾਲ ਖਿੱਚ ਹੋਣ ਕਾਰਨ ਨਿੱਘਰਦੇ ਹਾਲਾਤ ਬਾਰੇ ਚਿੰਤਤ ਜ਼ਰੂਰ ਹਨ।

## ਤਖਤ ਪਟਨਾ ਸਾਹਿਬ ਨੂੰ ਉਡਾਉਣ ਦੀ ਧਮਕੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਤਖਤ ਪਟਨਾ ਸਾਹਿਬ (ਬਿਹਾਰ) ਨੂੰ ਉਡਾਉਣ ਦੀ ਧਮਕੀ ਦਿੱਤੇ ਜਾਣ ਦੀ ਨਿਖੇਧੀ ਕਰਦਿਆਂ ਬਿਹਾਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਇਸ ਸਬੰਧੀ ਜਾਂਚ ਕੀਤੀ ਜਾਵੇ ਤੇ ਦੋਸ਼ੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਇਸ ਸਬੰਧੀ ਪ੍ਰਧਾਨ ਦੇ ਹਵਾਲੇ ਨਾਲ ਕਿਹਾ ਕਿ ਕੁਝ ਲੋਕ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਭੰਗ ਕਰਨ ਚਾਹੁੰਦੇ ਹਨ। ਸਿੱਖ ਧਰਮ ਅਸਥਾਨ ਸਮੁੱਚੀ ਮਨੁੱਖਤਾ ਲਈ ਸਾਂਝੇ ਹਨ ਤੇ ਗੁਰਦੁਆਰਿਆਂ ਵਿਚ ਕੋਈ ਵੀ ਬਿਨਾਂ ਰੋਕ ਟੋਕ ਦਰਸ਼ਨ ਕਰਨ ਆ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਹਰ ਧਰਮ ਦਾ ਸਤਿਕਾਰ ਕਰਦਾ ਹੈ, ਪਰ ਕੁਝ ਲੋਕ ਸਦਾ ਇਸ ਨੂੰ ਤਾਰਪੀਡੋ ਕਰਨ ਦੀ ਨੀਯਤ ਨਾਲ ਅਜਿਹੀਆਂ ਧਮਕੀਆਂ ਦੇ ਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਸ਼ਰਾਰਤੀ ਅਨਸਰਾਂ ਦਾ ਪਤਾ ਲਾਇਆ ਜਾਣਾ ਜ਼ਰੂਰੀ ਹੈ। ਉਨ੍ਹਾਂ ਨੇ ਬਿਹਾਰ ਸਰਕਾਰ ਨੂੰ ਅਪੀਲ ਕੀਤੀ ਕਿ ਤਖਤ ਸਾਹਿਬ ਨੂੰ ਉਡਾਉਣ ਦੀ ਧਮਕੀ ਦਿੱਤੇ ਜਾਣ ਬਾਰੇ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ।

# ਬਿਹਾਰ ਚੋਣਾਂ ਵਿਚ ਲੋਕਾਂ ਨੇ ਭਾਜਪਾ ਨੂੰ ਮੂੰਹ ਨਾ ਲਾਇਆ: ਗਿਲਜੀਆਂ

**ਨਿਊ ਯਾਰਕ (ਬਿਊਰੋ):** ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਯੂ ਐਸ ਏ) ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਕਿਹਾ ਹੈ ਕਿ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸ਼ਰਮਨਾਕ ਹਾਰ ਨੇ ਇਹ ਸਬਾਤ ਕਰ ਦਿੱਤਾ ਹੈ ਕਿ ਭਾਜਪਾ ਨੂੰ ਆਉਣ ਵਾਲੇ ਸਮੇਂ ਵਿਚ ਮੂੰਹ ਦੀ ਖਾਣੀ ਪਵੇਗੀ।



ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਭਾਵੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਿਹਾਰ ਵਿਚ ਲਗਾਤਾਰ ਦੋ ਮਹੀਨੇ ਚੋਣ ਰੈਲੀਆਂ ਕੀਤੀਆਂ ਅਤੇ ਬਿਹਾਰ ਵਾਸੀਆਂ ਨੂੰ ਕਰੋੜਾਂ ਦੇ ਪ੍ਰਾਜੈਕਟ ਲਾਉਣ ਦੇ ਵਾਅਦਿਆਂ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ, ਪਰ ਲੋਕਾਂ ਨੇ ਧਰਮ ਦੇ ਨਾਂ ‘ਤੇ ਰਾਜਨੀਤੀ ਕਰਨ ਵਾਲੀ ਭਾਜਪਾ ਨੂੰ ਮੂੰਹ ਨਹੀਂ ਲਾਇਆ।

ਸ. ਗਿਲਜੀਆਂ ਨੇ ਕਿਹਾ ਕਿ ਹੋਰਨਾਂ ਸੂਬਿਆਂ ਵਿਚ ਹੋਣ ਵਾਲੀਆਂ ਚੋਣਾਂ ਵਿਚ ਵੀ ਭਾਜਪਾ ਦਾ ਹਸ਼ਰ ਭੈੜਾ ਹੋਵੇਗਾ ਕਿਉਂਕਿ ਲੋਕ ਭਾਜਪਾ ਲੀਡਰਾਂ ਵਲੋਂ ਧਰਮ ਦੇ ਨਾਂ ‘ਤੇ ਉਗਲੇ ਜ਼ਹਿਰ ਅਤੇ ਉਨ੍ਹਾਂ ਦੀਆਂ ਘਟਗਿਣਤੀ ਪ੍ਰਤੀ ਨੀਤੀਆਂ ਤੋਂ ਜਾਣੂ ਹੋ ਚੁਕੇ ਹਨ।

# ਬਠਿੰਡਾ ਤੇ ਮਾਨਸਾ ਲਈ 943 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਨੂੰ ਹਰੀ ਝੰਡੀ

**ਚੰਡੀਗੜ੍ਹ:** ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਦੇ ਵਿਕਾਸ ਨੂੰ ਹੁਲਾਰਾ ਦੇਣ ਵਾਸਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਲਈ ਤਕਰੀਬਨ 943 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਸ਼ੁਰੂ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਮਾਨਸਾ ਜ਼ਿਲ੍ਹੇ ਲਈ 270.94 ਕਰੋੜ ਦੇ ਵਿਕਾਸ ਕਾਰਜ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ, ਜਿਨ੍ਹਾਂ ਵਿਚੋਂ ਮਾਨਸਾ ਵਿਧਾਨ ਸਭਾ ਹਲਕੇ ਵਿਚ 72.70 ਕਰੋੜ ਰੁਪਏ, ਬੁਢਲਾਡਾ ਵਿਚ 134.33 ਕਰੋੜ ਰੁਪਏ ਤੇ ਸਰਦੂਲਗੜ੍ਹ ਵਿਚ 63.91 ਕਰੋੜ ਰੁਪਏ ਦੇ ਵਿਕਾਸ ਕੰਮ ਕੀਤੇ ਜਾਣਗੇ। ਇਸੇ ਤਰ੍ਹਾਂ ਹੀ ਸ. ਬਾਦਲ ਨੇ ਬਠਿੰਡਾ ਜ਼ਿਲ੍ਹੇ ਲਈ 671.98 ਕਰੋੜ ਰੁਪਏ ਦੇ ਵਿਕਾਸ ਕੰਮਾਂ ਨੂੰ ਸਹਿਮਤੀ ਦਿੱਤੀ, ਜਿਨ੍ਹਾਂ ਵਿਚੋਂ ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕੇ ਲਈ 70.99 ਕਰੋੜ ਰੁਪਏ, ਬਠਿੰਡਾ ਲਈ 226.50 ਕਰੋੜ, ਮੌੜ ਲਈ 115.95 ਕਰੋੜ ਰੁਪਏ, ਰਾਮਪੁਰਾ ਫੂਲ ਲਈ 55.61 ਕਰੋੜ ਰੁਪਏ ਤੇ ਤਲਵੰਡੀ ਸਾਬੋ ਲਈ 84.64 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ।

# ਅਕਾਲੀ ਦਲ ਦੀ ਮਾਨਤਾ ਰੱਦ ਕਰਨ ਬਾਰੇ ਪਟੀਸ਼ਨ ਉਤੇ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਮਾਨਤਾ ਰੱਦ ਕਰਨ ਬਾਰੇ ਦਾਇਰ ਕੀਤੀ ਜਨਹਿੱਤ ਪਟੀਸ਼ਨ (ਪੀ.ਆਈ.ਐਲ.) ਉਤੇ ਦਿੱਲੀ ਹਾਈਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਪਟੀਸ਼ਨਰ ਬਲਵੰਤ ਸਿੰਘ ਖੇੜਾ ਨੇ ਦੋਸ਼ ਲਾਇਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਸਿੱਧੇ ਤੌਰ ਉਤੇ ਸਿੱਖ ਧਰਮ ਨਾਲ ਜੁੜੀ ਹੋਈ ਹੈ, ਜੋ ਜਨ ਪ੍ਰਤੀਨਿਧੀ ਐਕਟ 1951 ਦੀ ਉਲੰਘਣਾ ਹੈ।

ਚੀਫ ਜਸਟਿਸ ਜੀ ਰੋਹਿਣੀ ਤੇ ਜਸਟਿਸ ਜੈਅੰਤ ਨਾਥ ਦੇ ਬੈਂਚ ਨੇ ਦੋਵੇਂ ਧਿਰਾਂ ਦੀਆਂ ਦਲੀਲਾਂ ਸੁਣਨ ਬਾਅਦ ਇਸ ਬਾਰੇ ਫੈਸਲਾ ਰਾਖਵਾਂ ਰੱਖ ਲਿਆ। ਪਟੀਸ਼ਨਰ ਨੇ ਕਿਹਾ ਕਿ 1920 ਵਿਚ ਬਣੀ ਸ਼੍ਰੋਮਣੀ ਅਕਾਲੀ ਦਲ ਧਾਰਮਿਕ ਤੇ ਸਿਆਸੀ ਪਾਰਟੀ ਸੀ।

## ਜਸਟਿਸ ਟੀ.ਐਸ. ਠਾਕੁਰ ਹੋਣਗੇ ਚੀਫ ਜਸਟਿਸ

**ਨਵੀਂ ਦਿੱਲੀ:** ਜਸਟਿਸ ਟੀ.ਐਸ. ਠਾਕੁਰ ਦੇਸ਼ ਦੇ ਅਗਲੇ ਚੀਫ ਜਸਟਿਸ ਹੋਣਗੇ। ਉਹ ਮੌਜੂਦਾ ਚੀਫ ਜਸਟਿਸ ਐਚ.ਐਲ. ਦੱਤੂ ਦੀ ਥਾਂ ਲੈਣਗੇ, ਜਿਨ੍ਹਾਂ ਨੇ ਇਸ ਸਾਲ ਦੋ ਦਸੰਬਰ ਨੂੰ ਸੇਵਾਮੁਕਤ ਹੋਣਾ ਹੈ। ਜਸਟਿਸ ਠਾਕੁਰ ਇਸ ਅਹੁਦੇ ‘ਤੇ ਚਾਰ ਜਨਵਰੀ 2017 ਤੱਕ 13 ਮਹੀਨਿਆਂ ਲਈ ਰਹਿਣਗੇ।



ਸੂਤਰਾਂ ਮੁਤਾਬਕ ਚੀਫ ਜਸਟਿਸ ਦੱਤੂ ਨੇ ਅਗਲੇ ਚੀਫ ਜਸਟਿਸ ਵਜੋਂ ਜਸਟਿਸ ਠਾਕੁਰ ਦੇ ਨਾਮ ਦੀ ਸਿਫਾਰਸ਼ ਰਾਸ਼ਟਰਪਤੀ ਪ੍ਰਣਬ ਮੁਖਰਜੀ ਕੋਲ ਭੇਜ ਦਿੱਤੀ ਹੈ। ਜਸਟਿਸ ਠਾਕੁਰ ਸੁਪਰੀਮ ਕੋਰਟ ਦੇ ਜੱਜ ਬਣਨ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਸਨ। ਉਹ ਦਿੱਲੀ ਹਾਈਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਵਜੋਂ ਚਾਰ ਮਹੀਨਿਆਂ ਲਈ ਵੀ ਕੰਮ ਕਰ ਚੁੱਕੇ ਹਨ।





ਤੰਦੂਰੀਏ, ਕੱਰੀ ਕੁੱਕ ਅਤੇ ਹੈਲਪਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ’ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ, ਕੱਰੀ ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

46-48

ਪੰਜਾਬੀ ਰੇਡੀਓ ਯੂਐਸਏ

Punjabi RADIO USA

ON THE AIR

Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :Radio Sets (CA, WA, NV)
Dial in 832-551-5029 or 605-475-6868
Android & iPhone App

www.PunjabiRadioUSA.com
Ph: 408-272-5200

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)

# ਸਰਕਾਰ ਦੀ ਅਣਦੇਖੀ ਤੇ ਬੇਰੁਜ਼ਗਾਰੀ ਨੇ ਝੰਬ ਸੁੱਟੇ ਨੌਜਵਾਨ

**ਚੰਡੀਗੜ੍ਹ:** ਪੰਜਾਬ ਦੇ ਰੁਜ਼ਗਾਰ ਵਿਭਾਗ ਦਫਤਰਾਂ ਵਿਚ ਭਾਵੇਂ ਇਸ ਵਰ੍ਹੇ ਨਾਂ ਰਜਿਸਟਰ ਕਰਵਾਉਣ ਵਾਲੇ ਬੇਰੁਜ਼ਗਾਰਾਂ ਦੀ ਗਿਣਤੀ 42 ਹਜ਼ਾਰ 122 ਹੈ, ਪਰ ਸੂਬੇ ਅੰਦਰ ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਤਕਰੀਬਨ 26 ਲੱਖ ਦੇ ਨੇੜੇ-ਤੇੜੇ ਅੱਪੜ ਚੁੱਕੀ ਹੈ। ਇਨ੍ਹਾਂ ਅੰਕੜਿਆਂ ਵਿਚ ਜੇਕਰ ਅਨਪੜ੍ਹ ਬੇਰੁਜ਼ਗਾਰਾਂ ਨੂੰ ਵੀ ਜੋੜ ਲਿਆ ਜਾਵੇ ਤਾਂ ਪੰਜਾਬ ਅੰਦਰ ਇਸ ਵਕਤ ਤਕਰੀਬਨ 80 ਲੱਖ ਨੌਜਵਾਨ ਬੇਰੁਜ਼ਗਾਰ ਹਨ। ਅਕਾਲੀ-ਭਾਜਪਾ ਸਰਕਾਰ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿਚ ਸੂਬੇ ਦੇ ਨੌਜਵਾਨਾਂ ਨੂੰ ਵੱਡਾ ਬੇਰੁਜ਼ਗਾਰ ਭੱਤਾ ਦੇਣ ਦੇ ਵਾਅਦਿਆਂ ਦੀ ਫੂਕ ਨਿਕਲਦੀ ਨਜ਼ਰ ਆ ਰਹੀ ਹੈ ਤੇ ਮੌਜੂਦਾ ਸਮੇਂ ਪੰਜਾਬ ਸਰਕਾਰ ਵੱਲੋਂ ਸਿਰਫ 444 ਵਿਅਕਤੀਆਂ ਨੂੰ ਰੁਜ਼ਗਾਰ ਭੱਤਾ ਦਿੱਤਾ ਜਾ ਰਿਹਾ ਹੈ। ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਪੰਜਾਬ ਦੇ ਦਸਵੀਂ ਪਾਸ ਬੇਰੁਜ਼ਗਾਰਾਂ ਨੂੰ ਸਿਰਫ 150 ਰੁਪਏ ਤੇ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਬੇਰੁਜ਼ਗਾਰਾਂ ਨੂੰ 200 ਰੁਪਏ ਪ੍ਰਤੀ ਮਹੀਨਾ ਭੱਤਾ ਨਸੀਬ ਹੋ ਰਿਹਾ ਹੈ।

ਸੂਚਨਾ ਅਧਿਕਾਰ ਐਕਟ ਤਹਿਤ ਮਿਲੀ ਜਾਣਕਾਰੀ ਵਿਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਭੱਤਾ ਪ੍ਰਾਪਤ ਕਰਨ ਲਈ ਸਰਕਾਰ ਦੀਆਂ ਸਖਤ ਸ਼ਰਤਾਂ ਕਾਰਨ ਰੋਜ਼ਗਾਰ ਦਫਤਰਾਂ ਵਿਚ ਨਾਂ ਦਰਜ ਕਰਵਾਉਣ ਵਿਚ ਵੀ ਹੁਣ ਪੰਜਾਬ



ਦੇ ਬੇਰੁਜ਼ਗਾਰਾਂ ਨੂੰ ਬਹੁਤੀ ਦਿਲਚਸਪੀ ਨਹੀਂ ਰਹੀ। ਸਮਾਜ ਸੇਵੀ ਜਥੇਬੰਦੀਆਂ ਅਨੁਸਾਰ ਪੰਜਾਬ ਦਾ 80 ਲੱਖ ਨੌਜਵਾਨ ਬੇਰੁਜ਼ਗਾਰ ਹੈ।

ਹੈਰਾਨੀਜਨਕ ਤੱਥ ਹਨ ਕਿ ਵੱਖ-ਵੱਖ ਜ਼ਿਲ੍ਹਿਆਂ ਵਿਚ ਸਥਾਪਿਤ ਕੀਤੇ ਰੁਜ਼ਗਾਰ ਦਫਤਰਾਂ ਵਿਚ ਆਪਣਾ ਨਾਂ ਰਜਿਸਟਰਡ ਕਰਵਾਉਣ ਵਾਲਿਆਂ ਦੀ ਗਿਣਤੀ ਵੀ ਆਏ ਵਰ੍ਹੇ ਘਟ ਰਹੀ ਹੈ। ਰੁਜ਼ਗਾਰ ਦਫਤਰਾਂ ਦੀ ਕਾਰਜਸ਼ੈਲੀ ਤੇ ਸਰਕਾਰੀ ਵਿਭਾਗਾਂ ਨਾਲ ਤਾਲਮੇਲ ਜਾਂ ਸਰਕਾਰ ਦਾ ਉਪਰੋਕਤ ਵਿਭਾਗ ਪ੍ਰਤੀ ਬੇਗਾਨਗੀ ਵਾਲਾ ਰਵੱਈਆ ਹੋਣ ਕਾਰਨ ਪੰਜਾਬ ਦੇ ਬਹੁਤ ਘੱਟ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਵਿਭਾਗ ਰਾਹੀਂ ਨੌਕਰੀ ਪ੍ਰਾਪਤ ਹੋਈ ਹੈ।

ਜ਼ਿਲ੍ਹਾ ਹੁਸ਼ਿਆਰਪੁਰ, ਬਰਨਾਲਾ, ਫ਼ਰੀਦਕੋਟ, ਸੰਗਰੂਰ ਵਿਚੋਂ 2014 ਵਰ੍ਹੇ ਵਿਚ ਇਕ ਵੀ ਬੇਰੁਜ਼ਗਾਰ ਨੂੰ ਨੌਕਰੀ ਨਹੀਂ ਮਿਲੀ, ਜਦਕਿ ਬਠਿੰਡਾ ਤੇ ਫ਼ਿਰੋਜ਼ਪੁਰ ਦੇ ਸਿਰਫ ਇਕ-ਇਕ ਵਿਅਕਤੀ ਨੂੰ ਹੀ ਰੁਜ਼ਗਾਰ ਦਫਤਰਾਂ ਵਿਚ ਰਜਿਸਟਰਡ ਹੋਣ ਕਾਰਨ ਨੌਕਰੀ ਪ੍ਰਾਪਤ ਹੋਈ। ਦਰਜਨ ਤੋਂ ਵੀ ਵੱਧ ਜ਼ਿਲ੍ਹੇ ਅਜਿਹੇ ਹਨ, ਜਿਥੇ ਸਿਰਫ ਦੋ ਜਾਂ ਤਿੰਨ ਵਿਅਕਤੀ ਹੀ ਰੁਜ਼ਗਾਰ ਵਿਭਾਗ ਰਾਹੀਂ ਨੌਕਰੀ ਪ੍ਰਾਪਤ ਕਰਨ ਵਿਚ ਸਫਲ ਹੋਏ। ਅਜਿਹੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਘਟੀ ਹੈ, ਜਿਨ੍ਹਾਂ ਨੂੰ ਰੋਜ਼ਗਾਰ ਦਫਤਰਾਂ ਰਾਹੀਂ ਨਿੱਜੀ ਖੇਤਰ ਵਿਚ ਰੁਜ਼ਗਾਰ ਮਿਲਿਆ ਹੋਵੇ।

ਮੌਜੂਦਾ ਵਰ੍ਹੇ 2015 ਵਿਚ ਸਿਰਫ 2011 ਲੋਕਾਂ ਨੂੰ ਨਿੱਜੀ ਖੇਤਰ ਵਿਚ ਰੁਜ਼ਗਾਰ ਜ਼ਰੂਰ ਮਿਲਿਆ ਹੈ। ਵਿਭਾਗ ਦੇ ਡਿਪਟੀ ਡਾਇਰੈਕਟਰ ਨੇ ਮੰਨਿਆ ਕਿ ਰੁਜ਼ਗਾਰ ਦਫਤਰਾਂ ਵਿਚ ਰਜਿਸਟ੍ਰੇਸ਼ਨ ਦੀ ਦਰ ਵੀ ਹਰ ਸਾਲ ਘਟ ਰਹੀ ਹੈ। 2010 ਵਿਚ 20 ਜ਼ਿਲ੍ਹਿਆਂ ਵਿਚ ਕੁੱਲ 81 ਹਜ਼ਾਰ 537 ਬੇਰੁਜ਼ਗਾਰਾਂ ਦੀ ਰਜਿਸਟ੍ਰੇਸ਼ਨ ਹੋਈ, ਪਰ ਇਸ ਵਰ੍ਹੇ ਇਹ ਘਟ ਕੇ 42 ਹਜ਼ਾਰ 122 ਹੀ ਹੋ ਸਕੀ ਹੈ। ਨਾਂ ਦਰਜ ਕਰਵਾਉਣ ਵਾਲੇ ਬੇਰੁਜ਼ਗਾਰਾਂ ਨੂੰ ਨੌਕਰੀ ਲਈ ਨਾ ਚੁਣਿਆ ਜਾਣਾ ਹੀ ਰੁਜ਼ਗਾਰ ਦਫਤਰਾਂ ਪ੍ਰਤੀ ਆਮ ਲੋਕਾਂ ਦੀ ਬੇਗਾਨਗੀ ਦਾ ਕਾਰਨ ਬਣਿਆ ਹੈ।

ਪੰਜ ਸਾਲ ਪਹਿਲਾਂ 2010 ਵਿਚ ਸਿਰਫ 245 ਲੋਕਾਂ ਨੂੰ ਹੀ ਸਰਕਾਰੀ ਨੌਕਰੀ ਮਿਲ ਸਕੀ ਤੇ ਇਹ ਦਰ ਲਗਾਤਾਰ ਘਟਦੀ ਗਈ ਤੇ ਮੌਜੂਦਾ ਸਮੇਂ ਜੂਨ 2015 ਤੱਕ 125 ਲੋਕਾਂ ਨੂੰ ਹੀ ਰੁਜ਼ਗਾਰ ਵਿਭਾਗ ਰਾਹੀਂ ਨੌਕਰੀ ਮਿਲੀ। ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿਚ ਰੁਜ਼ਗਾਰ ਸਮਾਗਮ ਜਾਂ ਮੇਲਾ ਨਹੀਂ ਲਾਇਆ ਜਾਂਦਾ, ਜਿਥੇ ਪੰਜਾਬ ਦੇ ਬੇਰੁਜ਼ਗਾਰਾਂ ਨੂੰ ਨਿੱਜੀ ਜਾਂ ਅਰਧ ਸਰਕਾਰੀ ਅਦਾਰਿਆਂ ਵਿਚ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੋਵੇ।

### ਰੁਜ਼ਗਾਰ ਵਿਭਾਗ ਨੇ ਖੜ੍ਹੇ ਕੀਤੇ ਹੱਥ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮਾਰਚ 2010 ਤੋਂ 2011 ਤੱਕ 25 ਲੱਖ 77 ਹਜ਼ਾਰ ਦੇ ਕਰੀਬ ਭੱਤਾ ਬੇਰੁਜ਼ਗਾਰਾਂ ਨੂੰ ਦਿੱਤਾ ਗਿਆ ਸੀ, ਜੋ ਲਗਾਤਾਰ ਘਟਦਾ ਗਿਆ। ਮਾਰਚ 2014-15 ਤੱਕ ਦਿੱਤਾ ਗਿਆ ਭੱਤਾ ਛੇ ਲੱਖ 52 ਹਜ਼ਾਰ 575 ਰੁਪਏ ਹੀ ਰਹਿ ਗਿਆ ਹੈ। ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅਜਿਹੀ ਸ਼ਰਤ ਹੈਰਾਨ ਕਰਨ ਵਾਲੀ ਹੈ ਕਿ ਬੇਰੁਜ਼ਗਾਰ ਵਿਅਕਤੀ ਦੇ ਪਰਿਵਾਰ ਦੀ ਸਾਲਾਨਾ ਆਮਦਨ 12 ਹਜ਼ਾਰ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ। ਵਿਭਾਗ ਵੱਲੋਂ ਹੋਰ ਰਾਸ਼ੀ ਵਧਾਉਣ ਦੀ ਤਜਵੀਜ਼ ਤੋਂ ਮੁਕੰਮਲ ਰੂਪ ਵਿਚ ਹੱਥ ਖੜ੍ਹੇ ਕੀਤੇ ਗਏ ਹਨ।

## ਜਨ ਧਨ ਯੋਜਨਾ ਵਿਚ ਪੰਜਾਬ ਤੀਜੇ ਨੰਬਰ 'ਤੇ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਜਨ ਧਨ ਯੋਜਨਾ ਅਧੀਨ ਪੰਜਾਬ ਸਰਕਾਰ ਵੱਲੋਂ 29,17,334 ਬੈਂਕ ਖਾਤੇ ਖੋਲ੍ਹੇ ਗਏ ਹਨ। ਇਸ ਵਿਲੱਖਣ ਤੇ ਬੇਮਿਸਾਲ ਯਤਨ ਸਦਕਾ ਪੰਜਾਬ ਦੇਸ਼ ਦਾ ਤੀਸਰਾ ਅਜਿਹਾ ਸੂਬਾ ਬਣ ਗਿਆ ਹੈ ਜਿਸ ਨੇ ਪ੍ਰਧਾਨ ਮੰਤਰੀ ਜਨ ਧਨ ਯੋਜਨਾ 100 ਫੀਸਦੀ ਖਾਤੇ ਖੋਲ੍ਹਣ ਦਾ ਟੀਚਾ ਹਾਸਲ ਕਰ ਲਿਆ।

ਇਹ ਜਾਣਕਾਰੀ ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਵੱਖ-ਵੱਖ ਬੈਂਕਾਂ ਵੱਲੋਂ 23412 ਕੈਂਪ ਲਗਾਏ ਗਏ ਸਨ ਤਾਂ ਜੋ ਉਨ੍ਹਾਂ ਸਾਰੇ ਘਰਾਂ ਦੇ ਬੈਂਕ ਖਾਤੇ ਖੋਲ੍ਹੇ ਜਾ ਸਕਣ ਜਿਨ੍ਹਾਂ ਦੇ ਖਾਤੇ ਕਿਸੇ ਵੀ ਬੈਂਕ ਵਿਚ ਨਹੀਂ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਵਿਚ ਪੂਰੀ ਸਫਲਤਾ ਮਿਲੀ ਹੈ ਤੇ ਲੋਕਾਂ ਨੇ ਇਸ ਪਾਸੇ ਬਹੁਤ ਵੱਡਾ ਸਮਰਥਨ ਦਿੱਤਾ ਹੈ। ਢੀਂਡਸਾ ਨੇ ਕਿਹਾ ਕਿ ਭਾਰਤ ਦੇ ਕੇਂਦਰੀ ਬਜਟ 2015-16 ਦੌਰਾਨ"ਜਨ ਧਨ ਯੋਜਨਾ-ਅਧਾਰ-ਮੋਬਾਈਲ ਨੰਬਰ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਸੀ ਤਾਂ ਜੋ ਭਾਰਤੀ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਿਆ ਜਾ ਸਕੇ।

## ਨਿਊਜ਼ੀਲੈਂਡ 'ਚ ਖੰਨਾ ਦੇ ਨੌਜਵਾਨ ਦੀ ਮੌਤ

**ਖੰਨਾ:** ਖੰਨਾ ਨੇੜਲੇ ਪਿੰਡ ਲਲਹੇੜੀ ਦੇ ਜੰਮਪਲ ਹਰਮਨਪ੍ਰੀਤ ਸਿੰਘ ਸੋਮਲ ਪੁੱਤਰ ਕੁਲਦੀਪ ਸਿੰਘ (24) ਦੀ ਨਿਊਜ਼ੀਲੈਂਡ ਵਿਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ।

ਹਰਮਨਪ੍ਰੀਤ ਵਲਿੰਗਟਨ ਨੇੜੇ ਆਕਲੈਂਡ ਸਿਟੀ ਵਿਚ ਆਪਣੇ ਦੋਸਤਾਂ ਨੂੰ ਮਿਲ ਕੇ ਘਰ ਵਾਪਸ ਆ ਰਿਹਾ ਸੀ ਤਾਂ ਉਸ ਦੀ ਕਾਰ ਇਕ ਮੋੜ ਤੋਂ ਬੇਕਾਬੂ ਹੋ ਕੇ ਟਰੱਕ ਨਾਲ ਜਾ ਟਕਰਾਈ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਮੁਤਾਬਕ ਹਰਮਨ ਨੂੰ ਲਿਖਣ ਤੇ ਗਾਉਣ ਦਾ ਵੀ ਸ਼ੌਕ ਸੀ ਤੇ ਉਹ ਪੜ੍ਹਾਈ ਵਿਚ ਵੀ ਹੁਸ਼ਿਆਰ ਸੀ।

## ਆਸਟਰੇਲੀਆ ਵਿਚ ਪੰਜਾਬੀ ਨੌਜਵਾਨ ਨੂੰ ਦਸ ਸਾਲ ਕੈਦ

**ਮੈਲਬਰਨ:** ਸੜਕ ਹਾਦਸੇ ਦੌਰਾਨ ਇਕ ਪਰਿਵਾਰ ਦੇ ਚਾਰ ਜੀਆਂ ਨੂੰ ਮਾਰਨ ਦੇ ਦੋਸ਼ ਹੇਠ ਪੰਜਾਬੀ ਨੌਜਵਾਨ ਨੂੰ ਸਥਾਨਕ ਅਦਾਲਤ ਨੇ ਦਸ ਸਾਲ ਦੀ ਕੈਦ ਸੁਣਾਈ ਹੈ। ਮੈਲਬਰਨ ਦੀ ਕਾਊਂਟੀ ਕੋਰਟ ਨੇ ਟਰੱਕ ਡਰਾਈਵਰ ਜੋਬਨਦੀਪ ਗਿੱਲ (28) ਨੂੰ ਜੇਲ੍ਹ ਭੇਜਣ ਦੇ ਹੁਕਮ ਸੁਣਾਏ। ਸਜ਼ਾ ਪੂਰੀ ਹੋਣ 'ਤੇ ਉਸ ਨੂੰ ਭਾਰਤ ਭੇਜ ਦਿੱਤਾ ਜਾਵੇਗਾ।

ਬੀਤੇ ਸਾਲ ਫਰਵਰੀ ਵਿਚ ਸ਼ਹਿਰ ਤੋਂ ਤਕਰੀਬਨ 80 ਕਿਲੋਮੀਟਰ ਦੂਰ ਦੱਖਣ ਪੂਰਬੀ ਇਲਾਕੇ ਕਟਾਣੀ ਵਿਚ ਤੜਕੇ ਹਾਦਸੇ ਦੌਰਾਨ ਕਾਰ ਸਵਾਰ ਆਸਟਰੇਲਿਆਈ ਪਰਿਵਾਰ ਦੇ ਚਾਰ ਜੀਅ ਮੌਕੇ 'ਤੇ ਹੀ ਦਮ ਤੋੜ ਗਏ ਸਨ। ਹਾਦਸੇ ਵਿਚ ਪਤੀ-ਪਤਨੀ ਤੇ ਉਨ੍ਹਾਂ ਦੇ ਦੋ ਬੱਚੇ ਮਾਰੇ ਗਏ ਸਨ ਤੇ ਨੌਂ ਸਾਲ ਦਾ ਸੈਮੂਅਲ ਆਪਣੇ ਪਰਿਵਾਰ ਦੇ ਮਾਰੇ ਜਾਣ ਮਗਰੋਂ ਅਨਾਥ ਹੋ ਗਿਆ ਸੀ, ਜਿਸ ਨੂੰ ਰਾਹਗੀਰਾਂ ਨੇ ਕਾਰ ਵਿਚੋਂ ਕੱਢ ਕੇ ਬਚਾ ਲਿਆ ਸੀ। ਅਦਾਲਤ ਨੇ ਜੋਬਨਦੀਪ ਨੂੰ ਤੇਜ਼ ਡਰਾਈਵਿੰਗ ਤੇ ਅਣਗਹਿਲੀ ਦਾ ਦੋਸ਼ੀ ਮੰਨਦਿਆਂ ਕਿਹਾ ਕਿ ਜਿਸ ਚੌਰਾਹੇ 'ਤੇ ਇਹ ਹਾਦਸਾ ਹੋਇਆ ਉਥੇ ਆਵਾਜਾਈ ਨੂੰ 'ਰੁਕਣ' ਬੋਰਡ ਸੀ, ਪਰ ਗਿੱਲ ਨੇ ਟਰੱਕ ਨਹੀਂ ਰੋਕਿਆ।

## ਭਾਰਤ ਦੀ ਆਬਾਦੀ ਦਾ 4.5 ਫੀਸਦੀ ਹਿੱਸਾ ਹੀ ਗਰੈਜੂਏਟ

**ਨਵੀਂ ਦਿੱਲੀ:** ਭਾਰਤ ਦੀ ਆਬਾਦੀ ਦਾ ਸਿਰਫ 4.5 ਫੀਸਦੀ ਹਿੱਸਾ ਹੀ ਗਰੈਜੂਏਟ ਜਾਂ ਇਸ ਤੋਂ ਵੱਧ ਪੜ੍ਹਿਆ ਹੋਇਆ ਹੈ, ਜਦੋਂ ਕਿ 32.6 ਫੀਸਦੀ ਆਬਾਦੀ ਅਨਪੜ੍ਹ ਹੈ ਜਾਂ ਪ੍ਰਾਇਮਰੀ ਪੱਧਰ ਤੋਂ ਘੱਟ ਪੜ੍ਹੀ ਹੋਈ ਹੈ। ਭਾਰਤ ਦੇ ਰਜਿਸਟਰਾਰ ਜਨਰਲ ਤੇ ਜਨਗਣਨਾ ਕਮਿਸ਼ਨਰ ਵੱਲੋਂ 2011 ਦੀ ਜਨਗਣਨਾ ਦੇ ਸਾਖਰਤਾ ਸਬੰਧੀ ਜਾਰੀ ਅੰਕੜਿਆਂ ਵਿਚ ਦੱਸਿਆ ਗਿਆ ਹੈ ਕਿ 25.2 ਫੀਸਦੀ ਜਨ ਸੰਖਿਆ ਪ੍ਰਾਇਮਰੀ, 15.7 ਫੀਸਦੀ ਮਿਡਲ, 11.1 ਫੀਸਦੀ ਮੈਟ੍ਰਿਕ, 8.6 ਫੀਸਦੀ ਹਾਇਰ ਸੈਕੰਡਰੀ, 4.5 ਫੀਸਦੀ ਗਰੈਜੂਏਟ ਜਾਂ ਇਸ ਤੋਂ ਵੱਧ ਪੜ੍ਹੇ-ਲਿਖੇ ਲੋਕਾਂ ਦੀ ਹੈ।



ਇਸੇ ਤਰ੍ਹਾਂ ਦੇਸ਼ ਵਿਚ ਤਕਰੀਬਨ 6.7 ਕਰੋੜ ਕੰਮ ਨਾ ਕਰਨ ਵਾਲੇ ਜਾਂ ਕੰਮ ਕਰਨ ਲਈ ਉਪਲਬਧ ਲੋਕਾਂ ਵਿਚੋਂ 33.6 ਫੀਸਦੀ ਮੈਟ੍ਰਿਕ ਤੋਂ ਘੱਟ ਪੜ੍ਹੇ-ਲਿਖੇ ਹਨ, 31.1 ਫੀਸਦੀ ਸੈਕੰਡਰੀ ਪਾਸ ਹਨ, ਪਰ ਗਰੈਜੂਏਟ ਨਹੀਂ ਹਨ ਤੇ 17.2 ਅਨਪੜ੍ਹ ਹਨ। ਇਸ ਦੌਰਾਨ ਕੁੱਲ 36.26 ਕਰੋੜ ਮਜ਼ਦੂਰਾਂ ਵਿਚੋਂ 13.02 ਕਰੋੜ, ਤਕਰੀਬਨ 35.9 ਫੀਸਦੀ ਮੈਟ੍ਰਿਕ ਤੋਂ ਘੱਟ ਪੜ੍ਹੇ-ਲਿਖੇ ਸਨ, 10.43 ਕਰੋੜ, ਤਕਰੀਬਨ 28.8 ਫੀਸਦੀ ਅਨਪੜ੍ਹ, 7.15 ਕਰੋੜ ਮੈਟ੍ਰਿਕ/ਸੈਕੰਡਰੀ ਪਾਸ, ਪਰ ਅੰਡਰ ਗਰੈਜੂਏਟ ਸਨ। 2001-11 ਦੇ ਦਹਾਕੇ ਦੌਰਾਨ 5.92 ਕਰੋੜ ਮਜ਼ਦੂਰ ਪੜ੍ਹੇ-ਲਿਖੇ ਹਨ, ਜਿਨ੍ਹਾਂ ਵਿਚੋਂ 2.05 ਕਰੋੜ ਮੈਟ੍ਰਿਕ/ਸੈਕੰਡਰੀ ਤੋਂ ਘੱਟ, 1.62 ਕਰੋੜ ਮੈਟ੍ਰਿਕ/ਸੈਕੰਡਰੀ ਪਾਸ ਪਰ ਅੰਡਰ-ਗਰੈਜੂਏਟ, 1.1 ਕਰੋੜ ਗਰੈਜੂਏਟ ਜਾਂ ਵੱਧ ਪੜ੍ਹੇ ਲਿਖੇ ਹਨ।

# ਖੱਬੀਆਂ ਧਿਰਾਂ ਨੇ ਲੋਕ ਮਸਲਿਆਂ ਉਤੇ ਸਰਕਾਰ ਨੂੰ ਪਾਇਆ ਘੇਰਾ

**ਜਲੰਧਰ:** ਪੰਜਾਬ ਦੀਆਂ ਚਾਰ ਖੱਬੀਆਂ ਰਾਜਨੀਤਕ ਪਾਰਟੀਆਂ ਸੀ.ਪੀ.ਆਈ., ਸੀ.ਪੀ.ਆਈ. (ਐਮ.), ਸੀ.ਪੀ.ਐਮ. ਪੰਜਾਬ ਤੇ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਸੱਦੇ ਉਤੇ ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਚ ਸੂਬਾਈ ਕਨਵੈਨਸ਼ਨ ਕੀਤੀ ਗਈ। ਮਜ਼ਦੂਰਾਂ, ਕਿਸਾਨਾਂ ਤੇ ਹੋਰ ਮਿਹਨਤਕਸ਼ਾਂ ਨੂੰ ਦਰਪੇਸ਼ ਭਖਦੀਆਂ ਸਮੱਸਿਆਵਾਂ ਵਿਰੁੱਧ ਇਨ੍ਹਾਂ ਪਾਰਟੀਆਂ ਵੱਲੋਂ ਚਲਾਏ ਜਾ ਰਹੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਸੱਦਾ ਦਿੱਤਾ ਗਿਆ। ਇਸ ਕਨਵੈਨਸ਼ਨ ਵਿਚ ਚੌਹਾਂ ਪਾਰਟੀਆਂ ਦੇ 3000 ਦੇ ਕਰੀਬ ਸਰਗਰਮ ਵਰਕਰਾਂ ਤੇ ਹਮਦਰਦਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਐਲਾਨ ਕੀਤਾ ਕਿ ਖੱਬੀਆਂ ਪਾਰਟੀਆਂ ਦੇ 15 ਨੁਕਾਤੀ ਮੰਗ-ਪੱਤਰ ਵਿਚ ਦਰਜ ਮੰਗਾਂ ਦੀ ਪ੍ਰਾਪਤੀ ਲਈ ਸੂਬੇ ਅੰਦਰ ਇਕ ਬੱਝਵਾਂ ਤੇ ਜ਼ੋਰਦਾਰ ਜਨਤਕ ਸੰਘਰਸ਼ ਚਲਾਇਆ ਜਾਵੇਗਾ, ਜਿਸ ਦੇ ਅਗਲੇ ਪੜਾਅ ਵਜੋਂ ਪਹਿਲੀ ਤੋਂ ਸੱਤ ਦਸੰਬਰ ਤੱਕ ਸਾਰੇ ਜ਼ਿਲ੍ਹਿਆਂ ਅੰਦਰ ਜਥਾ ਮਾਰਚ ਕਰਕੇ ਇਸ ਫੈਸਲਾਕੁੰਨ ਸੰਘਰਸ਼ ਵਿਚ ਆਮ ਲੋਕਾਂ ਨੂੰ ਸਰਗਰਮ ਸ਼ਮੂਲੀਅਤ ਕਰਨ ਲਈ ਪ੍ਰੇਰਿਆ ਤੇ ਲਾਮਬੰਦ ਕੀਤਾ।

ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੋਵੇਂ ਹੀ ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਵਰਗੀਆਂ ਗੰਭੀਰ




ਸਮੱਸਿਆਵਾਂ ਨੂੰ ਹੱਲ ਕਰਨ ਵਾਸਤੇ ਢੁਕਵੇਂ ਕਦਮ ਪੁੱਟਣ ਦੀ ਬਜਾਏ ਫਿਰਕੂ ਤੇ ਬੇਲੋੜੇ ਧਾਰਮਿਕ ਮੁੱਦੇ ਉਭਾਰ ਕੇ ਰਾਜਸੀ ਵਾਤਾਵਰਨ ਨੂੰ ਗਿਣਮਿੱਥ ਕੇ ਗੰਧਲਾ ਕਰ ਰਹੀਆਂ ਹਨ। ਬਾਦਲ ਸਰਕਾਰ ਵੱਲੋਂ ਧਰਮ ਤੇ ਰਾਜਨੀਤੀ ਨੂੰ ਰਲਗੱਡ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਸਾਜ਼ਿਸ਼ੀ ਘਟਨਾਵਾਂ ਨਾਲ ਨਜਿੱਠਣ ਵਿਚ ਸਰਕਾਰ ਵੱਲੋਂ ਦਿਖਾਈ ਗਈ ਸਿਰੇ ਦੀ ਮੌਕਾਪ੍ਰਸਤੀ ਦੀ ਨਿਖੇਧੀ ਕੀਤੀ। ਕਨਵੈਨਸ਼ਨ ਵਿਚ ਪਾਸ ਕੀਤੇ ਗਏ ਮਤਿਆਂ ਤੇ ਭਾਸ਼ਣਾਂ ਰਾਹੀਂ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਕਿਸਾਨਾਂ ਦੀਆਂ ਫਸਲਾਂ ਦੀ ਮੰਡੀਆਂ ਵਿਚ ਹੋ ਰਹੀ ਬੇਕਦਰੀ ਰੋਕੀ ਜਾਵੇ, ਬਾਸਮਤੀ 1509 ਦਾ ਸਮਰਥਨ ਮੁੱਲ 4500 ਰੁਪਏ ਤੇ ਬਾਸਮਤੀ 1121 ਦਾ ਭਾਅ 5000 ਰੁਪਏ ਤੈਅ ਕਰਕੇ ਸਰਕਾਰੀ ਖਰੀਦ ਦੀ ਗਾਰੰਟੀ ਕੀਤੀ ਜਾਵੇ, ਸਰਕਾਰ ਵੱਲੋਂ ਸਪਲਾਈ ਕੀਤੀ ਗਈ ਨਕਲੀ ਦਵਾਈ ਕਾਰਨ ਨਰਮੇ ਦੀ ਮਾਰੀ ਗਈ ਫਸਲ ਦਾ 40,000 ਰੁਪਏ ਪ੍ਰਤੀ ਏਕੜ ਤੇ ਨਰਮਾ ਚੁੱਕਣ ਵਾਲੇ ਮਜ਼ਦੂਰਾਂ ਲਈ 20,000 ਰੁਪਏ ਪ੍ਰਤੀ ਪਰਿਵਾਰ ਮੁਆਵਜ਼ਾ ਦਿੱਤਾ ਜਾਵੇ, ਬੇਜ਼ਮੀਨੇ ਪੇਂਡੂ ਮਜ਼ਦੂਰਾਂ ਨੂੰ 10-10 ਮਰਲੇ ਦੇ ਰਿਹਾਇਸ਼ੀ ਪਲਾਟ ਤੇ ਘਰ ਬਣਾਉਣ ਲਈ ਤਿੰਨ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 500 ਰੁਪਏ ਕੀਤੀ ਜਾਵੇ ਅਤੇ ਘੱਟੋ ਘੱਟ 200 ਦਿਨਾਂ ਲਈ ਰੁਜ਼ਗਾਰ ਦਿੱਤਾ ਜਾਵੇ, ਬੁਢਾਪਾ ਤੇ ਵਿਧਵਾ ਪੈਨਸ਼ਨ 3000 ਹਜ਼ਾਰ ਰੁਪਏ ਮਾਸਿਕ ਕੀਤੀ ਜਾਵੇ, ਅਣਸਿੱਖਿਅਤ ਮਜ਼ਦੂਰਾਂ ਲਈ ਘੱਟੋ ਘੱਟ ਤਨਖਾਹ 15000 ਰੁਪਏ ਮਹੀਨਾ ਨਿਸ਼ਚਿਤ ਕੀਤੀ ਜਾਵੇ।

ਕਨਵੈਨਸ਼ਨ ਵਿਚ ਇਹ ਐਲਾਨ ਵੀ ਕੀਤਾ ਗਿਆ ਕਿ ਜ਼ਿਲ੍ਹਾ ਪੱਧਰੀ ਜਥਾ ਮਾਰਚਾਂ ਤੋਂ ਬਾਅਦ ਦਸੰਬਰ ਤੇ ਜਨਵਰੀ ਮਹੀਨਿਆਂ ਵਿਚ ਪ੍ਰਾਂਤ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਘੱਟੋ ਘੱਟ 500 ਸਿਆਸੀ ਕਾਨਫਰੰਸਾਂ ਕੀਤੀਆਂ ਜਾਣਗੀਆਂ ਤੇ ਫਰਵਰੀ 2016 ਦੇ ਆਰੰਭ ਵਿਚ ਜ਼ਿਲ੍ਹਾ ਕੇਂਦਰਾਂ ਤੇ ਵਿਸ਼ਾਲ ਜਨਤਕ ਮੁਜ਼ਾਹਰੇ ਕਰਕੇ ਇਸ ਘੋਲ ਨੂੰ ਬੱਝਵਾਂ ਰੂਪ ਦਿੱਤਾ ਜਾਵੇਗਾ। ਕਨਵੈਨਸ਼ਨ ਉਪਰੰਤ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚ ਪ੍ਰਭਾਵਸ਼ਾਲੀ ਅਮਨ ਮਾਰਚ ਕੀਤਾ ਗਿਆ ਅਤੇ ਲੋਕਾਂ ਨੂੰ ਫਿਰਕੂ ਤੇ ਫੁੱਟ ਪਾਊ ਅਨਸਰਾਂ ਪ੍ਰਤੀ ਸਾਵਧਾਨ ਤੇ ਸਤਰਕ ਹੋਣ ਦਾ ਸੱਦਾ ਦਿੱਤਾ ਗਿਆ।

### ਮੁਲਾਜ਼ਮਾਂ ਵੱਲੋਂ 'ਘੇਰਾ ਪਾਓ' ਸੰਘਰਸ਼ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਪੰਥਕ ਮੁੱਦਿਆਂ ਉਤੇ ਬੁਰੀ ਤਰ੍ਹਾਂ ਘਿਰੀ ਬਾਦਲ ਸਰਕਾਰ ਵਿਰੁੱਧ 'ਘੇਰਾ ਪਾਓ' ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਹੈ। ਮੁਲਾਜ਼ਮਾਂ ਨੇ ਤਿੰਨ ਕੈਬਨਿਟ ਮੰਤਰੀਆਂ ਬਿਕਰਮ ਸਿੰਘ ਮਜੀਠੀਆ, ਪਰਮਿੰਦਰ ਸਿੰਘ ਢੀਂਡਸਾ ਤੇ ਡਾਕਟਰ ਦਲਜੀਤ ਸਿੰਘ ਚੀਮਾ ਦੀ ਰਿਹਾਇਸ਼ ਦਾ ਘਿਰਾਓ ਕਰਨ ਦੀ ਰਣਨੀਤੀ ਬਣਾਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਾਅਦੇ ਪੂਰੇ ਨਾ ਕੀਤੇ ਜਾਣ ਕਾਰਨ ਪੰਜਾਬ ਤੇ ਯੂ.ਟੀ. ਮੁਲਾਜ਼ਮ ਸੰਘਰਸ਼ ਕਮੇਟੀ ਦੀ ਮੀਟਿੰਗ ਦੌਰਾਨ ਇਹ ਕਦਮ ਚੁੱਕਣ ਦਾ ਫੈਸਲਾ ਲਿਆ ਗਿਆ। ਸੰਘਰਸ਼ ਕਮੇਟੀ ਨੇ ਸਰਕਾਰ ਦੇ ਇਸ ਰਵੱਈਏ ਨੂੰ ਮੁੱਖ ਰੱਖਦਿਆਂ 19 ਤੋਂ 30 ਨਵੰਬਰ ਤੱਕ ਡਿਪਟੀ ਕਮਿਸ਼ਨਰ ਮੁਹਾਲੀ ਦੇ ਦਫਤਰ ਅੱਗੇ ਸੱਤ ਰੋਜ਼ਾ ਮੋਰਚਾ ਲਾਉਣ ਦਾ ਫੈਸਲਾ ਲਿਆ ਹੈ, ਜਿਥੇ ਮੌਕੇ ਮੁਤਾਬਕ ਹੋਰ ਐਲਾਨ ਕੀਤੇ ਜਾਣਗੇ।

# ਰਾਹੁਲ ਗਾਂਧੀ ਦੀ ਫੇਰੀ ਨੇ ਪੰਜਾਬ 'ਚ ਮਚਾਈ ਸਿਆਸੀ ਹਲਚਲ

**ਚੰਡੀਗੜ੍ਹ:** ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਪੰਜਾਬ ਫੇਰੀ ਨੇ ਸੂਬੇ ਵਿਚ ਸਿਆਸੀ ਹਲਚਲ ਮਚਾ ਦਿੱਤੀ ਹੈ। ਅਕਾਲੀ ਦਲ ਨੇ ਰਾਹੁਲ ਦੀ ਫੇਰੀ ਨੂੰ ਕਾਫੀ ਗੰਭੀਰਤਾ ਨਾਲ ਲਿਆ ਹੈ। ਦੋ ਦਿਨਾਂ ਦੌਰੇ ਨੇ ਜਿਥੇ ਕਾਂਗਰਸੀਆਂ ਵਿਚ ਜੋਸ਼ ਭਰਿਆ ਹੈ, ਉਥੇ ਸਿੱਖ ਤੇ ਕਿਸਾਨ ਮਸਲਿਆਂ ਬਾਰੇ ਗੰਭੀਰਤਾ ਵਿਖਾ ਕੇ ਰਾਹੁਲ ਨੇ ਅਕਾਲੀ ਦਲ ਨੂੰ ਵੀ ਚਿੰਤਾ ਵਿਚ ਪਾ ਦਿੱਤਾ ਹੈ। ਉਹ ਆਪਣੇ ਇਸ ਦੌਰੇ ਦੌਰਾਨ ਕਾਂਗਰਸੀਆਂ ਨੂੰ ਇਕਜੁੱਟ ਹੋਣ ਦਾ ਪਾਠ ਵੀ ਪੜ੍ਹਾ ਗਏ ਹਨ।

ਰਾਹੁਲ ਗਾਂਧੀ ਦਾ ਦੋ ਦਿਨਾਂ ਪੰਜਾਬ ਦੌਰਾ ਆਮ ਲੋਕਾਂ ਤੇ ਸਿਆਸੀ ਹਲਕਿਆਂ ਦਾ ਧਿਆਨ ਖਿੱਚਣ ਵਿਚ ਸਫਲ ਰਿਹਾ ਹੈ। ਉਨ੍ਹਾਂ ਦੇ ਪ੍ਰੋਗਰਾਮ ਨੂੰ ਸੂਬੇ ਵਿਚ ਪੈਦਾ ਹੋਈ ਸਥਿਤੀ ਦਾ ਸਿਆਸੀ ਲਾਭ ਲੈਣ ਦੇ ਉਦੇਸ਼ ਨਾਲ ਹੀ ਉਲੀਕਿਆ ਗਿਆ ਸੀ। ਪਿਛਲੇ ਦਿਨੀਂ ਪੰਜਾਬ ਵਿਚ ਸਿਆਸੀ, ਸਮਾਜਿਕ ਤੇ ਧਾਰਮਿਕ ਪੱਧਰ ਉਤੇ ਬਹੁਤ ਕੁਝ ਅਜਿਹਾ ਵਾਪਰਿਆ ਹੈ, ਜਿਸ ਨੇ ਸੂਬੇ ਵਿਚ ਨਾਖੁਸ਼ਗਵਾਰ ਹਾਲਾਤ ਪੈਦਾ ਕੀਤੇ ਹਨ। ਬਹਿਬਲ ਕਲਾਂ ਗੋਲੀ ਕਾਂਡ ਵਿਚ ਸ਼ਹੀਦ ਹੋਏ ਨੌਜਵਾਨਾਂ ਦੇ ਘਰਾਂ ਵਿਚ ਜਾ ਕੇ ਸਬੰਧਤ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨਾ, ਕਿਸਾਨਾਂ ਦੀ ਆਰਥਿਕ ਤੰਗੀ ਨੂੰ ਉਜਾਗਰ ਕਰਨ ਲਈ ਨਰਮਾ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨਾ ਇਸੇ ਕੜੀ ਦਾ ਹੀ ਇਕ ਹਿੱਸਾ ਕਿਹਾ ਜਾ ਸਕਦਾ ਹੈ।

ਰਾਹੁਲ ਨੇ ਆਉਂਦੇ ਸਮੇਂ ਲਈ ਆਪਣੀ ਪਾਰਟੀ ਨੂੰ ਬਦਲ ਵਜੋਂ ਪੇਸ਼ ਕਰਨ ਲਈ ਯਤਨ ਆਰੰਭ ਦਿੱਤੇ ਹਨ। ਪਾਟੋਧਾੜ ਹੋਈ ਪਾਰਟੀ ਦੇ ਆਗੂਆਂ ਦਾ ਇਕੱਠੇ ਹੋ ਕੇ ਇਕ ਸਟੇਜ 'ਤੇ ਆਉਣਾ ਇਸ ਪਹਿਲ ਦਾ ਹੀ ਪ੍ਰਭਾਵ ਮੰਨਿਆ ਜਾ ਸਕਦਾ ਹੈ। ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਕਪਾਹ ਪੱਟੀ ਵਿਚ ਪੈਦਲ ਯਾਤਰਾ ਕਰਕੇ ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਬਚਾਉਣ ਲਈ ਸਿਆਸੀ ਬਦਲਾਅ ਦਾ ਹੋਕਾ ਦਿੱਤਾ। ਸ੍ਰੀ ਰਾਹੁਲ ਦੀ ਦੂਸਰੇ ਦਿਨ ਦੀ ਪੰਜਾਬ ਫੇਰੀ ਦੌਰਾਨ ਬਾਦਲ ਪਰਿਵਾਰ ਨਿਸ਼ਾਨੇ ਉਤੇ ਰਿਹਾ ਤੇ ਨਸ਼ਿਆਂ ਦੀ ਦਿਨ ਭਰ ਚਰਚਾ ਚੱਲਦੀ ਰਹੀ।

ਉਨ੍ਹਾਂ ਨੇ ਬਠਿੰਡਾ ਦੇ ਪਿੰਡ ਭਗਵਾਨਗੜ੍ਹ ਦੇ ਫਸਲ ਦੀ ਬਰਬਾਦੀ ਕਾਰਨ ਖੁਦਕੁਸ਼ੀ ਕਰਨ ਵਾਲੇ ਕਿਸਾਨ ਜਗਦੇਵ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਇਸ ਪਰਿਵਾਰ ਨੂੰ ਇਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਕੌਮੀ ਮੀਤ ਪ੍ਰਧਾਨ ਕੋਲ ਪਿੰਡ ਦੂੱਨੇਵਾਲਾ ਦੀ ਵਿਧਵਾ ਕੁਲਵਿੰਦਰ ਕੌਰ ਨੇ ਆਪਣਾ ਦੁੱਖੜਾ ਰੋਇਆ, ਜਿਸ ਦੇ ਪਰਿਵਾਰ ਦੇ ਚਾਰ ਕਮਾਊ ਜੀਅ ਖੇਤੀ ਸੰਕਟ ਕਾਰਨ ਖੁਦਕੁਸ਼ੀ ਕਰ ਗਏ ਹਨ। ਸ੍ਰੀ ਰਾਹੁਲ ਨੇ ਪਿੰਡ ਭਗਵਾਨਗੜ੍ਹ ਤੋਂ ਪਿੰਡ ਮੱਲਵਾਲਾ ਤੱਕ ਪੈਦਲ ਯਾਤਰਾ ਦੌਰਾਨ ਰਸਤੇ ਵਿਚ ਕਿਸਾਨ ਕੁਲਬੀਰ ਸਿੰਘ ਦੇ ਚਿੱਟੇ ਮੱਛਰ ਕਾਰਨ ਤਬਾਹ ਹੋਈ ਫਸਲ ਨੂੰ ਵੇਖਿਆ। ਇਸ ਮਗਰੋਂ ਖੇਤਾਂ ਵਿਚ ਨਰਮਾ ਚੁਗ ਰਹੀ ਬਲਜੀਤ ਕੌਰ ਤੇ ਦਲੀਪ ਕੌਰ ਨੇ ਨਰਮੇ ਦੀ ਪੈਦਾਵਾਰ ਦੇ ਚੰਗੇ ਦਿਨਾਂ ਦੀ ਕਹਾਣੀ ਸੁਣਾਈ ਤੇ ਮੌਜੂਦਾ ਸਮੇਂ ਖਾਲੀ ਹੋਏ ਖੇਤਾਂ ਕਾਰਨ ਠੰਢੇ ਹੋਏ ਚੁਲ੍ਹਿਆਂ ਦੀ ਗੱਲ ਕੀਤੀ।



## ਰਾਹੁਲ ਦੀ ਫੇਰੀ ਉਤੇ ਮਜੀਠੀਆ ਨੂੰ ਇਤਰਾਜ਼

**ਅੰਮ੍ਰਿਤਸਰ:** ਕੈਬਨਿਟ ਮੰਤਰੀ ਬਿਕਰਮ ਮਜੀਠੀਆ ਨੇ ਕਿਹਾ ਹੈ ਕਿ ਰਾਹੁਲ ਪਰਿਵਾਰਕ ਰਵਾਇਤ ਜਾਰੀ ਰੱਖਦਿਆਂ ਪੰਜਾਬ ਦੀ ਅਮਨ ਸ਼ਾਂਤੀ ਨੂੰ ਭੜਕਾਉਣ ਲਈ ਆਇਆ ਸੀ। ਮਜੀਠੀਆ ਨੇ ਕਿਹਾ ਕਿ ਰਾਹੁਲ ਦੀ ਦਾਦੀ ਇੰਦਰਾ ਗਾਂਧੀ ਨੇ ਆਪਣੀ ਸਤਾ ਸਥਾਪਤ ਕਰਨ ਲਈ ਪੰਜਾਬ ਨੂੰ ਲਾਂਬੂ ਲਾਇਆ ਸੀ, ਜਿਸ ਦਾ ਸੰਤਾਪ ਅੱਜ ਤੱਕ ਪੰਜਾਬ ਭੁਗਤ ਰਿਹਾ ਹੈ।

## ਤਖਤ ਤੋਂ ਰਾਹੁਲ ਨੂੰ ਸਿਰੋਪਾਓ ਨਾ ਦਿੱਤਾ

**ਅੰਮ੍ਰਿਤਸਰ:** ਤਖਤ ਸ੍ਰੀ ਦਮਦਮਾ ਸਾਹਿਬ ਤੋਂ ਰਾਹੁਲ ਗਾਂਧੀ ਨੂੰ ਸਿਰੋਪਾਓ ਨਹੀਂ ਦਿੱਤਾ ਗਿਆ, ਜਦੋਂ ਸ਼੍ਰੋਮਣੀ ਕਮੇਟੀ ਨੇ ਸਿਰੋਪਾਓ ਨਾ ਦਿੱਤਾ ਤਾਂ ਦਰਬਾਰ ਸਾਹਿਬ ਤੋਂ ਬਾਹਰ ਇਕ ਗੁਰਸਿੱਖ ਵਿਅਕਤੀ ਨੇ ਰਾਹੁਲ ਨੂੰ ਸਿਰੋਪਾਓ ਭੇਟ ਕੀਤਾ। ਤਖਤ ਦੇ ਮੈਨੇਜਰ ਜਗਪਾਲ ਸਿੰਘ ਨੇ ਦੱਸਿਆ ਕਿ ਬੇਅਦਬੀ ਦੀਆਂ ਘਟਨਾਵਾਂ ਕਾਰਨ ਤਖਤ ਤੋਂ ਸਿਰੋਪਾਓ ਦੇਣਾ ਬੰਦ ਕੀਤਾ ਹੋਇਆ ਹੈ।

## ਕੈਪਟਨ ਤੇ ਬਾਜਵਾ ਵਿਚਕਾਰ ਸੁਲ੍ਹਾ?

**ਚੰਡੀਗੜ੍ਹ:** ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਡਾ. ਸ਼ਕੀਲ ਅਹਿਮਦ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਦੋ ਦਿਨਾਂ ਪੰਜਾਬ ਦੌਰੇ ਨਾਲ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਤਾਪ ਸਿੰਘ ਬਾਜਵਾ, ਦੋਹਾਂ ਵਿਚ ਏਕਤਾ ਕਰਾ ਦਿੱਤੀ ਗਈ ਤੇ ਹੁਣ ਇਹ ਦੋਵੇਂ ਆਗੂ ਵੱਖਰੇ-ਵੱਖਰੇ ਤੌਰ ਉਤੇ ਨਹੀਂ, ਇਕੱਠੇ ਮਿਲ ਕੇ ਪਾਰਟੀ ਨੂੰ ਮਜ਼ਬੂਤ ਕਰਨਗੇ ਤੇ ਇਕ ਦੂਜੇ ਦੇ ਵਿਰੁੱਧ ਬਿਆਨਬਾਜ਼ੀ ਵੀ ਨਹੀਂ ਕਰਨਗੇ। ਡਾਕਟਰ ਅਹਿਮਦ ਜੋ ਸ੍ਰੀ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਸਮੇਂ ਉਨ੍ਹਾਂ ਦੇ



ਨਾਲ ਸਨ, ਨੇ ਕਿਹਾ ਕਿ ਰਾਹੁਲ ਗਾਂਧੀ ਨੇ ਕੈਪਟਨ ਤੇ ਬਾਜਵਾ ਦੀਆਂ ਜੱਫੀਆਂ ਪੁਆ ਦਿੱਤੀਆਂ ਹਨ। ਸ੍ਰੀ ਰਾਹੁਲ ਦੇ ਪੰਜਾਬ ਦੌਰੇ ਨਾਲ ਰਾਜ ਦੇ ਸਾਰੇ ਕਾਂਗਰਸੀ ਆਗੂਆਂ ਤੇ ਵਰਕਰਾਂ ਵਿਚ ਗਰੁੱਪ ਬਾਜ਼ੀ ਦੀ ਬਿਜਾਏ ਏਕਤਾ ਦਾ ਸੁਨੇਹਾ ਗਿਆ ਹੈ।

# ਖਾਲਸਾ ਤੇ ਗਾਂਧੀ ਨੇ ਅਜੇ ਤੱਕ ਨਹੀਂ ਦਿੱਤਾ ਨੋਟਿਸ ਦਾ ਜਵਾਬ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦਾ ਕਹਿਣਾ ਹੈ ਕਿ ਪਾਰਟੀ ਨਾਲ ਸਬੰਧਤ ਦੋ ਲੋਕ ਸਭਾ ਮੈਂਬਰਾਂ- ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਤੇ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਹਰਿੰਦਰ ਸਿੰਘ ਖਾਲਸਾ ਨੇ ਉਨ੍ਹਾਂ ਨੂੰ ਦਿੱਤੇ ਗਏ ਕਾਰਨ ਦੱਸੋ ਨੋਟਿਸਾਂ ਦਾ ਅਜੇ ਤੱਕ ਜਵਾਬ ਨਹੀਂ ਮਿਲਿਆ, ਜਿਨ੍ਹਾਂ ਨੂੰ ਕਿ ਪਾਰਟੀ ਵਿਰੋਧੀ ਸਰਗਰਮੀਆਂ ਵਿਚ ਹਿੱਸਾ ਲੈਣ ਦੇ ਦੋਸ਼ ਵਿਚ ਕਈ ਹਫਤੇ ਪਹਿਲਾਂ 'ਆਪ' ਵਿਚੋਂ ਮੁਅੱਤਲ ਕਰ ਦਿੱਤਾ ਸੀ।

ਸ. ਛੋਟੇਪੁਰ ਦਾ ਕਹਿਣਾ ਹੈ ਕਿ 'ਆਪ' ਦੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਸੰਜੇ ਸਿੰਘ ਕੈਨੇਡਾ ਦੇ ਦੌਰੇ 'ਤੇ ਹਨ, ਜਿਥੋਂ ਉਹ ਇਕ ਹਫਤੇ ਤੱਕ ਭਾਰਤ ਪਰਤਣਗੇ। ਉਨ੍ਹਾਂ ਦੇ ਵਾਪਸ ਆਉਣ ਉਤੇ ਹੀ ਤਸਵੀਰ ਸਪਸ਼ਟ ਹੋ ਸਕੇਗੀ। ਵਰਨਣਯੋਗ ਹੈ ਕਿ ਕੁਝ ਦਿਨ ਪਹਿਲਾਂ ਜਦੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਦੌਰੇ ਉਤੇ ਆਏ ਸਨ ਤਾਂ ਉਦੋਂ ਉਕਤ ਦੋਵੇਂ ਐਮ.ਪੀ ਡਾ. ਗਾਂਧੀ ਤੇ ਸ. ਖਾਲਸਾ,



ਕੇਜਰੀਵਾਲ ਦੇ ਨਾਲ ਅੰਮ੍ਰਿਤਸਰ ਤੇ ਜ਼ਿਲ੍ਹਾ ਫਰੀਦਕੋਟ ਦੌਰੇ ਸਮੇਂ ਗੈਰਹਾਜ਼ਰ ਰਹੇ ਸਨ।

# ਕੈਨੇਡਾ ਵਸਾਏਗਾ 25 ਹਜ਼ਾਰ ਸ਼ਰਨਾਰਥੀ

**ਓਟਾਵਾ:** ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਇਸ ਸਾਲ ਦੇ ਅਖੀਰ ਤੱਕ 25 ਹਜ਼ਾਰ ਸੀਰੀਆਈ ਸ਼ਰਨਾਰਥੀਆਂ ਨੂੰ ਦੇਸ਼ ਵਿਚ ਵਸਾ ਦੇਵੇਗੀ। ਇਕ ਰੇਡੀਓ ਨਾਲ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਪਹਿਲੀ ਜਨਵਰੀ ਤੱਕ ਕੈਨੇਡਾ ਅੰਦਰ 25 ਹਜ਼ਾਰ ਸ਼ਰਨਾਰਥੀਆਂ ਨੂੰ ਵਸਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੰਮ ਵਿਚ ਕਈ ਮੰਤਰਾਲੇ ਲੱਗੇ ਹੋਏ ਹਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਕੈਨੇਡਾ ਦੇ ਇਰਾਕ ਤੇ ਸੀਰੀਆ ਵਿਚ ਤਾਇਨਾਤ ਲੜਾਕੂ ਹਵਾਈ ਜਹਾਜ਼ਾਂ ਨੂੰ ਵਾਪਸ ਲਿਆਉਣ ਲਈ ਯੋਜਨਾ ਤਿਆਰ ਕਰ ਰਹੇ ਹਨ। ਕੈਨੇਡਾ ਨੇ ਮਾਰਚ 2016 ਤੱਕ ਖਿੱਤੇ ਵਿਚ ਸੀ.ਐਫ.-18 ਲੜਾਕੂ ਜਹਾਜ਼ ਤਾਇਨਾਤ ਕੀਤੇ ਹੋਏ ਹਨ। ਚੋਣ ਪ੍ਰਚਾਰ ਦੌਰਾਨ ਸ੍ਰੀ ਟਰੂਡੋ ਨੇ ਇਰਾਕ ਤੇ ਸੀਰੀਆ ਵਿਚੋਂ ਫੌਜ ਵਾਪਸ ਸੱਦਣ ਦਾ ਵਾਅਦਾ ਕੀਤਾ ਸੀ।

# ਨਿਊਜ਼ੀਲੈਂਡ ਨੇ ਬਣਾਏ ਨਵੇਂ ਇਮੀਗ੍ਰੇਸ਼ਨ ਨਿਯਮ

**ਆਕਲੈਂਡ:** ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਵਿਭਾਗ ਨੇ ਦੇਸ਼ ਵਿਚ ਨਵੇਂ ਨਿਯਮ ਲਾਗੂ ਕਰ ਦਿੱਤਾ ਹਨ। ਨਿਊਜ਼ੀਲੈਂਡ ਦਾ ਇਮੀਗ੍ਰੇਸ਼ਨ ਵਿਭਾਗ ਨਵੀਂ ਨੀਤੀ ਤਹਿਤ ਆਕਲੈਂਡ ਵਿਚ ਪਰਵਾਸੀ ਲੋਕਾਂ ਦੀ ਗਿਣਤੀ ਘੱਟ ਕਰਨਾ ਚਾਹੁੰਦਾ ਹੈ। ਸਰਕਾਰ ਨੇ ਆਕਲੈਂਡ ਤੋਂ ਇਲਾਵਾ ਦੂਜੇ ਸ਼ਹਿਰਾਂ ਵਿਚ ਪਰਵਾਸੀ ਲੋਕਾਂ ਦੀ ਆਬਾਦੀ ਵਧਾਉਣ ਲਈ ਵੀ ਇਹ ਕਦਮ ਚੁੱਕਿਆ ਹੈ।

ਨਵੀਂ ਨੀਤੀ ਤਹਿਤ ਸਕਿਲਡ ਵਰਕਰਾਂ ਨੂੰ ਆਕਲੈਂਡ ਦੀ ਥਾਂ ਕਿਸੇ ਹੋਰ ਥਾਂ ਦਾ ਜੌਬ ਆਫਰ ਲੈਣ ਉੱਤੇ 10 ਦੀ ਥਾਂ 30 ਅੰਕ ਮਿਲਣਗੇ। ਇਸੇ ਤਰ੍ਹਾਂ ਆਕਲੈਂਡ ਦੇ ਬਾਹਰ ਤੋਂ ਆਪਣਾ ਕਾਰੋਬਾਰ ਸ਼ੁਰੂ ਕਰਨ ਵਾਲਿਆਂ ਨੂੰ 20 ਦੀ ਥਾਂ 40 ਅੰਕ ਦਿੱਤੇ ਜਾਣਗੇ। ਸਰਕਾਰ ਨੇ ਇਹ ਕਦਮ ਘੱਟ ਵਸੋਂ ਵਾਲੇ ਇਲਾਕਿਆਂ ਨੂੰ ਵਿਕਸਤ ਕਰਨ ਲਈ ਚੁੱਕਿਆ ਹੈ। ਨਿਊਜ਼ੀਲੈਂਡ ਦੇ ਇਮੀਗ੍ਰੇਸ਼ਨ ਮੰਤਰੀ ਮਾਈਕਲ ਵੁੱਡਹਾਊਸ ਅਨੁਸਾਰ ਜਿਹੜੇ ਸਕਿਲਡ ਵਰਕਰ ਆਕਲੈਂਡ ਤੋਂ ਬਾਹਰ ਜਾ ਕੇ 12 ਮਹੀਨਿਆਂ ਤੱਕ ਕੰਮ ਕਰਨਗੇ, ਉਨ੍ਹਾਂ ਨੂੰ ਕਈ ਹੋਰ ਲਾਭ ਵੀ ਦਿੱਤੇ ਜਾਣਗੇ। ਵਿਭਾਗ ਅਨੁਸਾਰ ਹਰ ਸਾਲ ਤਕਰੀਬਨ 10,000 ਪਰਵਾਸੀਆਂ ਨੂੰ ਨਿਊਜ਼ੀਲੈਂਡ ਦੀ ਨਾਗਰਿਕਤਾ ਦਿੱਤੀ ਜਾਂਦੀ ਹੈ।

ਨਾਗਰਿਕਤਾ ਹਾਸਲ ਕਰਨ ਤੋਂ ਬਾਅਦ ਜ਼ਿਆਦਾਤਰ ਪਰਵਾਸੀ ਆਕਲੈਂਡ ਆ ਕੇ ਰਹਿਣਾ ਸ਼ੁਰੂ ਕਰ ਦਿੰਦੇ ਹਨ, ਪਰ ਸਰਕਾਰ ਦੀ ਨਵੀਂ ਨੀਤੀ ਤਹਿਤ ਨਾਗਰਿਕਤਾ ਅਪਲਾਈ ਕਰਨ ਵਾਲੇ ਵਿਅਕਤੀ ਨੂੰ 12 ਮਹੀਨੇ ਉਸ ਥਾਂ ਉੱਤੇ ਰਹਿਣਾ ਹੋਵੇਗਾ ਜਿਸ ਥਾਂ ਤੋਂ ਉਸ ਨੇ ਅਪਲਾਈ ਕੀਤਾ ਹੈ। ਪਹਿਲਾਂ ਸਿਰਫ ਤਿੰਨ ਮਹੀਨੇ ਰਹਿਣ ਦੀ ਹੀ ਸ਼ਰਤ ਸੀ। ਇਮੀਗ੍ਰੇਸ਼ਨ ਮੰਤਰੀ ਅਨੁਸਾਰ ਨਿਊਜ਼ੀਲੈਂਡ ਵਿਚ ਸਕਿਲਡ ਵਰਕਰਾਂ ਦੀ ਹੁਣ ਵੀ ਬਹੁਤ ਘਾਟ ਹੈ। ਇਸ ਤੋਂ ਇਲਾਵਾ ਨਿਊਜ਼ੀਲੈਂਡ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਹੁਣ ਤੱਕ ਪਰਵਾਸੀ ਵਿਦਿਆਰਥੀਆਂ ਦੀ ਗਿਣਤੀ ਵਿਚ 16 ਫੀਸਦੀ ਵਾਧਾ ਹੋਇਆ ਹੈ।

# ਕਮਾਈ ਦੇ ਮਾਮਲੇ 'ਚ ਫੇਸਬੁੱਕ ਨੇ ਤੋੜਿਆ ਰਿਕਾਰਡ

**ਸੈਨ ਫਰਾਂਸਿਸਕੋ:** ਦੁਨੀਆਂ ਦੀ ਸਭ ਤੋਂ ਵੱਡੀ ਸੋਸ਼ਲ ਨੈੱਟਵਰਕਿੰਗ ਸਾਈਟ ਫੇਸਬੁੱਕ ਨੇ ਜੁਲਾਈ-ਸਤੰਬਰ ਦੇ ਕੁਆਟਰ ਵਿਚ ਰਿਕਾਰਡ ਤੋੜ ਕਮਾਈ ਕੀਤੀ ਹੈ। ਫੇਸਬੁੱਕ ਨੇ 4.5 ਅਰਬ ਡਾਲਰ (28500 ਕਰੋੜ ਰੁਪਏ) ਦੀ ਕਮਾਈ ਕੀਤੀ ਹੈ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 41 ਫੀਸਦੀ ਜ਼ਿਆਦਾ ਹੈ। ਫੇਸਬੁੱਕ ਯੂਜ਼ਰ ਦੀ ਗਿਣਤੀ ਵੀ ਲਗਾਤਾਰ ਵਧਦੀ ਜਾ ਰਹੀ ਹੈ। ਫੇਸਬੁੱਕ ਦੇ ਵਿੱਤੀ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਦੀ ਕੀਮਤ ਵੀ ਵਧ ਗਈ ਹੈ।

ਫੇਸਬੁੱਕ ਅਨੁਸਾਰ ਕੰਪਨੀ ਦੇ ਹਰ ਮਹੀਨੇ 155 ਕਰੋੜ ਐਕਟਿਵ ਯੂਜ਼ਰ ਹਨ। ਹਰ ਰੋਜ਼ ਇਕ ਅਰਬ ਤੋਂ ਜ਼ਿਆਦਾ ਲੋਕ ਫੇਸਬੁੱਕ ਨੂੰ ਇਸਤੇਮਾਲ ਕਰਦੇ ਹਨ। ਇਸ ਤਰ੍ਹਾਂ ਇਕ ਯੂਜ਼ਰ ਤੋਂ ਕੰਪਨੀ 180 ਰੁਪਏ ਦੀ ਕਮਾਈ ਕਰਦੀ ਹੈ। ਕੰਪਨੀ ਵਿਚ ਤਕਰੀਬਨ 12 ਹਜ਼ਾਰ ਕਰਮਚਾਰੀ ਕੰਮ ਕਰਦੇ ਹਨ। ਕਿਸੇ ਸਮੇਂ ਇਹ ਕੰਪਨੀ ਇੰਨੀ ਜ਼ਿਆਦਾ ਘਾਟੇ ਵਿਚ ਚਲੇ ਗਈ ਸੀ ਕਿ ਕੰਪਨੀ ਦੇ ਮਾਲਕ ਮਾਰਕ ਜ਼ਰਕਬਰਗ ਨੇ ਇਸ ਨੂੰ ਵੇਚਣ ਦਾ ਫੈਸਲਾ ਕਰ ਲਿਆ ਸੀ। ਫੇਸਬੁੱਕ ਨੂੰ ਸਭ ਤੋਂ ਜ਼ਿਆਦਾ ਕਮਾਈ ਮੋਬਾਈਲ ਯੂਜ਼ਰ ਤੋਂ ਹੋ ਰਹੀ ਹੈ। ਇਕ ਸਾਲ ਪਹਿਲਾਂ ਫੇਸਬੁੱਕ ਨੂੰ 66 ਫੀਸਦੀ ਕਮਾਈ ਮੋਬਾਈਲ ਤੋਂ ਹੁੰਦੀ ਸੀ, ਪਰ ਹੁਣ ਇਹ ਵਧ ਕੇ 78 ਫੀਸਦੀ ਹੋ ਗਈ ਹੈ।

## ਪੁਤਿਨ ਸਭ ਤੋਂ ਤਾਕਤਵਰ ਹਸਤੀ, ਮੋਦੀ 9ਵੀਂ ਥਾਂ 'ਤੇ

**ਨਿਊ ਯਾਰਕ:** ਪੱਤ੍ਰਿਕਾ ਫੋਰਬਸ ਵੱਲੋਂ 2015 ਦੀ ਜਾਰੀ ਕੀਤੀ ਸੂਚੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਭ ਤੋਂ ਤਾਕਤਵਰ ਹਸਤੀਆਂ ਦੀ ਸੂਚੀ ਵਿਚ 9ਵੇਂ ਸਥਾਨ ਉਤੇ ਰੱਖਿਆ ਗਿਆ ਹੈ। ਇਸ ਸੂਚੀ ਵਿਚ ਸਭ ਤੋਂ ਉਪਰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦਾ ਨਾਂ ਹੈ। 2014 ਦੀ ਵਿਸ਼ਵ ਦੇ ਸਭ ਤੋਂ ਤਾਕਤਵਰ ਹਸਤੀਆਂ ਦੀ ਸੂਚੀ ਵਿਚ ਮੋਦੀ 14ਵੇਂ ਸਥਾਨ ਉਤੇ ਸਨ।

ਸੂਚੀ ਜਾਰੀ ਕਰਨ ਸਮੇਂ ਫੋਰਬਸ ਨੇ ਕਿਹਾ ਕਿ ਭਾਰਤ ਵਿਚ 1.2 ਅਰਬ ਲੋਕਾਂ ਦੀ ਦੇਖ ਰੇਖ ਕਰਨ ਲਈ ਹੱਥ ਮਿਲਾਉਣ ਤੋਂ ਜ਼ਿਆਦਾ ਬਹੁਤ ਕੁਝ ਕਰਨ ਦੀ ਜ਼ਰੂਰਤ ਹੁੰਦੀ ਹੈ। ਮੋਦੀ ਨੂੰ ਆਪਣੀ ਪਾਰਟੀ ਭਾਜਪਾ ਦੇ ਸੁਧਾਰ ਏਜੰਡੇ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਤੇ ਝਗੜਾਲੂ ਵਿਰੋਧੀ ਧਿਰ ਨੂੰ ਕਾਬੂ ਹੇਠ ਰੱਖਣਾ ਹੋਵੇਗਾ।



ਸੂਚੀ ਵਿਚ ਦੂਜੇ ਨੰਬਰ ਉਤੇ ਜਰਮਨ ਦੀ ਚਾਂਸਲਰ ਏਂਜਲਾ ਮਾਰਕਲ, ਤੀਜੇ ਸਥਾਨ ਉਤੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, ਚੌਥੇ ਨੰਬਰ ਉਤੇ ਪੋਪ ਫਰਾਂਸਿਸ, ਪੰਜਵੇਂ ਨੰਬਰ 'ਤੇ ਚੀਨੀ ਰਾਸ਼ਟਰਪਤੀ ਸ਼ੀ ਜਿੰਨਪਿੰਗ, ਛੇਵੇਂ ਨੰਬਰ ਉਤੇ ਮਾਈਕ੍ਰੋਸਾਫਟ ਦੇ ਸੰਸਥਾਪਕ ਬਿਲ ਗੇਟਸ, ਸੱਤਵੇਂ ਨੰਬਰ ਉਤੇ ਅਮਰੀਕੀ ਫੈਡਰਲ ਰਿਜ਼ਰਵ ਦੀ ਚੇਅਰਮੈਨ ਜੈਨੇਟ ਯੇਲੇਨ, ਅੱਠਵੇਂ ਨੰਬਰ ਉਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ, 10ਵੇਂ 'ਤੇ ਗੂਗਲ ਦੇ ਸਹਿ ਸੰਸਥਾਪਕ ਤੇ ਅਲਫਾਬੈਟ ਦੇ ਸੀ.ਈ.ਓ. ਲੈਰੀ ਪੇਜ਼ ਨੂੰ ਰੱਖਿਆ ਗਿਆ ਹੈ।

# ਬੇਅੰਤ ਕਤਲ ਕੇਸ ਦਾ ਗਵਾਹ ਇਨਾਮੀ ਰਾਸ਼ੀ ਲੈਣ ਲਈ ਪੁੱਜਾ ਹਾਈਕੋਰਟ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਦਾ ਗਵਾਹ ਬਲਵਿੰਦਰ ਸਿੰਘ ਗਵਾਹੀ ਦੇ ਇਨਾਮ ਵਜੋਂ ਸੀ.ਬੀ.ਆਈ. ਤੋਂ ਇਨਾਮੀ ਰਾਸ਼ੀ ਨਾ ਮਿਲਣ ਉਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਪੁੱਜ ਗਿਆ ਹੈ। ਹਾਈਕੋਰਟ ਨੇ ਪਟੀਸ਼ਨਰ ਤੋਂ ਜਵਾਬ ਮੰਗਿਆ ਹੈ ਕਿ ਉਹ ਦੱਸੇ ਕਿ ਕਿਹੜੇ ਆਧਾਰ 'ਤੇ ਉਸ ਦੀ ਗਵਾਹੀ ਨਾਲ ਹੀ ਇਸ ਕੇਸ ਨੂੰ ਹੱਲ ਕਰਨ ਵਿਚ ਪੁਲਿਸ ਨੇ ਕਾਮਯਾਬੀ ਹਾਸਲ ਕੀਤੀ ਹੈ ਤੇ ਉਸਦੀਆਂ ਕਿਹੜੀਆਂ ਗਵਾਹੀਆਂ ਨਾਲ ਦੋਸ਼ੀਆਂ ਨੂੰ ਸਜ਼ਾ ਸੁਣਾਈ ਜਾ ਸਕੀ ਹੈ।

ਮਾਮਲੇ ਦੀ ਪੰਜ ਦਸੰਬਰ ਨੂੰ ਹੋਣ ਵਾਲੀ ਸੁਣਵਾਈ ਦੌਰਾਨ ਹੁਣ ਬਲਵਿੰਦਰ ਸਿੰਘ ਨੂੰ ਇਸ ਦੀ ਜਾਣਕਾਰੀ ਹਾਈਕੋਰਟ ਨੂੰ ਦੇਣੀ ਹੋਵੇਗੀ। ਹਾਈਕੋਰਟ ਨੇ ਪਟੀਸ਼ਨਰ ਦੇ ਦਾਅਵੇ ਨਾਲ ਜੁੜੇ ਸਬੂਤ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਮਾਮਲੇ ਦੀ ਸੁਣਵਾਈ ਆਰੰਭ ਹੁੰਦੇ ਹੀ ਪਟੀਸ਼ਨਰ ਧਿਰ ਵੱਲੋਂ ਕਿਹਾ ਗਿਆ ਕਿ ਹੁਣ ਤੱਕ ਸੀ.ਬੀ.ਆਈ. ਨੇ ਉਨ੍ਹਾਂ ਨੂੰ ਐਲਾਨਿਆ ਇਨਾਮ 10 ਲੱਖ ਰੁਪਏ ਦਾ ਭੁਗਤਾਨ ਨਹੀਂ ਕੀਤਾ।

ਇਸ ਉਤੇ ਸੀ.ਬੀ.ਆਈ. ਤੇ ਯੂ.ਟੀ. ਪ੍ਰਸ਼ਾਸਨ ਵੱਲੋਂ ਕਿਹਾ ਗਿਆ ਕਿ ਪਟੀਸ਼ਨਰ ਨੂੰ ਇਨਾਮੀ ਰਾਸ਼ੀ ਤੇ ਨੌਕਰੀ ਦਿੱਤੀ ਜਾ ਚੁੱਕੀ ਹੈ। ਜਦ ਕਿ ਪਟੀਸ਼ਨਰ ਨੇ ਦੱਸਿਆ ਕਿ ਉਸ ਨੂੰ ਇਨਾਮ ਦੇ ਰੂਪ ਵਿਚ ਮਹਿਜ਼ 30 ਹਜ਼ਾਰ ਰੁਪਏ ਦਿੱਤੇ ਗਏ, ਉਹ ਵੀ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ। ਨਾਲ ਹੀ ਉਸ ਨੂੰ ਕਾਂਸਟੇਬਲ ਦੀ ਨੌਕਰੀ ਦਿੱਤੀ ਗਈ ਹੈ, ਜੋ ਪੰਜਾਬ ਸਰਕਾਰ ਨੇ ਦਿੱਤੀ ਹੈ, ਹੁਣ ਤੱਕ ਸੀ.ਬੀ.ਆਈ. ਵੱਲੋਂ ਉਸ ਨੂੰ ਕੁਝ ਨਹੀਂ ਦਿੱਤਾ ਗਿਆ। ਸੀ.ਬੀ.ਆਈ. ਨੇ ਕਿਹਾ ਕਿ ਪਟੀਸ਼ਨਰ ਤੋਂ ਇਲਾਵਾ ਹੋਰ ਕਈ ਗਵਾਹ ਸਨ, ਜੋ ਉਸ ਮਾਮਲੇ ਵਿਚ ਅਹਿਮ ਸਨ, ਅਜਿਹੇ ਵਿਚ ਮੁੱਖ ਗਵਾਹ ਜਾਂ ਉਸ ਦੀ ਗਵਾਹੀ 'ਤੇ ਕੇਸ ਸੁਲਝਾਉਣ ਦਾ ਦਾਅਵਾ ਸਹੀ ਨਹੀਂ ਹੈ।

# ਅਸਹਿਣਸ਼ੀਲਤਾ ਖਿਲਾਫ ਮੁਹਿੰਮ ਨੇ ਸਰਕਾਰ ਦੇ ਨਾਸੀਂ ਧੂੰਆਂ ਕੱਢਿਆ

**ਮੁੰਬਈ:** ਅਸਹਿਣਸ਼ੀਲਤਾ ਤੇ ਫਿਰਕੂਵਾਦ ਮੁੱਦੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਰਕਾਰ ਦੀ ਮੁਸ਼ਕਲਾਂ ਮੁੱਕਣ ਦਾ ਨਾਂ ਨਹੀਂ ਲੈ ਰਹੀਆਂ। ਉੱਘੇ ਫਿਲਮ ਨਿਰਮਾਤਾ ਕੁੰਦਨ ਸ਼ਾਹ, ਸਈਦ ਮਿਰਜ਼ਾ ਤੇ ਲੇਖਿਕਾ ਅਰੁੰਧਤੀ ਰਾਏ ਸਣੇ ਫਿਲਮ ਨਗਰੀ ਦੀਆਂ 24 ਹੋਰ ਹਸਤੀਆਂ ਨੇ ਦੇਸ਼ ਵਿਚ ਅਸਹਿਣਸ਼ੀਲਤਾ ਖਿਲਾਫ ਤੇ ਐਫ.ਟੀ.ਆਈ.ਆਈ. ਦੇ ਵਿਦਿਆਰਥੀਆਂ ਦੇ ਸੰਘਰਸ਼ ਦਾ ਸਮਰਥਨ ਕਰਦਿਆਂ ਆਪਣੇ ਕੌਮੀ ਪੁਰਸਕਾਰ ਵਾਪਸ ਕਰ ਦਿੱਤੇ। ਇਸ ਮੁਹਿੰਮ ਦੀ ਸ਼ੁਰੂਆਤ ਲੇਖਕਾਂ ਨੇ ਆਪਣੇ ਸਾਹਿਤ ਅਕਾਦਮੀ ਪੁਰਸਕਾਰ ਮੋੜ ਕੇ ਕੀਤੀ ਸੀ।

ਕੁੰਦਨ ਸ਼ਾਹ ਨੇ ਕਿਹਾ ਕਿ ਆਪਣੀ ਫਿਲਮ 'ਜਾਨੇ ਭੀ ਦੋ ਯਾਰੋ' ਲਈ ਉਨ੍ਹਾਂ ਨੂੰ ਜੋ ਇਕੋ ਇਕ ਕੌਮੀ ਪੁਰਸਕਾਰ ਮਿਲਿਆ ਸੀ, ਉਸ ਨੂੰ ਮੋੜਨ ਦਾ ਬੇਹੱਦ ਦੁੱਖ ਹੈ, ਪਰ ਐਫ.ਟੀ.ਆਈ.ਆਈ. ਦੇ ਮੁਖੀ ਵੱਜੋਂ ਗਜੇਂਦਰ ਚੌਹਾਨ ਦੀ ਨਿਯੁਕਤੀ ਖਿਲਾਫ ਇਹ ਫੈਸਲਾ ਜ਼ਰੂਰੀ ਸੀ, ਕਿਉਂਕਿ ਉਹ ਵੀ ਕਦੇ ਇਸ ਸੰਸਥਾ ਦੇ ਵਿਦਿਆਰਥੀ ਸਨ। ਐਫ.ਟੀ.ਆਈ. ਆਈ. ਦੇ ਸਾਬਕਾ ਮੁਖੀ ਤੇ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਵਰਗੀਆਂ ਫਿਲਮਾਂ ਤੇ ਟੀ.ਵੀ. ਲੜੀਵਾਰ 'ਨੁੱਕੜ' ਲਈ ਮਸ਼ਹੂਰ ਮਿਰਜ਼ਾ ਨੇ ਕਿਹਾ ਹੈ ਕਿ ਵਿਦਿਆਰਥੀਆਂ ਨੇ ਜੋ ਅੰਦੋਲਨ ਸ਼ੁਰੂ ਕੀਤਾ ਸੀ, ਉਹ ਹੁਣ ਵੱਡਾ ਹੋ ਗਿਆ ਹੈ ਤੇ ਇਹ ਹੁਣ ਅਸਹਿਣਸ਼ੀਲਤਾ, ਵੰਡ ਤੇ ਨਫਰਤ ਖਿਲਾਫ ਅੰਦੋਲਨ ਬਣ ਗਿਆ ਹੈ। ਇਸ ਦੌਰਾਨ ਲੇਖਿਕਾ ਅਰੁੰਧਤੀ ਰਾਏ ਜਿਸ ਨੂੰ ਸਰਵੋਤਮ ਪਟਕਥਾ ਲਈ 1989 ਵਿਚ ਕੌਮੀ ਪੁਰਸਕਾਰ ਮਿਲਿਆ ਸੀ, ਨੇ ਵੀ ਆਪਣਾ ਇਹ ਪੁਰਸਕਾਰ ਮੋੜ ਦਿੱਤਾ ਹੈ। ਪੁਰਸਕਾਰ ਮੋੜਨ ਵਾਲਿਆਂ ਵਿਚ ਦਸਤਾਵੇਜ਼ੀ ਫਿਲਮ ਨਿਰਮਾਤਾ ਅਨਵਰ ਜਮਾਲ, ਨਿਰਦੇਸ਼ਕ ਵਰਿੰਦਰ ਸੈਣੀ, ਪ੍ਰਦੀਪ ਕ੍ਰਿਸ਼ਨਨ, ਮਨੋਜ ਲੋਬੋ, ਵਿਵੇਕ ਸਚਿਦਾਨੰਦ ਪੀ.ਐਮ. ਸਤੀਸ਼, ਅਜੈ ਰਾਣਾ, ਨਿਰਦੇਸ਼ਕ ਸੁਧਾਕਰ ਰੈਡੀ ਯਾਕਾਂਤੀ, ਸੰਪਾਦਕ ਧਰ ਮਲਿਕ, ਸਿਨਮੈਟੋਗਰਾਫਰ ਸਤਿਆ ਰਾਏ ਨਾਗਪਾਲ, ਨਿਰਦੇਸ਼ਕ ਅਮਿਤਾਭ ਚਕਰਵਰਤੀ, ਫਿਲਮ ਨਿਰਮਾਤਾ ਤਪਨ ਬੋਸ ਤੇ ਮਧੁਸ੍ਰੀ ਦੱਤਾ, ਮੇਘਾਲਿਆ ਦੇ ਫਿਲਮ ਨਿਰਮਾਤਾ ਤਰੁਣ ਭਾਰਤੀ ਸ਼ਾਮਲ ਹਨ।

## ਕੁੰਦਨ ਸ਼ਾਹ, ਸਈਦ ਤੇ ਅਰੁੰਧਤੀ ਨੇ ਪੁਰਸਕਾਰ ਮੋੜੇ



## ਭਾਜਪਾ ਵੱਲੋਂ ਅਸਹਿਣਸ਼ੀਲਤਾ ਬਾਰੇ ਬਹਿਸ ਦਾ ਸੱਦਾ

**ਨਵੀਂ ਦਿੱਲੀ:** ਦੇਸ਼ ਵਿਚ ਫੈਲ ਰਹੀ ਨਫਰਤ ਤੇ ਅਸਹਿਣਸ਼ੀਲਤਾ ਦੇ ਮੁੱਦੇ 'ਤੇ ਘਿਰੀ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਉਹ ਇਸ ਮੁੱਦੇ 'ਤੇ ਸੰਸਦ ਵਿਚ ਬਹਿਸ ਕਰਾਉਣ ਨੂੰ ਤਿਆਰ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਐਮ ਵੈਂਕਈਆ ਨਾਇਡੂ ਨੇ ਕਿਹਾ ਕਿ ਸੰਸਦ ਵਿਚ ਇਸ 'ਤੇ ਬਹਿਸ ਹੋ ਸਕਦੀ ਹੈ ਕਿ ਕੌਣ ਸਹਿਣਸ਼ੀਲ ਹੈ, ਕਿਸ ਨੇ ਐਮਰਜੈਂਸੀ ਥੋਪੀ, ਮੀਡੀਆ 'ਤੇ ਰੋਕ ਕਿਸ ਨੇ ਲਾਈ, ਜੱਜਾਂ ਦਾ ਵੱਕਾਰ ਕਿਸ ਨੇ ਦਾਅ 'ਤੇ ਲਾਇਆ ਤੇ ਸਿੱਖ ਕਤਲੇਆਮ ਲਈ ਕੌਣ ਜ਼ਿੰਮੇਵਾਰ ਸੀ? ਕਸ਼ਮੀਰੀ ਪੰਡਤਾਂ ਨਾਲ ਕੀ ਭਾਣਾ ਵਾਪਰਿਆ? ਇਨ੍ਹਾਂ ਸਾਰੇ ਮਸਲਿਆਂ 'ਤੇ ਸੰਸਦ ਵਿਚ ਆਰਾਮ ਨਾਲ ਬਹਿਸ ਹੋ ਸਕਦੀ ਹੈ।

## ਸਰਕਾਰ ਦੇ ਪੱਖ ਵਿਚ ਨਿੱਤਰੇ ਅਦਾਕਾਰ ਅਨੁਪਮ ਖੇਰ

**ਨਵੀਂ ਦਿੱਲੀ:** ਬਾਲੀਵੁੱਡ ਅਦਾਕਾਰ ਅਨੁਪਮ ਖੇਰ ਨੇ ਲੇਖਕਾਂ, ਕਲਾਕਾਰਾਂ ਤੇ ਹੋਰਾਂ ਵੱਲੋਂ ਵੱਧ ਰਹੀ ਅਸਹਿਣਸ਼ੀਲਤਾ ਖਿਲਾਫ ਆਵਾਜ਼ ਬੁਲੰਦ ਕਰਨ ਦੀ ਧਾਰ ਨੂੰ ਖੁੰਡਾ ਕਰਨ ਲਈ ਰਾਸ਼ਟਰਪਤੀ ਭਵਨ ਤੱਕ ਮਾਰਚ ਕੱਢਿਆ। ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਮਿਲੇ। ਉਨ੍ਹਾਂ ਕਿਹਾ ਕਿ ਪੁਰਸਕਾਰ ਮੋੜ ਕੇ ਭਾਰਤ ਦੀ ਗਲਤ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਸ੍ਰੀ ਖੇਰ ਦੇ ਨਾਲ ਡਾਇਰੈਕਟਰ ਮਧੁਰ ਭੰਡਾਰਕਰ, ਪੇਂਟਰ ਵਾਸੂਦੇਵ ਕਾਮਥ ਸਮੇਤ 11 ਹੋਰ ਮੈਂਬਰਾਂ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਇਸ ਬਾਰੇ ਮੰਗ ਪੱਤਰ ਵੀ ਸੌਂਪਿਆ।

## ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਵਾਪਸ ਲੈਣ ਦੀ ਅਪੀਲ

**ਮੁੰਬਈ:** ਸਾਹਿਤ ਅਕਾਦਮੀ ਨੇ ਫਿਰ ਲੇਖਕਾਂ ਨੂੰ ਇਹ ਕਹਿੰਦੇ ਹੋਏ ਪੁਰਸਕਾਰ ਵਾਪਸ ਲੈਣ ਦੀ ਅਪੀਲ ਕੀਤੀ ਹੈ ਕਿ ਇਹ ਪਿਆਰ ਤੇ ਸਤਿਕਾਰ ਦਾ ਪ੍ਰਤੀਕ ਹਨ ਤੇ ਅਜਿਹੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਇਥੇ ਭਾਰਤੀ ਕਵੀ ਮੇਲੇ ਵਿਚ ਸਾਹਿਤ ਅਕਾਦਮੀ ਦੇ ਪ੍ਰਧਾਨ ਵਿਸ਼ਵਨਾਥ ਪ੍ਰਸਾਦ ਤਿਵਾੜੀ ਨੇ ਕਿਹਾ ਕਿ ਸਾਹਿਤ ਅਕਾਦਮੀ ਲੇਖਕਾਂ ਦੀ ਆਪਣੀ ਸੰਸਥਾ ਹੈ ਤੇ ਹਮੇਸ਼ਾਂ ਬੋਲਣ ਦੀ ਆਜ਼ਾਦੀ ਦਾ ਸਮਰਥਨ ਕਰਦੀ ਹੈ। ਇਹ ਲੇਖਕਾਂ ਦੇ ਖਿਲਾਫ ਨਹੀਂ। ਦੇਸ਼ ਵਿਚ ਦੁਖਦਾਈ ਘਟਨਾਵਾਂ ਵਾਪਰਨ ਕਰਕੇ ਸਾਹਿਤਕਾਰਾਂ ਵੱਲੋਂ ਐਵਾਰਡ ਵਾਪਸ ਕਰਨ ਨਾਲ ਸਾਨੂੰ ਬਹੁਤ ਦੁੱਖ ਪਹੁੰਚਿਆ ਹੈ।

## ਮਨਮੋਹਨ ਸਿੰਘ ਨੇ ਵੀ ਖਾਮੋਸ਼ੀ ਤੋੜੀ

**ਨਵੀਂ ਦਿੱਲੀ:** ਦੇਸ਼ ਵਿਚ ਅਸਹਿਣਸ਼ੀਲਤਾ ਬਾਰੇ ਚੱਲ ਰਹੀ ਬਹਿਸ 'ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਆਪਣੀ ਖਾਮੋਸ਼ੀ ਤੋੜ ਦਿੱਤੀ ਹੈ। ਉਨ੍ਹਾਂ ਕੁਝ ਵੱਖਵਾਦੀ ਗੁੱਟਾਂ ਵੱਲੋਂ ਵਿਚਾਰਾਂ ਦੀ ਆਜ਼ਾਦੀ ਦੇ ਹੱਕ 'ਤੇ ਹਮਲੇ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਇਹ ਦੇਸ਼ 'ਤੇ ਹਮਲੇ ਵਾਂਗ ਹੈ। ਉਨ੍ਹਾਂ ਤਾਕੀਦ ਕੀਤੀ ਹੈ ਕਿ ਜੇਕਰ ਵਨਸੁਵੰਨਤਾ, ਧਰਮ ਨਿਰਪੇਖ ਤੇ ਬਹੁਲਵਾਦ ਪ੍ਰਤੀ ਏਕਤਾ ਤੇ ਸਤਿਕਾਰ ਨਹੀਂ ਹੈ ਤਾਂ ਗਣਤੰਤਰ ਨੂੰ ਖਤਰਾ ਪੈਦਾ ਹੋ ਸਕਦਾ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਧਰਮ ਨਿੱਜੀ ਮਾਮਲਾ ਹੈ ਅਤੇ ਰਾਜ ਸਮੇਤ ਕੋਈ ਵੀ ਇਸ ਵਿਚ ਦਖਲ ਨਹੀਂ ਦੇ ਸਕਦਾ।

# ਜਗਦੀਸ਼ ਟਾਇਟਲਰ ਮਾਮਲੇ ਵਿਚ ਹਰਸਿਮਰਤ ਕੌਰ ਬਾਦਲ ਨੂੰ ਘੇਰਾ

**ਬਠਿੰਡਾ:** 1984 ਵਿਚ ਹੋਏ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਜਗਦੀਸ਼ ਟਾਇਟਲਰ ਵਿਰੁੱਧ ਪੁਖਤਾ ਸਬੂਤਾਂ ਦੇ ਬਾਵਜੂਦ ਉਸ ਨੂੰ ਬੇਕਸੂਰ ਕਰਾਰ ਦੇ ਕੇ ਇਸ ਮਾਮਲੇ ਦੀ ਕਲੋਜ਼ਰ ਰਿਪੋਰਟ ਦਾਖਲ ਕਰਨ ਵਾਲੀ ਐਨ.ਡੀ.ਏ. ਸਰਕਾਰ ਦੀ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਤੁਰੰਤ ਅਸਤੀਫਾ ਦੇਣ।

1984 ਪੀੜਤਾਂ ਦੇ ਕੇਸ ਲੜ ਰਹੇ ਪ੍ਰਸਿੱਧ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਹਰਸਿਮਰਤ ਕੌਰ ਬਾਦਲ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਸੱਤਾ ਵਿਚ ਆਉਂਦਿਆਂ ਹੀ ਉਹ 1984 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਗੇ। ਦੇਸ਼ ਦੀ ਐਨ.ਡੀ.ਏ. ਸਰਕਾਰ ਦੇ ਰਾਜ, ਜਿਸ ਵਿਚ ਹਰਸਿਮਰਤ ਕੌਰ ਬਾਦਲ ਕੈਬਨਿਟ ਮੰਤਰੀ ਹਨ, ਵੱਲੋਂ ਟਾਇਟਲਰ ਨੂੰ ਬੇਕਸੂਰ ਕਰਾਰ ਦਿੰਦਿਆਂ ਦਸੰਬਰ 2014 ਵਿਚ ਚੁੱਪ ਚਪੀਤੇ ਹੀ ਕਲੋਜ਼ਰ ਰਿਪੋਰਟ ਦੇ ਦਿੱਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਟਾਇਟਲਰ ਵਿਰੁੱਧ ਸੀ.ਬੀ.ਆਈ. ਕੋਲ ਗਵਾਹਾਂ ਨੂੰ ਡਰਾਉਣ ਧਮਕਾਉਣ ਤੇ ਖਰੀਦਣ ਲਈ ਹਵਾਲਾ ਰਾਹੀਂ ਕੈਨੇਡਾ ਭੇਜੇ ਗਏ ਪੰਜ ਕਰੋੜ ਰੁਪਏ ਦੇ ਪੁਖਤਾ ਸਬੂਤ ਹੋਣ ਦੇ ਬਾਵਜੂਦ ਵੀ ਸੀ.ਬੀ.ਆਈ. ਨੇ ਸਰਕਾਰ ਦੇ ਕਹਿਣ 'ਤੇ ਕਲੋਜ਼ਰ ਰਿਪੋਰਟ ਦਾਖਲ ਕੀਤੀ ਹੈ।

1984 ਦੇ ਕਤਲੇਆਮ ਵਿਚ ਇਕ ਹੋਰ ਦੋਸ਼ੀ ਸੱਜਣ ਕੁਮਾਰ ਵਿਰੁੱਧ ਦਿੱਲੀ ਦੇ ਨੰਗਲੋਈ ਥਾਣੇ ਵਿਚ 1992 ਵਿਚ ਚਾਰਜਸ਼ੀਟ ਹੋਈ ਸੀ, ਜਿਸ ਦਾ 1992 ਤੋਂ ਲੈ ਕੇ ਅੱਜ ਤੱਕ ਚਲਾਣ ਹੀ ਪੇਸ਼ ਨਹੀਂ ਹੋ ਸਕਿਆ, ਜਦਕਿ ਆਮ ਤੌਰ 'ਤੇ ਚਾਰਜਸ਼ੀਟ ਤੋਂ ਦੋ ਹਫਤਿਆਂ ਦੇ ਦਰਮਿਆਨ ਹੀ ਚਲਾਣ ਪੇਸ਼ ਹੋ ਜਾਂਦਾ ਹੈ।

ਬੀਬੀ ਬਾਦਲ ਉਤੇ ਅਸਤੀਫਾ ਦੇਣ ਲਈ ਦਬਾਅ ਬਣਾਉਣ ਲਈ ਬਰਗਾੜੀ ਤੋਂ ਹਰਸਿਮਰਤ ਕੌਰ ਦੇ ਬਠਿੰਡਾ ਸਥਿਤ ਦਫਤਰ ਤੱਕ 45 ਕਿਲੋਮੀਟਰ ਸਾਈਕਲ ਰੈਲੀ ਕਰਨ ਜਾ ਰਹੇ ਹਨ, ਜਿਸ ਵਿਚੋਂ ਸਾਰੇ ਮਨੁੱਖੀ ਅਧਿਕਾਰ ਸੰਗਠਨਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਹਿੱਸਾ ਲੈਣਗੇ।

# ਕੋਹੇਨੂਰ ਲਈ ਮਹਾਰਾਣੀ ਐਲਿਜ਼ਬੈਥ ਨੂੰ ਕਰਨਾ ਪਵੇਗਾ ਕਾਨੂੰਨੀ ਚੁਣੌਤੀ ਦਾ ਸਾਹਮਣਾ

**ਲੰਡਨ:** ਭਾਰਤੀ ਕਾਰੋਬਾਰੀਆਂ ਤੇ ਕਲਾਕਾਰਾਂ ਦੇ ਇਕ ਗਰੁੱਪ ਵੱਲੋਂ ਵਿਸ਼ਵ ਪ੍ਰਸਿੱਧ 'ਕੋਹੇਨੂਰ' ਹੀਰਾ ਭਾਰਤ ਨੂੰ ਵਾਪਸ ਕਰਨ ਲਈ ਬਰਤਾਨੀਆ ਦੀ ਮਹਾਰਾਣੀ ਐਲਿਜ਼ਬੈਥ-2 ਨੂੰ ਕਾਨੂੰਨੀ ਚੁਣੌਤੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। 105-ਕੈਰੇਟ ਦਾ ਹੀਰਾ, ਜੋ ਭਾਰਤ ਤੋਂ ਤਕਰੀਬਨ 800 ਸਾਲ ਪਹਿਲਾਂ ਖੋਹਿਆ ਮੰਨਿਆ ਜਾਂਦਾ ਹੈ, ਰਾਣੀ ਵਿਕਟੋਰੀਆ ਨੂੰ ਉਸ ਦੇ ਰਾਜ ਦੇ ਦੌਰਾਨ ਪੇਸ਼ ਕੀਤਾ ਗਿਆ ਸੀ ਤੇ ਹੁਣ ਇਸ ਨੂੰ ਮਹਾਰਾਣੀ ਐਲਿਜ਼ਬੈਥ-2 ਦੀ ਮਾਂ ਦੇ ਤਾਜ ਵਿਚ ਜੜਿਆ ਹੈ ਤੇ ਲੰਡਨ ਟਾਵਰ ਵਿਚ ਆਮ ਲੋਕਾਂ ਦੇ ਵੇਖਣ ਲਈ ਰੱਖਿਆ ਗਿਆ ਹੈ।

ਭਾਰਤੀ ਮਨੋਰੰਜਨ ਗਰੁੱਪ 'ਟਿਟੋਸ' ਦੇ ਸਹਿ-ਸੰਸਥਾਪਕ ਡੇਵਿਡ ਡੀ ਸੂਜ਼ਾ ਕਾਨੂੰਨੀ ਚਾਰਾਜੋਈ ਕਰਨ ਲਈ ਫੰਡ ਦੀ ਮਦਦ ਕਰ ਰਹੇ ਹਨ ਤੇ ਉਨ੍ਹਾਂ ਬ੍ਰਿਟਿਸ਼ ਵਕੀਲਾਂ ਨੂੰ ਹਾਈਕੋਰਟ ਵਿਚ ਕੇਸ ਸ਼ੁਰੂ ਕਰਨ ਦੀ ਹਦਾਇਤ ਦਿੱਤੀ ਹੈ। ਡੀਸੂਜ਼ਾ ਨੇ 'ਸੰਡੇ ਟੈਲੀਗ੍ਰਾਫ' ਨੂੰ ਦੱਸਿਆ ਕਿ 'ਕੋਹੇਨੂਰ' ਉਨ੍ਹਾਂ ਕਈ ਕਲਾਕ੍ਰਿਤੀਆਂ ਵਿਚੋਂ ਇਕ ਸੀ, ਜਿਸ ਨੂੰ ਸ਼ੱਕੀ ਹਾਲਾਤ ਵਿਚ ਭਾਰਤ ਤੋਂ ਇਥੇ ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ ਕਿ 'ਕੋਹੇਨੂਰ' ਨੂੰ ਭਾਰਤ ਤੋਂ ਧੋਖੇ ਨਾਲ ਲਿਆਂਦਾ ਗਿਆ ਸੀ। ਮਜੇ ਦੀ ਗੱਲ ਇਹ ਹੈ ਕਿ 'ਕੋਹੇਨੂਰ' ਲਈ ਇਹ ਕਾਨੂੰਨੀ ਪ੍ਰਕਿਰਿਆ ਉਸ ਵੇਲੇ ਹੋ ਰਹੀ ਹੈ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਕਿੰਘਮ ਪੈਲਿਸ ਵਿਖੇ ਮਹਾਰਾਣੀ ਐਲਿਜ਼ਬੈਥ ਦੇ ਸੱਦੇ 'ਤੇ ਖਾਣੇ ਦੀ ਦਾਅਵਤ ਉਤੇ ਜਾ ਰਹੇ ਹਨ।



ਜ਼ਿਕਰਯੋਗ ਹੈ ਕਿ ਖਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਬੇਟੇ ਮਹਾਰਾਜਾ ਦਲੀਪ ਸਿੰਘ ਤੋਂ ਮਹਾਰਾਣੀ ਵਿਕਟੋਰੀਆ ਨੂੰ ਉਸ ਵੇਲੇ ਧੋਖੇ ਨਾਲ 'ਕੋਹੇਨੂਰ' ਦਿਵਾਇਆ ਗਿਆ ਸੀ, ਜਦੋਂ ਦਲੀਪ ਸਿੰਘ 13 ਸਾਲ ਦਾ ਸੀ। ਉਸ ਨੂੰ ਗ੍ਰਿਫਤਾਰ ਕਰਕੇ ਬਰਤਾਨੀਆ ਲਿਆਂਦਾ ਗਿਆ ਸੀ। ਇਸ ਵੇਲੇ ਹੀ 'ਰੋਸ਼ਨੀ ਦੇ ਪਹਾੜ' ਵਜੋਂ ਜਾਣੇ ਜਾਂਦੇ 'ਕੋਹੇਨੂਰ' ਨੂੰ ਹਥਿਆਇਆ ਗਿਆ ਸੀ। ਮੁਹਿੰਮਕਾਰਾਂ ਨੇ ਬਰਤਾਨਵੀ ਕਾਨੂੰਨ ਅਧੀਨ ਗਵਾਚੀ ਕਲਾਕ੍ਰਿਤੀਆਂ ਅਧੀਨ ਵਾਪਸੀ ਮੰਗੀ ਹੈ।

# ਫਰਾਂਸੀਸੀ ਔਰਤ ਦੀ ਰਿਹਾਈ ਉਤੇ ਸਵਾਲ


**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1991 ਵਿਚ ਚਿਲੀ ਦੇ ਸੈਨੇਟਰ ਦੀ ਹੱਤਿਆ ਦੇ ਮਾਮਲੇ ਵਿਚ ਸ਼ਾਮਲ ਹਵਾਲਗੀ ਦਾ ਸਾਹਮਣਾ ਕਰ ਰਹੀ ਇਕ ਫਰਾਂਸੀਸੀ ਔਰਤ ਦੀ ਰਿਹਾਈ ਦਾ ਵਿਰੋਧ ਕਰਨ ਲਈ ਸਰਕਾਰ ਦੇ ਰਵਈਏ 'ਤੇ ਸਵਾਲ ਉਠਾਇਆ ਹੈ। ਬੈਂਚ ਨੇ ਕੇਰਲਾ ਦੇ ਦੋ ਮਛੇਰਿਆਂ ਦੀ ਹੱਤਿਆ ਦੇ ਮਾਮਲੇ ਦੇ ਦੋਸ਼ੀ ਇਟਲੀ ਦੀ ਸਮੁੰਦਰੀ ਸੈਨਾ ਦੇ ਦੋ ਜਵਾਨਾਂ ਨੂੰ ਰਿਹਾਅ ਕਰਨ ਜਦ ਕਿ ਫਰਾਂਸੀਸੀ ਔਰਤ ਦੀ ਰਿਹਾਈ ਦਾ ਵਿਰੋਧ ਕਰਨ ਦੇ ਮਾਮਲਿਆਂ ਵਿਚ ਪ੍ਰਸਪਰ ਵਿਰੋਧੀ ਰਵੱਈਆ ਅਪਨਾਉਣ ਬਾਰੇ ਕੇਂਦਰ ਤੋਂ ਜਵਾਬ ਮੰਗਿਆ ਹੈ।

ਬੈਂਚ ਨੇ ਕਿਹਾ ਹੈ ਕਿ ਜੇਕਰ ਫਰਾਂਸੀਸੀ ਸਰਕਾਰ ਔਰਤ ਨੂੰ ਵਾਪਸ ਮੰਗਵਾਉਣਾ ਚਾਹੁੰਦੀ ਹੈ ਤਾਂ ਤੁਹਾਨੂੰ ਇਸ ਵਿਚ ਕੀ ਸਮੱਸਿਆ ਹੈ। ਜੇਕਰ ਤੁਸੀਂ ਇਟਲੀ ਦੀ ਸਰਕਾਰ ਦਾ ਸਤਿਕਾਰ ਕੀਤਾ ਹੈ ਤਾਂ ਤੁਹਾਨੂੰ ਫਰਾਂਸੀਸੀ ਸਰਕਾਰ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਵਰਥੋਵਨ ਨੂੰ ਨੇਪਾਲ ਰਾਹੀਂ ਭਾਰਤ ਵਿਚ ਦਾਖਲ ਹੋਣ ਸਮੇਂ 16 ਫਰਵਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਹਾਫਿਜ਼ ਵੱਲੋਂ ਸ਼ਾਹਰੁਖ ਨੂੰ ਪਾਕਿਸਤਾਨ ਵੱਸਣ ਦੇ ਸੱਦੇ 'ਤੇ ਵਿਵਾਦ

**ਨਵੀਂ ਦਿੱਲੀ:** ਦੇਸ਼ ਵਿਚ ਅਸਹਿਣਸ਼ੀਲਤਾ ਦੇ ਮਸਲੇ 'ਤੇ ਹੁਣ ਇਕ ਨਵਾਂ ਵਿਵਾਦ ਪੈਦਾ ਹੋ ਗਿਆ ਹੈ। ਮੁੰਬਈ ਹਮਲਿਆਂ ਦੇ ਮਾਸਟਰਮਾਈਂਡ ਅਤਿਵਾਦੀ ਹਾਫਿਜ਼ ਸਈਦ ਨੇ ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਨੂੰ ਪਾਕਿਸਤਾਨ ਵਿਚ ਵੱਸਣ ਦਾ ਸੱਦਾ ਦਿੱਤਾ ਹੈ। ਹਾਫਿਜ਼ ਸਈਦ ਨੇ ਟਵਿੱਟਰ 'ਤੇ ਲਿਖਿਆ ਕਿ ਭਾਰਤ ਵਿਚ ਧਰਮ ਦੀ ਵਜ੍ਹਾ ਕਾਰਨ ਪਰੇਸ਼ਾਨੀ ਝੱਲ ਰਹੇ ਮੁਸਲਮਾਨ ਪਾਕਿਸਤਾਨ ਆ ਸਕਦੇ ਹਨ। ਹਾਫਿਜ਼ ਦਾ ਟਵੀਟ ਉਸ ਵਕਤ ਆਇਆ ਜਦੋਂ ਸ਼ਾਹਰੁਖ ਖਾਨ ਆਪਣੇ ਉਸ ਬਿਆਨ ਕਾਰਨ ਪਹਿਲੇ ਹੀ ਨਿਸ਼ਾਨੇ 'ਤੇ ਹਨ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਦੇਸ਼ ਵਿਚ ਅਸਹਿਣਸ਼ੀਲਤਾ ਫੈਲੀ ਹੋਈ ਹੈ।

ਹਾਫਿਜ਼ ਨੇ ਇਹ ਬਿਆਨ ਭਾਰਤ ਵਿਚ ਸ਼ਾਹਰੁਖ 'ਤੇ ਭਾਜਪਾ ਆਗੂਆਂ ਦੇ ਸ਼ਬਦੀ ਹਮਲੇ ਤੋਂ ਬਾਅਦ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸਾਧਵੀ ਪ੍ਰਾਚੀ ਨੇ ਸ਼ਾਹਰੁਖ ਨੂੰ ਪਾਕਿ ਦਾ ਏਜੰਟ ਦੱਸਿਆ ਹੈ ਤੇ ਕਿਹਾ ਹੈ ਕਿ ਉਸ ਨੂੰ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ, ਜਦੋਂਕਿ ਭਾਜਪਾ ਆਗੂ ਕੈਲਾਸ਼ ਵਿਜੈਵਰਗੀ ਨੇ ਕਿਹਾ ਕਿ ਸ਼ਾਹਰੁਖ ਦੀ ਆਤਮਾ ਪਾਕਿਸਤਾਨ ਵਿਚ ਹੈ ਤੇ ਉਹ ਦੇਸ਼ ਵਿਰੋਧੀ ਹੈ।



## ਸ਼ਾਹਰੁਖ ਖਾਨ ਦੀ ਤੁਲਨਾ ਹਾਫਿਜ਼ ਸਈਦ ਨਾਲ

**ਨਵੀਂ ਦਿੱਲੀ:** ਭਾਜਪਾ ਲੋਕ ਸਭਾ ਮੈਂਬਰ ਯੋਗੀ ਅਦਿੱਤਿਆਨਾਥ ਨੇ ਬਾਲੀਵੁੱਡ ਨਾਇਕ ਸ਼ਾਹਰੁਖ ਖਾਨ ਦੀ ਤੁਲਨਾ ਅਤਿਵਾਦੀ ਹਾਫਿਜ਼ ਸਈਦ ਨਾਲ ਕਰਦੇ ਹੋਏ ਕਿਹਾ ਕਿ ਸ਼ਾਹਰੁਖ ਤੇ ਸਈਦ ਦੀ ਬੋਲੀ ਵਿਚ ਕੋਈ ਅੰਤਰ ਨਹੀਂ।

ਭਾਜਪਾ ਦੇ ਜਨਰਲ ਸਕੱਤਰ ਵਿਜੈਵਰਗੀ ਦੇ ਟਵੀਟ ਦਾ ਸਮਰਥਨ ਕਰਦੇ ਹੋਏ ਅਦਿੱਤਿਆਨਾਥ ਨੇ ਕਿਹਾ ਕਿ ਹਾਫਿਜ਼ ਸਈਦ ਤੇ ਸ਼ਾਹਰੁਖ ਖਾਨ ਦੀ ਬੋਲੀ ਵਿਚ ਕੋਈ ਅੰਤਰ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਦੇ ਬਹੁ-ਗਿਣਤੀ ਲੋਕ ਸ਼ਾਹਰੁਖ ਦੀਆਂ ਫਿਲਮਾਂ ਦਾ ਬਾਈਕਾਟ ਕਰ ਦੇਣ ਤਾਂ ਉਹ ਦੂਸਰੇ ਮੁਸਲਮਾਨਾਂ ਵਾਂਗ ਸੜਕ 'ਤੇ ਆ ਜਾਣਗੇ।

## ਮੋਦੀ ਦਾ ਖ਼ੌਫ ਮੁਜਾਹਿਦੀਨ ਤੋਂ ਵੱਧ: ਅਚਾਰੀਆ

**ਨਵੀਂ ਦਿੱਲੀ:** ਹਾਲ ਹੀ ਵਿਚ ਦੇਸ਼ ਦੇ ਮਾਹੌਲ ਬਾਰੇ ਹੋ ਰਹੀ ਬਿਆਨਬਾਜ਼ੀ ਵਿਚ ਧਰਮ ਗੁਰੂ ਅਚਾਰੀਆ ਪ੍ਰਮੋਦ ਕ੍ਰਿਸ਼ਨਮ ਨੇ ਵੀ ਵਿਵਾਦਤ ਬਿਆਨ ਦੇ ਦਿੱਤਾ ਹੈ। ਇਸ ਬਿਆਨ ਨੇ ਅੱਗ ਵਿਚ ਘਿਉ ਦਾ ਕੰਮ ਕੀਤਾ ਹੈ। ਅਚਾਰੀਆ ਨੇ ਪੀ.ਐਮ. ਮੋਦੀ 'ਤੇ ਹਮਲਾ ਕਰਦਿਆਂ ਉਨ੍ਹਾਂ ਦੀ ਤੁਲਨਾ ਇੰਡੀਅਨ ਮੁਜਾਹਿਦੀਨ ਨਾਲ ਕਰ ਦਿੱਤੀ ਹੈ।

ਪ੍ਰਮੋਦ ਕ੍ਰਿਸ਼ਨਮ ਨੇ ਕਿਹਾ ਹੈ ਕਿ ਇਸ ਦੇਸ਼ ਵਿਚ ਲੋਕ ਜਿੰਨਾ ਇੰਡੀਅਨ ਮੁਜਾਹਿਦੀਨ ਤੋਂ ਡਰਦੇ ਹਨ, ਉਨ੍ਹਾਂ ਡਰ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਵੀ ਹੈ। ਉਨ੍ਹਾਂ ਨੇ ਬੀ.ਜੇ.ਪੀ. ਸੰਸਦ ਮੈਂਬਰ ਸਾਕਸ਼ੀ ਮਹਾਰਾਜ ਤੇ ਯੋਗੀ ਆਦਿੱਤਿਆਨਾਥ 'ਤੇ ਵੀ ਨਿਸ਼ਾਨੇ ਸਾਧੇ।

# ਮਜ਼ਹਬੀ ਜਨੂੰਨ ਅਤੇ ਲੋਕਾਂ ਦਾ ਵਸਾਇਆ ਭਾਰਤ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਮਜ਼ਹਬ ਦੇ ਖੇਤਰ ਵਿਚ ਹੋ ਰਹੀ ਧੋਖਾਧੜੀ ਤੇ ਇਸ ਵਿਹਾਰ ਤੋਂ ਖਿਝੇ ਲੋਕਾਂ ਦੀ ਧਰਮ ਤੋਂ ਦੂਰੀ ਵਧਦੀ ਜਾ ਰਹੀ ਹੈ। ਧਰਮ ਤੋਂ ਲੋਕਾਂ ਦੀ ਵਧਦੀ ਦੂਰੀ ਦੇ ਦੋ ਰੰਗ ਹੋ ਸਕਦੇ ਹਨ। ਇੱਕ ਤਾਂ ਇਹ ਕਿ ਉਹ ਧਰਮ ਦੀ ਬੁਨਿਆਦ, ਜਿਸ ਨੂੰ ਰੱਬ ਕਿਹਾ ਜਾਂਦਾ ਹੈ, ਦੀ ਹੋਂਦ ਤੋਂ ਇਨਕਾਰੀ ਹੋ ਜਾਣ। ਇਹ ਗੱਲ ਕੋਈ ਨਵੀਂ ਨਹੀਂ ਹੋਣੀ, ਆਦਿ ਕਾਲ ਤੋਂ ਹੁੰਦਾ ਆ ਰਿਹਾ ਹੈ। ਪੁਰਾਣੇ ਸਮਿਆਂ ਵਿਚ ਇਸ ਬਾਰੇ ਬਹਿਸ ਸਗੋਂ ਸਹਿਣਸ਼ੀਲਤਾ ਨਾਲ ਚੱਲਦੀ ਸੀ। ਰੱਬ ਦੀ ਹੋਂਦ ਮੰਨਣ ਅਤੇ ਇਸ ਹੋਂਦ ਬਾਰੇ ਕਿੰਤੂ ਕਰਨ ਵਾਲੇ ਚਿੰਤਕ ਆਪਸ ਵਿਚ ਵਿਚਾਰ-ਵਟਾਂਦਰੇ ਵੀ ਕਰਦੇ ਹੁੰਦੇ ਸਨ। ਦਲੀਲ ਦੀ ਥਾਂ ਸੋਟੇ ਮਾਰਨ ਅਤੇ ਕਤਲ ਦੀ ਧਮਕੀ ਦੇਣ ਦਾ ਕੰਮ ਉਦੋਂ ਵੀ ਹੋ ਜਾਂਦਾ ਸੀ, ਪਰ ਸਹਿਣਸ਼ੀਲਤਾ ਦੀ ਬਹਿਸ ਦਾ ਵਰਤਾਰਾ ਕਦੇ ਰੁਕਿਆ ਨਹੀਂ ਸੀ। ਹੁਣ ਇਸ ਬਹਿਸ ਦੇ ਅੱਗੇ ਬੰਨ੍ਹ ਲਾਏ ਜਾਣ ਲੱਗੇ ਹਨ। ਕਿਸੇ ਵੀ ਧਾਰਮਿਕ ਅਦਾਰੇ ਵਿਚੋਂ ਇਹ ਨਾਅਰਾ ਲੱਗ ਜਾਣਾ ਸਧਾਰਨ ਗੱਲ ਹੈ ਕਿ 'ਧਰਮ ਦੀ ਜੈ ਹੋ, ਅਧਰਮ ਦਾ ਨਾਸ ਹੋ', ਪਰ ਧਰਮ ਦੀ ਧਾਰਨਾ ਕੀ ਹੈ? ਇਸ ਦਾ ਨਾਅਰਾ ਲਾਉਣ ਵਾਲੇ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ। ਨਾਅਰਾ ਬਸ ਨਾਅਰਾ ਹੁੰਦਾ ਹੈ। ਕਿਸੇ ਦੀ ਜੁਰਅੱਤ ਨਹੀਂ ਹੁੰਦੀ ਕਿ ਜਵਾਬ ਵਿਚ 'ਅਧਰਮ ਦੀ ਜੈ' ਦਾ ਨਾਅਰਾ ਲਾ ਦੇਵੇ। ਜਦੋਂ ਕਦੇ ਕੋਈ ਇਸ ਤਰ੍ਹਾਂ ਦੀ ਗੱਲ ਸੋਚੇਗਾ ਵੀ, ਆਪੋ ਵਿਚ ਲਗਾਤਾਰ ਲੜਦੇ ਰਹਿਣ ਵਾਲੇ ਸਾਰੇ ਧਰਮਾਂ ਦੇ ਠੇਕੇਦਾਰ ਮਿਲ ਕੇ ਉਸ ਦੇ ਗਲ਼ ਪੈ ਜਾਣਗੇ।

ਧਰਮ ਤੋਂ ਦੂਰੀ ਦਾ ਦੂਸਰਾ ਰੰਗ ਉਨ੍ਹਾਂ ਲੋਕਾਂ ਦਾ ਹੈ, ਜਿਹੜੇ ਕਿਸੇ ਧਰਮ ਦਾ ਵਿਰੋਧ ਕਦੇ ਨਹੀਂ ਕਰਦੇ, ਪਰ ਆਪਣੇ ਬਾਰੇ ਇਹ ਗੱਲ ਹਿੱਕ ਠੋਕ ਕੇ ਕਹਿੰਦੇ ਹਨ ਕਿ ਮੈਂ ਕਿਸੇ ਧਰਮ ਦੇ ਨਾਲ ਨਹੀਂ। ਇਨ੍ਹਾਂ ਲੋਕਾਂ ਦੇ ਵੀ ਦੋ ਰੰਗ ਮੰਨੇ ਜਾਂਦੇ ਹਨ। ਇੱਕ ਉਹ ਲੋਕ ਹਨ, ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਰਸ਼ਾਂ ਵਿਚ ਦਰਬਾਰ ਸਜਾਈ ਬੈਠੇ ਕਿਸੇ ਅਣਦਿਸਦੇ ਰੱਬ ਦੀ ਹੋਂਦ ਵਿਚ ਯਕੀਨ ਨਹੀਂ। ਦੂਸਰੇ ਰੰਗ ਵਾਲੇ ਲੋਕ ਰੱਬ ਦੀ ਹੋਂਦ ਨੂੰ ਨਕਾਰਦੇ ਨਹੀਂ, ਪਰ ਉਸ ਨੂੰ ਲੱਭਣ ਲਈ ਕਿਸੇ ਧਰਮ ਨਾਲ ਜੁੜਨ ਤੋਂ ਇਨਕਾਰੀ ਹਨ। ਉਹ ਧਰਮ ਨਿਰਲੇਪ ਹਨ। ਸੰਸਾਰ ਵਿਚ ਇਹੋ ਜਿਹੇ ਲੋਕਾਂ ਦੀ ਗਿਣਤੀ ਲਗਾਤਾਰ ਵਧਦੀ ਜਾਂਦੀ ਹੈ ਤੇ ਇੱਕ ਤਰ੍ਹਾਂ ਇਹ ਠੀਕ ਹੋ ਰਿਹਾ ਹੈ।

ਸਾਡੇ ਸਮਿਆਂ ਵਿਚ ਧਰਮ ਦੇ ਅਰਥ ਬਦਲਦੇ ਜਾ ਰਹੇ ਹਨ। ਵੱਡੇ-ਵੱਡੇ ਡੇਰਿਆਂ ਤੇ ਮਹਿੰਗੀਆਂ ਕਾਰਾਂ ਨਾਲ ਕਾਫਲਿਆਂ ਦੇ ਰੂਪ ਵਿਚ ਬੰਦੂਕਾਂ ਦੀ ਛਾਂ ਹੇਠ ਚੱਲਦੇ ਲੋਕ ਧਰਮ ਦੇ ਪ੍ਰਤੀਕ ਮੰਨੇ ਜਾਣ ਲੱਗ ਪਏ ਹਨ। ਗਰੀਬ ਲਾਲੋ ਦੇ ਘਰ ਬਹਿ ਕੇ ਰੁੱਖੀ-ਮਿੱਸੀ ਖਾਣ ਵਾਲੇ ਗੁਰੂ ਬਾਬੇ ਦੀ ਫੋਟੋ ਨੂੰ ਮੱਥਾ ਟੇਕਿਆ ਜਾਂਦਾ ਹੈ, ਪਰ ਉਸ ਦਾ ਸਿਧਾਂਤ ਪਾਸੇ ਕਰ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਦੇ ਮੁਖੀ ਨੇ ਹਰਿਮੰਦਰ ਸਾਹਿਬ ਆਉਣਾ ਹੋਵੇ ਤਾਂ ਗੁਰੂ ਘਰ ਦੀ ਟਾਸਕ ਫੋਰਸ ਉਸੇ ਤਰ੍ਹਾਂ ਆਮ ਲੋਕਾਂ ਨੂੰ ਪਰੇ ਧੱਕਣ ਲੱਗ ਪੈਂਦੀ ਹੈ, ਜਿਵੇਂ ਚੰਡੀਗੜ੍ਹ ਵਿਚ ਰਾਜ ਸਰਕਾਰ ਦੇ ਸਕੱਤਰੇਤ ਦੇ ਅੱਗੇ ਲੱਗੀ ਹੋਈ ਪੈਰਾ ਮਿਲਟਰੀ ਫੋਰਸ ਕਰਦੀ ਹੈ। ਧਰਮ ਅਸਥਾਨ ਦੀ ਸੇਵਾ ਲਈ ਹੁਣ ਇੱਕ ਚੀਫ ਸੈਕਟਰੀ ਵੀ ਰੱਖਿਆ ਗਿਆ ਹੈ। ਤੀਹ ਕੁ ਸਾਲ ਪਹਿਲਾਂ ਮਾਝੇ ਦੇ ਇੱਕ ਪਰਿਵਾਰ ਦੀ ਗਿਆਰਾਂ ਲੱਖ ਦੀ ਲਾਟਰੀ ਨਿਕਲ ਆਈ ਤਾਂ ਇਲਾਕੇ ਦੇ ਲੋਕ ਉਸ ਟੱਬਰ ਦੇ ਜੀਆਂ ਨੂੰ 'ਗਿਆਰਾਂ ਲੱਖੀਏ' ਆਖਣ ਲੱਗੇ ਸਨ। ਗੁਰੂ ਘਰ ਦਾ ਚੀਫ ਸੈਕਟਰੀ ਜਾਂਦਾ ਵੇਖ ਕੇ ਸੇਵਾਦਾਰ ਉਸ ਨੂੰ 'ਤਿੰਨ ਲੱਖੀਆ' ਆਖ ਕੇ ਹੱਸ ਛੱਡਦੇ ਹਨ।

ਬਾਕੀ ਸਾਰੇ ਦੇਸ਼ ਵਿਚ ਹਿੰਦੂ ਧਰਮ ਦੇ ਨਾਂ ਉਤੇ ਰਾਜਨੀਤੀ ਕਰਦੇ ਸਾਧਾਂ-ਸਾਧਵੀਆਂ, ਭੋਗੀ ਬਣੇ ਹੋਏ ਯੋਗੀ ਕਹਾਉਂਦੇ ਰਾਜਸੀ ਆਗੂਆਂ ਨੇ ਇਸ ਤੋਂ ਵੀ ਵੱਧ ਧਮੱਚੜ ਪਾ ਰੱਖਿਆ ਹੈ। ਆਮ ਲੋਕ ਹਕੀਕਤਾਂ ਤੋਂ ਅਣਜਾਣ ਹਨ ਜਾਂ ਬੇਵੱਸ ਹੋ ਗਏ ਹਨ। ਕੋਈ ਇਨ੍ਹਾਂ ਨੂੰ 'ਸਰਬੱਤ ਖਾਲਸਾ' ਦੇ ਰਾਹ ਪਾਵੇ ਤਾਂ ਪੈ ਸਕਦੇ ਹਨ, ਪਰ ਕੋਈ ਹੋਰ ਵੱਧ ਉਚੀ ਸੁਰ ਤੇ ਵੱਧ ਪ੍ਰਭਾਵੀ ਪ੍ਰਚਾਰ ਮਸ਼ੀਨਰੀ ਵਾਲਾ ਆਪਣੇ ਪੱਖ ਵਿਚ ਵਰਤਣਾ ਚਾਹੇ ਤਾਂ ਇਹ ਉਸ ਦੇ ਜਾਲ ਵਿਚ ਵੀ ਫਸ ਸਕਦੇ ਹਨ। ਇਹ ਸਾਡੇ ਸਮਿਆਂ ਦਾ ਸੱਚ ਹੈ ਕਿ ਲੋਕਾਂ ਦਾ ਕਿਸੇ ਵੀ ਧਰਮ ਦੇ ਨਾਂ ਉਤੇ ਵਰਗਲਾਏ ਜਾਣਾ ਆਮ ਗੱਲ ਬਣ ਗਈ ਹੈ।



*ਅਯੁਧਿਆ ਵਿਚ ਬਾਬਰੀ ਮਸਜਿਦ ਢਾਹ ਰਹੀਆਂ ਹਿੰਦੂਤਵੀ ਤਾਕਤਾਂ*

ਅੱਜ ਦੇ ਇਸ ਸੱਚ ਵੱਲ ਵੇਖਿਆ ਜਾਵੇ ਤਾਂ ਸਮਝ ਆ ਸਕਦੀ ਹੈ ਕਿ ਬਹੁਤਾ ਖਿਲਾਰਾ ਉਨ੍ਹਾਂ ਧਰਮਾਂ ਵਿਚ ਪਿਆ ਹੋਇਆ ਹੈ, ਜਿੱਥੇ ਪੁਜਾਰੀ ਵਰਗ ਵਿਚ ਸ਼ਾਮਲ ਹੋਣ ਲਈ ਕਿਸੇ ਤਰ੍ਹਾਂ ਦੀ ਪੜ੍ਹਾਈ ਦੀ ਲੋੜ ਨਹੀਂ। ਜਿਸ ਬੰਦੇ ਨੂੰ ਕਿਤੇ ਕੋਈ ਨੌਕਰੀ ਨਹੀਂ ਮਿਲਦੀ, ਖੇਤੀ ਤੋਂ ਲੈ ਕੇ ਦੁਕਾਨਦਾਰੀ ਤੱਕ ਦਾ ਕੋਈ ਧੰਦਾ ਕਰ ਸਕਣ ਜੋਗੀ ਅਕਲ ਵੀ ਨਹੀਂ ਹੁੰਦੀ, ਉਹ ਕਿਸੇ ਨਾ ਕਿਸੇ ਧਰਮ ਦਾ ਮਾਰਗ-ਦਰਸ਼ਕ ਬਣ ਜਾਂਦਾ ਹੈ। ਸਾਈਕਲਾਂ ਦੇ ਪੈਂਚਰ ਲਾਉਣ ਤੋਂ ਅੱਕ ਗਿਆ ਕੋਈ ਆਸੂ ਮੱਲ ਜਦੋਂ ਇੱਕ ਡੇਰਾ ਬਣਾ ਕੇ ਬੈਠ ਗਿਆ ਤਾਂ ਪਹਿਲਾਂ ਆਸਾ ਰਾਮ ਬਣਿਆ, ਫਿਰ ਬਾਪੂ ਆਸਾ ਰਾਮ ਅਤੇ ਹੁਣ ਜੇਲ੍ਹ ਵਿਚ ਬੈਠਾ ਨਿਰਾਸ਼ਾ ਰਾਮ ਬਣਿਆ ਪਿਆ ਹੈ। ਅਪਰਾਧ ਜਗਤ ਤੋਂ ਆਏ ਕਈ ਮੁਜਰਮ ਹੁਣ ਆਪਣੇ ਨਾਂ ਨਾਲ ਸੰਤ ਤੇ ਮਹਾਤਮਾ ਲਿਖੀ ਫਿਰਦੇ ਹਨ। ਇਸ ਵਹਿਣ ਨੂੰ ਕੋਈ ਚੈਕ ਕਰਨ ਵਾਲਾ ਨਹੀਂ ਤੇ ਹਰ ਕਿਸੇ ਦਾ ਦਾਅ ਲੱਗੀ ਜਾ ਰਿਹਾ ਹੈ। ਧਰਮ ਦਾ ਖੇਤਰ ਧੋਖਾਧੜੀ ਦਾ ਬਾਜ਼ਾਰ ਬਣਦਾ ਜਾ ਰਿਹਾ ਹੈ।

ਬੰਦਿਆਂ ਨੇ ਧਰਮ ਬਣਾਇਆ ਸੀ, ਧਰਮ ਨੇ ਬੰਦੇ ਨੂੰ ਨਹੀਂ ਬਣਾਇਆ। ਜਿਨ੍ਹਾਂ ਨੇ ਬਣਾਇਆ ਸੀ, ਉਸ ਵੇਲੇ ਇਸ ਵਿਚ ਕੁਝ ਨਿਯਮ ਅਤੇ ਬੰਧੇਜ ਵੀ ਬਣਾਏ ਸਨ। ਉਨ੍ਹਾਂ ਨਿਯਮਾਂ ਬਾਰੇ ਹੁਣ ਕੋਈ ਗੱਲ ਹੀ ਨਹੀਂ ਕਰਦਾ। ਪੁਰਾਣੇ ਸਮੇਂ ਦੀਆਂ ਕਹਾਣੀਆਂ ਬਿਨਾਂ ਸ਼ੱਕ ਇਹੋ ਸਨ ਕਿ ਸਾਰੇ ਧਰਮ ਆਪਸੀ ਮੱਤਭੇਦਾਂ ਵਿਚ ਸਿਰਫ ਆਪਣੇ ਵਾਲੀ ਧਾਰਨਾ ਵਿਚ ਦੱਸੇ ਗਏ ਰੱਬ ਨੂੰ ਠੀਕ ਤੇ ਦੂਸਰਿਆਂ ਨੂੰ ਗਲਤ ਕਹਿੰਦੇ ਸਨ, ਪਰ ਉਹ ਗੱਲ ਕੁਝ ਸਦੀਆਂ ਪਹਿਲਾਂ ਨਵੇਂ ਰੂਪ ਵਿਚ ਇਸ ਧਾਰਨਾ ਤੱਕ ਆ ਗਈ ਕਿ ਰਸਤੇ ਵੱਖ-ਵੱਖ ਹੋ ਸਕਦੇ ਹਨ, ਰੱਬ ਸਾਰਿਆਂ ਲਈ ਇੱਕੋ ਹੈ। ਭਾਰਤ ਵਿਚ ਸੂਫੀ ਲਹਿਰ ਤੇ ਭਗਤੀ ਲਹਿਰ ਆਪੋ ਵਿਚ ਇੱਕ-ਸੁਰ ਹੋ ਕੇ ਇਹ ਹੋਕਾ ਦੇਂਦੀਆਂ ਰਹੀਆਂ ਕਿ ਰਾਮ ਤੇ ਅੱਲ੍ਹਾ ਦੋਵੇਂ ਇੱਕੋ ਹਨ, ਪਰ ਉਨ੍ਹਾਂ ਦੀ ਮੱਤ ਨੂੰ ਮੱਤਭੇਦਾਂ ਦੇ ਵਣਜਾਰਿਆਂ ਨੇ ਮੰਨਿਆ ਨਹੀਂ ਸੀ। ਕਿਸੇ ਅਕਲ ਦੀ ਗੱਲ ਨੂੰ ਮੰਨਣ ਨਾਲ ਮੱਤਭੇਦਾਂ ਦੇ ਵਣਜਾਰਿਆਂ ਦਾ ਵਣਜ, ਕਾਰੋਬਾਰ, ਖਤਮ ਹੋਣ ਦਾ ਡਰ ਸੀ। ਰਾਮ ਤੇ ਅੱਲ੍ਹਾ ਨੂੰ ਜਦੋਂ ਇੱਕੋ ਮੰਨਿਆ ਜਾਵੇ ਤਾਂ ਰਾਮ ਦਾ ਮੰਦਿਰ ਢਾਹ ਕੇ ਮਸਜਿਦ ਬਣਾਉਣ ਜਾਂ ਅੱਲ੍ਹਾ ਦੀ ਮਸਜਿਦ ਢਾਹ ਕੇ ਮੰਦਿਰ ਦੀ ਉਸਾਰੀ ਦੇ ਐਲਾਨ ਕਰਨ ਦੀ ਲੋੜ ਨਹੀਂ ਪੈ ਸਕਦੀ। ਇਹ ਲੋੜ ਸਾਡੇ ਯੁੱਗ ਵਿਚ ਧਰਮ ਦੇ ਵਣਜ ਵਿਚੋਂ ਪੈਂਦੀ ਹੈ।

ਦੇਸ਼ ਲੋਕਾਂ ਦੀ ਹੋਂਦ ਨਾਲ ਦੇਸ਼ ਮੰਨੇ ਜਾਂਦੇ ਹਨ। ਕਿਸੇ ਜੰਗਲ ਦੇ ਦੁਆਲੇ ਹੱਦਬੰਦੀ ਕਰ ਦੇਣ ਜਾਂ ਕਿਤੇ ਪਾਣੀ ਦੇ ਵਿਚਾਲੇ ਖੜੇ ਕਿਸੇ ਇਕਲੌਤੇ ਟਾਪੂ ਨੂੰ ਦੇਸ਼ ਨਹੀਂ ਕਿਹਾ ਜਾਂਦਾ। ਉਸ ਹੱਦਬੰਦੀ ਦੇ ਵਿਚਾਲੇ ਜੇ ਲੋਕ ਰਹਿੰਦੇ ਹੋਣ ਤਾਂ ਉਸ ਨੂੰ ਦੇਸ਼ ਕਿਹਾ ਜਾ ਸਕਦਾ ਹੈ। ਭਾਰਤ ਨਾਲੋਂ ਚੌਗੁਣੇ ਤੋਂ ਵੱਡਾ ਅੰਟਾਰਕਟਿਕ ਖੇਤਰ ਹੈ, ਪਰ ਉਥੇ ਆਬਾਦੀ ਨਾ ਹੋਣ ਕਰਕੇ ਅਜੇ ਤੱਕ ਦੇਸ਼ ਨਹੀਂ ਗਿਣਿਆ ਜਾਂਦਾ। ਜਿਹੜੇ ਦੇਸ਼ ਤੋਂ ਕੋਈ ਖੋਜ ਕਰਦੀ ਟੀਮ ਉਥੇ ਪਹੁੰਚ ਜਾਵੇ, ਆਪਣੇ ਕੈਂਪ ਵਾਲੇ ਖੇਤਰ ਨੂੰ ਉਹ ਦੇਸ਼ ਆਪਣਾ ਅੰਗ ਕਹਿ ਛੱਡਦਾ ਹੈ। ਦੇਸ਼ਾਂ ਦਾ ਮਹੱਤਵ ਲੋਕਾਂ ਨਾਲ ਹੀ ਹੁੰਦਾ ਹੈ। ਕਿਸੇ ਧਰਮ ਜਾਂ ਧਾਰਨਾ ਦਾ ਮਹੱਤਵ ਵੀ ਲੋਕਾਂ ਦੇ ਸੁਖੀ ਜਾਂ ਦੁਖੀ ਹੋਣ ਦੀ ਸੋਚ ਨਾਲ ਮਿਣਨਾ ਚਾਹੀਦਾ ਹੈ।

ਸਾਡੀ ਬਦਕਿਸਮਤੀ ਹੈ ਕਿ ਭਾਰਤ ਵਿਚ ਧਰਮਾਂ ਦੇ ਆਗੂਆਂ ਨੇ ਲੋਕਾਂ ਨੂੰ 'ਮੱਤ' ਵੰਡਣ ਅਤੇ ਆਪਣੇ ਸਿਰਾਂ ਨਾਲ ਸੋਚਣ ਦਾ ਹੱਕ ਦੇਣ ਦੀ ਥਾਂ ਮੱਤਭੇਦਾਂ ਵਿਚ ਉਲਝਾ ਕੇ ਮਰਨ-ਮਾਰਨ ਦੇ ਰਾਹ ਪਾਈ ਰੱਖਿਆ ਹੈ। ਉਨ੍ਹਾਂ ਦੀ ਏਨੀ ਤੇਜ਼ ਤੇ ਤਿੱਖੀ ਚੱਲਣੀ ਦੇ ਬਾਵਜੂਦ ਭਾਰਤ ਵਿਚ ਜਦੋਂ ਕਦੇ ਕੋਈ ਇਹ ਗਾਉਂਦਾ ਹੈ ਕਿ 'ਅੱਲ੍ਹਾ ਵਾਹਿਗੁਰੂ ਤੇ ਰਾਮ ਨਾਮ ਏਕੋ ਹੈ' ਤਾਂ ਲੋਕ ਅਜੇ ਵੀ ਝੂਮਣ ਲੱਗਦੇ ਹਨ। ਇੱਕ ਲਾਵਾਰਸ ਬੱਚੇ ਲਈ ਫਿਲਮ ਦਾ ਇਹ ਗੀਤ 'ਨਾ ਹਿੰਦੂ ਬਨੇਗਾ, ਨਾ ਮੁਸਲਮਾਨ ਬਨੇਗਾ, ਇਨਸਾਨ ਕੀ ਔਲਾਦ ਹੈ, ਇਨਸਾਨ ਬਨੇਗਾ', ਅੱਜ ਵੀ ਲੋਕਾਂ ਨੂੰ ਜਜ਼ਬਾਤੀ ਕਰ ਦੇਂਦਾ ਹੈ। ਉਨ੍ਹਾਂ ਦਾ ਇਹ ਜਜ਼ਬਾ ਇਸ ਦੇਸ਼ ਦੇ ਵੱਸਦੇ ਰਹਿਣ ਦੀ ਨੀਂਹ ਹੈ, ਵਰਨਾ ਇਹ ਉਜੜ ਜਾਂਦਾ। ਭਾਰਤ ਦੇਸ਼ ਜਿਹੜੇ ਜਜ਼ਬਾਤ ਦੀ ਨੀਂਹ ਉਤੇ ਟਿਕਿਆ ਹੈ, ਉਸ ਦੀਆਂ ਦੋ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਜੋ ਮਜ਼ਹਬਾਂ ਵਿਚਾਲੇ ਮੱਤਭੇਦਾਂ ਦੇ ਵਣਜਾਰਿਆਂ ਤੋਂ ਵੱਖਰੀ ਧਾਰਨਾ ਦੀਆਂ ਹਨ।

ਪਹਿਲੀ ਇਹ ਕਿ ਜਦੋਂ ਬਾਬਰੀ ਮਸਜਿਦ ਢਾਹੀ ਗਈ ਸੀ, ਦੇਸ਼ ਵਿਚ ਦੋ ਧਰਮਾਂ ਦੇ ਲੋਕਾਂ ਵਿਚ ਪਾਟਕ ਬਾਰੇ ਹਰ ਪਾਸਿਓਂ ਖਬਰਾਂ ਆ ਰਹੀਆਂ ਸਨ। ਉਦੋਂ ਇੱਕ ਇਹੋ ਜਿਹੀ ਖਬਰ ਆਈ, ਜਿਹੜੀ ਹੋਰਨਾਂ ਤੋਂ ਵੱਖਰੀ ਸੀ। ਜਿਸ ਫੈਜ਼ਾਬਾਦ ਜ਼ਿਲ੍ਹੇ ਦੇ ਇੱਕ ਕਸਬੇ ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹੀ ਗਈ, ਉਸੇ ਜ਼ਿਲ੍ਹੇ ਵਿਚ ਇੱਕ ਹਾਦਸੇ ਦੇ ਕਾਰਨ ਇੱਕ ਨੌਜਵਾਨ ਜ਼ਖਮੀ ਹੋ ਗਿਆ। ਹਸਪਤਾਲ ਜਾ ਕੇ ਪਤਾ ਲੱਗਾ ਕਿ ਸਿਰ ਦੀ ਸੱਟ ਨਾਲ ਉਸ ਦੀ ਜਾਨ ਵੀ ਖਤਰੇ ਵਿਚ ਹੈ। ਉਸ ਨੇ ਖੜੇ ਪੈਰ ਆਪਣੀ ਇੱਛਾ ਦੱਸੀ ਕਿ ਜੇ ਮੈਂ ਮਰ ਜਾਵਾਂ ਤਾਂ ਮੈਂ ਅੱਖਾਂ ਦਾਨ ਕਰਨ ਲਈ ਫਾਰਮ ਭਰ ਰੱਖਿਆ ਹੈ, ਮੇਰੀਆਂ ਅੱਖਾਂ ਲੈ ਲਈਆਂ ਜਾਣ, ਪਰ ਨਾਲ ਮੇਰੀ ਇਹ ਬੇਨਤੀ ਹੈ ਕਿ ਇੱਕ ਅੱਖ ਕਿਸੇ ਹਿੰਦੂ ਅਤੇ ਦੂਸਰੀ ਕਿਸੇ ਮੁਸਲਮਾਨ ਨੂੰ ਲਾਈ ਜਾਵੇ। ਮੁੰਡਾ ਨਹੀਂ ਸੀ ਬਚ ਸਕਿਆ। ਬਾਅਦ ਵਿਚ ਜਦੋਂ ਇਹ ਇੱਛਾ ਪੂਰੀ ਕੀਤੀ ਗਈ, ਫੈਜ਼ਾਬਾਦ ਦੇ ਸਾਂਝੀ ਸੋਚ ਵਾਲੇ ਲੋਕਾਂ ਦਾ ਇਕੱਠ ਹੋਇਆ ਸੀ, ਫਿਰਕੂ ਸੋਚਣੀ ਵਾਲੇ ਉਥੇ ਨਹੀਂ ਸੀ ਆਏ।



*ਇਲਿਆਸ ਅਤੇ ਉਸ ਦੀ ਪਤਨੀ ਨੂਰ ਜਹਾਂ ਆਪਣੇ ਬੱਚੇ ਨਾਲ*

ਦੂਸਰੀ ਮਿਸਾਲ ਹਾਲੇ ਡੇਢ ਮਹੀਨਾ ਪਹਿਲਾਂ ਦੀ ਹੈ। ਮੁੰਬਈ ਵਿਚ ਸਾਡੇ ਮਿੱਤਰ ਸਵਿੱਤਰ ਸਿੰਘ, ਜਿਨ੍ਹਾਂ ਨਾਲ ਸਿਰਫ ਫੋਨ ਉਤੇ ਗੱਲ ਹੁੰਦੀ ਹੈ, ਕਦੇ ਮਿਲ ਨਹੀਂ ਸਕੇ, ਨੇ ਇੱਕ ਅਖਬਾਰੀ ਕਤਰਨ ਭੇਜੀ ਹੈ, ਜਿਸ ਦਾ ਸਿਰਲੇਖ ਹੈ, 'ਮੁਸਲਿਮ ਕੁੱਖ ਵਿਚੋਂ ਜਨਮਿਆ ਗਣੇਸ਼'। ਅਸੀਂ ਪਹਿਲਾਂ ਇਹ ਸਮਝਿਆ ਕਿ ਕਿਸੇ ਨੇ ਸ਼ਰਾਰਤ ਕੀਤੀ ਹੋਵੇਗੀ, ਪਰ ਖਬਰ ਦਾ ਸਾਰ ਪੜ੍ਹ ਕੇ ਅਸੀਂ ਜਜ਼ਬਾਤੀ ਹੋ ਗਏ। ਇਹ ਖਬਰ ਆਖਦੀ ਹੈ ਕਿ ਇਲਿਆਸ ਨਾਂ ਦਾ ਮੁਸਲਮਾਨ ਆਪਣੀ ਪਤਨੀ ਨੂਰ ਜਹਾਂ ਨੂੰ ਜਣੇਪੇ ਵਾਸਤੇ ਹਸਪਤਾਲ ਲੈ ਕੇ ਜਾ ਰਿਹਾ ਸੀ। ਰਸਤੇ ਵਿਚ ਵਡਾਲਾ ਖੇਤਰ ਵਿਚ ਨੂਰ ਜਹਾਂ ਪੀੜ ਨਾਲ ਚੀਕਣ ਲੱਗ ਪਈ। ਟੈਕਸੀ ਵਾਲੇ ਨੇ ਟੈਕਸੀ ਅੱਗੇ ਤੋਰਨ ਤੋਂ ਇਨਕਾਰ ਕਰ ਦਿੱਤਾ ਤੇ ਇਸ ਸੋਚ ਤੋਂ ਵੀ ਘਾਬਰ ਗਿਆ ਕਿ ਟੈਕਸੀ ਵਿਚ ਬੱਚਾ ਨਾ ਹੋ ਜਾਵੇ। ਇਲਿਆਸ ਨੇ ਪਤਨੀ ਨੂੰ ਉਤਾਰਿਆ ਤੇ ਕੋਲ ਦਿਸਦੇ ਮੰਦਿਰ ਵਿਚ ਲੈ ਗਿਆ। ਉਥੇ ਸ਼ਰਧਾਲੂ ਹਿੰਦੂ ਔਰਤਾਂ ਨੇ ਆਂਢ-ਗਵਾਂਢ ਤੋਂ ਚਾਦਰਾਂ ਮੰਗ ਕੇ ਓਹਲਾ ਕੀਤਾ ਤੇ ਨੂਰ ਜਹਾਂ ਦਾ ਜਣੇਪਾ ਕਰਵਾਇਆ। ਪੁੱਤਰ ਜਨਮਿਆ। ਇਲਿਆਸ ਅਤੇ ਨੂਰ ਜਹਾਂ-ਦੋਵੇਂ ਜਣੇ ਏਨੀ ਸ਼ਰਧਾ ਨਾਲ ਲਬਰੇਜ਼ ਹੋ ਗਏ ਕਿ ਉਨ੍ਹਾਂ ਨੇ ਆਪਣੇ ਬੱਚੇ ਦਾ ਨਾਂ ਗਣੇਸ਼ ਰੱਖ ਦਿੱਤਾ। ਅਸੀਂ ਕਈ ਘਰਾਂ 'ਚ ਮਿਰਜ਼ਾ ਗਾਲਿਬ ਨਾਲ ਮੋਹ ਕਾਰਨ ਬੱਚਿਆਂ ਦੇ ਨਾਂ ਅਸਦ ਅਤੇ ਵਾਰਸ ਸ਼ਾਹ ਦੀ ਹੀਰ ਦੇ ਕੁਝ ਸ਼ੌਕੀਨਾਂ ਦੇ ਘਰੀਂ ਬੱਚਿਆਂ ਦੇ ਨਾਂ ਵਾਰਸ ਰੱਖੇ ਹੋਏ ਸੁਣੇ ਹਨ, ਪਰ ਮੁਸਲਿਮ ਜੋੜੇ ਦੇ ਬੱਚੇ ਦਾ ਨਾਂ ਗਣੇਸ਼ ਉਨ੍ਹਾਂ ਸਭਨਾਂ ਤੋਂ ਵੱਖਰੀ ਮਿਸਾਲ ਹੈ।


ਸ਼ਾਇਰ ਮੁਨੱਵਰ ਰਾਣਾ ਠੀਕ ਕਹਿੰਦੇ ਹਨ ਕਿ ਭਾਰਤੀ ਰਾਜਨੀਤੀ ਇਸ ਤਰ੍ਹਾਂ ਹੈ, 'ਸ਼ਰਾਬੀ ਦੇਵਰੋਂ ਕੇ ਬੀਚ ਜੈਸੇ ਭੌਜਾਈ ਹੋਤੀ ਹੈ'। ਸੱਤਾ ਦੇ ਸ਼ਰਾਬ ਤੋਂ ਵੱਡੇ ਨਸ਼ੇ ਵਿਚ ਚੂਰ ਰਾਜਸੀ ਆਗੂ ਕਦੇ-ਕਦੇ ਜਿਸ 'ਗੰਗਾ-ਜਮਨੀ ਸੱਭਿਆਚਾਰ' ਦੀਆਂ ਗੱਲਾਂ ਸਾਡੇ ਲੋਕਾਂ ਦੀਆਂ ਵੋਟਾਂ ਲੈਣ ਨੂੰ ਕਰਦੇ ਹਨ, ਉਸ ਦਾ ਅਸਲ ਨਮੂਨਾ ਉਹ ਲੋਕ ਹਨ, ਜਿਹੜੇ ਦੋ ਅੱਖਾਂ ਭੇਟ ਕਰਨ ਮੌਕੇ ਇੱਕ ਅੱਖ ਹਿੰਦੂ ਤੇ ਦੂਸਰੀ ਮੁਸਲਮਾਨ ਨੂੰ ਲਾਉਣ ਲਈ ਕਹਿੰਦੇ ਹਨ ਜਾਂ ਜਿਹੜੇ ਮੰਦਰ ਵਿਚ ਮੁਸਲਮਾਨ ਕੁੱਖ ਵਿਚੋਂ ਗਣੇਸ਼ ਦੇ ਜਨਮ ਵਿਚ ਮਦਦ ਕਰ ਸਕਦੇ ਹਨ। ਭਾਰਤ ਵੱਸਦਾ ਹੈ ਤਾਂ ਇਨ੍ਹਾਂ ਲੋਕਾਂ ਦਾ ਵਸਾਇਆ ਵੱਸਦਾ ਹੈ, ਨਹੀਂ ਤਾਂ ਮਜ਼ਹਬ ਦੇ ਵਣਜਾਰਿਆਂ ਨੇ ਕਦੋਂ ਦਾ ਉਜਾੜ ਛੱਡਣਾ ਸੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 14 ਨਵੰਬਰ 2015*

## ਰੋਹ ਨੂੰ ਰਾਹ ਬਨਾਮ ਪੰਥ ਦੇ ਪ੍ਰਸੰਗ

ਦਸ ਨਵੰਬਰ ਵਾਲੇ ਸਰਬੱਤ ਖਾਲਸਾ ਵੱਲੋਂ ਚਾਰ ਤਖਤਾਂ ਦੇ ਜਥੇਦਾਰ ਬਰਤਰਫ ਕਰਨ ਅਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਨੇ ਪੰਥ ਨੂੰ ਨਵੇਂ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਇਸ ਨਾਲ ਸੱਤਾ ਧਿਰ ਅਤੇ ਇਸ ਸੱਤਾ ਧਿਰ ਖਿਲਾਫ ਜੂਝ ਰਹੀਆਂ ਜਥੇਬੰਦੀਆਂ ਵਿਚਕਾਰ ਟਕਰਾਅ ਦਾ ਖਦਸ਼ਾ ਤਾਂ ਬਣਿਆ ਹੀ ਹੈ, ਪਿਛਲੇ ਕੁਝ ਸਮੇਂ ਤੋਂ ਆਪਣੇ ਪੈਰਾਂ ਤੋਂ ਉਖੜੇ ਬਾਦਲ ਪਰਿਵਾਰ ਤੇ ਸਰਕਾਰ ਨੂੰ ਮੁੜ ਆਪਣੀ ਤਾਕਤ ਦਿਖਾਉਣ ਦਾ ਮੌਕਾ ਵੀ ਮਿਲ ਰਿਹਾ ਹੈ। ਸਰਬੱਤ ਖਾਲਸਾ ਅਸਲ ਵਿਚ ਲੋਕ ਰੋਹ ਦਾ ਸਿਖਰ ਸੀ ਜਿਹੜਾ ਬਾਦਲਾਂ ਖਿਲਾਫ ਲਗਾਤਾਰ ਪਨਪ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 2017 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ, ਡੇਰਾ ਸਿਰਸਾ ਨਾਲ ਜੁੜੀਆਂ ਵੋਟਾਂ ਲੈਣ ਖਾਤਰ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਦਾ ਜੂਆ ਖੇਡਿਆ ਸੀ ਜੋ ਉਨ੍ਹਾਂ ਲਈ ਬਹੁਤ ਮਹਿੰਗਾ ਸਾਬਤ ਹੋਇਆ। ਬਾਅਦ ਵਿਚ ਸਿੰਘ ਸਾਹਿਬਾਨ ਨੂੰ ਲੋਕ ਰੋਹ ਅੱਗੇ ਝੁਕਦਿਆਂ ਡੇਰਾ ਮੁਖੀ ਬਾਰੇ ਆਪੇ ਪਾਇਆ ਗੁਰਮਤਾ ਵਾਪਸ ਲੈਣਾ ਪਿਆ, ਪਰ ਇਸ ਨਾਲ ਤਖਤਾਂ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਧੇ ਹੀ ਪ੍ਰਚੰਡ ਲੋਕ ਰੋਹ ਦੀ ਮਾਰ ਹੇਠ ਆ ਗਏ। ਇਹ ਲੋਕ ਰੋਹ ਇੰਨਾ ਸੱਚਾ, ਸੁੱਚਾ ਅਤੇ ਆਪ-ਮੁਹਾਰਾ ਸੀ ਕਿ ਕਿਸੇ ਵੀ ਸਿਆਸੀ ਧਿਰ ਦੇ ਪੈਰ ਨਹੀਂ ਲੱਗੇ। ਲੋਕਾਂ ਦੇ ਇਸ ਰੋਹ ਨੇ ਸਰਕਾਰ ਵੱਲੋਂ ਪਾਵਨ ਬੀੜਾਂ ਦੀ ਬੇਅਦਬੀ ਦਾ ਦੋਸ਼ ਲਾ ਕੇ ਅੰਦਰ ਡੱਕੇ ਦੋ ਨੌਜਵਾਨਾਂ ਨੂੰ ਵੀ ਛੁਡਵਾ ਲਿਆ। ਇਸ ਤੋਂ ਬਾਅਦ ਸਰਕਾਰ ਅਤੇ ਸੱਤਾ ਧਿਰ ਦਾ ਹਾਲ ਇਹ ਹੋ ਗਿਆ ਕਿ ਆਗੂਆਂ, ਮੰਤਰੀਆਂ, ਸੰਤਰੀਆਂ ਦਾ ਘਰੋਂ ਨਿਕਲਣਾ ਤੱਕ ਬੰਦ ਹੋ ਗਿਆ। ਇਹ ਅਸਲ ਵਿਚ ਬਾਦਲਾਂ ਵੱਲੋਂ ਆਪਣੇ ਸਿਆਸੀ ਹਿਤਾਂ ਲਈ ਧਾਰਮਿਕ ਸੰਸਥਾਵਾਂ ਦੀ ਦੁਰਵਰਤੋਂ ਖਿਲਾਫ ਚਿਰਾਂ ਤੋਂ ਇਕੱਠਾ ਹੋਇਆ ਲੋਕ ਰੋਹ ਹੀ ਸੀ। ਇਕ ਵਾਰ ਜਦੋਂ ਇਸ ਰੋਹ ਨੂੰ ਰਾਹ ਮਿਲਿਆ ਤਾਂ ਕੋਈ ਵੀ ਇਸ ਅੱਗੇ ਟਿਕ ਨਹੀਂ ਸਕਿਆ; ਸਗੋਂ ਨਿੱਤ ਦਿਨ ਇਸ ਰੋਹ ਨੂੰ ਜਰਬਾਂ ਹੀ ਆਈਆਂ ਹਨ। ਇਤਿਹਾਸ ਵਿਚ ਇਸ ਤਰ੍ਹਾਂ ਦੇ ਮੌਕੇ ਕਦੀ-ਕਦਾਈਂ ਹੀ ਆਉਂਦੇ ਹਨ ਜਦੋਂ ਲੋਕ, ਆਗੂਆਂ ਨੂੰ ਪਿਛਾਂਹ ਛੱਡ ਕੇ ਮੋਰਚਾ ਸਾਂਭ ਲੈਂਦੇ ਹਨ। ਲੋਕਾਂ ਵੱਲੋਂ ਮੋਰਚਾ ਸਾਂਭਣ ਵਾਲਾ ਤੱਥ ਪਿੰਡ ਬਰਗਾੜੀ ਵਿਖੇ ਹੋਏ ਸ਼ਰਧਾਂਜਲੀ ਸਮਾਗਮ ਵਿਚ ਵੀ ਸਾਹਮਣੇ ਆਇਆ ਸੀ ਅਤੇ ਹੁਣ ਸਰਬੱਤ ਖਾਲਸਾ ਮੌਕੇ ਵੀ ਇਹੀ ਦੋਹਰ ਪਈ ਦਿਸਦੀ ਹੈ। ਇਹ ਵੱਖਰੀ ਗੱਲ ਹੈ ਕਿ ਭਰਪੂਰ ਨੁਮਾਇੰਦਗੀ ਅਤੇ ਅਨੇਕ ਮਤਿਆਂ ਦੇ ਬਾਵਜੂਦ ਆਮ ਸਹਿਮਤੀ ਅਜੇ ਵੀ ਦੂਰ-ਦੂਰ ਹੀ ਵਿਚਰ ਰਹੀ ਹੈ। ਸਰਬੱਤ ਖਾਲਸਾ ਨੇ ਬੇਸ਼ੱਕ, ਪੰਥ ਦੀ ਇਕਜੁੱਟਤਾ ਵਾਲੇ ਰਾਹ ਵੱਲੋਂ ਗੁਜ਼ਰਨਾ ਸੀ, ਪਰ ਕੁਝ ਧਿਰਾਂ ਨੇ ਤਾਂ ਇਸ ਸਰਬੱਤ ਖਾਲਸਾ ਵਿਚ ਸ਼ਿਰਕਤ ਵੀ ਅਮਰੀਕੀ ਸਿੱਖਾਂ ਦੇ ਵਫਦ ਦੀ ਚਾਰਾਜੋਈ ਤੋਂ ਬਾਅਦ ਹੀ ਕੀਤੀ ਹੈ। ਇਸ ਅਮਲ ਦਾ ਇਕ ਮਤਲਬ, ਸਹਿਮਤੀ ਵਾਲੇ ਆਗੂਆਂ ਦੀ ਅਣਹੋਂਦ ਨਾਲ ਜਾ ਜੁੜਦਾ ਹੈ।

ਇਥੋਂ ਹੀ ਇਸ ਠਾਠਾਂ ਮਾਰਦੇ ਇਕੱਠ ਦੀ ਸੀਮਾ ਦਿਸਣੀ ਅਰੰਭ ਹੋ ਜਾਂਦੀ ਹੈ। ਜੂਝ ਰਹੀਆਂ ਧਿਰਾਂ ਦਾ ਇਤਰਾਜ਼ ਸੀ ਕਿ ਸੱਤਾ ਧਿਰ ਵੱਲੋਂ ਹਰ ਵਾਰ ਜਥੇਦਾਰ, ਸੰਗਤ 'ਤੇ ਥੋਪ ਦਿੱਤੇ ਜਾਂਦੇ ਹਨ। ਸਵਾਲਾਂ ਦਾ ਸਵਾਲ ਇਹ ਹੈ ਕਿ ਨਵੇਂ ਥਾਪੇ ਜਥੇਦਾਰਾਂ ਲਈ ਸਰਬ ਸਹਿਮਤੀ ਦਾ ਕਿੰਨਾ ਕੁ ਖਿਆਲ ਰੱਖਿਆ ਗਿਆ ਹੈ? ਅਜਿਹੀ ਸੂਰਤ ਵਿਚ ਤਾਂ ਸਹਿਮਤੀ ਦਾ ਮਸਲਾ ਸਭ ਤੋਂ ਪਹਿਲਾਂ ਵਿਚਾਰਿਆ ਜਾਣਾ ਚਾਹੀਦਾ ਸੀ। ਖੈਰ! ਸੱਤਾ ਧਿਰ ਨੇ ਤਾਂ ਸਰਬੱਤ ਖਾਲਸਾ ਵੱਲੋਂ ਪਾਸ ਕੀਤੇ ਸਭ ਮਤੇ ਰੱਦ ਕਰਨੇ ਹੀ ਸਨ, ਸੋ ਕਰ ਦਿੱਤੇ। ਜ਼ਾਹਿਰ ਹੈ ਕਿ ਹੁਣ ਤਖਤਾਂ 'ਤੇ ਕਬਜ਼ੇ ਮੌਕੇ ਟਕਰਾਅ ਦੇ ਖਦਸ਼ੇ ਬਣ ਗਏ ਹਨ। ਇਸ ਮੌਕੇ ਇਕ ਵਾਰ ਫਿਰ ਮਸਲਾ ਲੀਡਰਸ਼ਿਪ ਦੀ ਅਜ਼ਮਾਇਸ਼ ਉਤੇ ਆਣ ਪੁੱਜਾ ਹੈ। ਸਰਬੱਤ ਖਾਲਸਾ ਮੌਕੇ ਜਿਸ ਲੀਡਰਸ਼ਿਪ ਦੇ ਦਰਸ਼ਨ ਹੋਏ, ਉਹ ਪਿਛਲੇ ਸਮੇਂ ਦੌਰਾਨ ਪੰਥ ਅਤੇ ਪੰਜਾਬ ਦੇ ਪਿੜ ਵਿਚੋਂ ਅਗਾਂਹ ਨਿਕਲਣ ਵਿਚ ਕਾਮਯਾਬ ਨਹੀਂ ਹੋ ਸਕੀ ਹੈ। ਇਥੇ ਇਹ ਤੱਥ ਤੇ ਤਰਕ ਵਜ਼ਨ ਵਾਲਾ ਹੈ ਕਿ ਬਾਦਲਾਂ ਦੇ ਹੱਥ ਇੰਨੀ ਜ਼ਿਆਦਾ ਤਾਕਤ ਇਸੇ ਕਰ ਕੇ ਹੀ ਇਕੱਠੀ ਹੋਈ ਸੀ, ਕਿਉਂਕਿ ਇਨ੍ਹਾਂ ਨੂੰ ਟੱਕਰ ਦੇਣ ਜਾਂ ਡੱਕਣ ਵਾਲੀ ਲੀਡਰਸ਼ਿਪ ਹੀ ਕਿਧਰੇ ਮੌਜੂਦ ਨਹੀਂ ਸੀ। ਪਿਛਲੇ ਸਮੇਂ ਦੌਰਾਨ ਲੋਕ ਇਕੱਠਾਂ ਵਿਚ ਪ੍ਰਚਾਰਕਾਂ ਦੀ ਜਿਹੜੀ ਲੀਡਰਸ਼ਿਪ ਸਾਹਮਣੇ ਆਈ ਹੈ, ਉਸ ਦੀ ਆਪਣੀ 'ਸਿਆਸਤ' ਹੈ। ਇਨ੍ਹਾਂ ਸਾਰੇ ਹਾਲਾਤ ਦਾ ਇਕ ਪ੍ਰਸੰਗ ਇਹ ਵੀ ਹੈ ਕਿ ਪ੍ਰਚਾਰਕਾਂ ਦੀ ਇਸ 'ਸਿਆਸਤ' ਦਾ ਰੰਗ, ਸਿਆਸਤ ਵਾਲਾ ਨਹੀਂ ਹੈ। ਇਨ੍ਹਾਂ ਦੇ ਸਰੋਕਾਰ ਉਕਾ ਹੀ ਵੱਖਰੇ ਹਨ ਜੋ ਅਕਸਰ ਸੰਗਤ ਨੂੰ ਤੰਗ ਵੀ ਕਰਦੇ ਰਹੇ ਹਨ। ਉਂਜ, ਸਰਬੱਤ ਖਾਲਸਾ ਦੌਰਾਨ ਪਾਸ ਹੋਏ ਮਤਿਆਂ ਵਿਚੋਂ ਕੁਝ ਮਤੇ ਸੱਚਮੁੱਚ ਲੀਹ ਪਾੜਨ ਵਾਲੇ ਹਨ। ਇਨ੍ਹਾਂ ਵਿਚੋਂ ਇਕ ਅਤੇ ਅਹਿਮ ਮਤਾ ਜਾਤ ਆਧਾਰਤ ਗੁਰਦੁਆਰਿਆਂ ਅਤੇ ਸ਼ਮਸ਼ਾਨਘਾਟਾਂ ਬਾਰੇ ਹੈ। ਇਹ ਮਤਾ ਸਿੱਖੀ ਵੱਲ ਜਾਂਦੇ ਰਾਹ ਨੂੰ ਮੋਕਲਾ ਕਰਨ ਵਾਲਾ ਹੈ। ਸਿੱਖ ਸਿਆਸਤ ਅਤੇ ਸਿੱਖ ਸੰਸਥਾਵਾਂ ਦਾ ਮੁੱਖ ਮਸਲਾ ਹੈ ਹੀ ਇਹ ਕਿ ਸਿਆਸਤਦਾਨਾਂ ਨੇ ਸਿੱਖੀ ਦਾਅ ਉਤੇ ਲਾ ਦਿੱਤੀ ਹੋਈ ਹੈ। ਇਸ ਲਈ ਹੁਣ ਮਸਲਾ ਸਿੱਖੀ ਨੂੰ ਸਿਆਸਤ ਤੋਂ ਅਗਾਂਹ ਲੈ ਕੇ ਜਾਣ ਦਾ ਹੈ। ਫਿਕਰ ਵਾਲੀ ਗੱਲ ਇਹ ਹੈ ਕਿ ਇਸ ਪਾਸੇ ਵਿਚਾਰਾਂ ਬਹੁਤ ਘੱਟ ਹੋਈਆਂ ਹਨ ਅਤੇ ਵਿਹਾਰਕ ਪੱਖੋਂ ਤਾਂ ਇਸ ਪਾਸੇ ਕਦਮ ਚੁੱਕਣ ਲਈ ਕੋਈ ਖਾਸ ਤਿਆਰੀ ਵੀ ਨਹੀਂ ਹੋ ਰਹੀ। ਫਿਰ ਵੀ ਸਰਬੱਤ ਖਾਲਸਾ ਨੇ ਰੋਹ ਨੂੰ ਰਾਹ ਦਿਖਾਇਆ ਹੈ। ਦੇਖਣ-ਵਿਚਾਰਨ ਵਾਲੀ ਗੱਲ ਹੁਣ ਇਹ ਹੈ ਕਿ ਇਹ ਰਾਹ ਸਿੱਖੀ ਵੱਲ ਕਿੰਨਾ ਖੁੱਲ੍ਹਦਾ ਹੈ ਅਤੇ ਸਿਆਸਤ ਵੱਲ ਕਿੰਨਾ ਜਾਂਦਾ ਹੈ। ਆਮ ਕਰ ਕੇ ਤਾਂ ਸਿੱਖੀ ਉਤੇ ਸਿਆਸਤ ਹੋਈ ਜਾਂਦੀ ਹੈ। ਇਸ ਲਈ ਇਸ ਪਿੜ ਵਿਚ ਆਈ ਖੜੋਤ ਉਦੋਂ ਹੀ ਟੁੱਟਣੀ ਹੈ, ਜਦੋਂ ਸਿੱਖੀ ਲਈ ਸਿਆਸਤ ਹੋਣੀ ਹੈ। ਇਸੇ ਕਰ ਕੇ ਰੋਹਾਂ ਅਤੇ ਰਾਹਾਂ ਦੇ ਇਸ ਦੌਰ ਵਿਚ, ਰਾਹੀਆਂ ਲਈ ਆਉਣ ਵਾਲਾ ਵਕਤ ਅਜ਼ਮਾਇਸ਼ਾਂ ਵਾਲਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਿਹਾਰ ਨੂੰ ਵਧਾਈਆਂ!*

ਦਿੱਤੀ ਠੋਕ ਕੇ ਮੱਤ ਹੈ ਭਗਵਿਆਂ ਨੂੰ, ਮੱਲਾਂ ਦੇਖ ਲਓ 'ਯਾਦਵਾਂ' ਮਾਰੀਆਂ ਨੇ।
ਰੋਜ ਸੁਣਦਿਆਂ 'ਸੰਤਾਂ' ਦੀ 'ਅੱਗ-ਵਾਣੀ', ਹਿੱਕਾਂ ਸੜਦੀਆਂ ਸੱਜਣੋਂ ਠਾਰੀਆਂ ਨੇ।
ਜਿੱਤ ਹੋਈ ਐ ਧਰਮ ਨਿਰਪੱਖਤਾ ਦੀ, ਫਾਸ਼ੀ ਤਾਕਤਾਂ ਚੰਗੀਆਂ ਹਾਰੀਆਂ ਨੇ।
ਮਿਲੀ 'ਵਾਰਨਿੰਗ' ਇਨ੍ਹਾਂ ਦੇ ਸਾਥੀਆਂ ਨੂੰ, ਆਉਣ ਵਾਲੀਆਂ ਥੋਡੀਆਂ ਵਾਰੀਆਂ ਨੇ।
ਲੋਕ-ਰੋਹ ਵੀ ਆਖਰ ਨੂੰ ਜਾਗ ਪੈਂਦਾ, ਜਦ ਵੀ ਜ਼ੁਲਮ ਕਮਾਇਆ ਸਰਕਾਰੀਆਂ ਨੇ।
ਗਲ 'ਨਮੋ' ਦੇ ਹਾਰ ਦਾ 'ਹਾਰ' ਪਾ ਕੇ, ਫੱਟੀ ਪੋਚ'ਤੀ ਯਾਰੋ ਬਿਹਾਰੀਆਂ ਨੇ!

# ਪੰਜ ਪਿਆਰਿਆਂ ਦਾ ਕਦਮ: ਸਿੱਖਾਂ ਦੇ ਅਵਚੇਤਨ-ਮਨ ਦਾ ਕ੍ਰਿਸ਼ਮਾ

*ਇਸ ਲੇਖ ਵਿਚ ਸਿੱਖ ਵਿਦਵਾਨ ਕਰਮਜੀਤ ਸਿੰਘ ਨੇ ਪੰਜ ਪਿਆਰਿਆਂ ਦੇ ਸੰਕਲਪ ਨੂੰ ਮਾਡਲ ਵਜੋਂ ਵਿਚਾਰਿਆ ਹੈ ਅਤੇ ਇਸ ਦੀਆਂ ਤੰਦਾਂ ਜਮਹੂਰੀਅਤ ਨਾਲ ਜੋੜੀਆਂ ਹਨ। ਮੌਜੂਦਾ ਸੰਕਟ ਵਿਚ ਪੰਜ ਪਿਆਰਿਆਂ ਦੀ ਪਹਿਲਕਦਮੀ ਨੂੰ ਵਾਜਬ ਕਰਾਰ ਦਿੰਦਿਆਂ ਉਨ੍ਹਾਂ ਅਜੋਕੀ ਸਿੱਖ ਸਿਆਸਤ ਦੀ ਦਿਸ਼ਾ ਤੇ ਦਸ਼ਾ ਬਾਰੇ ਟਿੱਪਣੀਆਂ ਵੀ ਕੀਤੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਸਿੱਖ ਸਿਆਸਤ ਦੇ ਫਲਸਫਾਨਾ ਪਿਛੋਕੜ ਵੱਲ ਝਾਤੀ ਮਾਰਨ ਦਾ ਖਿਆਲ ਉਭਾਰਿਆ ਹੈ। ਉਹ ਇੱਛਾ ਕਰਦੇ ਜਾਪਦੇ ਹਨ ਕਿ ਇਸ ਖਿਆਲ ਦੀ ਚੂਲ, ਪਿਛਲੇ ਸਮੇਂ ਦੌਰਾਨ ਰੈਡੀਕਲ ਜਥੇਬੰਦੀਆਂ ਦੇ ਢਿਲਕ ਚੁੱਕੇ ਢਾਂਚੇ ਨੂੰ ਥੋੜ੍ਹਾ ਕੱਸੇਗੀ ਅਤੇ ਇਹ ਰਵਾਇਤੀ ਅਕਾਲੀਆਂ ਨੂੰ ਸਿੱਧੇ ਟੱਕਰਨ ਵਿਚ ਸਹਾਈ ਹੋਵੇਗੀ। -ਸੰਪਾਦਕ*

ਪੰਜ ਪਿਆਰਿਆਂ ਦੀ ਸੰਸਥਾ ਦੇ ਅਚਾਨਕ ਮੁੜ ਪ੍ਰਗਟ ਹੋ ਜਾਣ ਦੀ ਘਟਨਾ ਨੇ ਸਿੱਖ ਇਤਿਹਾਸ ਨੂੰ ਵੀ ਅਤੇ ਸਿੱਖ ਸੰਕਟ ਨੂੰ ਵੀ ਇਕ ਨਵਾਂ ਪਰ ਹੈਰਾਨਕੁਨ ਮੋੜ ਦੇ ਦਿੱਤਾ ਹੈ। ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ 'ਪੰਜ ਪਿਆਰੇ' ਭਿਆਨਕ ਸੰਕਟ ਵਿਚ ਘਿਰੀ ਸਿੱਖ ਸਿਆਸਤ ਨੂੰ ਇਕ ਅਜਿਹੀ ਦਿਸ਼ਾ ਦੇ ਦੇਣਗੇ ਜੋ ਸਿੱਖ ਪੰਥ ਦੀ ਸਾਂਝੀ ਸੋਚ ਜਾਂ ਸਮੂਹਿਕ ਸਿਆਣਪ ਦਾ ਪ੍ਰਤੀਕ ਹੋ ਨਿਬੜੇਗੀ। ਸਿੱਖ ਵਿਦਵਾਨਾਂ ਨੇ ਇਸ ਡੂੰਘੀ ਰਮਜ਼ ਦੀ ਦਾਰਸ਼ਨਿਕ ਵਿਆਖਿਆ ਅਜੇ ਕਰਨੀ ਹੈ ਜਦੋਂਕਿ ਸਿੱਖ ਸਿਆਸਤਦਾਨ ਸਿਧਾਂਤ ਪੱਖੋਂ ਅਜੇ

ਕਰਮਜੀਤ ਸਿੰਘ

ਗਿੱਟੇ-ਗਿੱਟੇ ਪਾਣੀਆਂ ਵਿਚ ਹੀ ਤਰਨ ਦੀ ਜਾਚ ਸਿੱਖ ਰਹੇ ਹਨ।

ਰੂਸ ਦਾ ਮਹਾਨ ਨਾਵਲਕਾਰ, ਸ਼ਾਇਰ ਅਤੇ ਨੋਬਲ, ਇਨਾਮ ਜੇਤੂ ਪਾਸਤਰਨਾਕ (1890-1960) ਆਪਣੇ ਪਾਬੰਦੀਸ਼ੁਦਾ ਅਤੇ ਸੰਸਾਰ ਪ੍ਰਸਿੱਧ ਨਾਵਲ 'ਡਾਕਟਰ ਜ਼ਿਵਾਗੋ' ਵਿਚ ਇਤਿਹਾਸ ਦੀ ਚਾਲ ਤੇ ਅੰਦਾਜ਼ ਬਾਰੇ ਬੜੀ ਦਿਲਚਸਪ ਟਿੱਪਣੀ ਕਰਦਾ ਹੋਇਆ ਸਾਨੂੰ ਯਾਦ ਕਰਾਉਂਦਾ ਹੈ ਕਿ ਇਤਿਹਾਸ ਘਾਹ ਵਾਂਗ ਚੁੱਪ-ਚਾਪ ਵਧਦਾ ਰਹਿੰਦਾ ਹੈ। ਪਰ ਸਾਡੇ ਸਮਿਆਂ ਦੇ ਮਹਾਨ ਸਿੱਖ ਚਿੰਤਕ ਅਤੇ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਇਸ ਟਿੱਪਣੀ ਵਿਚ ਇਕ ਹੋਰ ਖ਼ਿਆਲ ਜੋੜਦਿਆਂ ਕਹਿੰਦਾ ਹੈ, ਇਹ ਠੀਕ ਹੈ ਕਿ ਇਤਿਹਾਸ ਚੁੱਪ-ਚਾਪ ਘਾਹ ਵਾਂਗ ਵਧਦਾ ਹੈ ਪਰ ਕਦੇ-ਕਦੇ ਇਸ ਵਿਚ ਗਰਜਵਾਂ ਨਾਦ ਵੀ ਹੁੰਦਾ ਹੈ। ਪੰਜ ਪਿਆਰਿਆਂ ਦੀ ਸੰਸਥਾ ਦਾ ਮੁੜ ਜਾਗਣਾ ਅਤੇ ਪੂਰੇ ਜਾਹੋ ਜਲਾਲ ਵਿਚ ਜਾਗਣਾ 'ਗਰਜਵੇਂ ਨਾਦ' ਦਾ ਪ੍ਰਤੀਕ ਹੀ ਜਾਪਦਾ ਹੈ। ਇਸ ਇਕ ਝਟਕੇ ਨਾਲ ਕੁਝ ਪਲਾਂ ਲਈ ਸਿੱਖ ਜਗਤ ਦੀਆਂ ਤਿੰਨ ਵੱਡੀਆਂ ਸੰਸਥਾਵਾਂ: ਸ਼੍ਰੋਮਣੀ ਕਮੇਟੀ, ਪੰਜ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਅਕਾਲੀ ਦਲ ਬੇਅਸਰ, ਨਿਗੂਣੇ, ਬੇਵੱਸ ਅਤੇ ਵਿਚਾਰੇ ਜਿਹੇ ਹੋ ਕੇ ਰਹਿ ਗਏ ਜਦੋਂਕਿ ਸਿੱਖ ਪੰਥ ਦੀ ਸਾਂਝੀ ਸੋਚ ਤੇ ਪੰਜ ਪਿਆਰੇ ਮੋਢੇ ਨਾਲ ਮੋਢਾ ਜੋੜ ਕੇ ਇਕ ਕਤਾਰ ਵਿਚ ਖਲੋਤੇ ਨਜ਼ਰ ਆਏ। ਬਸ, ਇੱਥੇ ਹੀ ਦਿਲਾਂ ਨਾਲ ਸੋਚਣ ਵਾਲੇ ਦਿਮਾਗਾਂ ਦੀ ਲੋੜ ਹੈ ਜੋ ਇਹ ਦੱਸਣ ਕਿ ਅਜਿਹਾ ਕਿਉਂ ਵਾਪਰਿਆ?

ਜਦੋਂ ਪੰਜ ਪਿਆਰਿਆਂ ਨੂੰ ਮੁਅੱਤਲ ਕੀਤਾ ਗਿਆ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ 'ਸੇਵਾ ਨਿਯਮਾਂ' ਦੀ ਉਲੰਘਣਾ ਕੀਤੀ। ਇਹ ਸੇਵਾ ਨਿਯਮ ਅੱਗੇ ਜਾ ਕੇ ਕਾਨੂੰਨ ਦੇ ਦਾਇਰੇ ਵਿਚ ਆ ਜਾਂਦੇ ਹਨ ਪਰ 'ਮਿੰਨੀ ਪਾਰਲੀਮੈਂਟ' ਦੇ ਪ੍ਰਧਾਨ ਨੂੰ ਇਹ ਸਮਝ ਨਹੀਂ ਲੱਗੀ ਕਿ ਪੰਜ ਪਿਆਰਿਆਂ ਨੇ 'ਤਕਨੀਕੀ ਜੁਗਤ' ਨੂੰ ਚੁਣੌਤੀ ਦੇ ਕੇ ਉਸ ਇਤਿਹਾਸ ਨੂੰ ਸਾਕਾਰ ਕੀਤਾ ਜੋ ਦਿਲਾਂ ਉਤੇ ਉਕਰਿਆ ਹੁੰਦਾ ਹੈ ਅਤੇ ਜੋ ਆਤਮਾ ਨਾਲ ਜੁੜਿਆ ਹੁੰਦਾ ਹੈ, ਜਿਸ ਬਾਰੇ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ ਕਿ ਸਿੱਖ ਪੰਥ ਰੂਹ ਦੇ ਜ਼ੋਰ ਨਾਲ ਜਿਊਂਦਾ ਹੈ। ਇਹੋ ਕਾਰਨ ਹੈ ਕਿ ਇਸ ਹਕੀਕਤ ਨੂੰ ਪੰਥ ਦੇ ਵਾਰਸਾਂ ਨੇ ਚਿਰੋਕਣਾ ਵਿਸਾਰਿਆ ਹੋਇਆ ਹੈ ਅਤੇ ਨਤੀਜੇ ਸਾਰਿਆਂ ਦੇ ਸਾਹਮਣੇ ਹਨ। ਜ਼ਿੰਦਗੀ ਦੇ ਵਰਤਾਰਿਆਂ ਨੂੰ ਹਰ ਸਮੇਂ ਕਾਨੂੰਨ ਦੀ ਨਜ਼ਰ ਤੋਂ ਵੇਖਣ ਵਾਲਿਆਂ ਲਈ ਕਾਨੂੰਨ ਦੇ ਮਾਹਿਰ ਅਤੇ ਬਰਤਾਨਵੀ ਕਾਨੂੰਨ ਦੇ ਮਹਾਨ ਵਿਆਖਿਆਕਾਰ ਵਿਲੀਅਮ ਬਲੈਕ ਸਟੋਨ (1723-1780) ਦਾ ਸੁਨੇਹਾ ਹੈ ਕਿ 'ਕਾਨੂੰਨ ਲੋਕਾਂ ਦੇ ਸਦਾਚਾਰਕ ਜਜ਼ਬੇ ਦਾ ਮੁਜੱਸਮਾ ਹੁੰਦੇ ਹਨ।' ਸੋ, ਪੰਜ ਪਿਆਰਿਆਂ ਨੇ ਜੋ ਫੈਸਲਾ ਸੁਣਾਇਆ, ਉਹ ਸੇਵਾ ਨਿਯਮਾਂ ਦੀ ਉਲੰਘਣਾ ਨਹੀਂ ਸੀ, ਉਹ ਸੇਵਾ ਨਿਯਮਾਂ ਤੋਂ ਉਪਰ ਉਠ ਜਾਣਾ ਸੀ। ਇਹ ਫੈਸਲਾ ਅਸਲ ਵਿਚ ਉਸ ਭੁੱਲੀ ਵਿਸਰੀ ਯਾਦ ਨੂੰ ਮੁੜ ਸਥਾਪਿਤ ਕਰਦਾ ਹੈ ਜੋ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਚ ਵਾਪਰੀ ਸੀ। 'ਆਕਸਫੋਰਡ ਡਿਕਸ਼ਨਰੀ ਆਫ ਵਰਲਡ ਰਿਲੀਜਨਜ਼' ਤਾਂ ਪੰਜ ਪਿਆਰਿਆਂ ਦੀ ਸੰਸਥਾ ਨੂੰ 'ਸ਼੍ਰੋਮਣੀ' ਅਤੇ 'ਅੰਤਮ ਕਮਾਂਡਰ' ਜਾਂ 'ਅਥਾਰਿਟੀ' ਸਵੀਕਾਰ ਕਰਦੀ ਹੈ। ਪੰਜ ਪਿਆਰੇ ਦੋ ਵਾਰ ਇਤਿਹਾਸ ਵਿਚ ਗੁਰੂ ਪੰਥ ਦੇ ਮਰਤਬੇ ਨੂੰ ਪਹੁੰਚੇ ਹਨ। ਇਕ ਵਾਰ, ਚਮਕੌਰ ਦੀ ਗੜ੍ਹੀ ਵਿਚ ਅਤੇ ਦੂਜਾ ਉਸ ਸਮੇਂ ਜਦੋਂ ਦਸਮ ਪਿਤਾ ਨੇ ਦਾਦੂ ਦੀ ਸਮਾਧ 'ਤੇ ਤੀਰ ਨਾਲ ਸਲਾਮ ਕੀਤਾ। ਕੀ ਇਹ ਕਿਹਾ ਜਾ ਸਕਦਾ ਹੈ ਕਿ 21 ਅਕਤੂਬਰ 2015 ਨੂੰ ਜਦੋਂ ਪੰਜ ਪਿਆਰਿਆਂ ਨੇ ਆਪਣੀ ਤਾਕਤ, ਪ੍ਰਭਾਵ ਅਤੇ ਪਰੰਪਰਾ ਦਾ ਪ੍ਰਗਟਾਵਾ ਕੀਤਾ, ਉਸ ਘਟਨਾ ਵਿਚ ਉਹ ਗੁਰੂ ਪੰਥ ਦਾ ਰੁਤਬਾ ਅਖ਼ਤਿਆਰ ਕਰ ਗਏ? ਇਸ ਦੀ ਵੰਨ-ਸਵੰਨੀ ਵਿਆਖਿਆ ਲਈ ਇਤਿਹਾਸ ਅਜੇ ਸਾਨੂੰ ਉਡੀਕ ਕਰਨ ਲਈ ਕਹਿੰਦਾ ਹੈ।

ਪੰਜ ਪਿਆਰਿਆਂ ਵੱਲੋਂ ਕੀਤੇ ਗਏ ਵਰਤਾਰੇ ਨੇ ਸਿੱਖ ਪੰਥ ਨੂੰ ਚੋਣ ਪ੍ਰਣਾਲੀ ਦੀ ਲੋੜ ਅਤੇ ਮਹੱਤਤਾ ਦਾ ਵੀ ਅਹਿਸਾਸ ਕਰਵਾਇਆ ਹੈ, ਜਿਸ ਨੂੰ ਵਿਦਵਾਨ 'ਸਿਲੈਕਸ਼ਨ' (ਚੋਣ) ਦਾ ਨਾਂ ਦਿੰਦੇ ਹਨ, ਪਰ ਸਿੱਖਾਂ ਨੇ ਇਸ ਪ੍ਰਣਾਲੀ ਨੂੰ ਕਦੇ ਵਰਤੋਂ ਵਿਚ ਨਹੀਂ ਲਿਆਂਦਾ। ਸੰਪਰਦਾਵਾਂ ਵਿਚ ਭਾਵੇਂ ਇਹ ਪ੍ਰਣਾਲੀ ਚਲਦੀ ਹੈ, ਪਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਇਸ ਪ੍ਰਣਾਲੀ ਨੂੰ ਕਿਵੇਂ ਲਾਗੂ ਕੀਤਾ ਜਾਵੇ? ਇਹ ਸਿੱਖ ਜਗਤ ਲਈ ਵੱਡੀ ਸਮੱਸਿਆ ਹੈ। ਇਕ ਹੋਰ ਗੰਭੀਰ ਸਵਾਲ ਖੜ੍ਹਾ ਹੋ ਗਿਆ ਹੈ ਕਿ ਪੰਜ ਪਿਆਰਿਆਂ ਦੀ ਸੰਸਥਾ 'ਸੱਤਾ ਦਾ ਇਕ ਵੱਖਰਾ ਕੇਂਦਰ' ਬਣ ਜਾਵੇਗੀ ਅਤੇ ਜਮਹੂਰੀਅਤ ਦੀ ਵਰਤਮਾਨ ਪ੍ਰਣਾਲੀ ਵਿਚ ਸਿੱਖਾਂ ਦੀਆਂ ਹੋਰ ਸੰਸਥਾਵਾਂ ਨਾਲ ਉਸ ਦੇ ਰਿਸ਼ਤੇ ਕਿਸ ਤਰ੍ਹਾਂ ਦੇ ਹੋਣਗੇ? ਕੀ ਪੰਜ ਪਿਆਰੇ ਸਾਜਣ ਤੋਂ ਪਹਿਲਾਂ ਵੀ ਪੰਜ ਦੀ ਗਿਣਤੀ ਸਿੱਖ ਪੰਥ ਵਿਚ ਮਕਬੂਲ ਸੀ? ਇਤਿਹਾਸ ਇਸ ਦਾ ਜਵਾਬ 'ਹਾਂ' ਵਿਚ ਹੀ ਦਿੰਦਾ ਹੈ। 'ਐਨਸਾਈਕਲੋਪੀਡੀਆ ਆਫ ਸਿੱਖਇਜ਼ਮ' ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਸਮੇਂ ਵੀ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮੌਕੇ ਵੀ ਉਨ੍ਹਾਂ ਨਾਲ ਪੰਜ ਸਿੱਖ ਗਏ ਸਨ। ਔਰੰਗਜ਼ੇਬ ਕੋਲ ਜ਼ਫਰਨਾਮਾ ਪਹੁੰਚਾਉਣ ਲਈ ਵੀ ਗੁਰੂ ਸਾਹਿਬ ਨੇ ਪੰਜ ਸਿੰਘਾਂ-ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਦੇਸਾ ਸਿੰਘ, ਭਾਈ ਸ਼ਿਵ ਸਿੰਘ ਤੇ ਭਾਈ ਜੇਠਾ ਸਿੰਘ ਨੂੰ ਅਹਿਮਦਨਗਰ ਭੇਜਿਆ ਸੀ ਤਾਂ ਜੋ ਖਾਲਸਾ ਸ਼ਾਹੀ ਦਰਬਾਰ ਦੇ ਵਰਤੋਂ ਵਿਹਾਰਾਂ ਦੇ ਹਾਣ ਦਾ ਹੋ ਸਕੇ। ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਪੰਜ ਤੀਰ ਬਖਸ਼ਿਸ਼ ਕੀਤੇ ਅਤੇ ਨਾਲ ਹੀ ਪੰਜ ਸਿੰਘ ਭੇਜੇ ਤੇ ਹੁਕਮ ਕੀਤਾ ਕਿ ਉਹ ਇਨ੍ਹਾਂ ਸਿੰਘਾਂ ਦੀ ਸਲਾਹ ਮੁਤਾਬਿਕ ਕੰਮ ਕਰੇਗਾ।

ਪੰਜ ਪਿਆਰਿਆਂ ਦੀ ਸੰਸਥਾ ਦੇ ਉਜਾਗਰ ਹੋਣ ਨਾਲ ਜਿੱਥੇ ਰਵਾਇਤੀ ਅਕਾਲੀਆਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ, ਉਥੇ ਰੈਡੀਕਲ ਜਥੇਬੰਦੀਆਂ ਨੂੰ ਸਿੱਖ ਕੌਮ ਵਿਚ ਆਪਣਾ ਪ੍ਰਭਾਵ ਜਮਾਉਣ ਦੇ ਮੌਕੇ ਹਾਸਲ ਹੋਣਗੇ। ਇਉਂ ਲਗਦਾ ਹੈ ਜਿਵੇਂ ਆਉਣ ਵਾਲੇ ਦਿਨਾਂ ਵਿਚ ਅਕਾਲ ਤਖਤ ਸਾਹਿਬ ਸਿੱਖ-ਤੰਤਰ ਦਾ ਮੂਲ ਕੇਂਦਰ ਬਿੰਦੂ ਬਣ ਕੇ ਸਾਹਮਣੇ ਆਉਣਗੇ। ਬਦਲੀ ਹੋਈ ਸਥਿਤੀ ਵਿਚ ਇਸ ਤਖਤ ਦਾ ਜਥੇਦਾਰ ਉਹੋ ਵਿਅਕਤੀ ਬਣ ਸਕੇਗਾ, ਰਹਿ ਸਕੇਗਾ ਤੇ ਟਿਕ ਸਕੇਗਾ ਜੋ ਖਾਲਸਾ ਪੰਥ ਦੇ ਰਾਜਨੀਤਕ, ਧਾਰਮਿਕ, ਰੂਹਾਨੀ ਅਤੇ ਆਰਥਿਕ ਤੇ ਸੱਭਿਆਚਾਰਕ ਜਜ਼ਬਿਆਂ ਦਾ ਮੁਜੱਸਮਾ ਹੋਵੇਗਾ। ਇਕ ਆਦਰਸ਼ਕ ਜਥੇਦਾਰ ਦਾ ਇੰਤਜ਼ਾਮ, ਜੋ ਹੁਣ ਤਕ ਸਿੱਖ ਕੌਮ ਦੀ ਰੂਪੋਸ਼ ਮਾਨਸਿਕਤਾ ਵਿਚ ਲੁਕਿਆ ਪਿਆ ਸੀ, ਉਹ ਪ੍ਰਗਟ ਹੋ ਗਿਆ ਹੈ, ਪਰ ਇਹ ਵੀ ਇਕ ਹਕੀਕਤ ਹੈ ਕਿ ਇਸ ਮਾਨਸਿਕਤਾ, ਰੀਝ ਤੇ ਤਮੰਨਾ ਦੀ ਖੁਸ਼ਬੋ ਦੀ ਰੂਪ-ਰੇਖਾ ਅਜੇ ਵੀ ਧੁੰਦਲੀ ਹੈ। ਆਉਣ ਵਾਲੀ ਸਿਆਸਤ ਵੱਖਰੀ ਹੋਵੇਗੀ ਪਰ ਪਹਿਲਾਂ ਵਾਲੀ ਯਕੀਨਨ ਨਹੀਂ ਹੋਵੇਗੀ ਕਿਉਂਕਿ ਪੰਜ ਪਿਆਰਿਆਂ ਦੀ ਸੰਸਥਾ ਨੇ ਸਾਰਿਆਂ ਨੂੰ ਝਟਕਾ ਦਿੱਤਾ ਹੈ।

ਪੰਜ ਪਿਆਰਿਆਂ ਦਾ ਮਾਡਲ ਯਕੀਨਨ ਜਮਹੂਰੀਅਤ ਦਾ ਇਕ ਨਿਵੇਕਲਾ ਤੇ ਨਵਾਂ ਪੈਰਾਡਾਈਮ-ਸ਼ਿਫਟ ਸੀ ਜਿਹੜਾ ਗੁਰੂ ਗੋਬਿੰਦ ਸਿੰਘ ਨੇ ਇਤਿਹਾਸ ਵਿਚ ਉਤਾਰਿਆ। ਇਹ ਮਾਡਲ ਉਤਮ ਜਾਂ ਸ੍ਰੇਸ਼ਟ ਕਿਸਮ ਦੇ ਵਿਅਕਤੀਆਂ ਦੀ ਚੋਣ ਉਤੇ ਆਧਾਰਿਤ ਸੀ ਜਦੋਂਕਿ ਵੋਟ ਰਾਜਨੀਤੀ ਦਾ ਮਾਡਲ ਸਿਰਾਂ ਦੀ ਗਿਣਤੀ ਨੂੰ ਪਹਿਲ ਦਿੰਦਾ ਹੈ। ਨਤੀਜਾ ਇਹ ਹੋਇਆ ਕਿ ਪੰਜ ਪਿਆਰਿਆਂ ਦਾ ਮਾਡਲ ਇਕ ਭੁੱਲੀ ਵਿਸਰੀ ਯਾਦ ਬਣ ਕੇ ਰਹਿ ਗਿਆ ਜਾਂ ਕਿਸੇ ਪ੍ਰਕਾਸ਼ ਉਤਸਵ ਮੌਕੇ 'ਤੇ ਨਿਕਲਣ ਵਾਲੇ ਜਲੂਸਾਂ ਦੀ ਅਗਵਾਈ ਤਕ ਹੀ ਸੀਮਤ ਹੋ ਗਿਆ ਸੀ ਅਤੇ ਇਸ ਵਿਚ ਉਹ ਪੁਰਾਤਨ ਪਹਿਲ-ਤਾਜ਼ਗੀ ਨਹੀਂ ਸੀ ਰਹੀ। ਦੂਜੇ ਪਾਸੇ ਸਿੱਖ ਵਿਦਵਾਨਾਂ ਉਤੇ ਵੀ ਇਹ ਦੋਸ਼ ਆਇਦ ਹੁੰਦਾ ਹੈ ਕਿ ਉਨ੍ਹਾਂ ਨੇ ਦਸਮੇਸ਼ ਪਿਤਾ ਦੇ ਇਸ ਨਿਰਮਲ ਮਾਰਗ ਵਿਚ ਤਾਜ਼ਗੀ ਅਤੇ ਨਵੀਨਤਾ ਦੇ ਵੰਨ-ਸਵੰਨੇ ਰੰਗ ਤਾਂ ਕੀ ਭਰਨੇ ਸਨ ਸਗੋਂ ਵੋਟ ਰਾਜਨੀਤੀ ਦੇ ਮਾਡਲ ਅੱਗੇ ਪੂਰੀ ਤਰ੍ਹਾਂ ਗੋਡੇ ਟੇਕ ਦਿੱਤੇ। ਸ਼੍ਰੋਮਣੀ ਕਮੇਟੀ ਦਾ ਵਜੂਦ ਤੇ ਮਿਸਾਲ ਸਾਡੇ ਸਾਹਮਣੇ ਹੈ ਜਿੱਥੇ ਹਰ ਕਿਸਮ ਦੇ ਨੈਤਿਕ-ਅਨੈਤਿਕ ਸੋਮੇ ਅਤੇ ਸਾਧਨਾਂ ਦੀ ਵਰਤੋਂ ਕਰ ਕੇ ਜੇਤੂ ਉਮੀਦਵਾਰ ਇਸ ਮਿੰਨੀ ਪਾਰਲੀਮੈਂਟ ਵਿਚ ਦਾਖਲ ਹੁੰਦੇ ਹਨ। ਇਮਤਿਹਾਨ ਦੀ ਇਸ ਘੜੀ ਵਿਚ ਉਹ ਕੇਵਲ ਚਲਦੀਆਂ ਫਿਰਦੀਆਂ ਲਾਸ਼ਾਂ ਹੀ ਨਜ਼ਰ ਆਏ ਜਿਨ੍ਹਾਂ ਕੋਲ ਨਾ ਹੀ ਦਿਮਾਗ ਦੀ ਸੁਤੰਤਰਤਾ ਸੀ ਅਤੇ ਨਾ ਹੀ ਅਨਮੋਲ ਵਿਰਸੇ ਦੀ ਯਾਦ ਹੀ ਉਨ੍ਹਾਂ ਦੀ ਪੂੰਜੀ ਸੀ। ਅਜਿਹੇ ਹਾਲਾਤ ਵਿਚ ਭਾਵੇਂ ਸਿੱਖਾਂ ਦੇ ਸੁਚੇਤ ਮਨ ਨੇ ਹਾਰ ਮੰਨ ਲਈ ਪਰ ਅਵਚੇਤਨ-ਜਗਤ ਸਦਾ ਹੀ ਬਾਗੀ ਰਿਹਾ। ਦਿਲਚਸਪ ਗੱਲ ਇਹ ਹੈ ਕਿ ਸੁਚੇਤ ਤੇ ਅਚੇਤ ਦੋਵੇਂ ਵਰਤਾਰੇ ਨਾਲ ਨਾਲ ਚਲਦੇ ਵੀ ਰਹੇ ਅਤੇ ਇਕ ਦੂਜੇ ਨਾਲ ਟਕਰਾਉਂਦੇ ਵੀ। ਅਚੇਤ ਮਨ ਇਕ ਤਰ੍ਹਾਂ ਨਾਲ ਦੱਬੀਆਂ ਤੇ ਦਬਾਈਆਂ ਖਾਹਿਸ਼ਾਂ, ਰੀਝਾਂ ਤੇ ਵਲਵਲਿਆਂ ਦਾ ਇਕ ਵੱਡਾ ਅਤੇ ਨਾ ਮੁੱਕਣ ਵਾਲਾ ਢੇਰ ਹੁੰਦਾ ਹੈ ਜਦੋਂਕਿ ਸੁਚੇਤ ਮਨ ਬਾਹਰੀ ਅਤੇ ਤਾਕਤਵਰ ਦਬਾਅ ਦੇ ਅਧੀਨ ਆਪਣੇ ਆਪ ਨੂੰ ਪ੍ਰੀਭਾਸ਼ਤ ਕਰਦਾ ਹੈ।

ਮੁੱਕਦੀ ਗੱਲ, 21 ਅਕਤੂਬਰ ਨੂੰ ਜਦੋਂ ਪੰਜ ਪਿਆਰਿਆਂ ਨੇ ਆਪਣੀ ਤਾਕਤ ਦਾ ਵਿਖਾਵਾ ਕੀਤਾ ਤਾਂ ਅਸਲ ਵਿਚ ਉਹ ਸਿੱਖਾਂ ਦੇ ਅਚੇਤ ਮਨ ਦਾ ਸਾਕਾਰ ਰੂਪ ਸੀ ਜਾਂ ਇਉਂ ਕਹਿ ਲਵੋ ਅਚੇਤ ਮਨ ਦੀ ਜਿੱਤ ਸੀ। ਸਾਨੂੰ ਇਤਿਹਾਸ ਨੂੰ ਇਸ ਨਜ਼ਰੀਏ ਤੋਂ ਵੀ ਕਦੇ ਕਦੇ ਹਮਦਰਦੀ ਨਾਲ ਦੇਖਦੇ ਰਹਿਣਾ ਚਾਹੀਦਾ ਹੈ। ਇਸ ਵੱਖਰੀ ਕਿਸਮ ਦੇ ਗਿਆਨ ਖੇਤਰ ਨਾਲ ਸਾਂਝ ਪਾਉਣ ਲਈ ਸਾਨੂੰ 'ਅਵਚੇਤਨ' ਦੇ ਮਹਾਨ ਫਿਲਾਸਫਰ ਕਾਰਲ ਜੁੰਗ (1875-1961) ਦੀ ਖੋਜ ਵੱਲ ਪਰਤਣਾ ਹੋਵੇਗਾ ਜੋ ਆਪਣੇ ਸਾਥੀ ਫਰਾਇਡ (1856-1939) ਤੋਂ ਇਹ ਵਿਚਾਰ ਰੱਖ ਕੇ ਵੱਖਰਾ ਹੋ ਗਿਆ ਸੀ ਕਿ ਅਚੇਤ ਮਨ ਤਾਂ ਰੂਹਾਨੀਅਤ ਦੀਆਂ ਗਹਿਰਾਈਆਂ ਦਾ ਇਕ ਵੱਡਾ ਸੋਮਾ ਹੁੰਦਾ ਹੈ। ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸਿੱਖ ਰਾਜਨੀਤੀ ਉਤੇ ਕਾਬਜ਼ ਹਾਕਮ ਧਿਰ ਨੇ ਸਿੱਖਾਂ ਦੇ ਸਮੂਹਿਕ-ਅਵਚੇਤਨ ਦੀ ਕਮਾਲ ਦੀ ਤਾਕਤ ਅਤੇ ਬਾਹੂਬਲ ਦੀ ਨਾ ਕਦੇ ਸਾਰ ਲਈ ਅਤੇ ਨਾ ਕਦੇ ਪਛਾਣ ਕੀਤੀ। ਇਸ ਦੇ ਸਿੱਟੇ ਉਹ ਹੁਣ ਭੁਗਤ ਰਹੇ ਹਨ ਅਤੇ ਸ਼ਾਇਦ ਇਹੋ ਜਿਹੀ ਚੁਣੌਤੀ ਕਦੇ ਵੀ ਉਨ੍ਹਾਂ ਦੇ ਸਾਹਮਣੇ ਨਹੀਂ ਸੀ ਆਈ। ਪਰ ਇਸ ਦੇ ਨਾਲ ਹੀ ਇਹ ਵੀ ਇਕ ਕੌੜੀ ਸੱਚਾਈ ਹੈ ਕਿ ਹਾਕਮ ਧਿਰ ਦਾ ਵਿਰੋਧ ਕਰਨ ਵਾਲੀ ਸਿੱਖ ਰਾਜਨੀਤੀ ਨੂੰ ਵੀ ਇਸ ਅਚੇਤ ਮਨ ਦੇ ਨੇੜੇ ਢੁਕਣ ਵਿਚ ਅਜੇ ਕਾਫੀ ਸਮਾਂ ਲੱਗੇਗਾ। ਉਦਾਸ ਕਰ ਦੇਣ ਵਾਲਾ ਸੱਚ ਇਹ ਹੈ ਕਿ ਹਨੇਰਾ ਹਾਲੇ ਵੀ ਬਰਕਰਾਰ ਹੈ।

*(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

# ਪੰਜ ਪਿਆਰਿਆਂ ਦਾ ਸਿੱਖ ਪ੍ਰਸੰਗ

**ਚਲਦੇ ਮਾਮਲੇ**

*'ਪੰਜ ਪਿਆਰਿਆਂ ਦਾ ਸਿੱਖ ਪ੍ਰਸੰਗ' ਨਾਂ ਦੇ ਇਸ ਅਹਿਮ ਲੇਖ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਬਲਕਾਰ ਸਿੰਘ ਨੇ ਪੰਜ ਪਿਆਰਿਆਂ ਦੀ ਚਰਚਾ ਇਤਿਹਾਸਕ ਪ੍ਰਸੰਗ ਤਹਿਤ ਕੀਤੀ ਹੈ ਅਤੇ ਮੌਜੂਦਾ ਸੰਕਟ ਦੌਰਾਨ ਇਨ੍ਹਾਂ ਦੀ ਭੂਮਿਕਾ ਨਾਲ ਖੜ੍ਹੇ ਹੋਏ, ਤੇ ਹੋ ਰਹੇ ਸਵਾਲਾਂ ਦੀ ਬਾਰੀਕੀ ਨਾਲ ਪੁਣ-ਛਾਣ ਕੀਤੀ ਹੈ। ਨਾਲ ਹੀ ਇਹ ਚੇਤਾ ਇਕ ਵਾਰ ਫਿਰ ਕਰਵਾਇਆ ਹੈ ਕਿ ਸਿੱਖ ਭਾਈਚਾਰਾ ਵਿਰੋਧੀਆਂ ਦੀਆਂ ਚੁਣੌਤੀਆਂ ਨਾਲ ਤਾਂ ਸਦਾ ਜੂਝਦਾ ਤੇ ਜਿੱਤਦਾ ਵੀ ਰਿਹਾ ਹੈ, ਪਰ ਆਪਣਿਆਂ ਵੱਲੋਂ ਖੜ੍ਹੀਆਂ ਕੀਤੀਆਂ ਮੁਸ਼ਕਿਲਾਂ ਤੇ ਔਕੜਾਂ ਅੱਗੇ ਬੇਵੱਸ ਹੋ ਜਾਂਦਾ ਰਿਹਾ ਹੈ। ਮੌਜੂਦਾ ਸੰਕਟ ਨੂੰ ਉਨ੍ਹਾਂ ਇਸੇ ਪ੍ਰਸੰਗ ਵਿਚ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ ਤਾਂ ਕਿ ਸਿੱਖੀ ਨੂੰ ਸਿਆਸਤ ਨਾਲੋਂ ਪਹਿਲ ਮਿਲ ਸਕੇ। -ਸੰਪਾਦਕ*

ਮੌਜੂਦਾ ਸਿੱਖ ਸੰਕਟ ਵਿਚ ਪੰਜ ਪਿਆਰਿਆਂ ਦੀ ਭੂਮਿਕਾ ਨੇ ਅਜਿਹੇ ਪ੍ਰਸ਼ਨ ਪੈਦਾ ਕਰ ਦਿੱਤੇ ਹਨ ਜੋ ਹਾਲਾਤ ਨੂੰ ਸੰਭਾਲਣ ਵਿਚ ਮਦਦ ਕਰਦੇ ਨਹੀਂ ਜਾਪਦੇ। ਇਹ ਲੱਗਣ ਲੱਗ ਪਿਆ ਹੈ ਕਿ ਪੰਜ ਪਿਆਰਿਆਂ ਦੀ ਸਿਧਾਂਤਕਤਾ, ਪਰੰਪਰਾ ਤੇ ਵਰਤਮਾਨ, ਇਕਸੁਰਤਾ ਵਿਚੋਂ ਨਿਕਲ ਕੇ ਟਕਰਾਉ ਵਿਚ ਆ ਗਏ ਹਨ। ਪੰਜ ਪਿਆਰਿਆਂ ਦੀ ਸੰਸਥਾ, ਗੁਰੂ-ਜੋਤਿ ਨੂੰ ਪੰਥਕ-ਜੁਗਤਿ ਵਿਚ ਉਸਾਰਨ ਵਾਸਤੇ ਨਵੀਂ ਵਿਧੀ ਵਜੋਂ ਸਾਹਮਣੇ ਆਈ ਸੀ ਅਤੇ ਇਸ ਦਾ ਪ੍ਰਗਟਾਵਾ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਨਾਨਕ ਦੀ ਅਗਵਾਈ ਵਿਚ ਹੀ ਸ਼ੁਰੂ ਹੋ ਗਿਆ ਸੀ। ਇਸ ਨੂੰ ਸਿੱਖ-ਲੋਕਤੰਤਰ ਦੀ ਸਿਧਾਂਤਕਤਾ ਦੇ ਅਮਲੀ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਪ੍ਰਗਟਾਵੇ ਵਜੋਂ ਵੀ ਸਮਝਿਆ ਜਾ ਸਕਦਾ ਹੈ। ਪੰਜ ਪਿਆਰਿਆਂ ਦੀ ਨਿਸਚਿਤ ਪਛਾਣ 1699 ਦੀ ਵਿਸਾਖੀ ਵਾਲੇ ਦਿਨ ਸਾਹਮਣੇ ਆਈ ਸੀ। ਜਦੋਂ ਵੀ ਪੰਜ ਪਿਆਰਿਆਂ ਦੀ ਗੱਲ ਹੁੰਦੀ ਹੈ ਤਾਂ ਸ਼ੁਰੂਆਤ ਆਮ ਤੌਰ 'ਤੇ ਇਥੋਂ ਹੀ ਕੀਤੀ ਜਾਂਦੀ ਹੈ ਕਿ ਖਾਲਸਾ ਸਾਜਣਾ ਦੀ ਅਰੰਭਕ ਪ੍ਰਤੀਨਿਧਤਾ ਇਨ੍ਹਾਂ ਪੰਜ ਪਿਆਰਿਆਂ ਨੇ ਹੀ ਕੀਤੀ ਸੀ। ਇਥੋਂ ਹੀ 'ਆਪੇ ਗੁਰ ਚੇਲਾ' ਦੀ ਸਿਧਾਂਤਕ ਪਛਾਣ ਬਣੀ ਸੀ ਅਤੇ ਇਸ ਨਾਲ ਪੰਜ ਪਿਆਰੇ ਸਿੱਖ ਸਤਿਕਾਰ ਦੇ ਪਾਤਰ ਬਣ ਗਏ ਸਨ ਜੋ ਦਸਮ ਪਾਤਸ਼ਾਹ ਵਲੋਂ ਗੁਰੂ ਵਿਧੀ ਵਿਚ ਸਥਾਪਤ ਕੀਤੇ ਗਏ ਸਨ ਅਤੇ ਇਸ ਨਾਲ ਪੰਜ ਪਿਆਰਿਆਂ ਦਾ ਰੋਲ ਮਾਡਲ ਸਥਾਪਤ ਹੋ ਗਿਆ ਸੀ। ਯਾਦ ਰਹੇ ਕਿ ਇਨ੍ਹਾਂ ਪੰਜ ਪਿਆਰਿਆਂ ਵਿਚਕਾਰ ਗੁਰੂ ਜੀ ਖੁਦ ਵੀ ਹਾਜ਼ਰ ਸਨ ਤੇ ਪੰਥ ਸਥਾਪਤ ਪੰਜ ਪਿਆਰੇ ਗੁਰੂ ਨੂੰ ਹਾਜ਼ਰ ਨਾਜ਼ਰ ਪਰਵਾਨ ਕਰਦੇ ਆ ਰਹੇ ਹਨ।

ਵਰਤਮਾਨ ਪੰਜ ਪਿਆਰਿਆਂ ਦੇ ਫੈਸਲੇ ਨਾਲ ਜਿਹੋ ਜਿਹਾ ਪੁਲਸੀ ਪ੍ਰਭਾਵ ਪੈਦਾ ਹੋ ਗਿਆ ਹੈ, ਉਸੇ ਬਾਰੇ ਚਰਚਾ ਕੀਤੀ ਜਾ ਰਹੀ ਹੈ। ਇਹ ਠੀਕ ਹੈ ਕਿ ਤਖਤ ਜਥੇਦਾਰ ਜਿਸ ਤਰ੍ਹਾਂ ਹੁਕਮਨਾਮਾ ਵਾਪਸ ਲੈਣ ਨਾਲ ਸਿੱਖ ਭਾਈਚਾਰੇ ਦੇ ਗੁੱਸੇ ਦਾ ਸ਼ਿਕਾਰ ਹੋਏ ਹਨ, ਪਹਿਲਾਂ ਕਦੇ ਨਹੀਂ ਹੋਏ ਸਨ। ਇਸ ਨੂੰ ਵੇਖਦਿਆਂ ਤਖਤ ਜਥੇਦਾਰਾਂ ਨੂੰ ਪਦਵੀਆਂ ਛੱਡ ਦੇਣੀਆਂ ਚਾਹੀਦੀਆਂ ਸਨ। ਸਮਾਂ ਨਾ ਸਾਂਭ ਸਕਣ ਕਰ ਕੇ, ਮੌਜੂਦਾ ਤਖਤ ਜਥੇਦਾਰ ਅਪ੍ਰਸੰਗਕ ਹੋ ਗਏ ਹਨ। ਜੋ ਵਿਧੀ ਪੰਜ ਪਿਆਰਿਆਂ ਨੇ ਅਪਨਾਈ, ਇਸ ਨਾਲ ਸੰਵਰਿਆ ਕੁਝ ਵੀ ਨਹੀਂ, ਪਰ ਵਿਗੜ ਬਹੁਤ ਕੁਝ ਗਿਆ ਹੈ। ਤਖਤ ਜਥੇਦਾਰਾਂ ਦੇ ਪੈਰੋਂ ਵਿਗੜੇ ਹਾਲਾਤ ਤਾਂ ਸੰਭਲ ਜਾਣਗੇ, ਪਰ ਪੰਜ ਪਿਆਰਿਆਂ ਦੀ ਬੇਲੋੜੀ ਦਖਲਅੰਦਾਜ਼ੀ ਦੇ ਖਮਿਆਜ਼ੇ ਲਗਾਤਾਰ ਭੁਗਤਣੇ ਪੈ ਸਕਦੇ ਹਨ।

ਸਿੱਖ ਸਾਹਿਤ ਵਿਚ ਹੁਕਮਨਾਮਿਆਂ ਤੋਂ ਲੈ ਕੇ ਸੂਰਜ ਪ੍ਰਕਾਸ਼ ਤੱਕ ਪੰਜ ਪਿਆਰੇ ਲੋੜ ਪੈਣ 'ਤੇ ਚੁਣੇ ਜਾਂਦੇ ਰਹੇ ਹਨ। ਰਹਿਤਨਾਮਾ ਭਾਈ ਦਯਾ ਸਿੰਘ ਦੇ ਇਸ ਹਵਾਲੇ, "ਪਾਂਚ ਸਿੰਘ ਮਿਲਕਰ ਰਹਿਤ ਬਿਬੇਕ ਕਾ ਗੁਰਮਤਾ ਕਰੇ" ਨਾਲ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦਸਮ ਪਾਤਸ਼ਾਹ ਵਲੋਂ ਕੀਤੀ ਗਈ ਰੋਲ ਮਾਡਲ ਸਥਾਪਤੀ, ਪੰਥਕ ਚੋਣ ਵਜੋਂ ਲਗਾਤਾਰ ਨਿਭਦੀ ਰਹੀ ਹੈ। ਇਸ ਵਾਸਤੇ 1708 ਤੋਂ ਪਿਛੋਂ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਅੰਮ੍ਰਿਤ ਸੰਚਾਰ ਵੇਲੇ ਤਿਆਰ ਬਰ ਤਿਆਰ ਸਿੰਘਾਂ ਵਿਚੋਂ ਪੰਜ ਪਿਆਰੇ ਥਾਪ ਲਏ ਜਾਂਦੇ ਰਹੇ ਹਨ। ਗੁਰਦੁਆਰਾ ਸੰਸਥਾ ਦੀ ਸਥਾਪਤੀ ਨਾਲ ਪੰਜ ਪਿਆਰਿਆਂ ਦਾ ਸਬੰਧ ਗੁਰਦੁਆਰਾ ਸੰਸਥਾ ਨਾਲ ਜੁੜਿਆ ਆ ਰਿਹਾ ਹੈ ਅਤੇ ਸਥਾਨਕ ਪੰਜ ਪਿਆਰੇ ਲੋੜੀਂਦੀ ਭੂਮਿਕਾ ਪੰਥਕ ਸੁਰ ਵਿਚ ਨਿਭਾਉਂਦੇ ਰਹੇ ਹਨ।

ਪੰਜ ਦੇ ਗੁਰਮਤਿ ਪ੍ਰਸੰਗ ਦੀ ਪੁਸ਼ਟੀ 'ਪੰਚ' ਦੇ ਹਵਾਲੇ ਨਾਲ ਬਾਣੀ ਵਿਚੋਂ ਹੋ ਜਾਂਦੀ ਹੈ (ਮਹਾਨ ਕੋਸ਼ 781)। ਭਾਈ ਗੁਰਦਾਸ ਨੇ ਪੰਜ ਦਾ ਪ੍ਰਸੰਗ ਸਥਾਪਨ ਕਰਦਿਆਂ ਦੱਸਿਆ ਹੈ ਕਿ ਗੁਰਮਤਿ ਦਾ 'ਪੰਚ ਪਰਧਾਨੇ' (ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ); ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਸਵਯਾ 29) ਦਾ ਸਿੱਖ ਬਦਲ ਹੈ ਅਤੇ 'ਗੁਰਭਾਈ' ਅਰਥਾਤ ਗੁਰਮੁਖ ਇਸ ਦਾ ਸਿੱਖ ਪ੍ਰਤੀਨਿਧ ਹੋ ਗਿਆ ਹੈ (ਵਾਰ 29)। ਨਿਰਸੰਦੇਹ ਇਨ੍ਹਾਂ ਹਵਾਲਿਆਂ ਦਾ ਪ੍ਰਸੰਗ ਅਧਿਆਤਮਕ ਹੈ। ਇਸੇ ਲਈ ਪੰਜ ਪਿਆਰਿਆਂ ਨੂੰ ਇਨ੍ਹਾਂ ਹਵਾਲਿਆਂ ਨਾਲ ਸਮਝਿਆ ਤਾਂ ਜਾ ਸਕਦਾ ਹੈ, ਪਰ ਸਥਾਪਤ ਨਹੀਂ ਕੀਤਾ ਜਾ ਸਕਦਾ। ਗ੍ਰੰਥ ਅਤੇ ਪੰਥ ਦੀ ਅਗਵਾਈ ਵਿਚ ਪੰਜ ਪਿਆਰਿਆਂ ਦੀ ਸੰਸਥਾ ਨੂੰ ਸਮਕਾਲੀ ਸਥਿਤੀਆਂ ਮੁਤਾਬਿਕ ਢਲਣਾ ਪੈਂਦਾ ਰਿਹਾ ਹੈ। ਇਸ ਨਾਲ ਪੰਜ ਪਿਆਰਿਆਂ ਦੀ ਸੰਸਥਾ ਨੂੰ ਸਿਧਾਂਤਕ ਪਵਿਤਰਤਾ ਨਾਲੋਂ ਵੱਧ, ਪੰਥਕ ਉਸਾਰ ਦੀਆਂ ਇਤਿਹਾਸਕ ਲੋੜਾਂ ਨਾਲ ਨਿਭਣਾ ਪੈਂਦਾ ਰਿਹਾ ਹੈ। ਇਸ ਨਾਲ ਇਸ ਸੰਸਥਾ ਦੇ ਸਿਧਾਂਤਕ ਅਮਲ ਨੂੰ ਅਕਾਲ ਤਖਤ ਸਾਹਿਬ ਦੇ ਹਵਾਲੇ ਨਾਲ ਸਮਝਣ-ਸਮਝਾਉਣ ਦੀ ਪਰੰਪਰਾ ਉਸਰਨੀ ਸ਼ੁਰੂ ਹੋ ਗਈ ਸੀ ਅਤੇ ਇਹੀ ਅੱਜ ਦੇ ਹਾਲਾਤ ਤੱਕ ਪਹੁੰਚ ਗਈ ਹੈ। ਮਿਸਲਾਂ ਵੇਲੇ ਪੰਜ ਪਿਆਰਿਆਂ ਦੀ ਵਰਤੋਂ ਅੰਮ੍ਰਿਤ ਛਕਾਉਣ ਤੱਕ ਹੀ ਮਹਿਦੂਦ ਸੀ। ਮਿਸਲ ਉਸਾਰੀ ਵਿਚ ਅਕਾਲ ਤਖਤ ਦੀ ਭੂਮਿਕਾ ਵਿਚ ਪੰਜ ਪਿਆਰਿਆਂ ਦਾ ਕੋਈ ਦਖਲ ਨਹੀਂ ਹੈ। ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਵਿਚ ਵੀ ਪੰਜ ਪਿਆਰਿਆਂ ਦੀ ਕੋਈ ਭੂਮਿਕਾ ਨਜ਼ਰ ਨਹੀਂ ਆਉਂਦੀ। ਸਿੰਘ ਸਭਾ ਲਹਿਰ ਨਾਲ ਪੰਜ ਪਿਆਰਿਆਂ ਦੀ ਸੰਸਥਾ ਸਥਾਪਤੀ, ਪੰਥਕ ਲੋੜਾਂ ਮੁਤਾਬਿਕ ਹੋਣੀ ਸ਼ੁਰੂ ਹੋ ਗਈ ਸੀ ਅਤੇ ਇਸ ਦਾ ਵਰਤਮਾਨ ਸਰੂਪ 1925 ਦੇ ਗੁਰਦੁਆਰਾ ਐਕਟ ਰਾਹੀਂ ਸਥਾਪਤ ਹੋਇਆ ਹੈ। ਪੰਥਕ ਸਹਿਮਤੀ ਦੀ ਸੁਰ ਵਿਚ ਪੰਜ ਪਿਆਰਿਆਂ ਦੀ ਚੋਣ ਦਾ ਹੱਕ ਸਿੱਖ ਭਾਈਚਾਰੇ ਕੋਲ ਸਦਾ ਹੀ ਰਿਹਾ ਹੈ ਅਤੇ ਇਹ ਪੰਥਕ ਸੰਸਥਾਵਾਂ ਰਾਹੀਂ ਨਿਭਦਾ ਵੀ ਰਿਹਾ ਹੈ। ਇਸ ਵੇਲੇ ਸਿੱਖ ਭਾਈਚਾਰਾ ਗੁਰੂ ਕਿਰਤਾਂ ਅਤੇ ਪੰਥਕ ਕਿਰਤਾਂ ਨੂੰ ਇਕ ਦੂਜੇ ਨਾਲੋਂ ਨਿਖੇੜ ਕੇ ਵੇਖਣ ਦੀ ਥਾਂ, ਇਕ ਦੂਜੇ ਨਾਲ ਉਲਝਾ ਕੇ ਵੇਖਣ ਵੱਲ ਤੁਰਦਾ ਨਜ਼ਰ ਆ ਰਿਹਾ ਹੈ। ਇਹ ਸੰਕਟ, ਧਰਮ ਅਤੇ ਸਿਆਸਤ ਨੂੰ ਇਕ ਦੂਜੇ ਦੀ ਬਿਹਤਰੀ ਵਾਸਤੇ ਵਰਤਣ ਦੀ ਥਾਂ, ਇਕ ਦੂਜੇ ਦੀ ਕੁਵਰਤੋਂ ਹੋਣ ਵੱਲ ਤੁਰਦਾ ਨਜ਼ਰ ਆ ਰਿਹਾ ਹੈ। ਤਖਤਾਂ ਦੇ ਜਥੇਦਾਰਾਂ ਦੇ ਫੈਸਲਿਆਂ ਨੂੰ ਲੈ ਕੇ ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਵਲੋਂ ਲਏ ਗਏ ਫੈਸਲੇ ਨੂੰ ਸਿੱਖ ਸਿਧਾਂਤ, ਸਿੱਖ ਪਰੰਪਰਾ ਤੇ ਸਿੱਖ ਇਤਿਹਾਸ ਦੀ ਨਿਰੰਤਰਤਾ ਵਿਚ ਸਮਝਣਾ ਅਤੇ ਸਮਝਾਉਣਾ ਮੁਸ਼ਕਿਲ ਨਜ਼ਰ ਆਉਣ ਲੱਗ ਪਿਆ ਹੈ। ਧਿਆਨ ਵਿਚ ਰਹੇ ਕਿ ਪੰਜ ਪਿਆਰਿਆਂ ਦੀ ਸੰਸਥਾ, ਗੁਰੂ ਦੇ ਅੰਗ ਸੰਗ ਰਹਿ ਕੇ ਹੀ ਉਸਰਦੀ ਰਹੀ ਹੈ ਅਤੇ ਰਹਿ ਸਕਦੀ ਹੈ।

ਪੰਜ ਪਿਆਰਿਆਂ ਦੀ ਸੰਸਥਾ, ਪੰਥ ਪ੍ਰਤੀਨਿਧ ਹੋਣ ਦੇ ਬਾਵਜੂਦ ਸਿੱਖ ਸਿਧਾਂਤਕਤਾ ਦੇ ਬੰਧਨ ਵਿਚ ਹੈ। ਇਸੇ ਕਰ ਕੇ ਇਹ ਸੰਸਥਾ ਨੈਤਿਕ ਸੁਰ ਵਿਚ ਸਤਿਕਾਰਯੋਗ ਤਾਂ ਹੈ, ਪਰ ਸਿਧਾਂਤਕ ਸੁਰ ਵਿਚ ਪਵਿਤਰਤਾ ਪ੍ਰਤੀਨਿਧ ਨਹੀਂ ਹੋ ਸਕਦੀ। ਪਵਿੱਤਰ ਅਤੇ ਸਤਿਕਾਰ ਵਿਚ ਧਰਮ ਅਤੇ ਧਾਰਮਿਕਤਾ ਜਿੰਨਾ ਅੰਤਰ ਤਾਂ ਰਹਿਣਾ ਹੀ ਚਾਹੀਦਾ ਹੈ। 1925 ਦੇ ਗੁਰਦੁਆਰਾ ਐਕਟ ਦੀ ਰੌਸ਼ਨੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੀ ਹੋਈ ਪੰਜ ਪਿਆਰਿਆਂ ਦੀ ਸੰਸਥਾ ਪੰਥਕਤਾ ਦੀ ਥਾਂ ਸੇਵਾ ਸ਼ਰਤਾਂ ਦੀ ਸੁਰ ਵਿਚ ਉਸਰਨੀ ਸ਼ੁਰੂ ਹੋ ਚੁੱਕੀ ਹੈ। 1925 ਦੇ ਐਕਟ ਮੁਤਾਬਕ ਅਕਾਲ ਤਖਤ ਸਾਹਿਬ ਦੀ ਸੰਸਥਾਈ ਅਹਿਮੀਅਤ ਨੂੰ ਧਿਆਨ ਵਿਚ ਰੱਖ ਕੇ ਕੇਵਲ ਤਖਤ ਜਥੇਦਾਰ ਸੇਵਾ ਸ਼ਰਤਾਂ ਦੇ ਘੇਰੇ ਵਿਚੋਂ ਬਾਹਰ ਰੱਖੇ ਗਏ ਸਨ। ਇਸ ਬਾਰੇ ਪੰਥਕ ਦ੍ਰਿਸ਼ਟੀ ਅਤੇ ਸਿੱਖ ਯਾਦ ਤਾਂ ਸਪਸ਼ਟ ਹੈ, ਪਰ ਸ਼੍ਰੋਮਣੀ ਕਮੇਟੀ ਨੇ ਕਦੇ ਸਪਸ਼ਟ ਹੋਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਥੋਂ ਤੱਕ ਕਿ ਤਖਤ ਜਥੇਦਾਰਾਂ ਨੇ ਵੀ 1925 ਵਾਲੇ ਐਕਟ ਦੀ ਵਿਧਾਨਕਤਾ ਤੋਂ ਮੁਕਤ ਹੋਣ ਦੀ ਕਦੇ ਉਤਸੁਕਤਾ ਨਹੀਂ ਵਿਖਾਈ। ਇਸ ਨਾਲ ਅੱਜ ਵਰਗੀ ਸਥਿਤੀ ਪੈਦਾ ਹੋਣ ਦੀਆਂ ਸੰਭਾਵਨਾਵਾਂ ਤੋਂ ਨਹੀਂ ਬਚਿਆ ਜਾ ਸਕਦਾ। ਪੰਜ ਪਿਆਰਿਆਂ ਵਲੋਂ ਲਏ ਗਏ ਫੈਸਲੇ ਨਾਲ ਅਜਿਹੇ ਪ੍ਰਸ਼ਨ ਪੈਦਾ ਹੋ ਗਏ ਹਨ ਜਿਨ੍ਹਾਂ ਨੇ ਸੰਵਾਰਿਆ ਕੁਝ ਨਹੀਂ, ਪਰ ਸੇਹ ਦਾ ਤੱਕਲਾ ਜ਼ਰੂਰ ਗੱਡਿਆ ਗਿਆ ਹੈ? ਇਹ ਵਿਵਾਦੀ ਫੈਸਲਾ ਕਰਨ ਲੱਗਿਆਂ ਧਿਆਨ ਵਿਚ ਨਹੀਂ ਰੱਖਿਆ ਗਿਆ ਕਿ ਪੰਜਾਬ ਦੇ ਤਿੰਨ ਤਖਤਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹੱਥ ਹੈ ਅਤੇ ਬਾਕੀ ਤਖਤਾਂ (ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ) ਦਾ ਪ੍ਰਬੰਧ ਸੁਤੰਤਰ ਬੋਰਡਾਂ ਦੇ ਹੱਥ ਹੈ। ਇਨ੍ਹਾਂ ਵਿਚੋਂ ਇਕ ਬੋਰਡ ਦਾ ਪ੍ਰਧਾਨ ਭਾਜਪਾ ਦਾ ਐਮ.ਐਲ.ਏ ਹੈ। ਪੰਜਾਬ ਦੇ ਤਿੰਨਾਂ ਤਖਤਾਂ ਦੇ ਪ੍ਰਬੰਧਕੀ ਢਾਂਚੇ ਨੂੰ ਕੋਈ ਵੀ ਪੰਜ ਪਿਆਰੇ ਆਪਣੇ ਹੱਥ ਵਿਚ ਕਿਵੇਂ ਲੈ ਸਕਦੇ ਹਨ? ਇਸ ਵਿਚ ਕੋਈ ਸ਼ੱਕ ਨਹੀਂ ਕਿ ਤਖਤ ਜਥੇਦਾਰ, ਪੰਥਕਤਾ ਦੇ ਸਿੱਖ ਵਰਤਾਰੇ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਉਨ੍ਹਾਂ ਵਲੋਂ ਉਹੀ ਫੈਸਲਾ ਲਿਆ ਜਾਣਾ ਚਾਹੀਦਾ ਹੈ ਜਿਸ ਨਾਲ ਪੰਥਕ ਭਰੋਸੇ ਨੂੰ ਠੇਸ ਨਾ ਪਹੁੰਚੇ। ਸਿਰਸਾ ਡੇਰੇ ਦੇ ਮੁਖੀ ਬਾਰੇ ਫੈਸਲੇ ਨਾਲ ਪੰਥਕ ਭਰੋਸੇ ਨੂੰ ਜੋ ਠੇਸ ਪਹੁੰਚੀ ਹੈ, ਉਸ ਦਾ ਖਮਿਆਜ਼ਾ ਤਖਤ ਜਥੇਦਾਰ ਭੁਗਤ ਹੀ ਰਹੇ ਹਨ।



ਇਸ ਵਿਚ ਪੰਜ ਪਿਆਰਿਆਂ ਦੇ ਦਖਲ ਨਾਲ ਅਗਲੇਰੇ ਫੈਸਲਿਆਂ ਤੱਕ ਪਹੁੰਚਣ ਵਾਸਤੇ ਮੁਸ਼ਕਿਲਾਂ ਪੈਦਾ ਹੋ ਗਈਆਂ ਹਨ। ਗ਼ਲਤ ਸਵਾਲਾਂ ਦੇ ਠੀਕ ਜਵਾਬ ਨਹੀਂ ਦਿੱਤੇ ਜਾ ਸਕਦੇ। ਤਖਤ ਜਥੇਦਾਰਾਂ ਪ੍ਰਤੀ ਪੰਥਕ ਭਰੋਸਾ ਹਿੱਲ ਜਾਣ ਨਾਲ ਪੈਦਾ ਹੋ ਗਏ ਹਾਲਾਤ ਵਿਚ ਹੋ ਰਹੀਆਂ ਆਪਾ-ਧਾਪੀਆਂ ਦੇ ਅਵਸਰ ਪੈਦਾ ਕਰਨ ਵਿਚ ਪੰਜ ਪਿਆਰਿਆਂ ਦੇ ਫੈਸਲੇ ਨੇ ਅਹਿਮ ਭੂਮਿਕਾ ਨਿਭਾਈ ਹੈ। ਆਪਸੀ ਅਪਮਾਨ ਵਾਲੀਆਂ ਸੰਭਾਵਤ ਘਟਨਾਵਾਂ ਤੋਂ ਬਚਣ ਲਈ ਪੈਦਾ ਹੋ ਗਈਆਂ ਮਜਬੂਰੀਆਂ ਕਰ ਕੇ ਸਿਆਸੀ ਰੋਟੀਆਂ ਸੇਕਣ ਦਾ ਢਾਹੂ ਮੁਕਾਬਲਾ ਸ਼ੁਰੂ ਹੋ ਗਿਆ ਹੈ। ਇਸ ਨਾਲ ਮਸਲਿਆਂ ਦਾ ਅਜਿਹਾ ਘੜਮੱਸ ਪੈਦਾ ਹੋ ਗਿਆ ਹੈ ਜਿਸ ਦੀ ਕੀਮਤ ਸਿੱਖ ਭਾਈਚਾਰੇ ਨੂੰ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਚੁਕਾਉਣੀ ਪੈ ਰਹੀ ਹੈ। ਜੇ ਫੈਸਲਾ ਕਰਨ ਲੱਗਿਆਂ ਇਹੋ ਜਿਹੀ ਸਥਿਤੀ ਪੈਦਾ ਹੋ ਜਾਣ ਦਾ ਅਹਿਸਾਸ ਪੰਜ ਪਿਆਰਿਆਂ ਨੂੰ ਨਹੀਂ ਸੀ ਤਾਂ ਇਹ ਹੋਰ ਵੀ ਮਾੜੀ ਗੱਲ ਹੈ।

ਸਿੱਖ ਭਾਈਚਾਰਾ ਵਿਰੋਧੀਆਂ ਦੀਆਂ ਚੁਣੌਤੀਆਂ ਨਾਲ ਜੂਝ ਕੇ ਸਦਾ ਜਿੱਤਦਾ ਰਿਹਾ ਹੈ, ਪਰ ਆਪਣਿਆਂ ਵਲੋਂ ਪੈਦਾ ਕੀਤੀਆਂ ਮੁਸ਼ਕਿਲਾਂ ਅੱਗੇ ਸਦਾ ਹਾਰਦਾ ਰਿਹਾ ਹੈ। ਇਸ ਦੇ ਸਿਧਾਂਤਕ ਆਧਾਰ ਲੱਭਣੇ ਤਾਂ ਮੁਸ਼ਕਿਲ ਹਨ, ਪਰ ਇਸ ਦੀਆਂ ਮਿਸਾਲਾਂ ਇਤਿਹਾਸ ਵਿਚੋਂ ਬਹੁਤ ਮਿਲ ਸਕਦੀਆਂ ਹਨ। ਪੰਜ ਪਿਆਰਿਆਂ ਦਾ ਦਖਲ ਮੈਨੂੰ ਇਸੇ ਸੁਰ ਵਿਚ ਸਮਝ ਆਉਂਦਾ ਹੈ। ਇਸ ਨਾਲ ਨਜਿੱਠਣ ਵਾਸਤੇ ਢਿੱਡ ਕੁੱਟਣ ਵਰਗੀ ਬੇਲੋੜੀ ਸਥਿਤੀ ਵਿਚੋਂ ਕਿਸੇ ਨਾ ਕਿਸੇ ਰੂਪ ਵਿਚ ਸਭ ਨੂੰ ਗੁਜ਼ਰਨਾ ਪੈ ਰਿਹਾ ਹੈ। ਵਰਤਮਾਨ ਸਿੱਖ ਭਾਈਚਾਰੇ ਨਾਲ ਦੁਨੀਆਂ ਭਰ ਵਿਚ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਜੁੜੀਆਂ ਹੋਈਆਂ ਹਨ। ਹਰ ਸਿੱਖ ਸੰਸਥਾ ਅੰਮ੍ਰਿਤ ਸੰਚਾਰ ਨਾਲ ਜੁੜੀ ਹੋਈ ਹੋਣ ਕਰ ਕੇ ਪੰਜ ਪਿਆਰਿਆਂ ਦੀ ਚੋਣ ਨਾਲ ਵੀ ਜੁੜੀ ਹੋਈ ਹੈ। ਜੇ ਇਸੇ ਤਰ੍ਹਾਂ ਪੰਜ ਪਿਆਰੇ ਹਾਲਾਤ ਦੇ ਵਹਿਣ ਵਿਚ ਵਹਿ ਕੇ ਫੈਸਲੇ ਕਰਨ ਲੱਗ ਪਏ ਤਾਂ ਕਿਸ ਕਿਸਮ ਦੀ ਸਥਿਤੀ ਪੈਦਾ ਹੋ ਜਾਵੇਗੀ, ਸੋਚ ਕੇ ਹੀ ਡਰ ਲੱਗਦਾ ਹੈ! ਇਸ ਕਰ ਕੇ ਪੰਜ ਪਿਆਰਿਆਂ ਦੇ ਵਰਤਮਾਨ ਫੈਸਲੇ ਨੂੰ ਵਰਤ ਕੇ ਆਪੋ-ਆਪਣੇ ਹਿਤਾਂ ਨਾਲ ਜੁੜੀ ਸੌੜੀ ਸਿਆਸਤ ਕਰ ਕੇ, ਘੜਮੱਸ ਪੈਦਾ ਕਰ ਸਕਣ ਵਾਲੇ ਉਲਾਰ ਅਨਸਰਾਂ ਨੂੰ ਸ਼ਹਿ ਨਹੀਂ ਦੇਣੀ ਚਾਹੀਦੀ। ਇਸ ਨਾਲ ਅਜਿਹੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਪੰਜ ਪਿਆਰਿਆਂ ਦੀ ਸੰਸਥਾ ਦੀਆਂ ਰੰਗ-ਬਰੰਗੀਆਂ ਪਰਤਾਂ ਸਾਹਮਣੇ ਆਉਣ ਲੱਗ ਪੈਣਗੀਆਂ। ਇਸ ਸੰਸਥਾ ਨੂੰ ਪੰਥਕ ਲੋੜ ਦੇ ਮਾਧਿਅਮ ਵਿਚੋਂ ਕੱਢ ਕੇ ਪੰਥਕ ਸ਼ਰੀਕੇ ਵੱਲ ਧੱਕੇ ਜਾਣ ਤੋਂ ਬਚਣ ਲਈ ਸੁਚੇਤ ਯਤਨਾਂ ਦੀ ਲੋੜ ਹੈ।


ਪੰਜ ਪਿਆਰਿਆਂ ਦੇ ਫੈਸਲੇ ਨੇ ਇਹ ਸਵਾਲ ਵੀ ਖੜਾ ਕਰ ਦਿਤਾ ਹੈ ਕਿ ਇਹ ਫੈਸਲਾ, ਗੁਰਮਤਾ ਕਿਵੇਂ ਹੋਇਆ? ਗੁਰਮਤਾ ਤਾਂ ਪਕਾਇਆ ਜਾਂਦਾ ਹੈ ਅਤੇ ਇਹ ਪੱਕਿਆ ਪਕਾਇਆ ਕਥਿਤ ਗੁਰਮਤਾ ਪੰਥਕ ਪ੍ਰਸੰਗ ਵਿਚ ਕਿਵੇਂ ਟਿਕਾਉਣਾ ਹੈ, ਇਸ ਬਾਰੇ ਖੁੱਲ੍ਹ ਕੇ ਚਰਚਾ ਹੋਣੀ ਚਾਹੀਦੀ ਹੈ। ਸਿੱਖ ਧਰਮ ਨੇ ਬੰਦ ਧਰਮਾਂ ਦੇ ਇਤਿਹਾਸ ਵਿਚ ਖੁੱਲ੍ਹੇ ਧਰਮ ਵਜੋਂ ਪਰਵੇਸ਼ ਕੀਤਾ ਸੀ। ਬਿਨਾਂ ਧਰਮ ਪਰਿਵਰਤਨ ਸਭ ਨੂੰ ਨਾਲ ਲੈ ਕੇ ਤੁਰਨ ਦਾ ਜਜ਼ਬਾ, ਸਰਬੱਤ ਦੇ ਭਲੇ ਵਜੋਂ ਸਿੱਖ ਸਭਿਆਚਾਰ ਦਾ ਹਿੱਸਾ ਹੈ। ਵਿਚਾਰੇ ਜਾ ਰਹੇ ਫੈਸਲੇ ਦੀ ਰੌਸ਼ਨੀ ਵਿਚ ਤਾਂ ਇਸ ਸਿਰ ਜੋੜੂ ਭਾਵਨਾ ਨੂੰ ਸਿੱਖ ਭਾਈਚਾਰੇ ਵਿਚ ਵੀ ਕਾਇਮ ਰੱਖਣਾ ਔਖਾ ਹੋ ਜਾਵੇਗਾ। ਇਹ ਰੋਸ ਕਰਨ ਦਾ ਅਵਸਰ ਨਹੀਂ ਹੈ, ਸਗੋਂ ਇਸ ਨੂੰ ਅਪਹਰਣ ਦੀ ਸਿਆਸਤ ਤੋਂ ਬਚਾਉਣ ਦਾ ਹੈ। ਜਿਨ੍ਹਾਂ ਨੇ ਵਿਵਾਦੀ ਅਵਸਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਦੇ ਹੱਥੋਂ ਵੀ ਸਥਿਤੀ ਨਿਕਲ ਚੁੱਕੀ ਹੈ। ਕਿਸ ਦੇ ਹੱਥ ਆ ਗਈ ਹੈ, ਇਹ ਫੈਸਲਾ ਵੀ ਸੌਖਾ ਨਹੀਂ। ਦੁਖਾਂਤ ਇਹ ਹੈ ਕਿ ਇਹ ਸਭ ਪੰਜ ਪਿਆਰਿਆਂ ਦੇ ਨਾਂ ਹੇਠ ਹੋਇਆ ਹੈ। ਇਸ ਨਾਲ ਸਿੱਖ ਧਰਮ ਦੇ ਖੁੱਲ੍ਹਾ ਧਰਮ ਹੋਣ ਦੇ ਦਾਅਵੇ ਨੂੰ ਵੀ ਠੇਸ ਪਹੁੰਚੀ ਹੈ। ਸਿੱਖ ਇਤਿਹਾਸ ਤਾਂ ਆਪਣਾ ਵਿਗਾੜ ਕੇ ਦੂਜਿਆਂ ਦਾ ਭਲਾ ਕਰਨ ਦੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਇਹ ਕਿਹੋ ਜਿਹੀ ਸਿੱਖੀ ਹੈ ਕਿ ਆਪਣੇ ਵਡੇਰਿਆਂ ਨਾਲ ਵਰਤਣ ਦਾ ਸਲੀਕਾ ਹੀ ਭੁੱਲ ਗਏ ਹਾਂ? ਜਥੇਦਾਰੀ ਸੰਸਥਾ ਦਾ ਇਹ ਹਸ਼ਰ ਕਰਾਂਗੇ ਤਾਂ ਇਹ ਦੂਸ਼ਣ ਫਿਰ ਸਾਬਤ ਹੋ ਜਾਵੇਗਾ ਕਿ ਅਸੀਂ ਹਾਥੀ 'ਤੇ ਚੜ੍ਹਾ ਕੇ ਲਿਆਉਂਦੇ ਹਾਂ ਅਤੇ ਖੋਤੇ 'ਤੇ ਚੜ੍ਹਾ ਕੇ ਭੇਜਦੇ ਹਾਂ। ਇਸ ਵਰਤਾਰੇ ਨੂੰ ਸਿੱਖੀ ਵਿਚ ਇੱਲਤੀ ਵਰਤਾਰਾ ਕਿਹਾ ਗਿਆ ਹੈ। ਇਹ ਸਾਊ ਭਾਈਚਾਰਿਆਂ ਦਾ ਸਲੀਕਾ ਨਹੀਂ।

ਸਿੱਖ ਦੀ ਅਸਫਲਤਾ ਸਿੱਖੀ ਦੀ ਅਸਫਲਤਾ ਨਹੀਂ ਹੁੰਦੀ, ਤਖਤ ਜਥੇਦਾਰਾਂ ਦੀ ਅਸਫਲਤਾ ਤਖਤ ਸਾਹਿਬਾਨ ਦੀ ਅਸਫਲਤਾ ਨਹੀਂ ਹੁੰਦੀ, ਤੇ ਪੰਜ ਪਿਆਰਿਆਂ ਦੀ ਅਸਫਲਤਾ ਨੂੰ ਸੰਸਥਾ ਦੀ ਅਸਫਲਤਾ ਨਹੀਂ ਕਹਿਣਾ ਚਾਹੀਦਾ। ਸਿੱਖੀ, ਅਕਾਲ ਤਖਤ ਅਤੇ ਪੰਜ ਪਿਆਰਿਆਂ ਦੀ ਸੰਸਥਾ ਦੀ ਧੁਰੋਹਰ ਗੁਰੂ ਗ੍ਰੰਥ ਸਾਹਿਬ ਹੈ। ਹੁਕਮਨਾਮੇ, ਅਕਾਲ ਤਖਤ ਤੋਂ ਹੋਣ ਦੇ ਬਾਵਜੂਦ ਅਕਾਲ ਤਖਤ ਦੇ ਪਰਥਾਏ ਤਾਂ ਕਹੇ ਜਾ ਸਕਦੇ ਹਨ, ਅਕਾਲ ਤਖਤ ਵਲੋਂ ਨਹੀਂ। ਫਿਰ ਵੀ ਸਾਰੀਆਂ ਸਿੱਖ ਸੰਸਥਾਵਾਂ ਵਿਚੋਂ ਕੇਵਲ ਅਕਾਲ ਤਖਤ ਹੀ ਹੈ ਜਿਸ ਉਤੇ ਸਿੱਖ ਭਾਈਚਾਰਾ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਸਭ ਤੋਂ ਵੱਧ ਭਰੋਸਾ ਕਰਦਾ ਹੈ। ਪੰਜ ਸਿੰਘਾਂ ਦੇ ਵਰਤਮਾਨ ਫੈਸਲੇ ਨਾਲ ਇਸ ਨੂੰ ਠੇਸ ਪਹੁੰਚੀ ਹੈ। ਇਹ ਜਥੇਦਾਰੀ ਸੰਸਥਾ ਦੇ ਅਪ੍ਰਸੰਗਕ ਹੋ ਜਾਣ ਕਰ ਕੇ ਵਾਪਰਿਆ ਹੈ ਅਤੇ ਇਸ ਦੇ ਬਹਾਲ ਹੋਣ ਨਾਲ ਹੀ ਸੰਕਟ ਮੁਕਤ ਹੋਣਾ ਹੈ। ਪੰਜ ਸਿੰਘਾਂ ਦੇ ਫੈਸਲੇ ਨਾਲ ਇਹ ਸੱਚ ਸਾਹਮਣੇ ਆ ਗਿਆ ਹੈ ਕਿ ਕਿਸੇ ਇਕ ਸੰਸਥਾ ਮੁਖੀ ਦੀ ਅਸਫਲਤਾ ਹੋਰ ਸੰਸਥਾਵਾਂ ਨੂੰ ਫੇਲ੍ਹ ਹੋਣ ਦੇ ਰਾਹ ਪਾ ਸਕਦੀ ਹੈ। ਇਹ ਚੇਤਨਾ ਪ੍ਰਚੰਡ ਹੋਣੀ ਚਾਹੀਦੀ ਹੈ ਕਿ ਪੰਥਕ ਸੰਸਥਾਵਾਂ ਨੂੰ ਇਕ ਦੂਜੇ ਦੀ ਸ਼ਰੀਕਾ ਦੌੜ ਵਿਚੋਂ ਕੱਢ ਕੇ ਸਿਆਸੀ ਅਗਵਾ ਦੇ ਰਾਹ ਪੈਣ ਤੋਂ ਰੋਕਿਆ ਜਾਵੇ। ਇਸ ਵਾਸਤੇ ਸੰਸਥਾ ਸਲੀਕੇ ਦੇ ਸਿਧਾਂਤਕ ਪਹਿਲੂਆਂ ਨੂੰ ਸਿੱਖ ਭਾਈਚਾਰੇ ਦੇ ਸਰਗਰਮ ਅਤੇ ਸਕਰਮਕ ਵਿਹਾਰ ਵਿਚ ਉਸਾਰਨਾ ਪਵੇਗਾ। ਇਸ ਵਾਸਤੇ ਚੇਤਨਾ ਲਹਿਰ ਚਲਾਏ ਜਾਣ ਦੀ ਲੋੜ ਹੈ ਅਤੇ ਇਹ ਭੂਮਿਕਾ ਬੁੱਧੀਜੀਵੀ ਵਰਗ ਨੂੰ ਨਿਭਾਉਣੀ ਪਵੇਗੀ। ਆਪਸੀ ਸੰਵਾਦ ਨਾਲ ਸ਼ੁਰੂਆਤ ਕੀਤੀ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਆਪਣੇ ਸੇਵਾ ਕਰਮੀਆਂ ਦੇ ਸਾਲਾਨਾ ਚੇਤਨਾ ਕੈਂਪ ਲਾਏ ਅਤੇ ਸੇਵਾ ਕਰਮੀਆਂ ਦੀਆਂ ਗਤੀਵਿਧੀਆਂ ਸੇਵਾ ਪੱਤਰੀਆਂ ਵਿਚ ਦਰਜ ਕੀਤੀਆਂ ਜਾਣ। ਸਿੱਖ ਅਕਾਦਮਿਕਤਾ ਨੂੰ ਸਿੱਖ ਸੰਸਥਾ ਵਜੋਂ ਲਏ ਜਾਣ ਨਾਲ ਹੀ ਇਸ ਪਾਸੇ ਤੁਰਿਆ ਜਾ ਸਕਦਾ ਹੈ। ਇੰਜ ਅਜਿਹੀ ਸਥਿਤੀ ਪੈਦਾ ਹੋਣ ਤੋਂ ਪਹਿਲਾਂ ਸੁਲਝਾਈ ਜਾ ਸਕੇਗੀ। ਇਹ ਸਾਂਝੀ ਸਮਝ ਵੀ ਬਣਾਈ ਜਾ ਸਕੇਗੀ ਕਿ ਸੰਸਥਾ ਧਾਰੀਆਂ ਦੀ ਸਿੱਖ ਸੁਰ, ਪਦਵੀ ਦੇ ਅਧਿਕਾਰ ਵਰਗੀ ਨਹੀਂ ਹੋਣੀ ਚਾਹੀਦੀ, ਪਦਵੀ ਦੀ ਨੈਤਿਕਤਾ ਵਰਗੀ ਹੋਣੀ ਚਾਹੀਦੀ ਹੈ। ਜੇ ਅਜਿਹੀ ਚੇਤਨਾ ਪ੍ਰਚੰਡ ਕਰਨ ਦੇ ਰਾਹ ਤੁਰੇ ਹੁੰਦੇ ਤਾਂ ਇਨ੍ਹਾਂ ਪੰਜ ਪਿਆਰਿਆਂ ਵਰਗੇ ਜਜ਼ਬਾਤੀ ਫੈਸਲੇ ਕਰਨ ਦੀ ਲੋੜ ਨਹੀਂ ਸੀ ਪੈਣੀ।

ਸਿੱਖ ਸੰਸਥਾਵਾਂ ਨੂੰ ਮੁਕਤ ਮਾਡਲ ਵਜੋਂ ਸੰਕਲਪਿਆ ਗਿਆ ਸੀ ਅਤੇ ਇਸ ਦੀ ਪਹਿਲ-ਤਾਜ਼ਗੀ ਬਣਾਈ ਰੱਖਣ ਦੀ ਜ਼ਿੰਮੇਵਾਰੀ ਪੰਥ 'ਤੇ ਹੈ। ਖਾਲਸਾ ਪੰਥ ਦੇ ਜੇਤੂ ਤਰਕ ਨੂੰ ਖੋਰਾ ਉਦੋਂ ਲੱਗਦਾ ਹੈ, ਜਦੋਂ ਪੰਥਕ ਹਿਤਾਂ ਦੇ ਸਹਿਜ ਦੀ ਥਾਂ ਨਿੱਜੀ ਹਿਤਾਂ ਦਾ ਉਲਾਰ ਹਾਵੀ ਹੋ ਜਾਂਦਾ ਹੈ। ਇਸ ਵੇਲੇ ਹਾਲਤ ਕੁਝ ਅਜਿਹੀ ਹੀ ਬਣੀ ਹੋਈ ਹੈ ਅਤੇ ਹਰ ਸਿੱਖ ਨੂੰ ਹਰ ਸਿੱਖ, ਗੁਰਭਾਈ ਦੀ ਥਾਂ 'ਤੇ ਰਾਹ ਦੀ ਰੁਕਾਵਟ ਲੱਗਣ ਲੱਗ ਪਿਆ ਹੈ। ਸਿੱਖ ਭਾਈਚਾਰੇ ਨੂੰ ਪੈਰ ਰੋਕ ਕੇ ਆਪਣੀ ਵਿਰਾਸਤੀ ਵਚਨਬੱਧਤਾ 'ਪੰਥ ਵੱਸੇ ਮੈਂ ਉਜੜਾਂ ਮਨ ਚਾਉ ਘਨੇਰਾ' ਵੱਲ ਕੂਹਣੀ ਮੋੜ ਕੱਟਣਾ ਚਾਹੀਦਾ ਹੈ। ਆਉਣ ਵਾਲੀਆਂ ਬਾਹਰੀ ਰੁਕਾਵਟਾਂ ਨੂੰ ਭਾਈਚਾਰਕ ਇਕਜੁੱਟਤਾ ਨਾਲ ਰੋਕਿਆ ਜਾ ਸਕਦਾ ਹੈ। ਜ਼ਰੂਰੀ ਹੈ ਕਿ ਸੰਸਥਾ ਸੇਵਾਦਾਰੀ ਨੂੰ ਸੰਸਥਾ ਇਜਾਰੇਦਾਰੀ ਨਾ ਬਣਨ ਦਿੱਤਾ ਜਾਵੇ। ਸੰਸਥਾਈ ਸ਼ਕਤੀ, ਗੁਰੂ ਨੂੰ ਅੰਗ-ਸੰਗ ਰੱਖ ਕੇ ਹੀ ਕਾਇਮ ਰੱਖੀ ਜਾ ਸਕਦੀ ਹੈ। ਪੰਜ ਪਿਆਰਿਆਂ ਦੇ ਹਵਾਲੇ ਨਾਲ ਦੱਸਣਾ ਹੋਵੇ ਤਾਂ ਕਹਿਣਾ ਪਵੇਗਾ ਕਿ ਇਸ ਸੰਸਥਾ ਨੂੰ ਚੁਣੇ ਹੋਏ ਪੰਜ ਦੀ ਸੀਮਾ ਵਿਚੋਂ ਨਿਕਲ ਕੇ 'ਦਾਗੇ ਹੋਏ' ਵਰਤਾਰੇ ਦੇ ਪ੍ਰਤੀਨਿਧ ਬਣਨਾ ਪਵੇਗਾ। ਇਹ ਗੱਲ 'ਏਕੋ ਧਰਮ ਦ੍ਰਿੜੈ ਸਚੁ ਸੋਈ॥ ਗੁਰਮਤਿ ਪੂਰਾ ਜੁਗ ਜੁਗ ਹੋਈ' ਦੇ ਆਧਾਰ 'ਤੇ ਕਹੀ ਜਾ ਰਹੀ ਹੈ। ਪੰਜ ਪਿਆਰੇ, ਪੁਜਾਰੀ ਸ਼੍ਰੇਣੀ (ਖਾਸ ਸਿੰਘ) ਦਾ ਹਿੱਸਾ ਕਦੇ ਵੀ ਨਹੀਂ ਸਨ ਕਿਉਂਕਿ ਇਹ ਆਮ ਸਿੰਘਾਂ ਵਿਚੋਂ ਚੁਣੇ ਜਾਂਦੇ ਰਹੇ ਹਨ। ਇਸੇ ਕਰ ਕੇ ਪੰਜ ਪਿਆਰਿਆਂ ਨੂੰ ਧੜਾ-ਪ੍ਰਤੀਨਿਧ ਜਾਂ ਵਰਗ-ਪ੍ਰਤੀਨਿਧ ਹੋਣ ਦੀ ਆਗਿਆ ਨਹੀਂ ਹੈ। ਪੰਜ ਪਿਆਰਿਆਂ ਦੀ ਵਿਰਾਸਤੀ ਸ਼ਾਨ, ਸਿਰ ਦੇਣ ਵਿਚ ਹੈ; ਸਿਰ ਲੈਣ ਵਿਚ ਨਹੀਂ। ਇਸ ਦੀ ਪੁਸ਼ਟੀ 'ਜਉ ਤਉ ਪ੍ਰੇਮ ਖੇਲਨ ਕਾ ਚਾਉ...' ਵਾਲੇ ਸ਼ਬਦ ਨਾਲ ਹੋ ਜਾਂਦੀ ਹੈ। ਮੈਨੂੰ ਲੱਗਦਾ ਹੈ ਕਿ ਪੰਜ ਪਿਆਰਿਆਂ ਦੇ ਫੈਸਲੇ ਨਾਲ ਪੰਜ ਪਿਆਰਿਆਂ ਦੇ ਪ੍ਰਾਪਤ ਸਿੱਖ ਪ੍ਰਸੰਗ ਨੂੰ ਠੇਸ ਪਹੁੰਚੀ ਹੈ। ਇਸ ਬਾਰੇ ਸਾਂਝੀ-ਸਮਝ ਬਣਾਉਣ ਵਾਸਤੇ ਸੰਵਾਦ ਰਚਾਏ ਜਾਣ ਦੀ ਲੋੜ ਹੈ।

ਲਿਖਤੁਮ

# ਬਾਜ਼ਾਰ, ਬੰਦਾ ਅਤੇ ਬਾਂਦਰ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਵਿਦੇਸ਼ ਤੋਂ ਪਿੰਡ ਪਹੁੰਚਦਿਆਂ ਹੀ ਅਸੀਂ ਵਿਆਹ ਦੀਆਂ ਤਿਆਰੀਆਂ ਅਰੰਭ ਦਿੱਤੀਆਂ। ਘਰ ਨੂੰ ਰੰਗ-ਰੋਗਨ ਕਰ ਰਹੀ ਲੇਬਰ ਦਾ ਠੇਕੇਦਾਰ ਸ਼ਾਮ ਨੂੰ ਚਾਹ ਪੀਂਦਿਆਂ ਪੁੱਛਣ ਲੱਗਾ, "ਤੁਸੀਂ ਵਿਆਹ ਵਾਸਤੇ ਹਲਵਾਈ ਕਰ ਲਿਐ?" ਮੇਰੇ ਮੂੰਹੋਂ 'ਹਾਲੇ ਨਹੀਂ' ਸੁਣਦਿਆਂ ਹੀ ਉਹ ਇਕ ਹਲਵਾਈ ਦਾ ਨਾਂ ਲੈ ਕੇ ਉਸ ਦੀਆਂ ਸਿਫਤਾਂ ਦੇ ਪੁਲ ਬੰਨਣ ਲੱਗ ਪਿਆ। ਖਾਣ-ਪੀਣ ਵਾਲੀਆਂ ਵੰਨ-ਸੁਵੰਨੀਆਂ ਆਈਟਮਾਂ ਬਣਾਉਣ ਵਿਚ ਉਸ ਹਲਵਾਈ ਦੀ ਨਿਪੁੰਨਤਾ ਦੇ ਗੋਗੇ ਗਾਉਂਦਿਆਂ ਠੇਕੇਦਾਰ ਨੇ ਮੈਨੂੰ ਚੋਖਾ ਪ੍ਰਭਾਵਿਤ ਕੀਤਾ। ਹਲਵਾਈ ਦਾ 'ਉਸਤਤ ਪਾਠ' ਠੇਕੇਦਾਰ ਨੇ ਉਦੋਂ ਹੀ ਬੰਦ ਕੀਤਾ, ਜਦ ਮੈਂ ਉਸ ਹਲਵਾਈ ਨੂੰ ਵਿਆਹ ਦੀ ਸਾਈ ਦੇਣ ਲਈ 'ਹਾਂ' ਕਰ ਦਿੱਤੀ। ਜੇਤੂ ਮੁਸਕਾਨ ਜਿਹੀ ਛੱਡਦਿਆਂ ਠੇਕੇਦਾਰ ਨੇ ਆਪਣੀ ਜੇਬ ਫਰੋਲੀ ਤੇ ਹਲਵਾਈ ਦਾ ਫੋਨ ਨੰਬਰ ਮੇਰੇ ਹੱਥ ਫੜਾ ਦਿੱਤਾ।

ਦੂਜੇ ਦਿਨ ਸਵਖਤੇ ਹੀ ਉਹ ਹਲਵਾਈ ਸਾਡੇ ਘਰੇ ਆ ਗਿਆ। ਵਿਆਹ ਦੀ ਤਰੀਕ ਡਾਇਰੀ ਵਿਚ ਨੋਟ ਕਰਨ ਤੋਂ ਬਾਅਦ ਉਸ ਨੇ ਆਪਣਾ ਲੋੜੀਂਦਾ ਸਾਮਾਨ ਲਿਖਾਉਣ ਤੋਂ ਪਹਿਲਾਂ ਸਾਨੂੰ ਮੈਰਿਜ ਪੈਲੇਸ ਬੁੱਕ ਕਰਨ ਬਾਰੇ ਪੁੱਛਿਆ। ਮੈਂ ਦੱਸਿਆ ਕਿ ਮੈਰਿਜ ਪੈਲੇਸ ਦੇ ਧਮੱਚੜਪੁਣੇ ਵਾਲੇ ਵਿਆਹ ਸਾਨੂੰ ਪਸੰਦ ਨਹੀਂ, ਅਸੀਂ ਘਰੇ ਹੀ ਵਿਆਹ ਕਰਨਾ ਚਾਹੁੰਦੇ ਹਾਂ।

"ਦੇਖ ਲਓ ਜੀ!" ਕਹਿੰਦਿਆਂ ਉਸ ਨੇ ਨੱਕ-ਬੁੱਲ੍ਹ ਵੱਟਿਆ ਤੇ ਉਪਰੋਥਲੀ, ਘਰਾਂ ਵਿਚ ਹੋਏ ਕਈ ਵਿਆਹਾਂ ਦੇ ਕਿੱਸੇ ਸੁਣਾਉਣੇ ਸ਼ੁਰੂ ਕਰ ਦਿੱਤੇ... ਫਲਾਣੇ ਦੇ ਵਿਆਹ ਉਤੇ ਮੀਂਹ ਆ ਗਿਆ... ਢਿਮਕੇ ਦੇ ਟੈਂਟ ਛੋਟਾ ਪੈ ਗਿਆ, ਬਰਾਤੀ ਵੱਧ ਆ ਗਏ... ਧਿੰਗਾਣੇ ਦੇ ਅਹੁ ਹੋ ਗਿਆ... ਵੋਹ ਹੋ ਗਿਆ। ਉਸ ਦਾ 'ਨਿੰਦਿਆ ਪਾਠ' ਸਾਡੇ ਉਤੇ ਅਸਰ ਕਰ ਗਿਆ ਅਤੇ ਉਸ ਨੇ ਝੱਟ ਨਿਸ਼ਾਨੇ 'ਤੇ ਤੀਰ ਮਾਰਨ ਵਾਂਗ ਨੇੜਲੇ ਸ਼ਹਿਰ ਦੇ ਇਕ ਮੈਰਿਜ ਪੈਲੇਸ ਦੀ ਦੱਸ ਪਾ ਦਿੱਤੀ। ਆਪਣੇ ਸਾਮਾਨ ਦੀ ਲੰਮੀ ਲਿਸਟ ਸਾਡੇ ਹੱਥ ਦੇ ਕੇ ਇਕ ਤਾਂ ਉਸ ਨੇ 'ਹਦਾਇਤ' ਇਹ ਕਰ ਦਿੱਤੀ ਕਿ ਸਾਮਾਨ ਫਲਾਣੀ ਦੁਕਾਨ ਤੋਂ ਹੀ ਲਿਆਇਓ; ਦੂਜੀ ਇਕ 'ਸੁਰਲੀ' ਹੋਰ ਛੱਡ ਗਿਆ। ਸਾਡੇ ਮੁੰਡਿਆਂ ਨੂੰ ਕਹਿੰਦਾ, ਸਰਦਾਰ ਜੀ ਹੋਰਾਂ ਨੂੰ ਨਹੀਂ ਪਤਾ ਰਿਵਾਜ ਦਾ, ਡੀ.ਜੇ. ਜ਼ਰੂਰ ਕਰ ਲਿਓ ਫਲਾਣਾ ਸੂੰਹ ਦਾ। ਮੇਰਾ ਨਾਂ ਲੈ ਦਿਓ ਉਹਦੇ ਕੋਲ।

ਮੈਰਿਜ ਪੈਲੇਸਾਂ ਦੀ ਨਿਖੇਧੀ ਕਰਦਿਆਂ ਹੁਣੇ ਹੀ ਮੈਂ ਖੋਰੂ-ਪੁੱਟ ਡੀ.ਜੇ. ਵਿਰੁਧ ਚੰਗਾ ਲੈਕਚਰ ਝਾੜਿਆ ਸੀ। ਇਸ ਕਰ ਕੇ ਉਹ ਜਾਣ ਲੱਗਾ ਮੈਥੋਂ ਜ਼ਰਾ ਪਰਦੇ ਜਿਹੇ ਨਾਲ ਡੀ.ਜੇ. ਵਾਲੇ ਦਾ ਕਾਰਡ ਵੀ ਸਾਡੇ ਮੁੰਡਿਆਂ ਨੂੰ ਦੇ ਗਿਆ।

ਉਸੇ ਦਿਨ ਦੁਪਹਿਰੋਂ ਬਾਅਦ ਅਸੀਂ ਹਲਵਾਈ ਦੇ ਦੱਸੇ ਹੋਏ ਮੈਰਿਜ ਪੈਲੇਸ ਪਹੁੰਚੇ। ਉਥੇ ਪਹੁੰਚ ਤੋਂ ਪਹਿਲਾਂ ਹੀ ਸਾਡੇ ਵਿਆਹ ਦੀ ਤਰੀਕ ਪੈਲੇਸ ਵਾਲਿਆਂ ਦੀ ਡਾਇਰੀ ਵਿਚ ਚੜ੍ਹੀ ਹੋਈ ਸੀ। ਪੈਲੇਸ ਵਾਲੇ ਨੇ ਭਾਅ-ਭੱਤੇ ਦੀ ਗੱਲ ਨਬੇੜ ਕੇ ਸਾਨੂੰ ਹਾਰਾਂ ਤੇ ਫੁੱਲਾਂ ਵਾਲੇ ਦਾ ਸੰਪਰਕ ਨੰਬਰ ਬਿਨ ਮੰਗਿਆਂ ਹੀ ਦੇ ਦਿੱਤਾ। ਕਹਿੰਦਾ, ਜੀ ਸਾਡੇ ਇਲਾਕੇ ਵਿਚ ਇਹੀ ਬੰਦਾ 'ਟੌਪ' ਦਾ ਕੰਮ ਕਰਦਾ ਹੈ, ਨਾਲੇ ਪੈਸੇ ਵੀ ਜਾਇਜ਼ ਹੀ ਲੈਂਦਾ ਹੈ।

ਹਲਵਾਈ ਦੀ ਸਿਫਾਰਸ਼ ਵਾਲੀ ਦੁਕਾਨ ਤੋਂ ਸਾਮਾਨ ਲਿਆ ਤਾਂ ਉਸ ਕਰਿਆਨੇ ਵਾਲੇ ਨੇ ਬੜੇ ਉੱਦਮ ਨਾਲ ਦੁਕਾਨ ਤੋਂ ਬਾਹਰ ਨਿਕਲ ਕੇ ਸਾਨੂੰ ਉਸੇ ਬਾਜ਼ਾਰ ਵਿਚਲੀ ਮਨਿਆਰੀ ਦੀ ਦੁਕਾਨ 'ਤੇ ਜਾਣ ਦਾ ਰਾਹ ਸਮਝਾਇਆ। ਮਨਿਆਰੀ ਵਾਲੇ ਨੇ ਸਾਡੀ ਬਣਾਈ ਲਿਸਟ ਦਾ ਸਾਰਾ ਸਾਮਾਨ ਕਾਊਂਟਰ 'ਤੇ ਰਖਵਾ ਕੇ ਸਰਸਰੀ ਨਜ਼ਰ ਮਾਰੀ ਤੇ ਦੁਕਾਨ 'ਤੇ ਕੰਮ ਕਰਦੀਆਂ ਕੁੜੀਆਂ ਨੂੰ ਆਵਾਜ਼ ਮਾਰ ਕੇ ਦੋ 'ਆਈਟਮਾਂ' ਹੋਰ ਮੰਗਵਾਈਆਂ। ਅਖੇ, ਮਾਈਆਂ ਲਾਉਣ ਵਾਲੀ ਫੱਟੀ ਤੇ ਸਾਹਾ-ਚਿੱਠੀ ਲਿਆਓ।

ਸਾਡੇ ਘਰੇ ਮਿਸਤਰੀ ਦੀਆਂ ਬਣਾਈਆਂ ਹੋਈਆਂ ਫੱਟੀਆਂ ਤੇ ਇਸ 'ਬਾਜ਼ਾਰੂ ਫੱਟੀ' ਵਿਚ ਇਹੀ ਫਰਕ ਸੀ ਕਿ ਇਹਦੇ 'ਤੇ ਗੋਟਾ-ਕਿਨਾਰੀ ਵਾਲਾ ਲਾਲ ਰੰਗ ਦਾ ਕੱਪੜਾ ਵਲ੍ਹੇਟਿਆ ਹੋਇਆ ਸੀ। ਇਹ ਫੱਟੀ ਤਾਂ ਮੇਰੇ ਨਾਂਹ-ਨਾਂਹ ਕਰਦਿਆਂ ਦੁਕਾਨਦਾਰ ਨੇ ਬਦੋ-ਬਦੀ ਸਾਡੇ ਸਾਮਾਨ ਵਿਚ ਘਸੋੜ ਦਿੱਤੀ, ਪਰ ਮੈਂ ਰੈਡੀਮੇਡ ਸਾਹਾ ਚਿੱਠੀ ਲੈਣ ਤੋਂ ਅੜ ਗਿਆ। ਪਿੰਡ ਰਹਿੰਦਿਆਂ ਮੈਂ ਘਰ-ਘਰ ਜਾ ਕੇ ਸਾਹਾ ਚਿੱਠੀਆਂ ਲਿਖਣ ਵਾਲਾ ਤੇ ਮਾੜਾ-ਮੋਟਾ 'ਲੇਖਕ' ਹੁੰਦਿਆਂ ਇਹ ਬਾਜ਼ਾਰੂ ਚਿੱਠੀ ਕਿਉਂ ਲਵਾਂ? ਭਾਈ-ਪੈਂਚਾਂ ਦੀ ਹਾਜ਼ਰੀ ਵਿਚ ਸ਼ਗਨਾਂ ਵਾਲੀ ਚਿੱਠੀ ਮੈਂ ਖੁਦ ਲਿਖ ਲਵਾਂਗਾ!

ਖੈਰ! ਵਿਆਹ ਤੋਂ ਬਾਅਦ ਰੰਗ-ਰੋਗਨ ਵਾਲੇ ਠੇਕੇਦਾਰ ਤੋਂ ਲੈ ਕੇ ਹਲਵਾਈ, ਪੈਲੇਸ ਮਾਲਕ, ਫੁੱਲਾਂ ਵਾਲੇ ਮਾਲੀ ਤੇ ਕਰਿਆਨੇ-ਮਨਿਆਰੀ ਵਾਲੇ ਦੁਕਾਨਦਾਰਾਂ ਤੱਕ, ਇਸ ਵਪਾਰਕ ਅੰਗਲੀ-ਸੰਗਲੀ ਬਾਰੇ ਇਕ ਗਰਾਈਂ ਨਾਲ ਗੱਲ ਕੀਤੀ ਤਾਂ ਉਸ ਨੇ ਇਕ-ਦੂਜੇ ਨੂੰ 'ਕਮਿਸ਼ਨ' ਦੇਣ ਦਾ ਖੁਲਾਸਾ ਕਰਦਿਆਂ ਨਵੀਂ ਗੱਲ ਦੱਸੀ। ਕਹਿੰਦਾ, ਸ਼ਹਿਰ ਜਾ ਕੇ ਦੇਖੋ ਜੀ! ਹਸਪਤਾਲਾਂ ਵਾਲਿਆਂ ਨੇ ਬੱਸ ਅੱਡੇ ਵਿਚੋਂ ਸਵਾਰੀਆਂ ਚੁੱਕਣ ਵਾਲੇ ਰਿਕਸ਼ੇ ਤੇ ਆਟੋ ਰਿਕਸ਼ੇ ਵਾਲਿਆਂ ਨਾਲ ਵੀ 'ਕਮਿਸ਼ਨ' ਦੇਣਾ ਕੀਤਾ ਹੋਇਐ। ਖਾਸ ਕਰ ਕੇ ਪਿੰਡਾਂ ਤੋਂ ਆਉਂਦੀਆਂ ਮਿਨੀ ਬੱਸਾਂ ਵਿਚੋਂ ਉਤਰਦੀਆਂ ਮਰੀਜ਼-ਸਵਾਰੀਆਂ, ਵੱਖ-ਵੱਖ ਹਸਪਤਾਲਾਂ ਵਿਚ ਪਹੁੰਚਾਉਣ ਲਈ ਪੰਜਾਹ ਤੋਂ ਸੌ ਰੁਪਏ ਦਿੱਤੇ ਜਾਂਦੇ ਨੇ। ਇਹ ਨਵੀਨਤਮ ਜਾਣਕਾਰੀ ਸੁਣ ਕੇ ਮੈਨੂੰ ਪੂਰਾ ਚਾਨਣ ਹੋ ਗਿਆ ਕਿ ਕਾਰੋਬਾਰੀ ਵਪਾਰੀ ਕਿਵੇਂ ਤੇ ਕਿਉਂ ਇਕ-ਦੂਜੇ ਲਈ 'ਏਜੰਟਪੁਣਾ' ਕਰਦੇ ਨੇ।

ਇਸ ਲੇਖ ਦੇ ਸਿਰਲੇਖ ਮੁਤਾਬਕ ਬੰਦੇ ਦਾ ਵੀ ਜ਼ਿਕਰ ਹੋ ਗਿਆ ਤੇ ਬਾਜ਼ਾਰ ਦਾ ਵੀ। ਰਹਿ ਗਿਆ ਬਾਂਦਰ! ਉਹ ਕਥਾ ਇੰਜ ਹੈ, ਜੰਗਲੀ ਇਲਾਕੇ ਵਿਚ ਵੱਸਦੇ ਇਕ ਪਿੰਡ ਦੇ ਆਲੇ-ਦੁਆਲੇ ਬਾਂਦਰ ਬਹੁਤ ਰਹਿੰਦੇ ਸਨ। ਕਿਸੇ ਵਪਾਰੀ ਨੇ ਉਸ ਪਿੰਡ ਵਿਚ ਡੌਂਡੀ ਪਿਟਵਾ ਦਿੱਤੀ ਕਿ ਸੌ ਰੁਪਿਆ ਪ੍ਰਤੀ ਬਾਂਦਰ ਖਰੀਦਾਂਗਾ। ਪੇਂਡੂਆਂ ਨੇ ਇਹ ਸੋਚ ਕੇ ਗੱਲ ਬਹੁਤੀ ਗੌਲੀ ਨਾ ਕਿ ਇਹ ਕੋਈ ਮੂਰਖ ਹੀ ਹੋਵੇਗਾ ਜੋ ਬਾਂਦਰਾਂ ਲਈ ਸੌ ਰੁਪਏ ਫਜ਼ੂਲ ਗਵਾਉਣ ਦੀਆਂ ਗੱਲਾਂ ਕਰਦਾ ਹੈ, ਪਰ ਸਵੇਰੇ-ਸ਼ਾਮ ਡੌਂਡੀ ਸੁਣ ਕੇ ਥੋੜ੍ਹੇ ਜਿਹੇ ਪੇਂਡੂਆਂ ਨੇ ਹਾਸੇ ਭਾਣੇ ਕੁਝ ਬਾਂਦਰ ਫੜ ਕੇ ਉਸ ਵਪਾਰੀ ਤੋਂ ਸੌ-ਸੌ ਰੁਪਏ ਲੈ ਕੇ ਵੇਚ ਦਿੱਤੇ। ਇਹ ਖਬਰ ਸਾਰੇ ਪਿੰਡ ਵਿਚ ਫੈਲ ਗਈ।

ਥੋੜ੍ਹੇ ਦਿਨਾਂ ਬਾਅਦ ਉਸ ਵਪਾਰੀ ਨੇ ਪਿੰਡ ਵਿਚ ਫਿਰ ਡੌਂਡੀ ਪਿਟਵਾਈ ਕਿ ਹੁਣ ਉਹ ਇਕ ਬਾਂਦਰ ਦੇ ਦੋ ਸੌ ਰੁਪਏ ਦੇਵੇਗਾ। ਪਹਿਲਾਂ ਨਾਲੋਂ ਵੱਧ ਉਤਸ਼ਾਹ ਦਿਖਾਉਂਦਿਆਂ ਪਿੰਡ ਵਾਸੀਆਂ ਨੇ ਕਈ ਬਾਂਦਰ ਫੜ ਕੇ ਦੋ-ਦੋ ਸੌ ਨੂੰ ਵੇਚ ਦਿੱਤੇ। ਦੂਜੇ ਦਿਨ ਵਪਾਰੀ ਨੇ ਪੰਜ ਸੌ ਰੁਪਏ ਰੇਟ ਕਰ ਦਿੱਤਾ। ਵਿਚਾਰੇ ਪੇਂਡੂਆਂ ਦੀ ਨੀਂਦ ਉਡ ਗਈ। ਸਾਰਾ ਪਿੰਡ ਹੀ ਆਸ-ਪਾਸ ਦੇ ਇਲਾਕਿਆਂ ਵਿਚੋਂ ਬਾਂਦਰ ਫੜਨ ਲੱਗ ਪਿਆ। ਜਿੰਨੇ ਕਿਸੇ ਦੇ ਹੱਥ ਆਏ, ਪੰਜ-ਪੰਜ ਸੌ ਰੁਪਏ ਨੂੰ ਵੇਚ ਦਿੱਤੇ। ਹੁਣ ਪਿੰਡ ਵਾਸੀ ਬੜੀ ਬੇਸਬਰੀ ਨਾਲ ਵਪਾਰੀ ਦੀ ਅਗਲੀ 'ਪੇਸ਼ਕਸ਼' ਉਡੀਕਣ ਲੱਗੇ।

ਕੁਝ ਦਿਨਾਂ ਬਾਅਦ ਵਪਾਰੀ ਪਿੰਡ ਵਿਚ ਫਿਰ ਆ ਗਿਆ। ਪਿੰਡ ਵਾਸੀਆਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ, ਕਿਉਂਕਿ ਵਪਾਰੀ ਨੇ ਐਲਾਨ ਕਰ ਦਿੱਤਾ ਕਿ ਹੁਣ ਉਹ ਇਕ ਹਜ਼ਾਰ ਰੁਪਏ ਨੂੰ ਬਾਂਦਰ ਖਰੀਦੇਗਾ, ਪਰ ਨਾਲ ਹੀ ਉਸ ਨੇ ਦੱਸਿਆ ਕਿ ਹਫਤੇ ਕੁ ਲਈ ਮੈਂ ਦੂਰ ਆਪਣੇ ਘਰੇ ਜਾ ਰਿਹਾ ਹਾਂ। ਬੱਸ, ਅਗਲੇ ਹਫਤੇ ਆ ਕੇ ਨਵੇਂ ਰੇਟ 'ਤੇ ਬਾਂਦਰ ਲਵਾਂਗਾ। ਵਪਾਰੀ ਦੇ ਜਾਣ ਤੋਂ ਬਾਅਦ ਪਿੰਡ ਵਾਲਿਆਂ ਨੇ ਚੁੱਕ ਲਈਆਂ ਪੂਛਾਂ, ਭੱਜ ਤੁਰੇ ਬਾਂਦਰਾਂ ਦੀ ਭਾਲ ਵਿਚ; ਪਰ ਬਾਂਦਰ ਤਾਂ ਉਨ੍ਹਾਂ ਫੜ-ਫੜ ਕੇ ਮੁਕਾ ਹੀ ਛੱਡੇ ਸਨ। ਵਿਚਾਰੇ ਇਧਰ-ਉਧਰ ਭਟਕਦੇ ਖਾਲੀ ਹੱਥ ਵਾਪਸ ਆ ਗਏ।

ਘੁੰਮਦਿਆਂ-ਘੁਮਾਉਂਦਿਆਂ ਉਨ੍ਹਾਂ ਇਕ ਜਗ੍ਹਾ ਦੇਖਿਆ ਕਿ ਵਾੜੇ ਵਿਚ ਬਹੁਤ ਸਾਰੇ ਬਾਂਦਰ ਤਾੜੇ ਹੋਏ ਹਨ। ਉਨ੍ਹਾਂ ਦੀ ਦੇਖ-ਭਾਲ ਲਈ ਮੁਨਸ਼ੀ ਉਥੇ ਬੈਠਾ ਸੀ। ਪੇਂਡੂਆਂ ਨੇ ਮੁਨਸ਼ੀ ਨਾਲ ਗੱਲਬਾਤ ਕੀਤੀ ਤਾਂ ਪਤਾ ਲੱਗਾ ਕਿ ਇਹ ਬਾਂਦਰ-ਵਾੜਾ ਉਸੇ ਵਪਾਰੀ ਦਾ ਹੈ ਜੋ ਇਕ ਹਫਤੇ ਵਾਸਤੇ ਆਪਣੇ ਘਰੇ ਗਿਆ ਹੋਇਆ। ਮੁਨਸ਼ੀ ਨੇ ਇਹ ਵੀ ਦੱਸਿਆ ਕਿ ਮੇਰੇ ਮਾਲਕ ਨੇ ਹੁਣ ਹਜ਼ਾਰ ਰੁਪਏ ਨੂੰ ਬਾਂਦਰ ਖਰੀਦਿਆ ਕਰਨਾ ਹੈ। ਇਸ ਲਈ ਬਹੁਤੀ ਮਾਇਆ ਚਾਹੀਦੀ ਹੈ। ਮਾਇਆ ਲੈਣ ਹੀ ਉਸ ਦਾ ਮਾਲਕ ਸ਼ਹਿਰ ਗਿਆ ਹੋਇਆ ਹੈ।

ਪੇਂਡੂਆਂ ਦੀਆਂ ਵਾਛਾਂ ਖਿੜ ਗਈਆਂ। ਉਨ੍ਹਾਂ ਕੁਝ ਚੁਸਤ-ਚਲਾਕ ਵਿਚੋਲਿਆਂ ਰਾਹੀਂ ਮੁਨਸ਼ੀ ਨਾਲ ਰਾਬਤਾ ਕਾਇਮ ਕੀਤਾ। ਸੌਦਾ ਤੈਅ ਕਰਦਿਆਂ ਗੱਲ ਇਥੇ ਮੁੱਕੀ ਕਿ ਮੁਨਸ਼ੀ ਸੱਤ ਸੌ ਰੁਪਏ ਨੂੰ ਬਾਂਦਰ ਵੇਚਣ ਲਈ ਤਿਆਰ ਹੋ ਗਿਆ, ਪਰ ਉਸ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਇਸ ਗੱਲ ਦੀ ਬਾਹਰ ਭਾਫ ਨਾ ਨਿਕਲੇ। ਇਸ ਕਰ ਕੇ ਜ਼ਰਾ ਹਨੇਰੇ ਹੋਏ ਬਾਂਦਰ ਲੈਣ ਆਇਆ ਕਰੋ।

ਪੇਂਡੂ ਖੁਸ਼ ਹੋ ਗਏ ਕਿ ਵਪਾਰੀ ਨੇ ਸਾਥੋਂ ਹਜ਼ਾਰ ਦਾ ਬਾਂਦਰ ਖਰੀਦ ਹੀ ਲੈਣਾ ਹੈ। ਇੰਜ ਇਕ ਬਾਂਦਰ ਮਗਰ ਤਿੰਨ ਸੌ ਰੁਪਏ ਤਾਂ ਵੱਟ ਹੀ ਲਿਆ ਕਰਨੇ ਹਨ। ਇਹ ਸੋਚ ਕੇ ਉਨ੍ਹਾਂ ਨੇ ਇਧਰੋਂ-ਉਧਰੋਂ ਵਿਆਜੂ ਪੈਸੇ ਚੁੱਕ ਕੇ ਮੁਨਸ਼ੀ ਕੋਲੋਂ ਬਾਂਦਰ ਖਰੀਦਣੇ ਸ਼ੁਰੂ ਕਰ ਦਿੱਤੇ। ਹੌਲੀ-ਹੌਲੀ ਮੁਨਸ਼ੀ ਦੇ ਸਾਰੇ ਬਾਂਦਰ ਵਿਕ ਗਏ। ਵਪਾਰੀ ਦਾ ਹਫਤਾ ਪੂਰਾ ਹੋ ਗਿਆ। ਉਡੀਕਣ ਤੋਂ ਬਾਅਦ ਪੇਂਡੂ ਬੰਦੇ, ਵਪਾਰੀ ਦਾ ਪਤਾ ਸੁਰ ਪੁੱਛਣ ਲਈ ਮੁਨਸ਼ੀ ਦੇ ਵਾੜੇ ਗਏ। ਉਥੇ ਬੰਦਾ ਨਾ ਕੋਈ ਪਰਿੰਦਾ! ਜਿੱਧਰ ਗਏ ਬਾਣੀਏਂ ਉਧਰ ਗਿਆ ਵਪਾਰ!

ਬਾਜ਼ਾਰੂ ਬਿਰਤੀਆਂ ਵਾਲਾ ਵਪਾਰੀ, ਬੰਦਿਆਂ ਨੂੰ ਬਾਂਦਰ ਬਣਾ ਕੇ ਆਪਣੇ ਰਾਹ ਲੱਗਾ।... ਤੇ ਲਿਸ਼ਕਵੇਂ ਦਿਲ ਲੁਭਾਊ ਇਸ਼ਤਿਹਾਰਾਂ ਨਾਲ ਬੰਦੇ ਨੂੰ ਬਾਂਦਰ ਬਣਾਉਣ ਦੀ ਬਾਜ਼ਾਰੂ ਕਾਰਸਤਾਨੀ ਬ-ਦਸਤੂਰ ਚੱਲ ਰਹੀ ਹੈ।

#

# ਦੀਵਾਲੀ ਅਤੇ ਭਾਈ ਮਨੀ ਸਿੰਘ ਦੀ ਸ਼ਹਾਦਤ

ਦੀਵਾਲੀ 'ਤੇ ਵਿਸ਼ੇਸ਼

ਡਾ. ਇੰਦਰ ਸਿੰਘ ਟਿਵਾਣਾ

ਦੀਵਾਲੀ ਭਾਰਤ ਦਾ ਇਕ ਅਜਿਹਾ ਅਹਿਮ ਤਿਉਹਾਰ ਹੈ, ਜਿਸ ਨੂੰ ਸਾਰੇ ਪ੍ਰਾਂਤਾਂ ਅਤੇ ਧਰਮਾਂ ਦੇ ਲੋਕ ਅਤਿਅੰਤ ਚਾਅ ਅਤੇ ਸ਼ਰਧਾ ਨਾਲ ਮਨਾਉਂਦੇ ਹਨ। ਇਹ ਸਾਡੀ ਕੌਮੀ ਏਕਤਾ ਦਾ ਆਧਾਰ ਹੈ।

ਸਿੱਖ ਜਗਤ ਦੀਆਂ ਦੋ ਖਾਸ ਇਤਿਹਾਸਕ ਘਟਨਾਵਾਂ ਦੀਵਾਲੀ ਨਾਲ ਜੁੜੀਆਂ ਹੋਈਆਂ ਹਨ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪ੍ਰਤੀ ਸੰਗਤਾਂ ਦੀ ਅਪਾਰ ਸ਼ਰਧਾ ਨੂੰ ਵੇਖ ਕੇ ਤਤਕਾਲੀ ਬਾਦਸ਼ਾਹ ਜਹਾਂਗੀਰ ਨੂੰ ਆਪਣੇ ਤਖਤ ਦੀਆਂ ਜੜ੍ਹਾਂ ਖੋਖਲੀਆਂ ਹੁੰਦੀਆਂ ਪ੍ਰਤੀਤ ਹੋਈਆਂ ਤਾਂ ਉਸ ਨੇ ਸੰਨ 1610 ਵਿਚ ਗੁਰੂਦੇਵ ਨੂੰ ਦਰਸ਼ਨ ਕਰਨ ਦੇ ਬਹਾਨੇ ਦਿੱਲੀ ਬੁਲਾ ਕੇ ਧੋਖੇ ਨਾਲ ਗਵਾਲੀਅਰ ਦੇ ਕਿਲੇ 'ਚ ਕੈਦ ਕਰ ਲਿਆ, ਜਿਥੇ ਪਹਿਲਾਂ ਹੀ 52 ਰਾਜੇ ਬਗਾਵਤ ਦੇ ਦੋਸ਼ 'ਚ ਬੰਦੀ ਸਨ। ਲੇਕਿਨ ਕੁਝ ਚਿਰ ਮਗਰੋਂ ਜਦੋਂ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਗੁਰਾਂ ਨੂੰ ਮੁਕਤ ਕਰਨ ਦੀ ਇੱਛਾ ਪ੍ਰਗਟਾਈ ਪਰ ਸਰਬੱਤ ਦਾ ਭਲਾ ਮੰਗਣ ਵਾਲੇ ਗੁਰੂਦੇਵ ਨੇ 52 ਰਾਜਿਆਂ ਨੂੰ ਵੀ ਮੁਕਤ ਕਰਨ ਦੀ ਸ਼ਰਤ ਰੱਖੀ। ਅੰਤ ਜਹਾਂਗੀਰ ਨੇ ਕਿਹਾ, 'ਜਿੰਨੇ ਰਾਜੇ ਤੁਹਾਡੇ ਚੋਲੇ ਨੂੰ ਫੜ ਕੇ ਕਿਲੇ ਤੋਂ ਬਾਹਰ ਆ ਜਾਣਗੇ, ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ।'

ਗੁਰੂ ਜੀ ਨੇ 50 ਕਲੀਆਂ ਵਾਲਾ ਬਹੁਤ ਵੱਡਾ ਚੋਲਾ ਸਿਲਵਾ ਲਿਆ। ਪੰਜਾਹ ਰਾਜੇ ਉਸ ਚੋਲੇ ਦੀਆਂ ਕਲੀਆਂ ਅਤੇ ਦੋ ਰਾਜੇ ਤਣੀਆਂ ਨੂੰ ਫੜ ਕੇ ਕਿਲੇ ਤੋਂ ਬਾਹਰ ਆ ਗਏ। 'ਬੰਦੀ ਛੋੜ ਦਾਤਾ' ਨੇ ਜਿਉਂ ਹੀ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਆਪਣੇ ਚਰਨ ਪਾਏ, ਸੰਗਤਾਂ ਨੇ ਆਤਿਸ਼ਬਾਜ਼ੀ ਚਲਾ ਕੇ, ਦੀਪਮਾਲਾ ਕਰਕੇ ਅਤੇ ਮਠਿਆਈਆਂ ਵੰਡ ਕੇ ਗੁਰਾਂ ਦਾ ਸਵਾਗਤ ਕੀਤਾ। ਇਸੇ ਦਿਨ ਤੋਂ ਬਾਬਾ ਬੁੱਢਾ ਜੀ ਨੇ ਦੀਪਮਾਲਾ ਕਰਨ ਦੀ ਪਰੰਪਰਾ ਚਲਾ ਕੇ 'ਬੰਦੀ-ਛੋੜ ਪੁਰਬ' ਦੀਵਾਲੀ ਮਨਾਉਣੀ ਸ਼ੁਰੂ ਕਰਵਾ ਦਿੱਤੀ।

ਸੰਨ 1738 ਈ: ਵਿਚ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਸ੍ਰੀ ਅੰਮ੍ਰਿਤਸਰ ਵਿਚ ਇਕ ਬਹੁਤ ਵੱਡਾ ਮੇਲਾ ਲਾਉਣ ਦੀ ਯੋਜਨਾ ਬਣਾ ਕੇ ਦੀਵਾਲੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਉਣ ਦਾ ਫੈਸਲਾ ਕੀਤਾ ਪਰ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਨੇ ਪਹਿਲਾਂ ਤਾਂ ਮੇਲਾ ਲਾਉਣ ਦੀ ਆਗਿਆ ਨਹੀਂ ਦਿੱਤੀ ਪਰ ਬਾਅਦ ਵਿਚ (ਭਾਈ ਰਤਨ ਸਿੰਘ ਭੰਗੂ ਰਚਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਪੰਨਾ 287 ਅਨੁਸਾਰ) ਦਸ ਹਜ਼ਾਰ ਰੁਪਏ ਮੇਲਾ-ਟੈਕਸ ਲਗਾ ਕੇ ਦੀਵਾਲੀ ਪੁਰਬ ਮਨਾਉਣ ਦੀ ਆਗਿਆ ਦੇ ਦਿੱਤੀ:

'ਦੁਆਲੀ ਕੋ ਥੋ ਮੇਲਾ ਲਾਯਾ
ਤੁਰਕਨ ਕੋ ਥੋ ਟਕਾ ਚੁਕਾਈ
ਦਸ ਹਜ਼ਾਰ ਰੁਪਯਾ ਠਹਿਰਾਯਾ
ਟਕਨ ਖਾਤਰ ਤਿਨ ਦਰੋਗਾ ਬਹਾਯਾ॥'

ਲੇਕਿਨ ਜਦੋਂ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਦੀ ਇਸ ਕੁਚਾਲ ਦਾ ਪਤਾ ਲੱਗਾ ਕਿ ਉਸ ਨੇ ਦੀਵਾਲੀ ਮੌਕੇ ਬਹੁਤ ਵੱਡੀ ਗਿਣਤੀ 'ਚ ਆਉਣ ਵਾਲੇ ਸਿੱਖਾਂ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਹੈ ਤਾਂ ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਅੰਮ੍ਰਿਤਸਰ ਆਉਣੋਂ ਹੀ ਰੋਕ ਦਿੱਤਾ। ਫਲਸਰੂਪ ਨਾ ਸੰਗਤ ਅੰਮ੍ਰਿਤਸਰ ਆਈ ਤੇ ਨਾ ਹੀ ਟੈਕਸ ਦੇਣ ਯੋਗ ਰਕਮ ਇਕੱਤਰ ਹੋਈ। ਸਿੱਖਾਂ ਦੀ ਵਧਦੀ ਸ਼ਕਤੀ ਤੋਂ ਭੈਭੀਤ ਜ਼ਕਰੀਆ ਖਾਂ ਤਾਂ ਪਹਿਲਾਂ ਹੀ ਉਨ੍ਹਾਂ ਨੂੰ ਦਬਾਉਣ ਲਈ ਬਹਾਨੇ ਲੱਭਦਾ ਫਿਰਦਾ ਸੀ। ਇਸ ਤੋਂ ਚੰਗਾ ਮੌਕਾ ਉਸ ਨੂੰ ਹੋਰ ਕਿਹੜਾ ਮਿਲ ਸਕਦਾ ਸੀ? ਸੋ ਟੈਕਸ ਅਦਾ ਨਾ ਕਰਨ ਦੇ ਦੋਸ਼ 'ਚ ਉਸ ਜ਼ਾਲਮ ਨੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਵਾ ਲਿਆ। ਜਦੋਂ ਭਾਈ ਮਨੀ ਸਿੰਘ ਨੇ ਉਸ ਦੇ ਸਾਹਮਣੇ ਜਾ ਕੇ ਫਤਿਹ ਗਜਾਈ ਤਾਂ ਉਹ ਹੋਰ ਵੀ ਭੜਕ ਗਿਆ, ਜਿਵੇਂ ਬਾਰੂਦ 'ਤੇ ਚਿੰਗਾੜੀ ਪੈ ਗਈ ਹੋਵੇ। ਕਾਜ਼ੀ ਅਬਦੁਲ ਰਜ਼ਾਕ ਨੇ ਫਤਵਾ ਦਿੱਤਾ ਹੈ:

'ਖਾਨ ਕਹਯੋ ਹੋਹੁ ਮੁਸਲਮਾਨ,
ਤਬ ਛੋਡੈਂਗੇ ਤੁਮਰੀ ਜਾਨ।'

ਸੁਣਦੇ ਹੀ ਭਾਈ ਮਨੀ ਸਿੰਘ ਨੇ ਉਤਰ ਦਿੱਤਾ:

'ਸਿੰਘ ਨੇ ਕਹਯੋ ਹਮ ਸਿਦਕ ਨਾ ਹਾਰੇ,
ਕਈ ਜਨਮ ਸਿਦਕ ਸੋ ਗਾਰੇ।'



ਕਾਜ਼ੀ ਨੇ ਗੁੱਸੇ ਵਿਚ ਸਜ਼ਾ ਸੁਣਾਈ:

'ਬੰਦ ਬੰਦ ਸਿੰਘ ਮਨੀ ਕਰਾਵੋ।'

ਪਰ ਭਾਈ ਮਨੀ ਸਿੰਘ ਦਾ ਸਿੱਖੀ ਸਿਦਕ ਅਡੋਲ ਸੀ। ਉਨ੍ਹਾਂ ਨੇ ਹੱਸਦਿਆਂ ਕਿਹਾ:

'ਮੈਂ ਬੰਦ-ਬੰਦ ਅਬ ਚਹੋਂ ਕਟਾਯਾ।
ਇਮ ਕਹਿ ਕੇ ਉਨ ਇਮੈ ਅਲਾਯਾ॥
ਅਬ ਪੈਸੇ ਪੇ ਕੁਛ ਨਾਹੀ॥
ਲੈ ਜਾਨ ਹਮਰੀ ਨਕਦੀ ਮਾਹੀ॥'

ਦੀਨ ਨਾ ਮੰਨਣ ਕਾਰਨ ਜੱਲਾਦ ਭਾਈ ਸਾਹਿਬ ਨੂੰ ਨਖਾਸ ਚੌਕ ਵੱਲ ਲੈ ਤੁਰੇ। ਏਨੇ 'ਚ ਲਾਹੌਰੀ ਸਿੱਖ ਰੁਪਏ ਇਕੱਠੇ ਕਰਕੇ ਲੈ ਆਏ। ਉਹ ਪੈਸੇ ਅਦਾ ਕਰਕੇ ਭਾਈ ਸਾਹਿਬ ਨੂੰ ਛੁਡਾਉਣਾ ਚਾਹੁੰਦੇ ਸਨ ਪਰ ਭਾਈ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ, 'ਜੇਕਰ ਤੁਸੀਂ ਮੈਨੂੰ ਇਸ ਸਮੇਂ ਛੁਡਾ ਲਵੋਗੇ ਤਾਂ ਇਹ ਫਿਰ ਕਿਸੇ ਨਾ ਕਿਸੇ ਬਹਾਨੇ ਮੈਨੂੰ ਮਾਰ ਦੇਣਗੇ, ਕਿਉਂਕਿ ਇਨ੍ਹਾਂ ਦੀ ਨੀਅਤ ਬਦਨੀਅਤ ਹੋ ਚੁੱਕੀ ਹੈ। ਸੰਗਤ ਦੇ ਬੇਹੱਦ ਜ਼ੋਰ ਦੇਣ 'ਤੇ ਉਨ੍ਹਾਂ ਨੇ ਅੱਗੋਂ ਫੁਰਮਾਇਆ, 'ਮੈਂ ਨਾਸ਼ਵਾਨ ਸਰੀਰ ਨੂੰ ਧਰਮ ਦੇ ਲੇਖੇ ਲਾ ਰਿਹਾ ਹਾਂ। ਇਸ ਲਈ ਸੰਗਤ ਨੂੰ ਖੁਸ਼ ਹੋਣਾ ਚਾਹੀਦਾ ਹੈ।'

ਜਲਾਦਾਂ ਨੇ ਆਪਣਾ ਕੰਮ ਅਰੰਭ ਕਰ ਦਿੱਤਾ। ਉਹ ਸਰੀਰ ਦੇ ਸਿਰਫ ਚਾਰ ਟੁਕੜੇ ਕਰਨਾ ਚਾਹੁੰਦੇ ਸਨ ਪਰ ਭਾਈ ਸਾਹਿਬ ਨੇ ਉਨ੍ਹਾਂ ਨੂੰ ਹੁਕਮ ਦਿੱਤਾ, 'ਬੰਦ ਬੰਦ ਕੱਟੋ। ਸਭ ਤੋਂ ਪਹਿਲਾਂ ਉਂਗਲਾਂ ਦੇ ਸਾਰੇ ਜੋੜ ਕੱਟੋ, ਫਿਰ ਪਹੁੰਚਾ, ਕੂਹਣੀ ਅਤੇ ਮੋਢਾ। ਇਸੇ ਤਰ੍ਹਾਂ ਦੂਜੀ ਬਾਂਹ ਅਤੇ ਦੋਵਾਂ ਟੰਗਾਂ ਨੂੰ ਕੱਟੋ। ਆਪਣੇ ਕਾਜ਼ੀ ਦੇ ਹੁਕਮ ਦੀ ਪੂਰੀ-ਪੂਰੀ ਤਾਮੀਲ ਕਰੋ।'

ਜ਼ਾਲਮਾਂ ਨੇ 28 ਨਵੰਬਰ 1739 ਈ: ਨੂੰ ਲਾਹੌਰ ਦੇ ਮਸਤੀ ਦਰਵਾਜ਼ੇ ਦੇ ਬਾਹਰ ਭਾਈ ਸਾਹਿਬ ਦੇ ਸਰੀਰ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਇਸੇ ਲਈ ਸਿੱਖ ਆਪਣੀ ਅਰਦਾਸ 'ਚ ਭਾਈ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।

ਇਨ੍ਹਾਂ ਦੀ ਪਾਵਨ ਯਾਦ 'ਚ ਲਾਹੌਰ ਸ਼ਹਿਰ ਦੇ ਸ਼ਾਹੀ ਕਿਲ੍ਹੇ ਦੇ ਕੋਲ 'ਗੁਰਦੁਆਰਾ ਸ਼ਹੀਦ ਗੰਜ ਸਾਹਿਬ' ਮੌਜੂਦ ਹੈ।

ਹੁਣ ਪ੍ਰਸ਼ਨ ਹੈ ਕਿ ਸਿੱਖਾਂ ਲਈ ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ ਅਤੇ ਭਾਈ ਮਨੀ ਸਿੰਘ ਦੀ ਸ਼ਹੀਦੀ, ਦੋਵੇਂ ਇਕ ਸਮਾਨ ਹਨ? ਇਸ ਦਾ ਉਤਰ ਇਹ ਹੈ ਕਿ ਗੁਰਬਾਣੀ ਖੁਸ਼ੀ ਅਤੇ ਗਮੀ ਦੋਵਾਂ ਨੂੰ ਸਮਾਨ ਸਮਝਣ ਦਾ ਉਪਦੇਸ਼ ਦਿੰਦੀ ਹੈ। ਨੌਵੀਂ ਪਾਤਸ਼ਾਹੀ ਦਾ ਫੁਰਮਾਨ ਹੈ:

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ
ਕਿਨਹੂੰ ਗੁਰਮੁਖਿ ਜਾਨਾ॥

ਉਪਰੋਕਤ ਦੋ ਇਤਿਹਾਸਕ ਘਟਨਾਵਾਂ ਦੇ ਫਲਸਰੂਪ ਸਿੱਖ ਹਰ ਵਰ੍ਹੇ ਦੀਵਾਲੀ ਪੁਰਬ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਅਤਿਅੰਤ ਸ਼ਰਧਾ, ਪ੍ਰੇਮ ਅਤੇ ਉਤਸ਼ਾਹਪੂਰਵਕ ਮਨਾਉਂਦੇ ਹਨ।

# ਕੇਂਦਰ ਸਰਕਾਰ ਨੇ ਨਾ ਫੜੀ ਚਿੰਤਾ ਵਿਚ ਡੁੱਬੇ ਕਿਸਾਨਾਂ ਦੀ ਬਾਂਹ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਹਾੜ੍ਹੀ ਦੀਆਂ ਫਸਲਾਂ ਦੇ ਸਮਰਥਨ ਮੁੱਲ ਦੇ ਐਲਾਨ ਨੇ ਪਹਿਲਾਂ ਹੀ ਚਿੰਤਾ ਵਿਚ ਡੁੱਬੇ ਕਿਸਾਨਾਂ ਨੂੰ ਹੋਰ ਨਿਰਾਸ਼ ਕਰ ਦਿੱਤਾ ਹੈ। ਸਰਕਾਰ ਨੇ ਹਾੜ੍ਹੀ ਦੀ ਮੁੱਖ ਫਸਲ ਕਣਕ ਦੇ ਭਾਅ ਵਿਚ ਪੰਜ ਫੀਸਦੀ ਮਾਮੂਲੀ ਵਾਧੇ ਨਾਲ ਘੱਟੋ-ਘੱਟ ਸਮਰਥਨ ਮੁੱਲ 1525 ਰੁਪਏ ਕੁਇੰਟਲ ਤੈਅ ਕੀਤਾ ਹੈ। ਵਧਦੀਆਂ ਹੋਈਆਂ ਲਾਗਤਾਂ ਦੇ ਚੱਲਦਿਆਂ ਪੰਜਾਬ ਸਰਕਾਰ ਨੇ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 1900 ਰੁਪਏ ਪ੍ਰਤੀ ਕੁਇੰਟਲ ਐਲਾਨਣ ਦੀ ਮੰਗ ਕੀਤੀ ਸੀ।

ਜੇਕਰ ਖੇਤੀ ਅਧਿਕਾਰੀਆਂ ਦੀ ਮੰਨੀ ਜਾਵੇ ਤਾਂ 1525 ਰੁਪਏ ਪ੍ਰਤੀ ਕੁਇੰਟਲ ਤਾਂ ਉਤਪਾਦਨ ਲਾਗਤ ਹੀ ਆਉਂਦੀ ਹੈ। ਦੇਸ਼ ਵਿਚ ਕਰਜ਼ੇ ਦੇ ਬੋਝ ਹੇਠ ਦੱਬਿਆ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀ ਕਰ ਰਿਹਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਤਿੰਨ ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਪੰਜਾਬ ਵਿਚ ਵੀ ਆਏ ਦਿਨ ਖ਼ੁਦਕੁਸ਼ੀਆਂ ਦਾ ਰੁਝਾਨ ਵਧ ਰਿਹਾ ਹੈ। ਸਾਉਣੀ ਦੇ ਮੌਜੂਦਾ ਸੀਜਨ ਵਿਚ ਨਰਮੇ ਉੱਤੇ ਚਿੱਟੇ ਮੱਛਰ ਦੇ ਹਮਲੇ, ਗੰਨਾ ਮਿੱਲਾਂ ਵੱਲੋਂ ਸਮੇਂ ਸਿਰੇ ਗੰਨੇ ਦਾ ਭੁਗਤਾਨ ਨਾ ਕਰਨ ਤੇ ਬਾਸਮਤੀ 1509 ਦੀ ਸਾਧਾਰਨ ਝੋਨੇ ਦੇ ਮੁੱਲ ਉੱਤੇ ਵੀ ਖਰੀਦ ਨਾ ਹੋਣ ਕਰਕੇ ਪੰਜਾਬ ਦੇ ਕਿਸਾਨ ਗਹਿਰੇ ਸੰਕਟ ਨਾਲ ਜੂਝ ਰਹੇ ਹਨ। ਇਸ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕਣਕ ਦੇ ਭਾਅ ਵਿਚ ਮਾਮੂਲੀ ਵਾਧੇ ਨੇ ਕਿਸਾਨਾਂ ਵਿਚ ਨਿਰਾਸ਼ਾ ਫੈਲਾ ਦਿੱਤੀ ਹੈ। ਖੇਤੀ ਮਾਹਿਰਾਂ ਅਨੁਸਾਰ ਪਿਛਲੇ ਸਾਲ ਉਤਪਾਦਨ ਲਾਗਤ ਤਕਰੀਬਨ 15 ਫੀਸਦੀ ਤੱਕ ਵਧ ਗਈ ਹੈ। ਖੁਦਕੁਸ਼ੀਆਂ ਦੇ ਮਾਮਲੇ ਨੂੰ ਨਜ਼ਰਅੰਦਾਜ਼ ਕਰਨ ਕਰਕੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕੁਝ ਦਿਨ ਪਹਿਲਾਂ ਹੀ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਸੰਕਟ ਦੇ ਹੱਲ ਲਈ ਮਹਿਜ਼ ਹਾਅ ਦੇ ਨਾਅਰੇ ਵਰਗੇ ਹਮਦਰਦੀ ਪੂਰਨ ਬਿਆਨ ਦਿੱਤੇ ਜਾ ਰਹੇ ਹਨ। ਅਕਾਲੀ-ਭਾਜਪਾ ਦੋਵੇਂ ਪੰਜਾਬ ਤੇ ਕੇਂਦਰੀ ਸੱਤਾ ਵਿਚ ਭਾਈਵਾਲ ਹਨ। ਦੋਵਾਂ ਨੇ ਲੋਕ ਸਭਾ ਚੋਣਾਂ ਦੌਰਾਨ ਕਿਸਾਨਾਂ ਨੂੰ ਫਸਲਾਂ ਦਾ ਭਾਅ ਸਵਾਮੀਨਾਥਨ ਰਿਪੋਰਟ ਅਨੁਸਾਰ ਦੇਣ ਦਾ ਵਾਅਦਾ ਕੀਤਾ ਸੀ, ਪਰ ਹੁਣ ਉਹ ਇਸ ਤੋਂ ਪਿੱਛੇ ਹਟਦੇ ਨਜ਼ਰ ਆ ਰਹੇ ਹਨ।

## ਕਣਕ ਦੇ ਸਮਰਥਨ ਮੁੱਲ ਵਿਚ ਮਾਮੂਲੀ ਵਾਧਾ



## ਕਿਸਾਨ ਯੂਨੀਅਨ ਨੇ ਵਾਧੇ ਨੂੰ ਨਕਾਰਿਆ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਤੇ ਸਾਬਕਾ ਐਮ.ਪੀ. ਭੁਪਿੰਦਰ ਸਿੰਘ ਮਾਨ ਤੇ ਬੀ.ਕੇ.ਯੂ. ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਮੀਆਂਪੁਰ ਨੇ ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ ਵਿਚ ਵਿਚ ਕੀਤੇ ਪੰਜ ਫੀਸਦੀ ਵਾਧੇ ਨੂੰ ਕਿਸਾਨਾਂ ਨਾਲ ਮਜ਼ਾਕ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਨਿਗੂਣੇ ਵਾਧੇ ਨਾਲ ਕਿਸਾਨਾਂ ਦੀ ਹਾਲਤ ਸੁਧਰਨ ਵਾਲੀ ਨਹੀਂ ਜਦੋਂ ਕੀ ਸਰਕਾਰ ਬਣਾਉਣ ਤੋਂ ਪਹਿਲਾਂ ਇਹੀ ਬੀ.ਜੇ.ਪੀ ਨੇ ਕਿਸਾਨਾਂ ਨੂੰ ਫਸਲਾਂ ਦੇ ਰੇਟ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਦੇਣ ਦਾ ਲਾਰਾ ਲਾਇਆ ਸੀ।

## ਵਿਦੇਸ਼ੀ ਜੋੜਿਆਂ ਲਈ ਕਿਰਾਏ ਦੀ ਕੁੱਖ ਬਾਰੇ ਫੈਸਲੇ ਉਪਰ ਰੋਕ

**ਮੁੰਬਈ:** ਹਾਈਕੋਰਟ ਨੇ ਇਕ ਅੰਤ੍ਰਿਮ ਹੁਕਮ ਦਿੰਦਿਆਂ ਵਿਦੇਸ਼ੀ ਜੋੜਿਆਂ ਲਈ ਕਿਰਾਏ ਦੀ ਕੁੱਖ ਉਤੇ ਪਾਬੰਦੀ ਲਾਉਣ ਦੇ ਸਰਕਾਰੀ ਫੈਸਲੇ ਉਪਰ ਰੋਕ ਲਾ ਦਿੱਤੀ ਹੈ। ਇਹ ਹੁਕਮ ਉਨ੍ਹਾਂ ਜੋੜਿਆਂ 'ਤੇ ਲਾਗੂ ਹੋਵੇਗਾ ਜੋ ਪਹਿਲਾਂ ਹੀ ਪ੍ਰਕਿਰਿਆ ਮੁਕੰਮਲ ਕਰਨ ਦੀ ਸਥਿਤੀ ਵਿਚ ਹਨ ਜਾਂ ਇਲਾਜ ਦੇ ਅਹਿਮ ਪੱਧਰ 'ਤੇ ਪੁੱਜ ਚੁੱਕੇ ਹਨ। ਇਹ ਰੋਕ ਫੈਸਲਾ ਡਾਕਟਰ ਸ੍ਰੀਮਤੀ ਕੌਸ਼ਲ ਕਦਮ ਤੇ ਕੁਝ ਫਰਟਿਲਟੀ ਕਲੀਨਕਾਂ ਵੱਲੋਂ ਦਾਇਰ ਪਟੀਸ਼ਨ 'ਤੇ ਜਸਟਿਸ ਰਵੀ ਦੇਸ਼ ਪਾਂਡੇ ਦੇ ਬੈਂਚ ਨੇ ਸੁਣਾਇਆ। ਚੇਤੇ ਰਹੇ, ਰਾਜ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਕਿਰਾਏ ਦੀ ਕੁੱਖ ਭਾਰਤੀ ਜੋੜਿਆਂ ਤੱਕ ਸੀਮਤ ਕਰ ਦਿੱਤੀ ਸੀ।

## ਡਿਫਾਲਟਰ ਕਿਸਾਨਾਂ ਦੀ ਜ਼ਮੀਨ ਨਿਲਾਮ ਕਰਨ ਦਾ ਫੈਸਲਾ

**ਬਠਿੰਡਾ:** ਕਰਜ਼ੇ ਦੇ ਬੋਝ ਹੇਠ ਦੱਬੇ ਕਪਾਹ ਪੱਟੀ ਦੇ ਤਕਰੀਬਨ ਛੇ ਹਜ਼ਾਰ ਕਿਸਾਨਾਂ ਦੀ ਜ਼ਮੀਨ ਨਿਲਾਮ ਕਰਨ ਦੀ ਤਿਆਰੀ ਕੀਤੀ ਜਾ ਚੁੱਕੀ ਹੈ। ਸਹਿਕਾਰਤਾ ਮਹਿਕਮਾ ਕਿਸਾਨਾਂ ਦੀ ਜ਼ਮੀਨ ਨਿਲਾਮ ਕਰਨ ਲਈ ਤਿਆਰ ਹੈ, ਪਰ ਕਿਸਾਨ ਅੰਦੋਲਨ ਦੇ ਡਰੋਂ ਅਫਸਰ ਅਜਿਹਾ ਨਹੀਂ ਕਰ ਰਹੇ। ਪੰਜਾਬ ਸਰਕਾਰ ਵੀ ਕਿਸਾਨਾਂ ਖਿਲਾਫ ਕੋਈ ਸਖਤ ਕਦਮ ਚੁੱਕਣ ਤੋਂ ਸਹਿਕਾਰੀ ਬੈਂਕਾਂ ਨੂੰ ਹਰੀ ਝੰਡੀ ਨਹੀਂ ਦੇ ਰਹੀ ਹੈ। ਖੇਤੀ ਵਿਕਾਸ ਬੈਂਕਾਂ ਨੇ ਮਾਲਵਾ ਖਿੱਤੇ ਦੇ ਤਕਰੀਬਨ ਛੇ ਹਜ਼ਾਰ ਕਿਸਾਨਾਂ ਦੇ ਕੇਸ ਨਿਲਾਮੀ ਲਈ ਯੋਗ ਐਲਾਨੇ ਹਨ। ਵਿਕਾਸ ਬੈਂਕਾਂ ਵੱਲੋਂ ਕਿਸੇ ਵੀ ਕਿਸਾਨ ਦੀ ਜ਼ਮੀਨ ਕੁਰਕ ਕਰਨ ਦੀ ਹਾਲੇ ਤਰੀਕ ਤੈਅ ਨਹੀਂ ਕੀਤੀ ਗਈ। ਫਿਰੋਜ਼ਪੁਰ ਡਿਵੀਜ਼ਨ ਦੇ ਸੱਤ ਜ਼ਿਲ੍ਹਿਆਂ ਦੇ ਤਕਰੀਬਨ 25 ਹਜ਼ਾਰ ਕਿਸਾਨ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰ ਹਨ, ਜਿਨ੍ਹਾਂ ਸਿਰ 206 ਕਰੋੜ ਰੁਪਏ ਦਾ ਕਰਜ਼ਾ ਹੈ। ਸਹਿਕਾਰਤਾ ਮਹਿਕਮੇ ਨੇ ਤਕਰੀਬਨ ਇਕ ਸਾਲ ਪਹਿਲਾਂ 14 ਹਜ਼ਾਰ ਡਿਫਾਲਟਰ ਕਿਸਾਨਾਂ ਨੂੰ ਨੋਟਿਸ ਦੇਣੇ ਸ਼ੁਰੂ ਕੀਤੇ ਸਨ। ਇਨ੍ਹਾਂ ਕਿਸਾਨਾਂ ਵਿਚੋਂ ਹੁਣ ਛੇ ਹਜ਼ਾਰ ਕਿਸਾਨਾਂ ਦੀ ਜ਼ਮੀਨ ਨਿਲਾਮ ਕਰਨ ਦਾ ਫੈਸਲਾ ਹੋਇਆ ਹੈ।

## ਬਾਦਲ ਵੱਲੋਂ ਸਮਰਥਨ ਮੁੱਲ ਦਾ ਸਵਾਗਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਣਕ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ 75 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਦਾ ਸਵਾਗਤ ਕੀਤਾ ਹੈ, ਪਰ ਨਾਲ ਹੀ ਉਨ੍ਹਾਂ ਨੇ ਖੇਤੀ ਵਸਤਾਂ ਦੀਆਂ ਲਾਗਤਾਂ ਦੇ ਵਾਧੇ ਦੇ ਮੱਦੇਨਜ਼ਰ ਇਸ ਵਿਚ ਹੋਰ ਵਾਧਾ ਕਰਨ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਹੈ। ਸ. ਬਾਦਲ ਨੇ ਕਿਹਾ ਕਿ ਭਾਵੇਂ ਘੱਟੋ ਘੱਟ ਸਮਰਥਨ ਮੁੱਲ ਵਿਚ ਵਾਧਾ ਕਿਸਾਨਾਂ ਲਈ ਲੋੜੀਂਦੀ ਰਾਹਤ ਹੈ, ਪਰ ਇਹ ਵਾਧਾ ਚੋਖਾ ਨਹੀਂ ਹੈ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Imperial Truck Driving School
3506 Nielsen Ave., Fresno, CA 93706
ਖੁਸ਼ਖਬਰੀ ! ਖੁਸ਼ਖਬਰੀ ! !
ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ






ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ
ਰਹਿਣ ਵਾਸਤੇ ਖਾਸ ਪ੍ਰਬੰਧ
Deep Sidhu 559-217-5986
Mahinder Singh 559-515-9022
mailto:Deep@jfsinc.us

H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com






ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ

ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ




# ਪ੍ਰਥਮ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰਬ ਲੋਕਾਈ ਲਈ ਸੁਨੇਹਾ

## ਸੈਮੀਨਾਰ ਅਤੇ ਨੁਮਾਇਸ਼

## ਐਤਵਾਰ 15 ਨਵੰਬਰ 2015

***ਸਮਾਂ ਸ਼ਾਮ 4 ਵਜੇ ਤੋਂ 7 ਵਜੇ ਤਕ***

### ਮੁਖ ਬੁਲਾਰੇ

**ਡਾ. ਹਰਿੰਦਰ ਸਿੰਘ**
*ਵਿਸ਼ਾ: ਅਜੋਕੇ ਵਿਸ਼ਵ ਦੇ ਪ੍ਰਸੰਗ ਵਿਚ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ*

**ਡਾ. ਅਮਰਜੀਤ ਸਿੰਘ**
*ਵਿਸ਼ਾ: ਗੁਰੂ ਨਾਨਕ ਸਾਹਿਬ ਦਾ ਹੋਰ ਧਾਰਮਕ ਆਗੂਆਂ ਨਾਲ ਰਾਬਤਾ*

**ਪ੍ਰੋ. ਸਰਬਜੀਤ ਸਿੰਘ**
*ਵਿਸ਼ਾ: ਗੁਰੂ ਨਾਨਕ ਸਾਹਿਬ ਦਾ ਜੀਵਨ ਫਲਸਫਾ*

### Honorary Guests

Msgr. Edward A. Ryan
Church of Saint Gregory the Great
Pandit Hemant ji
Satya Narayan Mandir
Satkiran Kaur Khalsa
Dr. Ramji Sethi DDS
Honorable Senator Mr. Tony Avella
Honorable Assembly man Mr. David Weprin
Honorable Councilman (elect) Mr. Barry Grodenchik
Detective Cooper (Precinct 105)

## ਸੈਮੀਨਾਰ ਦਾ ਸਥਾਨ

**Church of Saint Gregory the Great**
**224-20 88th Avenue, Bellerose, NY 11426**
**Tel : (718) 343-4846**

GILL EXPRESS



229.99
Out the Door
LP22.5 CASH ONLY

Mobil Delvac
ROTELLA T
Delo

REPAIR TIRES & WASH

ਡੀਜ਼ਲ ਮਕੈਨਿਕਾਂ ਦੀ ਜ਼ਰੂਰਤ ਹੈ - ਰਿਹਾਇਸ਼ ਮੁਫਤ ਅਤੇ ਚੰਗੀ ਤਨਖਾਹ



Davinder

INDIANA LOCATION
• HWY 70, EXIT 123 SPICELAND IN
OFFER GOOD AT THIS LOCATION ONLY

ਮਕੈਨਕ ਸ਼ਾਪ ਵਿੱਚ ਹਰ ਤਰਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ

Call : 765-717-7750

ਕੈਨੇਡਾ ਦੀਆਂ ਅਸਲੀ ਪੰਜਾਬੀ ਸਵਾਦ ਦੀਆਂ ਮਠਿਆਈਆਂ
ਹੁਣ ਅਮਰੀਕਾ ਵਿਚ



- We Ship Canadian Sweets All Over USA From Detroit, MI.
- Our Sweets Are Original In Punjabi Taste.
- Over 35 Years In Whole Sale & Retail Business Of Sweets & Grocery.
- Door To Door Delivery By UPS All Over USA.
- Minimum Order $100 Including Delivery Charges.
- Gift Boxes For Wedding, Birthday, Gurdwara Programs And All Occasions.

ਵਧੀਆ ਮਠਿਆਈ
ਵਾਜ਼ਬ ਭਾਅ

ਫੋਨ: 313-963-2650

*E-mail: asianfoodimports@aol.com*

Bhullar Imports Inc.

1927 Rosa Parks Blvd.,
Detroit, MI 48216

Fax: 313-887-8792 Website: Bhullarimports.com

# ਸੱਚ ਦੀਆਂ ਸੂਹਾਂ




## ਮੈਰਲਨ ਜੇਮਜ਼ ਦਾ ਨਾਵਲ: ਏ ਬ੍ਰੀਫ ਹਿਸਟਰੀ ਆਫ ਸੈਵਨ ਕਿਲਿੰਗਜ਼

ਕਲਾ ਪਰਿਕਰਮਾ

ਮੈਨ ਬੁੱਕਰ ਪੁਰਸਕਾਰ ਨੂੰ ਅੰਗਰੇਜ਼ੀ ਸਾਹਿਤ ਦੇ ਖੇਤਰ ਦਾ ਨੋਬੇਲ ਪੁਰਸਕਾਰ ਮੰਨਿਆ ਜਾਂਦਾ ਹੈ। ਇਸੇ ਲਈ ਇਸ ਪੁਰਸਕਾਰ ਦੇ ਜੇਤੂ ਦੇ ਨਾਮ ਦੇ ਐਲਾਨ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ। ਇਸ ਸਾਲ ਇਹ ਪੁਰਸਕਾਰ ਜਮਾਇਕਨ ਨਾਵਲਕਾਰ ਮੈਰਲਨ ਜੇਮਜ਼ ਦੇ ਹਿੱਸੇ ਆਇਆ ਹੈ। ਜੇਮਜ਼ ਨੂੰ ਇਹ ਐਜਾਜ਼ ਉਸ ਦੇ ਨਾਵਲ 'ਏ ਬ੍ਰੀਫ ਹਿਸਟਰੀ ਆਫ ਸੈਵਨ ਕਿਲਿੰਗਜ਼' (ਸੱਤ ਹੱਤਿਆਵਾਂ ਦਾ ਸੰਖੇਪ ਇਤਿਹਾਸ) ਲਈ ਮਿਲਿਆ ਹੈ।

ਇਸ ਨਾਵਲ ਦਾ ਨਾਮ ਇਸ ਦੇ ਇਤਿਹਾਸਕ ਕਿਤਾਬ ਹੋਣ ਦਾ ਪ੍ਰਭਾਵ ਪਾਉਂਦਾ ਹੈ। ਇਹ ਨਾਟਕੀ ਜਾਂ ਚੌਂਕਾਉਣ ਵਾਲਾ ਨਾਮ ਨਹੀਂ। ਇਸ ਦੇ ਬਾਵਜੂਦ ਇਹ ਨਾਵਲ ਸੱਚਮੁੱਚ ਹੀ ਸ਼ਾਨਦਾਰ ਹੈ। ਇਹ ਮੌਲਿਕ ਹੈ, ਪਾਠਕ ਨੂੰ ਟੁੰਬਦਾ ਹੈ, ਇਸ ਦੀ ਲੇਖਣ ਸ਼ੈਲੀ ਬਾਕਮਾਲ ਹੈ। ਇਸ ਨਾਵਲ ਦੇ ਪਾਤਰ, ਇਸ ਦਾ ਕਥਾਨਕ ਅਤੇ ਉਸ ਨਾਲ ਜੁੜੇ ਸੱਚ ਇਸ ਨਾਵਲ ਨੂੰ ਯਾਦਗਾਰੀ ਬਣਾਉਂਦੇ ਹਨ। ਇਹ ਨਾਵਲ ਅਗਲੇ 20 ਸਾਲ ਵੀ ਲੋਕਾਂ ਵਿਚ ਮਕਬੂਲ ਬਣਿਆ ਰਹੇਗਾ ਜਾਂ ਨਹੀਂ? ਇਸ ਸਵਾਲ ਦਾ ਜਵਾਬ ਤਾਂ ਭਾਵੇਂ ਭਵਿੱਖ ਦੇਵੇਗਾ, ਪਰ ਇਕ ਗੱਲ ਜ਼ਰੂਰ ਹੈ ਕਿ ਇਹ ਨਾਵਲ ਸ਼ਕਤੀਸ਼ਾਲੀ ਸਾਹਿਤ ਦੀ ਮਿਸਾਲ ਉਮਦਾ ਹੈ।

ਇਸ ਨਾਵਲ ਦੀ ਮੌਲਿਕਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਜਮਾਇਕਨ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਗਿਆ ਹੈ। ਇਸ ਦੀ ਸੁਰ ਤੇ ਸਰੂਪ ਯਥਾਰਥਵਾਦੀ ਹੈ ਅਤੇ ਇਸ ਦੇ ਸਾਰੇ ਪਾਤਰ ਵੀ ਆਮ ਜ਼ਿੰਦਗੀ ਦਾ ਹਿੱਸਾ ਹੋਣ ਦੇ ਪ੍ਰਭਾਵ ਦਿੰਦੇ ਹਨ। ਨਾਵਲ 1970ਵਿਆਂ ਦੇ ਜਮਾਇਕਾ ਦੀ ਕਹਾਣੀ ਪੇਸ਼ ਕਰਦਾ ਹੈ। ਇਸ ਦੇ ਪਾਤਰਾਂ ਵਿਚ ਅਪਰਾਧੀ ਗਰੋਹ ਦੇ ਮੈਂਬਰ, ਵੇਸਵਾਵਾਂ, ਜਾਸੂਸ, ਸਿਆਸਤਦਾਨ ਤੇ ਬੌਬ ਮਾਰਲੀ ਨਾਮੀ ਮਸ਼ਹੂਰ ਗਾਇਕ ਸ਼ਾਮਲ ਹਨ। ਕਥਾਨਕ 3 ਦਸੰਬਰ, 1976 ਨੂੰ ਵਾਪਰੀ ਘਟਨਾ ਨਾਲ ਸਬੰਧਤ ਹੈ। ਇਹ ਘਟਨਾ ਸਮੁੱਚੇ ਕੈਰੇਬੀਅਨ ਖਿੱਤੇ ਦੇ ਇਤਿਹਾਸ ਵਿਚ ਹੋਈਆਂ ਸਭ ਤੋਂ ਵੱਧ ਹਿੰਸਕ ਚੋਣਾਂ ਤੋਂ ਕੁਝ ਦਿਨ ਪਹਿਲਾਂ ਘਟੀ। ਬੌਬ ਮਾਰਲੀ ਨੇ ਜਮਾਇਕਾ ਵਿਚੋਂ ਸਿਆਸੀ ਤਣਾਅ ਖ਼ਤਮ ਕਰਨ ਲਈ ਸੰਗੀਤ ਸਮਾਰੋਹ ਵਿਚ ਭਾਗ ਲੈਣ ਦਾ ਫੈਸਲਾ ਕੀਤਾ ਸੀ। ਇਸ ਪ੍ਰੋਗਰਾਮ ਦੀ ਪੇਸ਼ਕਾਰੀ ਤੋਂ ਦੋ ਦਿਨ ਪਹਿਲਾਂ ਸੱਤ ਬੰਦੂਕਧਾਰੀਆਂ ਨੇ ਬੌਬ ਮਾਰਲੀ ਦੇ ਘਰ ਉਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਮਾਰਲੀ ਸਖ਼ਤ ਫੱਟੜ ਹੋ ਗਿਆ। ਉਸ ਦੀ ਪਤਨੀ, ਮੈਨੇਜਰ, ਅਤੇ ਕਈ ਹੋਰ ਲੋਕ ਵੀ ਜ਼ਖ਼ਮੀ ਹੋ ਗਏ।





ਉਸ ਸਮੇਂ ਭਾਵੇਂ ਇਹ ਚਰਚਾ ਚੱਲੀ ਕਿ ਇਹ ਹਮਲਾ ਸਿਆਸਤ ਤੋਂ ਪ੍ਰੇਰਿਤ ਸੀ, ਪਰ ਅਸਲ ਸੱਚਾਈ ਬਹੁਤੀ ਵਾਰ ਕੁਝ ਨਵੇਂ ਵੀ ਕਾਰਨ ਸਾਹਮਣੇ ਲਿਆਉਂਦੀ ਹੈ। ਹਮਲਾਵਰ ਕੌਣ ਸਨ, ਇਹ ਸਵਾਲ ਅਜੇ ਵੀ ਭੇਤ ਬਣਿਆ ਹੋਇਆ ਹੈ। ਬੌਬ ਮਾਰਲੀ ਆਪ ਵੀ ਬਹੁਤੇ ਦਿਨ ਨਹੀਂ ਜੀਵਿਆ। ਉਹ ਦੋ ਸਾਲਾਂ ਬਾਅਦ ਦਮ ਤੋੜ ਗਿਆ। ਇਹ ਸਾਰਾ ਦੁਖਾਂਤ ਅਤੇ ਹਮਲੇ ਨਾਲ ਜੁੜੇ ਭੇਤ ਕਿਸੇ ਵੀ ਗਲਪ ਲੇਖਕ ਲਈ ਬਿਹਤਰੀਨ ਵਿਸ਼ਾ-ਵਸਤੂ ਸਾਬਤ ਹੋ ਸਕਦੇ ਸਨ, ਪਰ ਕਿਸੇ ਵੀ ਸਮਕਾਲੀ ਲੇਖਕ ਨੇ ਇਸ ਕਹਾਣੀ ਨੂੰ ਹੱਥ ਨਹੀਂ ਪਾਇਆ। ਹੁਣ ਮੈਰਲਨ ਜੇਮਜ਼ ਵਰਗੇ ਪ੍ਰਤਿਭਾਸ਼ਾਲੀ ਲੇਖਕ ਨੇ ਇਸ ਕਹਾਣੀ ਨੂੰ ਯਾਦਗਾਰੀ ਨਾਵਲ ਵਿਚ ਬਦਲ ਦਿੱਤਾ ਹੈ। ਜੇਮਜ਼ ਨੇ ਨਾਵਲ ਦੇ ਮੁਖ ਬੰਦ ਵਿਚ ਲਿਖਿਆ ਹੈ- "ਇਹ ਸੱਚੀ ਕਹਾਣੀ ਦਾ ਕਾਲਪਨਿਕ ਪੁਨਰ-ਕਥਨ ਹੈ। ਮੈਨੂੰ ਯਕੀਨ ਹੈ ਕਿ ਜੇਕਰ ਬੌਬ ਮਾਰਲੀ ਜਿਉਂਦਾ ਹੁੰਦਾ ਤਾਂ ਉਸ ਨੇ ਇਸ ਘਟਨਾਵਲੀ ਦਾ ਬਿਆਨ ਉਸੇ ਢੰਗ ਨਾਲ ਹੀ ਕਰਨਾ ਸੀ ਜਿਵੇਂ ਮੈਂ ਮੈਰਲਨ ਜੇਮਜ਼ ਨੇ ਕੀਤਾ ਹੈ।"

'ਏ ਬ੍ਰੀਫ ਹਿਸਟਰੀ ਆਫ ਸੈਵਨ ਕਿਲਿੰਗਜ਼' ਵਿਚ ਜਿਸ ਅੰਦਾਜ਼ ਨਾਲ ਪੂਰੀ ਘਟਨਾਵਲੀ ਰਚੀ ਗਈ ਹੈ, ਉਹ ਪਾਠਕ ਨੂੰ ਜ਼ਰਾ ਵੀ ਉਚਾਟ ਨਹੀਂ ਹੋਣ ਦਿੰਦਾ। ਇਸੇ ਹੀ ਤਰਜ਼ ਦੇ, ਪਰ ਸਮੇਂ, ਸਥਾਨ ਤੇ ਪਾਤਰਾਂ ਪੱਖੋਂ ਵੱਖਰੇ ਵਿਸ਼ਾ-ਵਸਤੂ ਵਾਲਾ ਇਕ ਹੋਰ ਨਾਵਲ 'ਸਵੀਟ ਸੌਰ' (ਮਿੱਠਾ-ਖੱਟਾ) ਡੇਢ ਦਹਾਕਾ ਪਹਿਲਾਂ ਮਾਰਕੀਟ ਵਿਚ ਆਇਆ ਸੀ। ਤਿਮੋਥੀ ਮੋਅ ਵੱਲੋਂ ਲਿਖੇ ਗਏ ਉਸ ਨਾਵਲ ਵਿਚ ਲੰਡਨ ਵਿਚਲੇ ਚੀਨੀ ਗਰੋਹਾਂ ਦੀਆਂ ਸਰਗਰਮੀਆਂ ਦਾ ਬਿਰਤਾਂਤ ਪੇਸ਼ ਕੀਤਾ ਗਿਆ ਸੀ। ਇਸ ਨਾਵਲ ਨੂੰ ਵੀ ਉਦੋਂ ਬੁੱਕਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ, ਪਰ ਪੁਰਸਕਾਰ ਇਸ ਦੇ ਹਿੱਸੇ ਨਹੀਂ ਸੀ ਆਇਆ। 'ਏ ਬ੍ਰੀਫ ਹਿਸਟਰੀ ਆਫ ਸੈਵਨ ਕਿਲਿੰਗਜ਼' ਵਿਚ ਲੇਖਣੀ ਦਾ ਮਿਆਰ ਤਿਮੋਥੀ ਮੋਅ ਦੇ ਮਿਆਰ ਤੋਂ ਕਿਤੇ ਉਚਾ ਹੈ। ਇਸੇ ਕਾਰਨ ਇਹ ਇਸ ਸਾਲ ਦੇ ਮੈਨ ਬੁੱਕਰ ਪੁਰਸਕਾਰ ਦਾ ਹੱਕਦਾਰ ਬਣਿਆ।

*-ਨਵਚੇਤਨ ਸਿੰਘ*

## ਮਾਰਲਨ ਜੇਮਜ਼ ਦੀ ਇਕ ਹੋਰ ਰਚਨਾ

*ਮਾਰਲਨ ਜੇਮਜ਼ ਨੇ ਇਸ ਤੋਂ ਪਹਿਲਾਂ ਦੋ ਨਾਵਲ ਲਿਖੇ: 2005 ਵਿਚ 'ਜੌਹਨ ਕਰੋਅ'ਜ਼ ਡੈਵਿਲ' ਅਤੇ 2009 ਵਿਚ 'ਦਿ ਬੁੱਕ ਆਫ ਨਾਈਟ ਵਿਮੈਨ'। 'ਦਿ ਬੁੱਕ ਆਫ ਨਾਈਟ ਵਿਮੈਨ' ਨਾਵਲ ਦਾ ਕਥਾਨਕ 18ਵੀਂ ਸਦੀ ਦਾ ਹੈ ਅਤੇ ਇਸ ਦੀ ਕਹਾਣੀ ਅਜਿਹੀ ਮੁਟਿਆਰ ਦੁਆਲੇ ਘੁੰਮਦੀ ਹੈ ਜਿਹੜੀ ਗੁਲਾਮ ਹੈ ਪਰ ਸਦਾ ਆਜ਼ਾਦੀ ਖਾਤਰ ਅਹੁਲਦੀ ਹੈ। ਮਗਰੋਂ ਉਸ ਦਾ ਨਾਤਾ ਗੁਲਾਮ ਮਹਿਲਾਵਾਂ ਦੀ ਜਥੇਬੰਦੀ 'ਨਾਈਟ ਵਿਮੈਨ' ਨਾਲ ਜੁੜ ਜਾਂਦਾ ਹੈ। ਇਸ ਨਾਵਲ ਨੂੰ ਵੀ ਖੂਬ ਹੁੰਗਾਰਾ ਮਿਲਿਆ ਸੀ। 'ਨਿਊ ਯਾਰਕ ਟਾਈਮਜ਼' ਅਤੇ 'ਲਾਸ ਏਂਜਲਸ ਟਾਈਮਜ਼' ਨੇ ਇਸ ਨਾਵਲ ਦੀ ਤਾਰੀਫ਼ ਵਿਚ ਲੇਖ ਛਾਪੇ ਸਨ।*




## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਨਵੰਬਰ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-195



**ਵੇਲੇ ਰੱਬਾ ਸਾਡੀ ਕਿਸਮਤ ਲਿਖਦਾਂ ਬਹਿ ਕੇ**
**ਸਾਡੇ ਵਾਂਗੂੰ ਦੋ ਘੜੀਆਂ ਤਾਂ ਦੇਖ ਸਹੀ ਤੂੰ ਰਹਿ ਕੇ।**
**ਢੇਰਾਂ ਉਤੋਂ ਚੁਗੀਆਂ ਲੀਰਾਂ, ਤਨ 'ਤੇ ਲਿਬੜੇ ਲੀੜੇ,**
**ਸਾਡੇ ਨਾਲੋਂ ਚੰਗੇ ਰਹਿੰਦੇ ਧਰਤੀ ਉਤੇ ਕੀੜੇ।**
**ਬਚਪਨ ਰੋਲ ਕੇ ਕਿਹੜਾ ਤੇਰਾ ਦੱਸੀਂ ਰਾਗ ਅਲਾਪੂ,**
**ਰਿਕਸ਼ੇ ਨਾਲ ਲਿਫਾਫਾ ਮੰਗਵਾਂ, ਹੱਥ ਫੜਾ ਗਿਆ ਬਾਪੂ।**

### ਕੈਪਸ਼ਨ ਮੁਕਾਬਲਾ-193




ਅੱਗ ਜਿਵੇਂ ਬੁਝੀ ਫੂਕਾਂ ਨਾਲ ਬਾਲੀਏ
ਗਿਆਨ ਰੂਪੀ ਦੀਵੇ ਵੀ ਜਗਾਵਾਂਗੇ।
ਬੁਝਣ ਵਾਲੇ ਸੁਪਨੇ ਨਾ ਅਸੀਂ ਪਾਲੀਏ
ਪੜ੍ਹ ਕੇ ਸਕੂਲੇ ਅਸੀਂ ਰੋਜ਼ ਆਵਾਂਗੇ।
ਆਓ, ਜਮਾਤ ਰੂਪੀ ਚੁੱਲ੍ਹੇ ਨੂੰ ਉਸਾਰੀਏ
ਕਿਤਾਬ ਰੂਪੀ ਬਾਲਣ ਵਿਚ ਬਾਲਾਂਗੇ।
ਧੂੰਆਂ ਅਗਿਆਨ ਵਾਲਾ ਨਾ ਹੋਣ ਦੇਈਏ
ਫੂਕਾਂ ਮਾਰ ਦਿਮਾਗ ਦੇ ਅੰਗਾਰੇ ਮਘਾਵਾਂਗੇ।
ਕੂੜ ਦੀ ਇਹ ਛਾਈ ਜੋ ਧੁੰਦ ਪਈ ਏ
ਸੇਕ ਰੂਪੀ ਗਿਆਨ ਨਾਲ ਅਸੀਂ ਉਡਾਵਾਂਗੇ।
*-ਸਤਵਿੰਦਰ ਥਾਂਦੀ ਦੌਲਤਪੁਰੀ*

---

ਅਜਬ ਚੀਜ਼ ਹੈ ਚੱਕਵਾਂ ਚੁੱਲ੍ਹਾ
ਮਨ ਦੀ ਮਰਜੀ ਇਹ ਪੁਗਾਵੇ।
ਗਰਮੀਆਂ ਦੇ ਵਿਚ ਛਾਂ ਭਾਲਦਾ
ਸਿਆਲਾਂ ਦੇ ਵਿਚ ਧੁੱਪੇ ਆਵੇ।
ਮੁੰਨਾ ਪਿਆ ਦੇਖ ਕੇ ਨਿੱਕੀ
ਫੋਕੀਆਂ ਫੂਕਾਂ ਮਾਰੀ ਜਾਵੇ।
*-ਜਗਮੀਤ ਸਿੰਘ ਪੰਧੇਰ*

---

ਵਿਚ ਰਸੋਈ ਧੂੰਆਂ ਨਾ ਹੋਵੇ,
ਬਲਾਣ ਸਭ ਹੁਣ ਗੈਸ ਦਾ ਚੁੱਲ੍ਹਾ।
ਢਾਹ ਕੇ ਓਟਾ ਵਿਹੜੇ ਵਿਚੋਂ
ਕੋਠੇ ਚੁੱਕ ਚੜ੍ਹਾਇਆ ਚੁੱਲ੍ਹਾ।
ਰਿੰਨ੍ਹੀਏ ਸਗਾ, ਬਣਾਈਏ ਭਾਜੀ
ਔਖਾ ਦੇਵੇ ਹਵਾ ਦਾ ਬੁੱਲਾ।
ਬੇਬੇ ਪਕਾਉਂਦੀ ਸੀ ਮੰਨ ਚੌਂਕੇ ਵਿਚ
ਪਰਿਵਾਰ ਸੇਕਦਾ ਸੀ ਹੁੰਦਾ ਚੁੱਲ੍ਹਾ।
ਹੁਣ ਬੱਚੇ ਭਾਵੇਂ ਠੁਰ ਠੁਰ ਕਰਦੇ
ਪਰ ਵਿਹੜਾ ਸਭ ਚਾਹੁੰਦੇ ਨੇ ਖੁੱਲ੍ਹਾ।
ਰਹਿਣ-ਸਹਿਣ ਦੇ ਢੰਗ ਬਦਲੇ ਨੇ
ਲੱਗਦਾ ਹੈ ਸਭਿਆਚਾਰ ਜਾਂਦਾ ਭੁੱਲਾ।
*-ਸੇਵਾ ਸਿੰਘ ਨੂਰਪੁਰੀ*

---

ਹੋਣ ਲੱਕੜਾਂ ਜਾਂ ਗੋਹਟੇ ਗਿੱਲੇ
ਫੂਕਾਂ ਫੋਕੀਆਂ ਨਹੀਂ ਮਾਰ ਸਕਦੇ।
ਲੋੜ ਹੈ ਭੂਕਨਾ ਦੀ
ਫਿਰ ਵੱਜਦੀ ਫੂਕ ਟਿਕਾਣੇ।
ਬਲ ਬਲ ਲਾਟਾਂ ਅੱਗ ਬਲੇ
ਸੇਕੋ ਅੱਗ ਬੈਠ ਚੌਗਿਰਦੇ।
ਬਣਾਓ ਟਾਪ ਜਾਂ ਰਿੰਨੋ ਸਾਗ
ਰੋਟੀ ਫੁੱਲੇ, ਸਾਗ ਲਪਟਾਂ ਮਾਰੇ
ਗਰੀਬਾਂ ਦਾ ਅਜੇ ਵੀ ਇਹੋ ਹੀ ਵਸੀਲਾ।
*-ਦਰਸ਼ਨਪਾਲ ਦੋਸਾਂਝ*

---

ਕਦੇ ਹੁੰਦੇ ਸੀ ਪਿੰਡਾਂ ਵਿਚ ਬਣਾਏ
ਬੀਬੀਆਂ ਹਾਰੇ ਜਾਂ ਚੁੱਲ੍ਹੇ।
ਆਈ ਗੈਸ-ਚੁੱਲ੍ਹਿਆਂ ਦੀ ਵਾਰੀ
ਚੁੱਲ੍ਹੇ ਮਿੱਟੀ ਦੇ ਉਡ ਗਏ
ਨਾਲ ਬਦਲੀ ਹਵਾ ਦੇ ਬੁੱਲੇ।
ਟਾਵੇਂ ਟਾਵੇਂ ਘਰਾਂ ਵਿਚ ਹੋਵਣਗੇ
ਦਰਸ਼ਨ ਵਿਰਾਸਤ ਇਸ ਪੁਰਾਣੀ ਦੇ।
ਨਹੀਂ ਤਾਂ ਪੜ੍ਹਿਆ ਕਰੋਗੇ
ਵਿਚ ਕਿਤਾਬਾਂ ਜਾਂ ਕਹਾਣੀ ਦੇ।
ਕਰਮਾਂ ਵਾਲੇ ਘਰ ਵਿਚ ਲੱਗਦਾ ਏ
ਚੁੱਲ੍ਹਾ ਮਾਰਦਾ ਪਿਆ ਹੂਕਾਂ।
ਵਿਚ ਚੁੱਲ੍ਹੇ ਦੇ ਇਹ ਛੋਟਾ ਬੱਚਾ
ਨਾਲ ਭੁਕਣੇ ਮਾਰ ਰਿਹਾ ਹੈ ਫੂਕਾਂ।
ਕੇਸੀਂ ਨਹਾ ਕੇ ਆਇਆ ਲੱਗਦਾ
ਠੰਢ ਪਈ ਏ ਲੱਗਦੀ।
ਕੋਸ਼ਿਸ਼ ਵਿਚਾਰਾ ਕਰ ਰਿਹਾ
ਅੱਗ ਫਿਰ ਵੀ ਨਹੀਂ ਪਈ ਮੱਚਦੀ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਜਨੌਰਾਂ ਦੇ ਰਹਿਣ ਲਾਇਕ ਨਹੀਂ ਰਹੀ ਪੰਜਾਬ ਦੀ ਆਬੋ-ਹਵਾ

**ਫਿਰੋਜ਼ਪੁਰ:** ਪੰਜਾਬ ਵਿਚ ਪੰਛੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਇਸ ਦਾ ਕਾਰਨ ਸਰਕਾਰਾਂ ਦੀ ਵਾਤਾਵਰਣ ਪ੍ਰਤੀ ਬੇਰੁਖੀ ਤੇ ਦਰਖਤਾਂ ਦੀ ਘਟਦੀ ਗਿਣਤੀ ਦੱਸਿਆ ਜਾ ਰਿਹਾ ਹੈ। ਸੂਬੇ ਵਿਚ ਮਿਲਣ ਵਾਲੇ ਆਮ ਪੰਛੀ ਚਿੜੀਆਂ, ਲਾਲੀ, ਕਾਂ, ਤਿੱਤਰ, ਬਿਜੜਾ, ਤੋਤਾ, ਕਬੂਤਰ, ਹਰੀਅਲ, ਇੱਲ, ਬਗਲਿਆਂ ਦੀ ਗਿਣਤੀ ਕਾਫੀ ਘਟ ਗਈ ਹੈ। ਗਿਰਝਾਂ ਜਾਂ ਇੱਲ ਤਾਂ ਪੰਜਾਬ ਵਿਚੋਂ ਖਤਮ ਹੀ ਹੋ ਚੁੱਕਿਆ ਹਨ। ਕਾਂਵਾਂ ਦੀ ਗਿਣਤੀ ਵੀ ਖਤਮ ਹੋਣ ਦੇ ਕਿਨਾਰੇ ਹੈ।

ਸ਼ਹਿਰਾਂ ਤੇ ਪਿੰਡਾਂ ਵਿਚ ਵੱਡੀ ਗਿਣਤੀ ਵਿਚ ਮਿਲਣ ਵਾਲੀਆਂ ਚਿੜੀਆਂ ਦੀ ਗਿਣਤੀ ਨਾਮਾਤਰ ਰਹਿ ਗਈ ਹੈ। ਇੱਲਾਂ ਦੇ ਮਰਨ ਦਾ ਕਾਰਨ ਪਸ਼ੂਆਂ ਵਿਚ ਡਿਕੋਲੋਫਿਨੇਕ ਕੈਮੀਕਲ ਦੱਸਿਆ ਜਾ ਰਿਹਾ ਹੈ। ਡਿਕੋਲੋਫਿਨੇਕ ਪਸ਼ੂਆਂ ਦੇ ਮਰਨ ਤੋਂ ਬਾਅਦ ਵੀ ਪਸ਼ੂਆਂ ਦੇ ਸਰੀਰ ਵਿਚ ਰਹਿ ਜਾਂਦਾ ਹੈ, ਜਦੋਂ ਇੱਲਾਂ ਮੁਰਦਾ ਜਾਨਵਰ ਖਾਂਦੀਆਂ ਸਨ ਤਾਂ ਇਹ ਉਨ੍ਹਾਂ ਦੇ ਸਰੀਰ ਵਿਚ ਪਹੁੰਚ ਜਾਂਦਾ ਹੈ। ਅਫਸੋਸ ਹੈ ਕਿ ਇਸ ਕੈਮੀਕਲ ਦੀ ਵਰਤੋਂ ਅਜੇ ਵੀ ਜਾਰੀ ਹੈ। ਕਿਸਾਨਾਂ ਵੱਲੋਂ ਖੇਤਾਂ ਵਿਚ ਵਿਰਲੇ ਹੀ ਦਰਖਤ

### ਸੂਬੇ ਵਿਚ ਪੰਛੀਆਂ ਦੀ ਗਿਣਤੀ ਘਟੀ



ਛੱਡੇ ਜਾਂਦੇ ਹਨ। ਨਹਿਰਾਂ ਤੇ ਰਸਤੇ ਵੀ ਲੋਕਾਂ ਨੇ ਲਾਲਚ ਵੱਸ ਵੱਢ ਕੇ ਖੇਤਾਂ ਵਿਚ ਮਿਲਾ ਲਏ ਹਨ।

ਸੜਕਾਂ ਤੇ ਨਹਿਰਾਂ ਕਿਨਾਰੇ ਦਰਖਤਾਂ ਦੀ ਭਰਮਾਰ ਹੁੰਦੀ ਸੀ। ਇਨ੍ਹਾਂ ਪੰਛੀਆਂ ਦੀ ਰਿਹਾਇਸ਼ ਨੂੰ ਵੀ ਲੋਕਾਂ ਨੇ ਖਤਮ ਕਰ ਛੱਡਿਆ ਹੈ। ਖੇਤਾਂ ਵਿਚ ਕੀੜੇਮਾਰ ਦਵਾਈਆਂ ਕਰਕੇ ਪੰਛੀਆਂ ਦਾ ਆਵਾਸ ਤੇ ਖਾਣਾ ਖਤਮ ਹੋ ਚੁੱਕਿਆ ਹੈ। ਇਥੋਂ ਤੱਕ ਕਿ ਅੱਗੇ ਛੱਪੜਾਂ ਦੇ ਪਾਣੀ ਪੀਣ ਲਈ ਪੰਛੀਆਂ ਦੀਆਂ ਡਾਰਾਂ ਹੁੰਦੀਆਂ ਸਨ, ਪਰ ਹੁਣ ਛੱਪੜ ਦੇ ਪਾਣੀ ਵੀ ਗੰਧਲੇ ਹੋ ਚੁੱਕੇ ਹਨ।

## ਪ੍ਰਦੂਸ਼ਣ ਖਿਲਾਫ ਗਰੀਨ ਟ੍ਰਿਬਿਊਨਲ ਦਾ ਸਖਤ ਫੈਸਲਾ

**ਨਵੀਂ ਦਿੱਲੀ:** ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਚਾਰ ਰਾਜਾਂ ਪੰਜਾਬ, ਰਾਜਸਥਾਨ, ਹਰਿਆਣਾ ਤੇ ਉੱਤਰ ਪ੍ਰਦੇਸ਼ ਵਿਚ ਨਾੜ ਸਾੜਨ ਦੀ ਕਵਾਇਦ ਉਤੇ ਸਖਤ ਰੁਖ ਅਖਤਿਆਰ ਕਰਦਿਆਂ ਇਸ ਅਮਲ ਨੂੰ ਫੌਰੀ ਤੌਰ 'ਤੇ ਖਤਮ ਕਰਨ ਦੀ ਹਦਾਇਤ ਦਿੱਤੀ ਹੈ। ਨਾੜ ਸਾੜਨ ਵਾਲੇ ਕਿਸਾਨਾਂ ਨੂੰ 2500 ਤੋਂ ਲੈ ਕੇ 15,000 ਤੱਕ ਜੁਰਮਾਨਾ ਦੇਣਾ ਪਵੇਗਾ।

ਐਨ.ਜੀ.ਟੀ. ਨੇ ਦਿੱਲੀ ਦੇ ਆਸ-ਪਾਸ ਦੇ ਸੂਬਿਆਂ ਦੇ ਡੀ.ਐਮ. 1 ਆਦੇਸ਼ ਦਿੰਦਿਆਂ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜੇ ਜਾਣ ਤੋਂ ਰੋਕਣ ਲਈ ਟੀਮ ਦਾ ਗਠਨ ਕੀਤਾ ਜਾਵੇ ਅਤੇ ਇਸ ਦੀ ਰਿਪੋਰਟ ਰਾਜ ਦੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸੌਂਪੀ ਜਾਵੇ। ਆਮ ਤੌਰ ਉਤੇ ਝੋਨੇ ਦੀ ਵਾਢੀ ਪਹਿਲੀ ਅਕਤੂਬਰ ਤੋਂ 10 ਨਵੰਬਰ ਦੇ ਮਹੀਨੇ 40 ਦਿਨਾਂ ਵਿਚ ਕੀਤੀ ਜਾਂਦੀ ਹੈ। ਵਾਢੀ ਤੋਂ ਬਾਅਦ ਜ਼ਮੀਨ ਨੂੰ ਅਗਲੀ ਫਸਲ ਲਈ ਤਿਆਰ ਕਰਨ ਲਈ ਪਰਾਲੀ ਸਾੜਨ ਦਾ ਅਮਲ ਸਾਲਾਂ ਤੋਂ ਚਲਿਆ ਆ ਰਿਹਾ ਹੈ।

ਨਾਸਾ ਤੋਂ ਮਿਲੀਆਂ ਤਸਵੀਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪਰਾਲੀ ਸਾੜਨ ਕਾਰਨ ਹਵਾ ਦੇ ਪ੍ਰਦੂਸ਼ਣ ਦੀ ਸਮੱਸਿਆ ਅੱਜ ਦੀ ਨਹੀਂ, ਸਗੋਂ ਦਹਾਕਿਆਂ ਪੁਰਾਣੀ ਹੈ। ਜਿਥੇ ਸਾਲ 2000 ਵਿਚ ਸੈਟਾਲਾਈਟ ਵਿਚ ਪ੍ਰਦੂਸ਼ਣ ਦੀ ਸਿਰਫ ਝਲਕ ਵੇਖਣ ਨੂੰ ਮਿਲੀ ਸੀ। ਉਥੇ ਦੋ ਸਾਲਾਂ ਦੇ ਅੰਦਰ ਇਸ ਅਮਲ ਨਾਲ ਹਵਾ ਵਿਚ ਪ੍ਰਦੂਸ਼ਣ ਵਿਚ ਕਾਫੀ ਵਾਧਾ ਹੋਇਆ ਹੈ, ਪਰ ਸੂਬਾ ਸਰਕਾਰ ਵੱਲੋਂ ਕੋਈ ਵਿਸ਼ੇਸ਼ ਉਪਰਾਲਾ ਨਾ ਕੀਤੇ ਜਾਣ ਕਾਰਨ ਤੇ ਸਾਲਾਂ ਦੀ ਢਿੱਲ ਕਾਰਨ ਸਮੱਸਿਆ ਨੇ ਗੰਭੀਰ ਰੂਪ ਅਖਤਿਆਰ ਕਰ ਲਿਆ।

# ਮਾਂ ਬੋਲੀ ਦੀ ਅਣਦੇਖੀ ਕਰਨ ਵਾਲਿਆਂ ਦੀ ਖੈਰ ਨਹੀਂ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਪੰਜਾਬੀ ਵਿਸ਼ਾ ਨਾ ਪੜ੍ਹਾਉਣ ਵਾਲੇ ਸਕੂਲਾਂ ਨੂੰ 25 ਹਜ਼ਾਰ ਤੋਂ ਇਕ ਲੱਖ ਰੁਪਏ ਤੱਕ ਜੁਰਮਾਨਾ ਭਰਨਾ ਪਵੇਗਾ ਤੇ ਉਸ ਤੋਂ ਬਾਅਦ ਵੀ ਜੇ ਕੋਈ ਸਕੂਲ ਇਕ ਸਾਲ ਤੱਕ ਪੰਜਾਬੀ ਭਾਸ਼ਾ ਐਕਟ-2008 ਨੂੰ ਇੰਨ-ਬਿੰਨ ਲਾਗੂ ਨਹੀਂ ਕਰਦਾ ਤਾਂ ਉਸ ਦੀ ਮਾਨਤਾ ਰੱਦ ਕੀਤੀ ਜਾਵੇਗੀ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਸੂਬੇ ਦੇ ਸਮੂਹ ਸਕੂਲਾਂ ਵਿਚ ਉਪਰੋਕਤ ਐਕਟ ਨੂੰ ਲਾਗੂ ਕਰਨ ਬਾਰੇ ਸਖਤ ਹਦਾਇਤਾਂ ਜਾਰੀ ਕਰਦਿਆਂ ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਤੋਂ 20 ਨਵੰਬਰ ਤੱਕ ਰਿਪੋਰਟ ਮੰਗੀ ਹੈ।

ਸਿੱਖਿਆ ਵਿਭਾਗ ਦੇ ਬੁਲਾਰੇ ਮੁਤਾਬਕ ਇਹ ਹੁਕਮ ਲੁਧਿਆਣੇ ਤੇ ਮੁਹਾਲੀ ਦੇ ਕੁਝ ਸੀ.ਬੀ.ਐਸ.ਈ. ਤੇ ਆਈ.ਸੀ.ਐਸ.ਈ. ਸਕੂਲਾਂ ਖਿਲਾਫ ਸ਼ਿਕਾਇਤਾਂ ਮਿਲਣ ਮਗਰੋਂ ਜਾਰੀ ਕੀਤੇ ਗਏ ਹਨ। ਡਾ. ਚੀਮਾ ਨੇ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਸੂਬੇ ਦੇ ਸਮੂਹ ਸਰਕਾਰੀ ਤੇ ਨਿੱਜੀ ਸਕੂਲ, ਚਾਹੇ ਉਹ ਪੰਜਾਬ ਸਕੂਲ ਸਿੱਖਿਆ ਬੋਰਡ, ਸੀ.ਬੀ.ਐਸ.ਈ. ਤੇ ਆਈ.ਸੀ.ਐਸ.ਈ. ਬੋਰਡ ਨਾਲ ਸਬੰਧਤ ਹਨ, ਵਿਚ ਪਹਿਲੀ ਜਮਾਤ ਤੋਂ ਪੰਜਾਬੀ ਲਾਜ਼ਮੀ ਤੇ ਤੀਜੀ ਜਮਾਤ ਤੋਂ ਹਿੰਦੀ



ਲਾਜ਼ਮੀ ਵਿਸ਼ਾ ਪੜ੍ਹਾਉਣਾ ਯਕੀਨੀ ਬਣਾਇਆ ਜਾਵੇ। ਜਿਹੜੇ ਸਕੂਲਾਂ ਵਿਚ ਇਸ ਐਕਟ ਦੀ ਉਲੰਘਣਾ ਦੀ ਰਿਪੋਰਟ ਆਵੇਗੀ, ਉਨ੍ਹਾਂ ਖਿਲਾਫ ਐਕਟ ਤਹਿਤ ਸਖਤ ਕਾਰਵਾਈ ਕੀਤੀ ਜਾਵੇ। ਡਾ. ਚੀਮਾ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਸੂਬੇ ਦੇ ਕਈ ਸਕੂਲਾਂ ਵਿਚ 'ਪੰਜਾਬੀ ਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਬਾਰੇ ਪੰਜਾਬ ਐਕਟ-2008' ਦੀ ਉਲੰਘਣਾ ਹੋ ਰਹੀ ਹੈ ਤੇ ਪੰਜਾਬੀ ਨੂੰ ਪਹਿਲੀ ਤੇ ਹਿੰਦੀ ਨੂੰ ਤੀਜੀ ਜਮਾਤ ਤੋਂ ਨਹੀਂ ਪੜ੍ਹਾਇਆ ਜਾ ਰਿਹਾ।

ਐਕਟ ਤਹਿਤ ਸੂਬੇ ਦੇ ਸਾਰੇ ਸਕੂਲਾਂ ਨੂੰ ਪੰਜਾਬੀ, ਪਹਿਲੀ ਜਮਾਤ ਤੇ ਹਿੰਦੀ ਨੂੰ ਤੀਜੀ ਜਮਾਤ ਤੋਂ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣਾ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਸਕੂਲ ਨੂੰ ਪਹਿਲੇ ਮਹੀਨੇ 25 ਹਜ਼ਾਰ, ਦੂਜੇ ਮਹੀਨੇ 50 ਤੇ ਤੀਜੇ ਮਹੀਨੇ ਇਕ ਲੱਖ ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਕ ਸਾਲ ਤੱਕ ਐਕਟ ਦੀ ਉਲੰਘਣਾ ਕਰਨ ਵਾਲੇ ਸਕੂਲ ਦੀ ਮਾਨਤਾ ਰੱਦ ਕੀਤੀ ਜਾਵੇਗੀ। ਸਿੱਖਿਆ ਮੰਤਰੀ ਨੇ ਕਿਹਾ ਕਿ ਵਿਭਾਗ ਨੂੰ ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ ਹੈ, ਜੇਕਰ ਕੋਈ ਸਕੂਲ ਅੰਗਰੇਜ਼ੀ ਵਿਸ਼ੇ ਉਪਰ ਵਿਸ਼ੇਸ਼ ਧਿਆਨ ਦਿੰਦਾ ਹੈ।

# ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਬਿਆਨ ਤੋਂ ਤਪੇ ਭਾਜਪਾ ਆਗੂ

**ਚੰਡੀਗੜ੍ਹ:** ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਹੋਣ ਦੇ ਬਾਵਜੂਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਹਰਿਆਣਾ ਵਿਚ ਇਨੈਲੋ ਦੀ ਰੈਲੀ ਵਿਚ ਭਾਈਵਾਲ ਪਾਰਟੀ ਖਿਲਾਫ ਨਿਸ਼ਾਨਾ ਸਾਧਣ ਦਾ ਮਾਮਲਾ ਠੰਢਾ ਨਹੀਂ ਹੋ ਰਿਹਾ। ਪੰਜਾਬ ਦੇ ਭਾਜਪਾ ਆਗੂਆਂ ਵਿਚ ਇਸ ਖਿਲਾਫ ਰੋਸ ਵਧ ਗਿਆ ਹੈ।



ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੇ ਚਾਰ ਭਾਜਪਾ ਮੰਤਰੀਆਂ ਸਮੇਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਸੁਖਬੀਰ ਦੀ ਸ਼ਿਕਾਇਤ ਕੀਤੀ ਹੈ। ਭਾਜਪਾ ਆਗੂ ਮੁੱਖ ਮੰਤਰੀ ਨੂੰ ਮਿਲਣ ਉਨ੍ਹਾਂ ਦੀ ਰਿਹਾਇਸ਼ ਉਤੇ ਗਏ ਸਨ। ਕਮਲ ਸ਼ਰਮਾ ਨੇ ਮੁੱਖ ਮੰਤਰੀ ਬਾਦਲ ਨੂੰ ਸ਼ਿਕਾਇਤ ਕਰਦਿਆਂ ਕਿਹਾ ਹੈ ਕਿ ਕੀ ਕਦੇ ਭਾਜਪਾ ਨੇ ਅਕਾਲੀ ਦਲ ਖਿਲਾਫ ਅਜਿਹੇ ਬੋਲ ਬੋਲੇ ਹਨ। ਸ਼ਰਮਾ ਦੀ ਸ਼ਿਕਾਇਤ 'ਤੇ ਬਾਦਲ ਨੇ ਕਿਹਾ ਹੈ ਕਿ ਅੱਗੇ ਤੋਂ ਅਜਿਹਾ ਨਹੀਂ ਹੋਵੇਗਾ ਤੇ ਉਹ ਇਸ ਬਾਰੇ ਸੁਖਬੀਰ ਬਾਦਲ ਨਾਲ ਗੱਲਬਾਤ ਕਰਨਗੇ। ਦੱਸਣਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਇਨੈਲੋ ਦੀ ਰੋਹਤਕ ਰੈਲੀ ਵਿਚ ਕਿਹਾ ਸੀ ਕਿ ਪਿਛਲੇ 11 ਸਾਲਾਂ ਵਿਚ ਹਰਿਆਣਾ ਵਿਕਾਸ ਪੱਖੋਂ ਪਿਛੜ ਗਿਆ ਹੈ। ਇਵੇਂ ਲੱਗਦੈ ਹਰਿਆਣਾ ਵਿਚ ਪਿਛਲੇ 11 ਸਾਲਾਂ ਤੋਂ ਕੋਈ ਸਰਕਾਰ ਨਹੀਂ ਹੈ, ਜਿਸ ਕਾਰਨ ਸੂਬਾ ਪੱਛੜ ਗਿਆ ਹੈ। ਹਰਿਆਣੇ ਵਿਚ ਕਿਸਾਨਾਂ ਦੀ ਹਾਲਤ ਤਰਸਯੋਗ ਹੈ, ਬਿਜਲੀ ਸਪਲਾਈ ਦਾ ਬੁਰਾ ਹਾਲ ਹੈ ਤੇ ਸੜਕਾਂ ਟੁੱਟੀਆਂ ਹੋਈਆਂ ਹਨ। ਲੋਕਾਂ ਨੂੰ ਦਿੱਕਤਾਂ ਦੇ ਬਾਵਜੂਦ ਰਾਜ ਦੇ ਮੁੱਖ ਮੰਤਰੀਆਂ ਨੇ ਗੁੜਗਾਓਂ ਜਾਂ ਦਿੱਲੀ ਵਿਚ ਡੇਰੇ ਲਾਈ ਰੱਖੇ।

# ਅੰਗਰੇਜ਼ਾਂ ਵੇਲੇ ਦਾ ਰਿਕਾਰਡ ਸੜਿਆ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਡੀ.ਸੀ. ਦਫਤਰ ਦੀ ਇਮਾਰਤ ਵਿਚ ਲੱਗੀ ਅੱਗ ਕਾਰਨ ਕਈ ਸਾਲ ਪੁਰਾਣਾ ਤੇ ਕੀਮਤੀ ਰਿਕਾਰਡ ਸੜ ਕੇ ਸੁਆਹ ਹੋ ਗਿਆ। ਆਰ.ਟੀ.ਆਈ. ਕਾਰਕੁਨ ਸੰਦੀਪ ਮਹਾਜਨ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਰਕਾਰ ਉੱਤੇ ਇਲਜ਼ਾਮ ਲਾਇਆ ਕਿ ਉਸ ਨੇ ਸਰਕਾਰ ਨੂੰ ਕਈ ਵਾਰ ਇਸ ਇਮਾਰਤ ਦੇ ਖਸਤਾ ਹੋਣ ਬਾਰੇ ਲਿਖਿਆ ਸੀ ਪਰ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

ਡੀ.ਸੀ. ਦਫਤਰ ਉਤੇ ਬਣੇ ਰਿਕਾਰਡ ਰੂਮ ਵਿਚ 1800 ਤੋਂ ਲੈ ਕੇ ਹੁਣ ਤੱਕ ਦੀਆਂ ਕਈ ਅਦਾਲਤੀ ਤੇ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਫਾਈਲਾਂ ਪਈਆਂ ਸਨ। ਦੱਸਣਯੋਗ ਹੈ ਕਿ ਸੰਦੀਪ ਨੇ 2013 ਵਿਚ ਜਦ ਸਰਕਾਰ ਨੂੰ ਚਿੱਠੀ ਲਿਖੀ ਸੀ, ਉਸ ਵਿਚ ਇਹ ਵੀ ਜ਼ਿਕਰ ਕੀਤਾ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਇਮਾਰਤ ਨੂੰ ਅਸੁਰੱਖਿਅਤ ਇਮਾਰਤ ਐਲਾਨਿਆ ਜਾ ਚੁੱਕਾ ਹੈ।

# ਡਰੱਗ ਕੇਸ: ਸੀ.ਬੀ.ਆਈ. ਨੂੰ ਫਟਕਾਰ

**ਚੰਡੀਗੜ੍ਹ:** ਡਰੱਗ ਰੈਕਟ ਮਾਮਲੇ ਵਿਚ ਹਾਈਕੋਰਟ ਨੇ ਸੀ.ਬੀ.ਆਈ. ਨੂੰ ਫਟਕਾਰ ਲਗਾਈ ਹੈ। ਅਦਾਲਤ ਨੇ ਸੀ.ਬੀ.ਆਈ. ਨੂੰ ਯਾਦ ਕਰਾਇਆ ਕਿ ਉਹ ਇਕ ਅਹਿਮ ਜਾਂਚ ਏਜੰਸੀ ਹੈ, ਨਾ ਕਿ ਕਲਰਕੀ ਦਾ ਕੰਮ ਕਰਨ ਵਾਲੀ। ਡਰੱਗ ਰੈਕਟ ਮਾਮਲੇ ਵਿਚ ਕੌਮਾਂਤਰੀ ਤਸਕਰਾਂ ਉਤੇ ਕੋਈ ਕਾਰਵਾਈ ਦੀ ਬਜਾਏ ਮਹਿਜ਼ ਰੈਡ ਕਾਰਨਰ ਨੋਟਿਸ ਜਾਰੀ ਕਰਨ ਉਤੇ ਅਦਾਲਤ ਖਫ਼ਾ ਹੈ।

ਅਦਾਲਤ ਨੇ ਏਜੰਸੀ ਦੀ ਢਿੱਲੀ ਕਾਰਗੁਜ਼ਾਰੀ ਲਈ ਚੰਗੀ ਫਟਕਾਰ ਲਾਈ ਹੈ। ਸੀ.ਬੀ.ਆਈ. ਨੇ ਜਵਾਬ ਵਿਚ ਕਿਹਾ ਕਿ ਉਹ ਪੰਜਾਬ ਪੁਲਿਸ ਨੂੰ ਵਾਰ-ਵਾਰ ਯਾਦ ਪੱਤਰ ਭੇਜ ਕੇ ਜਾਣਕਾਰੀ ਮੰਗ ਰਹੀ ਹੈ, ਪਰ ਅਜੇ ਤੱਕ ਕੋਈ ਜਵਾਬ ਨਹੀਂ ਆਇਆ। ਉਧਰ, ਪੁਲਿਸ ਨੇ ਦਲੀਲ ਦਿੰਦਿਆਂ ਕਿਹਾ ਕਿ ਜਿਹੜੀ ਜਾਣਕਾਰੀ ਸੀਲਬੰਦ ਲਿਫਾਫੇ ਵਿਚ ਦਿੱਤੀ ਗਈ ਹੈ, ਏਜੰਸੀ ਉਸ ਨੂੰ ਜਨਤਕ ਕਰ ਰਹੀ ਹੈ, ਜਿਸ ਨਾਲ ਤਸਕਰ ਚੌਕਸ ਹੋ ਗਏ ਹਨ। ਅਦਾਲਤ ਨੇ ਇੰਟਰਪੋਲ ਦੇ ਜੁਆਇੰਟ ਡਾਇਰੈਕਟਰ ਨੂੰ ਅਗਲੀ ਪੇਸ਼ੀ ਵੇਲੇ ਹਾਜ਼ਰ ਹੋਣ ਲਈ ਕਿਹਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਪੰਜਾਬ ਪੁਲਿਸ ਤੇ ਸੀ.ਬੀ.ਆਈ. ਵਿਚਾਲੇ ਤਾਲਮੇਲ ਨਾ ਹੋਣ ਕਰਕੇ ਸਮੱਸਿਆ ਵਧ ਰਹੀ ਹੈ।

# ਸਰਕਾਰ ਨੂੰ ਲੋਕਾਂ ਦੀ ਸਿਹਤ ਦਾ ਭੋਰਾ ਵੀ ਖਿਆਲ ਨਹੀਂ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਡੰਗ ਟਪਾਊ ਤੇ ਗਲਤ ਨੀਤੀਆਂ ਕਾਰਨ ਸੂਬੇ ਦੀਆਂ ਸਿਹਤ ਸੇਵਾਵਾਂ ਲਗਾਤਾਰ ਨਿਘਰਦੀਆਂ ਜਾ ਰਹੀਆਂ ਹਨ। ਪੇਂਡੂ ਸਿਹਤ ਕੇਂਦਰ ਤਾਂ ਕੀ, ਜ਼ਿਲ੍ਹਾ ਹਸਪਤਾਲਾਂ ਵਿਚ ਵੀ ਲੋੜੀਂਦੇ ਪੂਰੇ ਡਾਕਟਰ ਤੇ ਪੈਰਾ ਮੈਡੀਕਲ ਸਟਾਫ ਨਹੀਂ ਹੈ। ਸੂਬੇ ਦੇ ਹਸਪਤਾਲਾਂ ਵਿਚ 100 ਤੋਂ ਵੱਧ ਸਪੈਸ਼ਲਿਸਟਾਂ ਤੇ ਤਕਰੀਬਨ 800 ਡਾਕਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਡਾਕਟਰਾਂ ਨੂੰ 24-24 ਘੰਟੇ ਲਗਾਤਾਰ ਡਿਊਟੀ ਦੇਣ ਲਈ ਮਜਬੂਰ ਕਰਕੇ ਪੂਰੇ ਸੂਬੇ ਦੇ ਸਿਰਫ 100 ਹਸਪਤਾਲਾਂ ਵਿਚ ਹੀ ਐਮਰਜੈਂਸੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਕਾਰਨ ਲੋਕਾਂ ਨੂੰ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਹੱਥੋਂ ਲੁੱਟ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਘੱਟ ਤਨਖਾਹਾਂ ਤੇ ਵੱਧ ਕੰਮ ਦੀਆਂ ਤਰਕਹੀਣ ਸਰਕਾਰੀ ਨੀਤੀਆਂ ਕਰਕੇ ਹੀ ਡਾਕਟਰ ਤੇ ਪੈਰਾ ਮੈਡੀਕਲ ਕਾਮੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਕੰਮ ਕਰਨ ਲਈ ਉਤਸ਼ਾਹ ਨਹੀਂ ਦਿਖਾ ਰਹੇ ਜਿਸ ਕਰਕੇ ਸਿਹਤ ਸੇਵਾਵਾਂ ਲੜਖੜਾ ਰਹੀਆਂ ਹਨ।

ਪੰਜਾਬ ਦੀਆਂ ਪੇਂਡੂ ਡਿਸਪੈਂਸਰੀਆਂ ਵਿਚ ਕੰਮ ਕਰਦੇ ਫਾਰਮਾਸਿਸਟਾਂ ਤੇ ਦਰਜਾ ਚਾਰ ਕਰਮਚਾਰੀਆਂ ਵੱਲੋਂ ਸੰਘਰਸ਼ ਸ਼ੁਰੂ ਕਰਨ ਦੇ ਐਲਾਨ ਨਾਲ ਪਹਿਲਾਂ ਹੀ ਹਾਸ਼ੀਏ ਉਤੇ ਜਾ ਚੁੱਕੀਆਂ ਪੇਂਡੂ ਸਿਹਤ ਸੇਵਾਵਾਂ ਦੀ ਸਥਿਤੀ ਹੋਰ




ਨਿੱਘਰ ਜਾਣ ਦੇ ਆਸਾਰ ਹਨ। ਇਨ੍ਹਾਂ ਪੇਂਡੂ ਡਿਸਪੈਂਸਰੀਆਂ ਦੇ ਫਾਰਮਾਸਿਸਟਾਂ ਨੂੰ ਸਿਰਫ 6250 ਰੁਪਏ ਤੇ ਦਰਜਾ ਚਾਰ ਕਰਮਚਾਰੀਆਂ ਨੂੰ 3000 ਰੁਪਏ ਮਹੀਨਾ ਹੀ ਤਨਖਾਹ ਦਿੱਤੀ ਜਾ ਰਹੀ ਹੈ। ਪੰਚਾਇਤੀ ਰਾਜ ਅਧੀਨ ਸੂਬੇ ਦੀਆਂ 1186 ਪੇਂਡੂ ਡਿਸਪੈਂਸਰੀਆਂ ਦੇ ਇਹ ਕਰਮਚਾਰੀ ਪਿਛਲੇ ਕਈ ਸਾਲਾਂ ਤੋਂ ਸੇਵਾਵਾਂ ਰੈਗੂਲਰ ਕਰਨ ਤੇ ਤਨਖਾਹਾਂ ਵਿਚ ਵਾਧੇ ਦੀ ਮੰਗ ਕਰਦੇ ਆ ਰਹੇ ਹਨ, ਪਰ ਸਰਕਾਰ ਨੇ ਇਨ੍ਹਾਂ ਦੀ ਆਵਾਜ਼ ਅਣਸੁਣੀ ਕਰ ਰੱਖੀ ਹੈ ਤੇ ਵਾਅਦਿਆਂ ਤੋਂ ਸਿਵਾਏ ਕੁਝ ਪੱਲੇ ਨਹੀਂ ਪਿਆ।

ਸਿਹਤ ਵਿਭਾਗ ਅਧੀਨ ਚੱਲ ਰਹੇ ਪੇਂਡੂ ਸਬ ਸੈਂਟਰ ਵੀ ਡਾਕਟਰਾਂ ਤੇ ਪੈਰਾ ਮੈਡੀਕਲ ਅਮਲੇ ਦੀ ਘਾਟ ਦਾ ਸ਼ਿਕਾਰ ਹਨ। ਪੇਂਡੂ ਵਿਕਾਸ ਵਿਭਾਗ ਦੇ ਡਾਕਟਰ ਤੇ ਪੈਰਾ ਮੈਡੀਕਲ ਕਾਮੇ ਸਿਹਤ ਵਿਭਾਗ ਦੇ ਹਸਪਤਾਲਾਂ ਜਾਂ ਡਿਸਪੈਂਸਰੀਆਂ ਵਿਚ ਐਮਰਜੈਂਸੀ ਸੇਵਾਵਾਂ ਦੇਣ ਲਈ ਪਾਬੰਦ ਨਹੀਂ, ਜਿਸ ਕਰਕੇ ਸਿਹਤ ਵਿਭਾਗ ਦੇ ਸਿਹਤ ਕੇਂਦਰ ਵੀ ਸੁਚੱਜੀਆਂ ਸਿਹਤ ਸੇਵਾਵਾਂ ਨਿਭਾਉਣ ਵਿਚ ਅਸਮਰੱਥ ਸਾਬਤ ਹੋ ਰਹੇ ਹਨ।

# ਤੁਰਕਿਸ਼ ਕੰਪਨੀ ਸ਼ੁਰੂ ਕਰੇਗੀ 'ਗੁਰੂ ਕੀ ਨਗਰੀ' ਲਈ ਉਡਾਣਾਂ

**ਰਾਜਾਸਾਂਸੀ:** ਯੂਰਪ ਦੀ ਨੰਬਰ ਇਕ ਮੰਨੀ ਜਾਂਦੀ 'ਸਟਾਰ ਅਲਾਇੰਸ ਮੈਂਬਰ' ਤੁਰਕਿਸ਼ ਹਵਾਈ ਕੰਪਨੀ ਵੱਲੋਂ ਅਗਲੇ ਵਰ੍ਹੇ ਤੋਂ ਤੁਰਕੀ ਦੀ ਰਾਜਧਾਨੀ ਇਸਤਾਂਬੁਲ ਤੋਂ ਅੰਮ੍ਰਿਤਸਰ ਸਮੇਤ ਭਾਰਤ ਦੇ ਛੇ ਵੱਡੇ ਸ਼ਹਿਰਾਂ ਦੀ ਚੋਣ ਕਰਨ ਮਗਰੋਂ ਹਵਾਈ ਉਡਾਣਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਬੀਤੇ ਸਮੇਂ ਭਾਰਤ ਤੇ ਤੁਰਕ ਸਰਕਾਰਾਂ ਦੀ ਹੋਈ ਸੰਧੀ ਤਹਿਤ ਹਵਾਈ ਕਾਰੋਬਾਰ ਨੂੰ ਪ੍ਰਫੁਲਿਤ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਤੁਰਕਿਸ਼ ਏਅਰ ਲਾਈਨ ਵੱਲੋਂ ਭਾਰਤ ਦੇ ਛੇ ਪ੍ਰਮੁੱਖ ਦੁਆਰ ਜਿਨ੍ਹਾਂ ਵਿਚ ਗੁਰੂ ਕੀ ਨਗਰੀ ਅੰਮ੍ਰਿਤਸਰ, ਹੈਦਰਾਬਾਦ, ਚੇਨਈ, ਬੇਂਗਲੂਰੂ, ਅਹਿਮਦਾਬਾਦ, ਕੋਲਕਾਤਾ



ਸ਼ਹਿਰ ਸ਼ਾਮਲ ਹਨ, ਦੀ ਚੋਣ ਕੀਤੀ ਗਈ ਹੈ। ਕੰਪਨੀ ਵੱਲੋਂ 14 ਨਵੀਆਂ ਉਡਾਣਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

# ਬਿਹਾਰ ਦੇ ਚੋਣ ਨਤੀਜੇ, ਸਰਵੇਖਣ ਤੇ ਭਾਜਪਾ ਦੀ ਸੁਰ

***ਭਾਜਪਾ ਦੀਆਂ ਹਮਲਾਵਰ ਜਥੇਬੰਦੀਆਂ ਉਨ੍ਹਾਂ ਦੀ ਸਿਧਾਂਤਕ ਸਮਝ ਤੋਂ ਬਾਹਰ ਨਹੀਂ ਹਨ। ਤਵੱਕੋ ਇਹ ਕੀਤੀ ਜਾਂਦੀ ਹੈ ਕਿ ਭਾਜਪਾ ਆਪਣੀ ਸਮਝ ਦੀ ਥਾਂ ਮੁਲਕ ਦੇ ਸੰਵਿਧਾਨ ਨੂੰ ਤਰਜੀਹ ਦੇਵੇ। ਇਨ੍ਹਾਂ ਹਾਲਾਤ ਵਿਚ ਮੰਗ ਉਠਦੀ ਹੈ ਕਿ ਸਾਹਿਤ ਅਕਾਦਮੀ, ਮਲੇਅੱਪਾ ਮਾਦਿਆਵਲੱਪਾ ਕਲਬੁਰਗੀ ਦੇ ਕਤਲ ਖ਼ਿਲਾਫ਼ ਮਤਾ ਪਾਵੇ ਜਾਂ ਨਰੇਂਦਰ ਮੋਦੀ ਦਾਦਰੀ ਵਿਚ ਮੁਹੰਮਦ ਇਖ਼ਲਾਕ ਦੇ ਕਤਲ ਦੀ ਨਿਖੇਧੀ ਕਰਨ ਜਾਂ ਉਲਾਰ ਬਿਆਨਬਾਜ਼ੀ ਕਰਨ ਵਾਲੇ ਭਾਜਪਾ ਦੇ ਆਗੂਆਂ ਦੀ ਨਕੇਲ ਕੱਸੀ ਜਾਵੇ। ਇਹ ਸਾਰੀਆਂ ਮੰਗਾਂ ਆਪਣੀ ਥਾਂ ਜਾਇਜ਼ ਹਨ ਪਰ ਇਨ੍ਹਾਂ ਦੇ ਪ੍ਰਵਾਨ ਹੋ ਜਾਣ ਨਾਲ ਵੀ ਭਾਜਪਾ ਦੀ ਸੋਚ ਜਾਂ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਉਤੇ ਅਸਰ ਨਹੀਂ ਪੈਂਦਾ। ਜੇ ਮੋਦੀ ਆਪਣੀ ਪਾਰਟੀ ਦੇ ਆਗੂ ਯੋਗੀ ਅਦਿੱਤਯਾਨਾਥ ਨੂੰ ਬਿਆਨ ਦੇਣ ਤੋਂ ਵਰਜ ਦੇਣ ਤਾਂ ਉਨ੍ਹਾਂ ਦੀ ਸੋਚ ਜਾਂ ਕਾਰਗੁਜ਼ਾਰੀ ਵਿਚ ਕੋਈ ਤਬਦੀਲੀ ਆਉਣ ਦੀ ਕਿੰਨੀ ਕੁ ਸੰਭਾਵਨਾ ਹੈ? ਕੀ ਜਿਹੜੀ ਸੋਚ ਉਨ੍ਹਾਂ ਦੇ ਬਿਆਨਾਂ ਰਾਹੀਂ ਸਾਹਮਣੇ ਆਉਂਦੀ ਹੈ, ਉਨ੍ਹਾਂ ਦੀ ਕਾਰਜਸ਼ੈਲੀ ਜਾਂ ਸਿਆਸਤ ਦਾ ਹਿੱਸਾ ਨਹੀਂ ਹੈ? ਮੋਦੀ ਦੇ ਕਿਸੇ ਨਿਰਦੇਸ਼ ਦਾ ਮਤਲਬ ਇੰਨਾ ਹੀ ਹੋਵੇਗਾ ਕਿ ਜੋ ਕਰਨਾ ਹੈ, ਉਹ ਚੁੱਪ-ਚੁਪੀਤੇ ਕਰੋ।***

ਬਿਹਾਰ ਵਿਧਾਨ ਸਭਾ ਚੋਣਾਂ ਦੇ ਨਤੀਜੇ ਜੇਤੂ ਅਤੇ ਹਾਰਨ ਵਾਲੀਆਂ ਧਿਰਾਂ ਤੋਂ ਇਲਾਵਾ ਚੋਣ ਮਾਹਰਾਂ ਲਈ ਜ਼ਿਆਦਾ ਮਾਅਨੇ ਰੱਖਦੇ ਹਨ। ਚੋਣਾਂ ਲੜਨ ਵਾਲੀਆਂ ਧਿਰਾਂ ਦੀ ਜਿੱਤ ਜਾਂ ਹਾਰ ਆਪਣੀ ਥਾਂ ਮਾਅਨੇ ਰੱਖਦੀ ਹੈ ਪਰ ਚੋਣ ਮਾਹਰਾਂ ਦੇ ਅੰਦਾਜ਼ਿਆਂ ਅਤੇ ਅੰਕੜਿਆਂ ਦੀ ਭਰੋਸੇਯੋਗਤਾ ਨੂੰ ਚੋਖਾ ਖੋਰਾ ਲੱਗਿਆ ਹੈ। ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਬਿਹਾਰ ਵਿਚ ਚੋਣ ਨਤੀਜਿਆਂ ਬਾਰੇ ਕਿਆਫੇ ਲਗਾਉਣ ਵਾਲੇ ਮਾਹਰ ਗ਼ਲਤ ਸਾਬਤ ਹੋਏ ਹਨ। ਇਨ੍ਹਾਂ ਅੰਦਾਜ਼ਿਆਂ ਅਤੇ ਪੜਚੋਲ ਵਿਚ ਪਹਿਲਾਂ ਹੀ ਬਹੁਤ ਸਾਰੀ ਗੁੰਜਾਇਸ਼ ਹੁੰਦੀ ਹੈ ਪਰ ਗੁੰਜਾਇਸ਼ ਤੋਂ ਵੱਡੇ ਫ਼ਰਕ ਨਾਲ ਖੁੰਝ ਜਾਣ ਵੇਲੇ ਗ਼ਲਤੀ ਸਭ ਦੇ ਸਾਹਮਣੇ ਆ ਜਾਂਦੀ ਹੈ। ਅੰਦਾਜ਼ੇ ਦਾ ਫ਼ਾਸਲਾ, ਫ਼ੈਸਲੇ ਨੂੰ ਬਦਲੇ ਬਿਨਾਂ ਘੱਟ-ਵੱਧ ਹੋਵੇ ਤਾਂ ਗ਼ਲਤੀ ਢਕੀ ਰਹਿ ਜਾਂਦੀ ਹੈ ਪਰ ਜਦੋਂ ਜਿੱਤ ਦਾ ਅੰਦਾਜ਼ਾ, ਫ਼ੈਸਲਾ ਤਬਦੀਲ ਕਰ ਦੇਵੇ ਅਤੇ ਫ਼ਰਕ ਵੀ ਚੋਖਾ ਹੋਵੇ ਤਾਂ ਮੂੰਹ ਦਿਖਾਉਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਬਿਹਾਰ ਦੀਆਂ ਚੋਣਾਂ ਵਿਚ ਚੋਣ ਮਾਹਰਾਂ ਨਾਲ ਇਹੋ ਹੋਇਆ ਹੈ।



**ਦਲਜੀਤ ਅਮੀ**
ਫੋਨ: +91-97811-21873

ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਨੂੰ ਜੇਤੂ ਦਰਸਾਉਣ ਵਾਲੇ ਅੰਦਾਜ਼ੇ ਗ਼ਲਤ ਸਾਬਤ ਹੋਏ ਅਤੇ ਜਿੱਤ-ਹਾਰ ਦਾ ਫ਼ਰਕ ਵੀ ਬਹੁਤ ਵੱਡਾ ਰਿਹਾ। ਨਤੀਜਿਆਂ ਦੇ ਨੇੜੇ ਦਾ ਅੰਦਾਜ਼ਾ ਦੇਣ ਵਾਲੇ ਸਰਵੇਖਣ ਨੂੰ ਟੈਲੀਵਿਜ਼ਨ ਚੈਨਲ ਨੇ ਸ਼ੱਕ ਦੇ ਘੇਰੇ ਵਿਚ ਰੱਖ ਕੇ ਨਸ਼ਰ ਕਰਨ ਤੋਂ ਇਨਕਾਰ ਕਰ ਦਿੱਤਾ। ਇੱਕ ਪਾਸੇ ਜ਼ਿਆਦਾਤਰ ਟੈਲੀਵਿਜ਼ਨ ਚੈਨਲ ਗ਼ਲਤ ਅੰਦਾਜ਼ੇ ਪੇਸ਼ ਕਰਨ ਦੀਆਂ ਸਫ਼ਾਈਆਂ ਦੇ ਰਹੇ ਹਨ ਜਾਂ ਮੁਆਫ਼ੀ ਮੰਗ ਰਹੇ ਹਨ ਤਾਂ ਦੂਜੇ ਪਾਸੇ ਇੱਕ ਚੈਨਲ ਸਹੀ ਅੰਦਾਜ਼ੇ ਨੂੰ ਨਾ ਪੇਸ਼ ਕਰਨ ਦੀ ਸਫ਼ਾਈ ਦੇ ਰਿਹਾ ਹੈ।

ਇਸ ਤੋਂ ਪਹਿਲਾਂ ਚੋਣ ਸਰਵੇਖਣ ਅਤੇ ਅੰਦਾਜ਼ੇ ਅਮਰੀਕਾ, ਤੁਰਕੀ, ਗਰੀਸ ਅਤੇ ਇੰਗਲੈਂਡ ਵਿਚ ਗ਼ਲਤ ਸਾਬਤ ਹੋ ਚੁੱਕੇ ਹਨ। ਦਰਅਸਲ ਵੱਖ-ਵੱਖ ਚੋਣ ਸਰਵੇਖਣ ਆਪਣੀ-ਆਪਣੀ ਗੁੰਜਾਇਸ਼ ਤੋਂ ਇਲਾਵਾ ਇੱਕ-ਦੂਜੇ ਦੇ ਅੰਦਾਜ਼ਿਆਂ ਨਾਲ ਆਪਣੀ ਗੁੰਜਾਇਸ਼ ਨੂੰ ਵਧਾ ਲੈਂਦੇ ਹਨ। ਜਦੋਂ ਤਿੰਨ-ਚਾਰ ਸਰਵੇਖਣ ਥੋੜ੍ਹੇ-ਥੋੜ੍ਹੇ ਫ਼ਰਕ ਨਾਲ ਅੰਦਾਜ਼ੇ ਪੇਸ਼ ਕਰਦੇ ਹਨ ਤਾਂ ਕਿਸੇ ਨਾ ਕਿਸੇ ਦੇ ਠੀਕ ਹੋਣ ਨਾਲ ਬਾਕੀਆਂ ਦੀ ਭਰੋਸੇਯੋਗਤਾ ਕਾਇਮ ਰਹਿੰਦੀ ਹੈ। ਠੀਕ ਅੰਦਾਜ਼ਾ ਪੇਸ਼ ਕਰਨ ਵਾਲੇ ਅਦਾਰੇ ਦਾ ਸਰਵੇਖਣਾਂ ਦੀ ਮੰਡੀ ਵਿਚ ਮੁੱਲ ਵਧ ਜਾਂਦਾ ਹੈ। ਬਹੁਤ ਸਾਰੇ ਅੰਕੜਿਆਂ ਵਿਚੋਂ ਕਈ ਤਰ੍ਹਾਂ ਦੀਆਂ ਧਾਰਨਾਵਾਂ ਪੇਸ਼ ਕਰਨ ਦੀ ਗੁੰਜਾਇਸ਼ ਰਹਿੰਦੀ ਹੈ। ਇਹ ਸਰਵੇਖਣ ਦੀ ਨਾਕਾਮਯਾਬੀ ਉਸੇ ਵੇਲੇ ਬੇਪਰਦ ਹੁੰਦੀ ਹੈ ਜਦੋਂ ਅੰਦਾਜ਼ੇ ਬਿਲਕੁਲ ਸਿਰ ਭਾਰ ਹੋ ਜਾਣ। ਬਿਹਾਰ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਨੂੰ ਮਾਮੂਲੀ ਜਿਹੇ ਲੈ ਕੇ ਭਾਜੂ-ਫੇਰ ਜਿੱਤ ਦੀ ਦਾਅਵੇਦਾਰ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਨਿਤੀਸ਼-ਲਾਲੂ ਗੱਠਜੋੜ ਦੀ ਭਾਜੂ-ਫੇਰ ਜਿੱਤ ਨਾਲ ਸਾਰੇ ਸਰਵੇਖਣ ਗ਼ਲਤ ਸਾਬਤ ਹੋ ਗਏ। ਆਪਣੇ ਅੰਦਾਜ਼ਿਆਂ ਮੁਤਾਬਕ ਮਾਹਰਾਂ ਦੀਆਂ ਦਲੀਲਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕ੍ਰਿਸ਼ਮੇ ਅਤੇ ਨਿਤੀਸ਼-ਲਾਲੂ ਦੀ ਗ਼ਲਤ ਪੈਂਤੜੇਬਾਜ਼ੀ ਦੀ ਬੇਬਾਕ ਪੇਸ਼ਕਾਰੀ ਹੋ ਰਹੀ ਸੀ। ਇਸੇ ਦੌਰਾਨ ਚੋਣ ਨਤੀਜਿਆਂ ਦਾ ਰੁਝਾਨ ਬਦਲਿਆ ਤਾਂ ਇਨ੍ਹਾਂ ਹੀ ਮਾਹਰਾਂ ਦੇ ਮੂੰਹੋਂ ਮੋਦੀ ਦੇ ਫਿੱਕੇ ਪੈ ਗਏ ਕ੍ਰਿਸ਼ਮੇ ਅਤੇ ਨਿਤੀਸ਼-ਲਾਲੂ ਦੀ ਕਾਮਯਾਬ ਪੈਂਤੜੇਬਾਜ਼ੀ ਦੀਆਂ ਦਲੀਲਾਂ ਪੇਸ਼ ਹੋਣ ਲੱਗੀਆਂ।

ਚੋਣ ਸਰਵੇਖਣਾਂ ਦੀ ਨਾਕਾਮਯਾਬੀ ਅਤੇ ਮਾਹਰਾਂ ਦੀ ਕਲਾਬਾਜ਼ੀ ਦਾ ਰਿਸ਼ਤਾ ਸਿਰਫ਼ ਅੰਕੜੇ ਇੱਕਠੇ ਕਰਨ ਵਿਚ ਹੋਈ ਗ਼ਲਤੀ ਜਾਂ ਲੋੜ ਤੋਂ ਛੋਟੇ ਨਮੂਨੇ ਜਾਂ ਨਮੂਨੇ ਵਿਚੋਂ ਬਾਹਰ ਰਹਿ ਗਏ ਕਿਸੇ ਤਬਕੇ ਤੱਕ ਮਹਿਦੂਦ ਨਹੀਂ ਹੋ ਸਕਦਾ। ਜੇ ਕੋਈ ਚੈਨਲ ਆਪਣੇ ਸਰਵੇਖਣ ਨੂੰ ਨਸ਼ਰ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਇਸ ਦਾ ਕੀ ਮਤਲਬ ਹੈ? ਇਸ ਦਾ ਮਤਲਬ ਸਾਫ਼ ਹੈ ਕਿ ਇੱਕ ਧਿਰ ਦੀ ਜਿੱਤ ਉਤੇ ਸੁਆਲ ਕਰਨਾ ਕੁਝ ਮੁਸ਼ਕਿਲ ਹੈ। ਕੇਂਦਰ ਦੀ ਹੁਕਮਰਾਨ ਦੀ ਧਿਰ ਉਤੇ ਚੋਣ ਨਤੀਜੇ ਆਉਣ ਤੋਂ ਪਹਿਲਾਂ ਸਿਰਫ਼ ਇੰਨਾ ਹੀ ਸੁਆਲ ਹੋ ਰਿਹਾ ਹੈ ਕਿ ਮੁਕਾਬਲਾ ਸਖ਼ਤ ਹੈ ਜਾਂ ਮਾਮੂਲੀ ਜਿਹਾ ਹੱਥ ਉਪਰ ਹੈ। ਕੇਂਦਰ ਸਰਕਾਰ ਦੇ ਬੁਲਾਰਿਆਂ ਦਾ ਹਮਲਾਵਰ ਰੁਖ਼ ਪੱਤਰਕਾਰੀ ਦੇ ਸਾਰੇ ਅਦਾਰਿਆਂ ਉਤੇ ਤਾਰੀ ਹੈ। ਤਕਰੀਬਨ ਹਰ ਚੈਨਲ ਉਤੇ ਭਾਜਪਾ ਦੇ ਬੁਲਾਰੇ, ਪੱਤਰਕਾਰ ਨੂੰ ਘੂਰਦੇ ਜਾਂ ਸੰਘ ਵਿਰੋਧੀ ਕਰਾਰ ਦਿੰਦੇ ਜਾਂ ਖੱਬੇ ਪੱਖੀ ਗਰਦਾਨਦੇ ਦਿਖ ਜਾਂਦੇ ਹਨ।

ਨਤੀਜੇ ਵਜੋਂ ਪੱਤਰਕਾਰ ਅਤੇ ਪੱਤਰਕਾਰੀ ਅਦਾਰੇ ਦਬਾਅ ਵਿਚ ਹਨ। ਇਹ ਤਾਂ ਤੈਅ ਹੈ ਕਿ ਚੈਨਲ ਨੇ ਸਰਵੇਖਣ ਨੂੰ ਨਾ ਪੇਸ਼ ਕਰਨ ਵੇਲੇ ਆਪਣਾ ਨਫ਼ਾ-ਨੁਕਸਾਨ ਵਿਚਾਰਿਆ ਹੈ ਪਰ ਇਨ੍ਹਾਂ ਵਿਚੋਂ ਕੇਂਦਰ ਦੀ ਹੁਕਮਰਾਨ ਧਿਰ ਨੂੰ ਨਾਰਾਜ਼ ਨਾ ਕਰਨਾ ਵੀ ਇੱਕ ਨੁਕਤਾ ਹੋ ਸਕਦਾ ਹੈ। ਜਦੋਂ ਹੁਕਮਰਾਨ ਧਿਰ ਮੋਦੀ ਦੇ ਕ੍ਰਿਸ਼ਮੇ ਬਾਬਤ ਕਿਸੇ ਤਰ੍ਹਾਂ ਦੀ ਨੁਕਤਾਚੀਨੀ ਬਰਦਾਸ਼ਤ ਨਹੀਂ ਕਰਦੀ ਅਤੇ ਹਰ ਨੁਕਤਾਚੀਨੀ ਨੂੰ ਮੁਲਕ ਵਿਰੋਧੀ, ਹਿੰਦੂ ਵਿਰੋਧੀ ਜਾਂ ਨਕਸਲਵਾਦੀ ਕਰਾਰ ਦਿੱਤਾ ਜਾ ਰਿਹਾ ਹੈ ਤਾਂ ਚੈਨਲ, ਨਤੀਜਿਆਂ ਤੋਂ ਪਹਿਲਾਂ ਭਾਜਪਾ ਦੀ ਨਾਰਾਜ਼ਗੀ ਤੋਂ ਬਚਣ ਦੀ ਮਸ਼ਕ ਵਿਚ ਇਹ ਫ਼ੈਸਲਾ ਕਰ ਸਕਦਾ ਹੈ। ਇਹ ਮਹਿਜ਼ ਅੰਦਾਜ਼ਾ ਹੈ ਜਿਸ ਦੇ ਮੌਜੂਦਾ ਹਾਲਾਤ ਵਿਚ ਠੀਕ ਹੋਣ ਦੀ ਚੋਖੀ ਗੁੰਜਾਇਸ਼ ਹੈ। ਇਸ ਨਾਲ ਚੋਣ ਸਰਵੇਖਣਾਂ ਵਿਚ ਹੋਈ ਗ਼ਲਤ ਪੇਸ਼ਕਾਰੀ ਕਿਸੇ ਸਾਜ਼ਿਸ਼ ਦਾ ਹਿੱਸਾ ਨਹੀਂ ਬਣ ਜਾਂਦੀ, ਸਗੋਂ ਇਨ੍ਹਾਂ ਦੀ ਭਰੋਸੇਯੋਗਤਾ ਉਤੇ ਪੁਰਾਣੇ ਸੁਆਲ ਨਵੇਂ ਹਵਾਲੇ ਨਾਲ ਉਘੜ ਆਉਂਦੇ ਹਨ।

ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਸਿਰਫ਼ ਸਰਵੇਖਣਾਂ ਦੇ ਗ਼ਲਤ ਸਾਬਤ ਹੋਣ ਕਾਰਨ ਹੀ ਅਹਿਮ ਨਹੀਂ ਹਨ ਸਗੋਂ ਇਨ੍ਹਾਂ ਦੀ ਪੜਚੋਲ ਵਿਚ ਪੇਸ਼ ਹੋ ਰਹੀਆਂ ਧਾਰਨਾਵਾਂ ਵੀ ਦਿਲਚਸਪ ਹਨ। ਹੁਣ ਜੇਤੂ ਧਿਰ ਦੇ ਨੁਮਾਇੰਦੇ ਇਨ੍ਹਾਂ ਚੋਣ ਨਤੀਜਿਆਂ ਨੂੰ ਕੇਂਦਰ ਸਰਕਾਰ ਜਾਂ ਮੋਦੀ ਦੀ ਕਾਰਗੁਜ਼ਾਰੀ ਉਤੇ ਫ਼ਤਵਾ ਕਰਾਰ ਦੇ ਰਹੇ ਹਨ। ਦੂਜੇ ਪਾਸੇ ਭਾਜਪਾ ਦੇ ਬੁਲਾਰੇ ਇਸ ਨੂੰ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਉਤੇ ਲੋਕਰਾਏ ਮੰਨਦੇ ਹਨ ਅਤੇ ਮੋਦੀ ਨੂੰ ਸਭ ਸੁਆਲਾਂ ਦੇ ਘੇਰੇ ਤੋਂ ਬਾਹਰ ਰੱਖਦੇ ਹਨ।

ਮੌਜੂਦਾ ਹਾਲਾਤ ਵਿਚ ਭਾਜਪਾ ਦੇ ਬੁਲਾਰਿਆਂ ਅਤੇ ਟੈਲੀਵਿਜ਼ਨ ਚੈਨਲਾਂ ਦਾ ਦਬਾਅ ਇੱਕੋ ਲੜੀ ਦੀਆਂ ਕੜੀਆਂ ਹਨ। ਬੁਲਾਰਿਆਂ ਉਤੇ ਦਲੀਲ ਦਾ ਪੱਲਾ ਛੱਡ ਕੇ ਸ਼ਰਧਾਲੂ ਹੋ ਜਾਣ ਦਾ ਦਬਾਅ ਹੈ। ਉਹ ਇਹੋ ਦਬਾਅ ਪੱਤਰਕਾਰਾਂ ਅਤੇ ਪੜਚੋਲ ਕਰਨ ਵਾਲਿਆਂ ਉਤੇ ਪਾ ਰਹੇ ਹਨ। ਉਹ ਆਪ ਇਮਾਨਦਾਰ ਪੜਚੋਲ ਕਰਨ ਦੀ ਹਾਲਤ ਵਿਚ ਨਹੀਂ ਹਨ ਅਤੇ ਕਿਸੇ ਲਈ ਪੜਚੋਲ ਕਰਨ ਦੀ ਥਾਂ ਛੱਡਣੀ ਨਹੀਂ ਚਾਹੁੰਦੇ। ਇਹ ਰੁਝਾਨ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਵੇਲੇ ਡਾ. ਮਨਮੋਹਨ ਸਿੰਘ ਬਾਰੇ ਦੇਖਣ ਨੂੰ ਮਿਲਿਆ ਸੀ। ਘਪਲਾ-ਦਰ-ਘਪਲਾ ਤੋਂ ਬਾਅਦ ਕਾਂਗਰਸੀ ਬੁਲਾਰੇ ਕਹਿੰਦੇ ਸਨ ਕਿ ਡਾ. ਮਨਮੋਹਨ ਸਿੰਘ ਉਤੇ ਸੁਆਲ ਨਹੀਂ ਕੀਤਾ ਜਾ ਸਕਦਾ। ਇਹ ਤਲਿਸਮ ਟੁੱਟਣ ਲਈ ਕਈ ਸਾਲ ਲੱਗੇ ਸਨ। ਮੋਦੀ ਉਨ੍ਹਾਂ ਤੋਂ ਵੱਖਰੇ ਹਨ ਕਿਉਂਕਿ ਉਹ ਚੋਣ ਪ੍ਰਚਾਰ ਦੀ ਕਮਾਨ ਆਪਣੇ ਹੱਥ ਵਿਚ ਰੱਖਦੇ ਹਨ ਅਤੇ ਭਾਈਵਾਲ ਪਾਰਟੀਆਂ ਦੇ ਦਬਾਅ ਹੇਠ ਨਹੀਂ ਹਨ। ਮੋਦੀ ਦੇ ਬੁਲਾਰੇ ਜ਼ਿਆਦਾ ਮੂੰਹਜ਼ੋਰ ਹਨ। ਇਹ ਮੂੰਹਜ਼ੋਰੀ, ਤਾਕਤ ਦੇ ਨਸ਼ੇ ਦੇ ਨਾਲ-ਨਾਲ ਸਾਲਾਂ ਬੱਧੀ ਸਿਖਲਾਈ ਦਾ ਨਤੀਜਾ ਹੈ। ਦੜ੍ਹ ਵੱਟੀ ਬੈਠੇ ਸੰਘ ਪ੍ਰਚਾਰਕਾਂ ਨੇ ਮੋਦੀ ਰਾਜ ਵਿਚ ਮੂੰਹ ਖੋਲ੍ਹਿਆ ਹੈ। ਇਨ੍ਹਾਂ ਪ੍ਰਚਾਰਕਾਂ ਦੀ ਮੂੰਹਜ਼ੋਰੀ ਹਰ ਮੰਚ ਜਾਂ ਫ਼ਿਰਕੂ ਮਾਹੌਲ ਵਿਚ ਹਰ ਮੌਕੇ ਸਾਹਮਣੇ ਆਉਂਦੀ ਰਹੀ ਹੈ। ਹੁਣ ਇਸ ਨੂੰ ਵਡੇਰਾ ਮੰਚ ਮਿਲ ਗਿਆ ਹੈ।

ਬਿਹਾਰ ਦੇ ਚੋਣ ਨਤੀਜਿਆਂ ਤੋਂ ਬਾਅਦ ਇਨ੍ਹਾਂ ਦੀ ਮਾਰ ਦਾ ਘੇਰਾ ਸੂਬੇ ਦੀਆਂ ਸਰਹੱਦਾਂ ਤੋਂ ਬਾਹਰ ਪੁੱਜ ਗਿਆ ਹੈ। ਸਿਆਸਤਦਾਨਾਂ ਅਤੇ ਪੜਚੋਲ ਕਰਨ ਵਾਲਿਆਂ ਦੀਆਂ ਦਾਅਵੇਦਾਰੀਆਂ ਅਤੇ ਦਲੀਲਾਂ ਹਨ ਕਿ ਇਨ੍ਹਾਂ ਚੋਣ ਨਤੀਜਿਆਂ ਦਾ ਅਸਰ ਸੂਬੇ ਤੱਕ ਮਹਿਦੂਦ ਰਹੇਗਾ ਜਾਂ ਕੇਂਦਰ ਸਰਕਾਰ ਉਤੇ ਪਵੇਗਾ। ਸੂਬੇ ਅਤੇ ਕੇਂਦਰ ਦੇ ਰਿਸ਼ਤਿਆਂ ਉਤੇ ਕਿਵੇਂ ਪਵੇਗਾ? ਲਾਲੂ ਪ੍ਰਸਾਦ ਯਾਦਵ ਬਿਹਾਰ ਦੇ ਚੋਣ ਨਤੀਜਿਆਂ ਨੂੰ ਮੋਦੀ ਸਰਕਾਰ ਖ਼ਿਲਾਫ਼ ਫ਼ੈਸਲਾ ਮੰਨਦੇ ਹਨ। ਭਾਜਪਾ ਦੇ ਬੁਲਾਰੇ ਇਨ੍ਹਾਂ ਚੋਣ ਨਤੀਜਿਆਂ ਦੇ ਅਸਰ ਨੂੰ ਸੂਬੇ ਤੱਕ ਮਹਿਦੂਦ ਰੱਖਦੇ ਹਨ। ਇਹ ਸਾਫ਼ ਹੈ ਕਿ ਭਾਜਪਾ ਹਰ ਕਾਮਯਾਬੀ ਦਾ ਸਿਹਰਾ ਮੋਦੀ ਸਿਰ ਬੰਨ੍ਹਣ ਅਤੇ ਉਨ੍ਹਾਂ ਨੂੰ ਹਰ ਨਾਕਾਮਯਾਬੀ ਤੋਂ ਬਾਹਰ ਰੱਖਣ ਦੀ ਮਸ਼ਕ ਕਰ ਰਹੀ ਹੈ। ਇਹ ਆਸ ਸਭ ਕਰਦੇ ਹਨ ਕਿ ਬਿਹਾਰ ਦੇ ਚੋਣ ਨਤੀਜਿਆਂ ਨਾਲ ਮੋਦੀ ਸਰਕਾਰ ਆਪਣੀ ਕਾਰਗੁਜ਼ਾਰੀ ਦੀ ਪੜਚੋਲ ਕਰੇਗੀ। ਦੂਜਾ ਪੱਖ ਇਹ ਹੈ ਕਿ ਇਸ ਪੜਚੋਲ ਦਾ ਧੁਰਾ ਮੋਦੀ ਦੀ ਥਾਂ ਅਮਿਤ ਸ਼ਾਹ ਹੋ ਸਕਦੇ ਹਨ। ਇਸ ਪੜਚੋਲ ਵਿਚ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਜਾਂ ਭਾਜਪਾ ਦੀਆਂ ਹਮਲਾਵਰ ਜਥੇਬੰਦੀਆਂ ਉਤੇ ਟਿੱਪਣੀ ਦੀ ਗੁੰਜਾਇਸ਼ ਤਾਂ ਬਣਦੀ ਹੈ, ਪਰ ਇਸ ਦਾ ਅਸਰ ਕਿੰਨਾ ਕੁ ਹੋਵੇਗਾ?

ਭਾਜਪਾ ਦੀਆਂ ਹਮਲਾਵਰ ਜਥੇਬੰਦੀਆਂ ਉਨ੍ਹਾਂ ਦੀ ਸਿਧਾਂਤਕ ਸਮਝ ਤੋਂ ਬਾਹਰ ਨਹੀਂ ਹਨ। ਤਵੱਕੋ ਇਹ ਕੀਤੀ ਜਾਂਦੀ ਹੈ ਕਿ ਭਾਜਪਾ ਆਪਣੀ ਸਮਝ ਦੀ ਥਾਂ ਮੁਲਕ ਦੇ ਸੰਵਿਧਾਨ ਨੂੰ ਤਰਜੀਹ ਦੇਵੇ। ਇਨ੍ਹਾਂ ਹਾਲਾਤ ਵਿਚ ਮੰਗ ਉਠਦੀ ਹੈ ਕਿ ਸਾਹਿਤ ਅਕਾਦਮੀ, ਮਲੇਅੱਪਾ ਮਾਦਿਆਵਲੱਪਾ ਕਲਬੁਰਗੀ ਦੇ ਕਤਲ ਖ਼ਿਲਾਫ਼ ਮਤਾ ਪਾਵੇ ਜਾਂ ਨਰੇਂਦਰ ਮੋਦੀ ਦਾਦਰੀ ਵਿਚ ਮੁਹੰਮਦ ਇਖ਼ਲਾਕ ਦੇ ਕਤਲ ਦੀ ਨਿਖੇਧੀ ਕਰਨ ਜਾਂ ਉਲਾਰ ਬਿਆਨਬਾਜ਼ੀ ਕਰਨ ਵਾਲੇ ਭਾਜਪਾ ਦੇ ਆਗੂਆਂ ਦੀ ਨਕੇਲ ਕੱਸੀ ਜਾਵੇ। ਇਹ ਸਾਰੀਆਂ ਮੰਗਾਂ ਆਪਣੀ ਥਾਂ ਜਾਇਜ਼ ਹਨ ਪਰ ਇਨ੍ਹਾਂ ਦੇ ਪ੍ਰਵਾਨ ਹੋ ਜਾਣ ਨਾਲ ਵੀ ਭਾਜਪਾ ਦੀ ਸੋਚ ਜਾਂ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਉਤੇ ਅਸਰ ਨਹੀਂ ਪੈਂਦਾ। ਜੇ ਮੋਦੀ ਆਪਣੀ ਪਾਰਟੀ ਦੇ ਆਗੂ ਯੋਗੀ ਅਦਿੱਤਯਾਨਾਥ ਨੂੰ ਬਿਆਨ ਦੇਣ ਤੋਂ ਵਰਜ ਦੇਣ ਤਾਂ ਉਨ੍ਹਾਂ ਦੀ ਸੋਚ ਜਾਂ ਕਾਰਗੁਜ਼ਾਰੀ ਵਿਚ ਕੋਈ ਤਬਦੀਲੀ ਆਉਣ ਦੀ ਕਿੰਨੀ ਕੁ ਸੰਭਾਵਨਾ ਹੈ? ਕੀ ਜਿਹੜੀ ਸੋਚ ਉਨ੍ਹਾਂ ਦੇ ਬਿਆਨਾਂ ਰਾਹੀਂ ਸਾਹਮਣੇ ਆਉਂਦੀ ਹੈ, ਉਨ੍ਹਾਂ ਦੀ ਕਾਰਜਸ਼ੈਲੀ ਜਾਂ ਸਿਆਸਤ ਦਾ ਹਿੱਸਾ ਨਹੀਂ ਹੈ? ਮੋਦੀ ਦੇ ਕਿਸੇ ਨਿਰਦੇਸ਼ ਦਾ ਮਤਲਬ ਇੰਨਾ ਹੀ ਹੋਵੇਗਾ ਕਿ ਜੋ ਕਰਨਾ ਹੈ, ਉਹ ਚੁੱਪ-ਚੁਪੀਤੇ ਕਰੋ।

ਭਾਜਪਾ ਦੇ ਹਮਲਾਵਰ ਰੁਖ਼ ਦੇ ਦੋ ਉਘੜਵੇਂ ਪੱਖ ਹਨ। ਇੱਕ ਪੱਖ ਦੀ ਨੁਮਾਇੰਦਗੀ ਹਮਲਾਵਰ ਜਥੇਬੰਦੀਆਂ ਦਾ ਬੁਰਛਾਗਰਦ ਟੋਲਾ ਕਰਦਾ ਹੈ ਜੋ ਕਤਲਾਂ, ਹਮਲਿਆਂ ਅਤੇ ਫ਼ਿਰਕੂ ਵੰਡੀਆਂ ਮਜ਼ਬੂਤ ਕਰਨ ਵਾਲੇ ਬਿਆਨਾਂ ਵਿਚ ਪੇਸ਼ ਹੁੰਦੀ ਹੈ। ਦੂਜੇ ਪੱਖ ਦੀ ਨੁਮਾਇੰਦਗੀ ਮੁਲਕ ਦੇ ਅਦਾਰਿਆਂ ਦਾ ਮੁਹਾਣ ਹਿੰਦੂ ਮੂਲਵਾਦ ਨਾਲ ਜੁੜਿਆ ਬੁੱਧੀਜੀਵੀ ਕਰਦਾ ਹੈ। ਇਨ੍ਹਾਂ ਦਾ ਪਸਾਰਾ ਵਿਦਿਅਕ ਅਤੇ ਖੋਜ ਅਦਾਰਿਆਂ ਤੱਕ ਹੈ। ਇਹ ਦੀਨਾ ਨਾਥ ਬੱਤਰਾ ਤੋਂ ਚੰਦਨ ਮਿੱਤਰਾ ਅਤੇ ਸਮਰਿਤੀ ਇਰਾਨੀ ਜਾਂ ਗਜੇਂਦਰ ਚੌਹਾਨ ਤੱਕ ਫੈਲੇ ਮੋਕਲੇ ਪਨੇ ਵਿਚ ਵਿਚਰਦਾ ਹੈ। ਇਨ੍ਹਾਂ ਦੋਵਾਂ ਪੱਖਾਂ ਵਿਚੋਂ ਭਾਜਪਾ ਦਾ 'ਅਖੰਡ ਹਿੰਦੂ ਭਾਰਤ' ਦਾ ਸੁਫ਼ਨਾ ਪੇਸ਼ ਹੁੰਦਾ ਹੈ। ਬਿਹਾਰ ਦੇ ਚੋਣ ਨਤੀਜੇ ਇਨ੍ਹਾਂ ਦੋਵਾਂ ਪੱਖਾਂ ਨੂੰ ਕੁਝ ਹੱਦ ਤੱਕ ਸੂਬੇ ਅੰਦਰ ਰੋਕ ਸਕਦੇ ਹਨ।

ਇਸ ਤੋਂ ਇਲਾਵਾ ਇਨ੍ਹਾਂ ਚੋਣ ਨਤੀਜਿਆਂ ਦੀ ਅਹਿਮੀਅਤ ਸਿਰਫ਼ ਇਸ ਆਸ ਦੇ ਮਜ਼ਬੂਤ ਹੋਣ ਵਿਚ ਹੈ ਕਿ 'ਸਰਕਾਰੀ ਸਰਪ੍ਰਸਤੀ ਵਾਲੀ ਹਿੰਦੂ ਫ਼ਿਰਕਾਪ੍ਰਸਤੀ' ਨੂੰ ਬੰਨ੍ਹ ਮਾਰਿਆ ਜਾ ਸਕਦਾ ਹੈ।

# ਮੋਦੀ ਦੀ ਸਰਦਾਰੀ ਨੂੰ ਸੰਨ੍ਹ

ਮੋਦੀ ਭਗਤਾਂ ਦੀਆਂ ਸਫ਼ਾਂ ਅੰਦਰਲੇ ਸ਼ਾਤਿਰਾਂ ਤੇ ਘਾਗਾਂ ਨੇ ਬਿਹਾਰ ਦੇ ਚੋਣ ਨਤੀਜਿਆਂ ਦੇ ਐਲਾਨ ਤੋਂ ਪਹਿਲਾਂ ਇਹ ਚਲਾਕੀ ਜ਼ਰੂਰ ਦਿਖਾਈ ਕਿ ਇਸ ਰਾਜ ਦਾ ਲੋਕ ਫ਼ਤਵਾ ਪ੍ਰਧਾਨ ਮੰਤਰੀ ਬਾਰੇ ਫ਼ਤਵਾ ਨਹੀਂ ਹੋਵੇਗਾ। ਇੱਕ ਪੱਖੋਂ ਇਹ ਸਹੀ ਵੀ ਹੈ: ਹਰ ਵਿਸ਼ਲੇਸ਼ਕ ਇਹ ਜਾਣਦਾ ਸੀ ਕਿ ਬਿਹਾਰ ਦਾ ਚੋਣ ਨਤੀਜਾ ਜੋ ਵੀ ਹੈ, ਇਸ ਨਾਲ ਲੋਕ ਸਭਾ ਦੇ ਮੈਂਬਰਾਂ ਦੀ ਗਿਣਤੀ ਨਹੀਂ ਬਦਲੇਗੀ, ਪਰ ਇਸ ਚੋਣ ਨਤੀਜੇ ਵਿਚ ਇੱਕ ਸੁਨੇਹਾ ਛੁਪਿਆ ਹੋਇਆ ਹੈ- ਸੁਨੇਹਾ ਜੋ ਮਹਿਜ਼ ਬਿਹਾਰ ਤਕ ਸੀਮਿਤ ਨਹੀਂ। ਮੋਦੀ ਨੇ ਕਿਉਂਕਿ ਬਾਕਮਾਲ ਪਰ ਨਿਹਾਇਤ ਗ਼ੈਰ-ਜ਼ਿੰਮੇਵਾਰਾਨਾ ਢੰਗ ਨਾਲ ਆਪਣਾ ਵੱਕਾਰ ਤੇ ਰੁਤਬਾ ਬਿਹਾਰ ਵਿਚ ਦਾਅ 'ਤੇ ਲਾਇਆ, ਇਸੇ ਲਈ ਪ੍ਰਧਾਨ ਮੰਤਰੀ ਦਾ ਅਕਸ ਤੇ ਕੱਦ ਹੁਣ ਕਾਫ਼ੀ ਘਟਿਆ ਨਜ਼ਰ ਆ ਰਿਹਾ ਹੈ।



**ਹਰੀਸ਼ ਖਰੇ**

ਇਹ ਰੁਝਾਨ ਇਸ ਸਾਲ ਦੇ ਸ਼ੁਰੂ ਵਿਚ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਸ਼ੁਰੂ ਹੋਇਆ ਸੀ। ਹੁਣ ਇਹ ਨਵੇਂ ਤੇ ਨਿੱਗਰ ਰੌਂਅ ਵਿਚ ਬਦਲ ਗਿਆ ਹੈ, ਪਰ ਇਸ ਵਿਚ ਖ਼ੁਸ਼ੀ ਵਾਲੀ ਕੋਈ ਗੱਲ ਨਹੀਂ। ਬਿਹਾਰ ਨੇ ਇੱਕ ਤਰ੍ਹਾਂ ਨਾਲ ਮੁਲਕ ਨੂੰ ਨਵੀਂ ਦੁਬਿਧਾ ਵਿਚ ਫਸਾ ਦਿੱਤਾ ਹੈ। ਨਰੇਂਦਰ ਮੋਦੀ ਅਜੇ ਵੀ ਸਾਡਾ ਪ੍ਰਧਾਨ ਮੰਤਰੀ ਹੈ। ਉਸ ਦੇ ਕਾਰਜਕਾਲ ਦੇ ਸਾਢੇ ਤਿੰਨ ਸਾਲ ਬਾਕੀ ਪਏ ਹਨ। ਇਹ ਸੱਚਮੁੱਚ ਹੀ ਕੌਮੀ ਦੁਖਾਂਤ ਹੋਵੇਗਾ, ਜੇ ਉਸ ਦੀ ਸਰਕਾਰ ਬਾਕੀ ਬਚੇ ਕਾਰਜਕਾਲ ਦੌਰਾਨ ਕੁਝ ਵੀ ਕਰਨ ਦੇ ਸਮਰੱਥ ਨਾ ਰਹੇ।

ਇਹ ਦੇਖ ਕੇ ਤਸੱਲੀ ਮਹਿਸੂਸ ਹੁੰਦੀ ਹੈ ਕਿ ਮੁਲਕ ਦੇ ਲੋਕਾਂ ਦਾ ਸੂਝਵਾਨ ਤੇ ਸੁਹਿਰਦ ਤਬਕਾ ਇਹ ਉਮੀਦ ਕਰ ਰਿਹਾ ਸੀ ਕਿ ਬਿਹਾਰ ਦੇ ਵੋਟਰ ਮੋਦੀ ਨੂੰ ਧਿਤਕਾਰ ਦੇਣਗੇ ਅਤੇ ਇਹ ਝਟਕਾ ਮੋਦੀ ਨੂੰ ਨਵਾਂ ਰੂਪ, ਨਵਾਂ ਮੁਹਾਂਦਰਾ ਗ੍ਰਹਿਣ ਕਰਨ ਦੇ ਰਾਹ ਪਾਵੇਗਾ। ਉਂਜ, ਇਹ ਤਵੱਕੋ ਕਰਨੀ ਵੀ ਬਹੁਤ ਜ਼ਿਆਦਾ ਸਹੀ ਨਹੀਂ ਜਾਪਦੀ ਕਿ ਮੋਦੀ ਆਪਣੀ ਚਾਲ ਤੇ ਚਰਿੱਤਰ ਬਦਲ ਲੈਣਗੇ।

ਇਸ ਨਿਰਾਸ਼ਾਵਾਦੀ ਸੋਚ ਦੇ ਤਿੰਨ ਕਾਰਨ ਹਨ। ਪਹਿਲਾ ਕਾਰਨ ਹੈ ਮੋਦੀ ਦਾ ਅਸਲ ਰੂਪ ਜੋ ਬਿਹਾਰ ਵਿਚ ਪ੍ਰਚਾਰ ਦੌਰਾਨ ਉਥੋਂ ਦੇ ਲੋਕਾਂ, ਅਤੇ ਨਾਲ ਹੀ ਬਾਕੀ ਭਾਰਤ ਨੇ ਵੀ ਦੇਖਿਆ। ਇਹ ਰੂਪ ਸੀ ਖੁਣਸੀ, ਖੁੰਧਕੀ, ਬਦਜ਼ੁਬਾਨ, ਤਲਖ਼, ਕਾਟਵਾਂ, ਗਲੀ-ਮੁਹੱਲੇ ਦੇ ਲੜਾਕੇ ਵਾਲਾ। ਇੱਕ ਅਜਿਹੇ ਆਗੂ ਵਾਲਾ ਰੂਪ ਜੋ ਆਪਣੇ ਅਹੁਦੇ ਦੇ ਮਿਆਰ ਤੇ ਮਾਣ-ਮਰਿਆਦਾ ਮੁਤਾਬਿਕ ਖ਼ੁਦ ਨੂੰ ਵਿਕਸਿਤ ਕਰਨ ਤੇ ਢਾਲਣ ਲਈ ਤਿਆਰ ਨਹੀਂ।

ਨਿਤੀਸ਼ ਕੁਮਾਰ ਦੀ ਅਗਵਾਈ ਹੇਠਲੇ ਬਿਹਾਰ ਵਿਚਲੇ ਸਿਆਸੀ ਵਿਰੋਧੀ ਉਸ ਦੀ 'ਖੇਡ ਸ਼ੈਲੀ' ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਸਨ ਅਤੇ ਉਹ ਹਰ ਦਾਅ ਦਾ ਜਵਾਬ ਮੋਦੀ ਵਾਲੀ ਸ਼ੈਲੀ ਵਿਚ ਦੇਣ ਲਈ ਤਿਆਰ ਬੈਠੇ ਸਨ। ਉਨ੍ਹਾਂ ਕੋਲ ਹਰ ਬੇਇੱਜ਼ਤੀ ਬਦਲੇ ਬੇਇੱਜ਼ਤੀ, ਹਰ ਨਾਅਰੇ ਬਦਲੇ ਨਾਅਰਾ, ਹਰ ਗਾਲ੍ਹ ਬਦਲੇ ਗਾਲ੍ਹ ਵਾਲੇ ਸਾਰੇ ਅਸਤਰ-ਸ਼ਸਤਰ ਮੌਜੂਦ ਸਨ।

ਦੂਜਾ ਕਾਰਨ ਇਹ ਸੀ ਕਿ ਬਿਹਾਰ ਵਿਚ ਭਾਜਪਾ ਦੇ ਪ੍ਰਚਾਰ ਨੇ ਆਰਥਿਕ ਵਿਕਾਸ ਦੇ ਸੰਕਲਪ ਨੂੰ ਭਾਰੀ ਸੱਟ ਮਾਰੀ। ਲੋਕਾਂ ਲਈ ਆਦਰਸ਼ ਦੀ ਚੋਣ 'ਸਮਾਜਕ ਨਿਆਂ+ਵਿਕਾਸ' ਦੇ ਨਿਤੀਸ਼ ਮਾਡਲ ਅਤੇ 'ਵਿਕਾਸ+ਫ਼ਿਰਕਾਪ੍ਰਸਤੀ' ਦੇ ਮੋਦੀ-ਅਮਿਤ ਸ਼ਾਹ ਮਾਡਲ ਤਕ ਸੀਮਤ ਹੋ ਕੇ ਰਹਿ ਗਈ। ਇਸ ਸਥਿਤੀ ਦਾ ਅਫ਼ਸੋਸਨਾਕ ਪੱਖ ਇਹ ਰਿਹਾ ਕਿ ਇਸ ਕਾਰਨ 'ਵਿਕਾਸ' ਦਾ ਕੌਮੀ ਏਜੰਡਾ ਆਪਣੀ ਸਾਖ ਗੁਆ ਬੈਠਾ। ਮੋਦੀ ਨੇ ਵਿਕਾਸ ਨੂੰ ਇੱਕ ਪਾਸੇ ਰੱਖ ਦਿੱਤਾ ਅਤੇ ਫ਼ਿਰਕੂ ਬਿੰਬਾਂ ਦੀ ਵਰਤੋਂ ਖੁੱਲ੍ਹ ਕੇ ਕਰਨੀ ਸ਼ੁਰੂ ਕਰ ਦਿੱਤੀ। ਮੋਦੀ ਦੇ 'ਲੰਗੋਟੀਏ ਬੇਲੀ' ਅਮਿਤ ਸ਼ਾਹ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਬਿਹਾਰ ਵਿਚ ਜੇ ਭਾਜਪਾ ਹਾਰਦੀ ਹੈ ਤਾਂ ਪਟਾਕੇ ਪਾਕਿਸਤਾਨ ਵਿਚ ਚੱਲਣਗੇ।

ਇਹ ਲਫ਼ਾਜ਼ੀ 2002 ਦੇ ਗੁਜਰਾਤ ਵਾਲੀ ਸ਼ਬਦਾਵਲੀ ਵੱਲ ਵਾਪਸੀ ਸੀ। ਇਸ ਪਿਛਾਖੜੀ ਸ਼ਬਦੀ ਆਡੰਬਰ ਨੇ ਮੋਦੀ ਦੇ ਕੌਮੀ ਖ਼ੁਸ਼ਹਾਲੀ ਤੇ ਸਲਾਮਤੀ ਦੇ ਨਵੇਂ ਦੂਤ ਵਾਲੇ ਅਕਸ ਦੀ ਚਕਾਚੌਂਧ ਖ਼ਤਮ ਕਰ ਦਿੱਤੀ। ਬਿਹਾਰ ਦੀ ਪੰਜ-ਪੜਾਵੀ ਚੋਣ ਨੇ ਟੈਕਨੋ-ਕੌਮਪ੍ਰਸਤੀ ਦੇ ਅਖੌਤੀ ਮਸੀਹਾ ਜੋ ਕੁਝ ਦਿਨ ਪਹਿਲਾਂ ਤਕ ਸਿਲੀਕੌਨ ਵੈਲੀ ਦੀਆਂ ਕੰਪਨੀਆਂ ਦੇ ਸੀ.ਈ.ਓਜ਼ ਤੇ ਹੋਰ ਟੈਕਨੋਕਰੈਟਾਂ ਨੂੰ ਮੰਤਰ-ਮੁਗਧ ਕਰਦਾ ਰਿਹਾ ਸੀ, ਦਾ 19ਵੀਂ ਸਦੀ ਦੀ ਸਿਆਸਤ ਖੇਡਣ ਵਾਲਾ ਅਸਲੀ ਰੂਪ ਮੁਲਕਵਾਸੀਆਂ ਸਾਹਮਣੇ ਲਿਆ ਖੜ੍ਹਾ ਕੀਤਾ।


ਤੀਜੀ ਗੱਲ, ਬਿਹਾਰ ਨੇ ਤਾਕਤ ਨੂੰ ਸਿਰਫ਼ ਤੇ ਸਿਰਫ਼ ਆਪਣੇ ਕੋਲ ਕੇਂਦਰਤ ਕਰਨ ਦੀ ਮੋਦੀ ਦੀ ਫ਼ਿਤਰਤ ਨੂੰ ਵੀ ਲੋਕਾਂ ਸਾਹਮਣੇ ਉਭਾਰ ਕੇ ਪੇਸ਼ ਕੀਤਾ। ਲੋਕ ਸਮਝ ਗਏ ਕਿ ਬਿਹਾਰ ਤੋਂ ਬਾਅਦ ਯੂ.ਪੀ. ਅਤੇ ਫਿਰ ਪੱਛਮੀ ਬੰਗਾਲ ਨੂੰ ਢਾਹ ਲੈਣ ਦਾ ਇਰਾਦਾ ਧਾਰੀ ਬੈਠੇ ਮੋਦੀ ਦਾ ਅਸਲ ਟੀਚਾ ਕੀ ਹੈ: ਰਾਜ ਸਭਾ ਉਤੇ ਹਾਵੀ ਹੋਣਾ, ਅਜਿੱਤ ਬਣ ਜਾਣਾ, ਕਿਸੇ ਅੱਗੇ, ਜਾਂ ਸ਼ਾਇਦ ਸਿਰਫ਼ ਨਾਗਪੁਰ ਵਿਚਲੇ ਧਰਮਾਧਿਕਾਰੀਆਂ ਅੱਗੇ ਜਵਾਬਦੇਹ ਹੋਣਾ। ਬਿਹਾਰ ਨੂੰ 'ਸੱਦਾ' ਦਿੱਤਾ ਗਿਆ ਕਿ ਉਹ ਇਸ ਨਵੇਂ ਸੁਲਤਾਨ ਅੱਗੇ ਜਮਹੂਰੀ ਅਕੀਦਤ ਪੇਸ਼ ਕਰੇ। ਇਹ ਸੱਦਾ ਬਿਹਾਰੀਆਂ ਨੇ ਠੁਕਰਾ ਦਿੱਤਾ।

ਇਹ ਤਿੰਨੇ ਕਾਰਨ ਮਿਲ ਕੇ ਵੱਡਾ ਸੁਨੇਹਾ ਦਿੰਦੇ ਹਨ ਕਿ ਮੋਦੀ ਦੋ ਮੁੱਖ ਸੰਸਥਾਗਤ ਅਸਾਸੇ ਗੁਆ ਬੈਠਾ ਹੈ। ਇਹ ਅਸਾਸੇ ਹਨ- ਭਰੋਸਾ ਤੇ ਇਖ਼ਲਾਕੀ ਅਧਿਕਾਰ। ਇਨ੍ਹਾਂ ਦੋਵਾਂ ਅਸਾਸਿਆਂ ਤੋਂ ਬਿਨਾਂ ਕਿਸੇ ਵੀ ਪ੍ਰਧਾਨ ਮੰਤਰੀ ਦਾ ਗੁਜ਼ਾਰਾ ਨਹੀਂ ਚੱਲ ਸਕਦਾ।

ਕੁਝ ਸਮੇਂ ਲਈ ਮੋਦੀ ਕੋਲ ਭਰੋਸਾ ਵੀ ਸੀ ਅਤੇ ਇਖ਼ਲਾਕੀ ਸਨਦ ਵੀ। ਉਸ ਨੇ ਜਦੋਂ ਖ਼ੁਦ ਝਾੜੂ ਚੁੱਕਿਆ ਅਤੇ ਸਫ਼ਾਈ ਲਈ ਮੁਲਕ ਦੀ ਅਗਵਾਈ ਕੀਤੀ ਤਾਂ ਉਹ ਇਸੇ ਇਖ਼ਲਾਕੀ ਅਧਿਕਾਰ ਦੇ ਬਦੌਲਤ ਸੀ। ਉਹ ਲੋਕਾਂ ਨੂੰ ਜੋ ਕੁਝ ਕਰਨ ਲਈ ਕਹਿ ਰਿਹਾ ਸੀ, ਉਸ ਵਿਚ ਉਸ ਦਾ ਕੋਈ ਨਿੱਜੀ ਹਿੱਤ ਨਹੀਂ ਸੀ। ਬਿਹਾਰ ਵਿਚ ਉਸ ਨੇ ਇਹ ਇਖ਼ਲਾਕੀ ਹੱਕ ਖ਼ੁਦ ਹੀ ਲੁਟਾ ਦਿੱਤਾ।

ਮੋਦੀ ਕੋਲ ਖ਼ੁਦ ਦਾ ਨਿਸਤਾਰਾ ਕਰਨ ਦਾ ਬਦਲ ਅਜੇ ਵੀ ਹੈ। ਤਕਲੀਫ਼ਦੇਹ ਸਵਾਲ ਇਹ ਹੈ ਕਿ ਕੀ ਉਹ ਖ਼ੁਦ ਇਹ ਸਮਝਣ ਦਾ ਯਤਨ ਕਰੇਗਾ ਕਿ ਉਸ ਨੂੰ ਮੁਲਕਵਾਸੀਆਂ ਨੇ ਅਮਰੀਕੀ ਰਾਸ਼ਟਰਪਤੀ ਵਰਗੇ ਸ਼ਕਤੀਸ਼ਾਲੀ ਰੁਤਬੇ ਵਾਂਗ ਰਾਸ਼ਟਰਪਤੀ ਨਹੀਂ ਸੀ ਚੁਣਿਆ, ਬਲਕਿ ਪ੍ਰਧਾਨ ਮੰਤਰੀ ਚੁਣਿਆ ਸੀ। ਰਾਸ਼ਟਰ ਪਹਿਲਾਂ ਹੀ ਬਹੁਤ ਜਮਹੂਰੀ ਹੋ ਚੁੱਕਾ ਹੈ। ਜਮਹੂਰੀ ਬਿਰਤੀ ਸਾਡੀ ਸੂਝ ਵਿਚ ਇਸ ਹੱਦ ਤਕ ਘਰ ਕਰ ਚੁੱਕੀ ਹੈ ਕਿ ਹੁਕਮਰਾਨ ਨੂੰ ਬਾਦਸ਼ਾਹ ਵਾਂਗ ਖ਼ਿਰਾਜ ਪੇਸ਼ ਹੋ ਹੀ ਨਹੀਂ ਸਕਦੀ। ਮੋਦੀ ਆਪਣੀ ਸਰਕਾਰ ਦਾ ਪ੍ਰਭਾਵ ਤੇ ਮਾਣ-ਸਤਿਕਾਰ ਬਚਾ ਸਕਦਾ ਹੈ ਬਸ਼ਰਤੇ ਉਸ ਅੰਦਰ ਇਹ ਅਹਿਸਾਸ ਪੈਦਾ ਹੋ ਜਾਵੇ ਕਿ ਉਹ ਕੌਮੀ ਸਿਆਸਤ ਦੇ ਸਾਰੇ ਹਿੱਸੇਦਾਰਾਂ ਤੋਂ ਸੁਲ੍ਹਾ-ਸਫ਼ਾਈ ਤੇ ਸਹਿਯੋਗ ਜਬਰੀ ਨਹੀਂ ਮੰਗ ਸਕਦਾ। ਮੋਦੀ ਦੀ ਸਰਦਾਰੀ ਦੇ ਦਿਨ ਲੱਦ ਗਏ ਹਨ। ਸਾਡਾ ਜਮਹੂਰੀ ਸੰਤੁਲਨ ਕੁਝ ਹੱਦ ਤਕ ਬਹਾਲ ਹੋ ਗਿਆ ਹੈ।

# ਪੰਜਾਬੀ ਗਾਇਕੀ 'ਚ...ਮੈਂ...ਕਿਥੇ ਕਿਥੇ 'ਪਹਿਲੀ ਵਾਰ'




ਐਸ. ਅਸ਼ੋਕ ਭੌਰਾ
ਫੋਨ: 510-415-3315

ਕਦੇ ਲੋਕਾਂ ਨੂੰ ਵਹਿਮ ਸੀ ਕਿ ਰਫਲ ਦਾ ਘੋੜਾ ਦੱਬਣ ਨਾਲ ਕਤਲ ਹੁੰਦੇ ਨੇ ਪਰ ਹੁਣ ਯੁੱਗ ਇਹ ਹੈ ਕਿ ਜੇ ਕਿਸੇ ਸ਼ੈਤਾਨ ਜਾਂ ਮੂਰਖ ਹਾਕਮ ਨੇ ਇਸ਼ਾਰਾ ਹੀ ਕਰ ਦਿੱਤਾ ਤਾਂ ਪ੍ਰਮਾਣੂ ਬੰਬਾਂ ਨੇ ਦੁਨੀਆਂ ਹੀ ਤਬਾਹ ਕਰ ਸੁੱਟਣੀ ਹੈ। ਇਸ ਕਰਕੇ ਇਹ ਵਹਿਮ ਮਨ ਵਿਚੋਂ ਕੱਢ ਹੀ ਦੇਣਾ ਚਾਹੀਦਾ ਹੈ ਕਿ ਸਿਆਣਪ ਸਿਰਫ ਤੇ ਸਿਰਫ ਮੇਰੇ ਕੋਲ ਹੀ ਹੈ ਕਿਉਂਕਿ ਸੱਚਾਈ ਤਾਂ ਇਹ ਹੈ ਕਿ ਦੁਨੀਆਂ ਦਾ ਹਰ ਮਨੁੱਖ ਸਰਬ ਕਲਾ ਸਮਰੱਥ ਅਤੇ ਸੋਲਾਂ ਕਲਾ ਸੰਪੂਰਨ ਹੋਣ ਦਾ ਭਰਮ ਪਾਲ ਰਿਹਾ ਹੈ।

ਸੰਗੀਤ ਦੇ ਰੂਹਾਨੀ ਸਫਰ 'ਤੇ ਪਹਿਲਾਂ ਸਿਆਣੇ ਲੋਕ ਨਿਕਲੇ ਸਨ, ਫਿਰ ਕਾਫਲੇ ਆ ਗਏ, ਭੀੜ ਵਧ ਗਈ ਤੇ ਪੰਜਾਬੀ ਗਾਇਕੀ 'ਚ ਹੁਣ ਝੁਰਮਟ ਪੈ ਗਿਆ ਹੈ। ਇਸ ਗੀਤ ਦੇ ਅਰਥ ਨਿਕਲੇ ਹਨ 'ਝੁਰਮਟ ਬੋਲੇ ਤਾਰਾ ਰਾ ਰਾ...।' ਚਲੋ ਮੂੰਹ ਕਾਲਾ ਹੋਵੇ ਤਾਂ ਵੱਡੀ ਗੱਲ ਨਹੀਂ ਪਰ ਅੰਦਰੋਂ ਕਾਲੇ ਲੋਕਾਂ ਦਾ ਕੀ ਕਰੀਏ? ਜੇ ਸੱਚ ਪੁੱਛੋ ਤਾਂ ਲੋਕਾਂ ਨਾਲ ਤਾਂ ਅੱਖ ਮਿਲਾਈ ਜਾ ਸਕਦੀ ਹੈ ਪਰ ਆਪਣੇ ਆਪ ਨਾਲ 'ਤੂੰ ਤੂੰ ਮੈਂ ਮੈਂ' ਹੋਣਾ ਔਖਾ ਹੁੰਦਾ ਹੈ, ਇਸ ਲਈ ਪਿਆਰ ਦੀਆਂ ਚੁਟਕੀਆਂ ਤਾਂ ਕੋਈ ਵੀ ਵਜਾ ਸਕਦਾ ਹੈ ਪਰ ਪਿਆਰ 'ਚ ਹਟਕੋਰੇ ਸਭ ਨੂੰ ਦੁਖੀ ਕਰ ਰਹੇ ਹਨ। ਮੈਂ ਪੰਜਾਬੀ ਗਾਇਕੀ 'ਚ ਲੰਬਾ ਸਮਾਂ ਗੁਜ਼ਾਰਨ ਪਿਛੋਂ 'ਪਹਿਲੀ ਵਾਰੀ' ਦੇ ਸ਼ਬਦ ਜੋੜ ਨਾਲ ਆਹਮੋ-ਸਾਹਮਣੇ ਹੋਣ ਲੱਗਾ ਹਾਂ। ਜੇ ਕਿਤੇ ਕਿਸੇ ਨੂੰ ਮੀਆਂ ਮਿੱਠੂ ਵਾਂਗ ਲੱਗਾ ਤਾਂ ਗੁਸਤਾਖੀ ਲਈ ਅਗਾਊਂ ਹੀ ਮਾਫੀ ਚਾਹਾਂਗਾ। ਹਾਂ, ਗਾਇਕੀ ਦੇ ਉਖੜੇ ਹੋਏ ਤੰਬੂਆਂ ਕਾਰਨ ਵਰਤਮਾਨ ਸਮੇਂ ਵਿਚ ਅਜਿਹਾ ਕਰਨਾ ਜ਼ਰੂਰੀ ਵੀ ਸਮਝਦਾ ਹਾਂ।

ਅਰਥ ਸ਼ਾਸਤਰ ਦਾ ਫਾਰਮੂਲਾ ਹੈ, ਜਿਸ ਕੰਮ ਨੂੰ ਬਹੁਤ ਸਾਰੇ ਲੋਕ ਕਰਨ ਉਹ ਵਪਾਰਕ ਹੁੰਦਾ ਹੈ, ਸੰਗੀਤ ਦਾ ਵਪਾਰ ਨਾਲ ਸਬੰਧ ਹੀ ਨਹੀਂ, ਫਿਰ ਵੀ ਬਹੁਤ ਸਾਰੇ ਲੋਕ ਕਰ ਰਹੇ ਹਨ ਤਾਂ, ਸਿਆਣਪ 'ਤੇ ਸ਼ੱਕ ਤਾਂ ਹੋਵੇਗਾ ਹੀ, ਨੁਕਸਾਨ ਦਾ ਅੰਦਾਜਾ ਲਾਉਣਾ ਵੀ ਸੁਭਾਵਿਕ ਹੋਵੇਗਾ।

ਪੰਜਾਬੀ ਗਾਇਕੀ ਨੂੰ ਜਦੋਂ 'ਕੰਜਰਾਂ ਵਾਲਾ' ਕੰਮ ਕਿਹਾ ਜਾਂਦਾ ਸੀ ਤਦ ਪੰਜਾਬੀ ਟ੍ਰਿਬਿਊਨ ਵਿਚ ਪਹਿਲੀ ਵਾਰ ਬਰਜਿੰਦਰ ਸਿੰਘ ਹਮਦਰਦ ਨੇ ਸੰਪਾਦਕ ਹੁੰਦਿਆਂ ਸ਼ਮਸ਼ੇਰ ਸੰਧੂ ਤੋਂ 'ਲੋਕ ਸੁਰਾਂ' ਦਾ ਕਾਲਮ ਲਿਖਵਾਇਆ। ਜਦੋਂ ਉਨ੍ਹਾਂ 'ਅਜੀਤ' ਦਾ ਕਾਰਜ ਸੰਭਾਲਿਆ ਤਦ ਪਹਿਲੀ ਵਾਰ 'ਸਾਡੇ ਗਾਇਕ' ਕਾਲਮ ਅਧੀਨ ਮੈਂ ਲਿਖਣਾ ਸ਼ੁਰੂ ਕੀਤਾ। ਪੰਜਾਬੀ ਗਾਇਕੀ ਨੂੰ ਦੇਸ਼ ਦੀ ਅਜ਼ਾਦੀ ਪਿੱਛੋਂ ਪਹਿਲੀ ਵਾਰ ਕਿਸੇ ਨੇ ਵੱਡਾ ਹੁਲਾਰਾ ਦਿੱਤਾ ਤਦ ਪ੍ਰਿੰਟ ਮੀਡੀਏ ਪੱਖ ਤੋਂ ਇਹ ਸਿਹਰਾ ਬਰਜਿੰਦਰ ਸਿੰਘ ਹਮਦਰਦ ਨੂੰ ਹੀ ਜਾਂਦਾ ਹੈ।

ਕਈ ਥਾਂ ਹੈਰਾਨੀ ਤਾਂ ਹੋਵੇਗੀ ਪਰ ਆਹ ਦੇਖੋ ਪੰਜਾਬੀ ਗਾਇਕੀ ਦਾ 'ਪਹਿਲੀ ਵਾਰ' ਮੇਰੇ ਨਾਲ ਕੀ ਕੀ ਜੁੜਿਆ ਹੋਇਆ ਹੈ; ਉਪਰੋਂ ਮੈਂ ਗੱਲ 'ਤਾਰਾ ਰਾ ਰਾ' ਨਾਲ ਸ਼ੁਰੂ ਕੀਤੀ ਸੀ ਤੇ ਇਥੇ 'ਤਾਰਾ ਰਾ ਰਾ' ਵਾਲੇ ਗਾਇਕ ਦੀ ਗੱਲ ਹੀ ਪਹਿਲਾਂ ਕਰ ਲੈਂਦਾ ਹਾਂ, ਯਾਨਿ ਦਲੇਰ ਮਹਿੰਦੀ ਦੀ। 1990 ਵਿਚ ਉਹ ਗੁੜਗਾਉਂ ਦੀ ਗੋਲਡਨ ਮੈਲੋਡੀ ਕੰਪਨੀ ਦੇ ਭਾਪਾ ਪਰਮਜੀਤ ਨਾਲ ਬੰਟੀ ਬਾਵੇ ਦੀ ਕੈਸਿਟ ਰਿਲੀਜ਼ ਕਰਵਾਉਣ ਮਾਹਿਲਪੁਰ ਆਇਆ। ਪਰ ਉਹਨੂੰ ਅਸੀਂ ਟਾਈਮ ਨਾ ਦੇ ਸਕੇ। ਪਹਿਲੀ ਵਾਰ ਉਹ ਮੇਰੇ ਨਾਲ ਨਾਰਾਜ਼ ਮੁੜਿਆ। ਅਗਲੇ ਸਾਲ ਉਹ ਫਿਰ ਆਇਆ ਦਿੱਲੀ ਤੋਂ ਬੱਸੇ ਬੈਠ ਕੇ ਮਾਹਿਲਪੁਰ। ਪਰ ਵਕਤ ਇਸ ਕਰਕੇ ਨਾ ਦੇ ਸਕਿਆ ਕਿ ਮੇਰੇ ਮਨ 'ਚ ਸੀ ਕਿ ਭਾਪੇ ਨਾਲ ਭਾਪਾ ਆਇਆ, ਕਿਤੇ ਸ਼ੌਂਕੀ ਮੇਲਾ ਨਾ ਉਖੜ ਜਾਵੇ। ਪਰ ਜਦੋਂ ਉਹਦੀ ਐਲਬਮ 'ਤਾਰਾ ਰਾ ਰਾ' ਚੱਲੀ ਤਦ ਦਿੱਲੀ ਇਕ ਮਿਲਣੀ ਵੇਲੇ ਉਹ ਕਹਿਣ ਲੱਗਾ, 'ਤੁਸੀਂ ਮੈਨੂੰ ਪਹਿਲੀ ਵਾਰ ਤਾਂ ਸ਼ੌਂਕੀ ਮੇਲੇ ਵਿਚ ਟਾਈਮ ਨਹੀਂ ਦਿੱਤਾ ਪਰ ਮੈਂ ਪਹਿਲੀ ਵਾਰ ਹੀ 'ਤਾਰਾ ਰਾ ਰਾ' ਨਾਲ ਸਾਰੀ ਗਾਇਕੀ ਨੂੰ ਵਪਾਰਕ ਪੱਖੋਂ ਪਿੱਛੇ ਛੱਡ ਦਿੱਤਾ ਹੈ।' ਹੁਣ ਵੀ ਜਦੋਂ ਕਦੇ ਦਲੇਰ ਮਿਲੇ ਤਦ ਉਹ ਕਹੇ ਭਾਵੇਂ ਕੁਝ ਨਾ ਪਰ ਬੁੱਲ੍ਹਾਂ ਵਿਚ ਹੱਸ ਜ਼ਰੂਰ ਪੈਂਦਾ ਹੈ।

ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੂੰ ਪਹਿਲੀ ਵਾਰੀ ਵੱਡੇ ਮੇਲਿਆਂ 'ਤੇ ਲੈ ਕੇ ਆਉਣ ਦਾ ਮੈਂ ਸਫਲ ਯਤਨ ਕੀਤਾ। ਪਹਿਲੇ ਸ਼ੌਂਕੀ ਮੇਲੇ ਤੇ ਉਸ ਦੀ ਪਹਿਲੀ ਹਾਜ਼ਰੀ ਦੁਆਬੇ ਦੇ ਲੋਕਾਂ ਨੂੰ ਕਦੇ ਵੀ ਨਹੀਂ ਭੁੱਲੇਗੀ। ਪੰਜਾਬ ਦੇ ਹਾਲਾਤ ਨੂੰ ਜਦੋਂ ਅੱਗ ਲੱਗੀ ਹੋਈ ਸੀ ਤਦ ਪਹਿਲੀ ਵਾਰ ਹੀ ਸੀ ਕਿ ਲਖਵਿੰਦਰ ਜੌਹਲ ਨਾਲ ਕੁਲਦੀਪ ਮਾਣਕ ਦਾ ਗਰਮ ਗੀਤ 'ਜੁਆਨੀ ਜੜ੍ਹਾਂ ਪੁੱਟਣ ਨੂੰ ਕਾਹਲੀ ਵੇ ਜ਼ਾਲਮ ਸਰਕਾਰ ਦੀਆਂ' ਜਲੰਧਰ ਦੂਰਦਰਸ਼ਨ ਤੋਂ ਪੇਸ਼ ਕਰਵਾ ਦਿੱਤਾ ਸੀ। ਇਹ ਵੀ ਇਕ ਅੰਕੜਾ ਹੀ ਰਹੇਗਾ ਕਿ ਇਸੇ ਦੌਰ ਵਿਚ 'ਪੱਤਾ ਪੱਤਾ ਸਿੰਘਾਂ ਦਾ ਵੈਰੀ' ਪਹਿਲੀ ਵਾਰ ਹੰਸ ਰਾਜ ਹੰਸ ਨੂੰ ਮਾਹਿਲਪੁਰ ਦੇ ਸ਼ੌਂਕੀ ਮੇਲੇ 'ਚ ਪੇਸ਼ ਕਰਨ ਦਾ ਮੰਚ ਵੀ ਮੈਂ ਹੀ ਪ੍ਰਦਾਨ ਕੀਤਾ ਸੀ।

ਕਿਉਂਕਿ ਢਾਡੀਆਂ ਨਾਲ ਮੇਰਾ ਗੂੜ੍ਹਾ ਰਿਸ਼ਤਾ ਰਿਹਾ ਹੈ ਤੇ ਜਦੋਂ ਦੂਰਦਰਸ਼ਨ ਢਾਡੀਆਂ ਨੂੰ ਲੜ ਪੱਲਾ ਨਹੀਂ ਫੜਾ ਰਿਹਾ ਸੀ, ਇਕੋ ਇਕ ਨਿੱਕੇ ਪਰਦੇ ਦੇ ਯੁੱਗ ਵਿਚ ਢਾਡੀ ਦੂਰਦਰਸ਼ਨ ਤੇ ਗਾਉਣ ਲਈ ਵਿਲਕਦੇ ਸਨ, ਤਦ ਪਹਿਲੀ ਵਾਰੀ ਜਲੰਧਰ ਦੂਰਦਰਸ਼ਨ ਦੇ ਵਿਹੜੇ ਵਿਚ ਢਾਡੀਆਂ ਨੂੰ ਲੈ ਕੇ ਧਰਨਾ ਦੇਣ ਦਾ ਐਲਾਨ ਕਰ ਦਿੱਤਾ। ਇਹ ਵੀ ਸ਼ਾਇਦ ਪਹਿਲੀ ਵਾਰ ਸੀ ਕਿ ਕਿਸੇ ਸਰਕਾਰੀ ਅਦਾਰੇ ਨੇ ਧਰਨੇ ਤੋਂ ਪਹਿਲਾਂ ਹੀ ਮੰਗ ਮੰਨੀ ਹੋਵੇ।

ਜਿਨ੍ਹਾਂ ਗਾਇਕਾਂ ਨੂੰ ਮੈਂ ਪਹਿਲੀ ਵਾਰ 'ਅਜੀਤ' ਦੇ ਦਫਤਰ ਦੀਆਂ ਪੌੜੀਆਂ ਚੜ੍ਹਾਇਆ ਤੇ ਭਾਜੀ ਬਰਜਿੰਦਰ ਸਿੰਘ ਦੇ ਗੋਡੀਂ ਲੱਗਣ ਦਾ ਮੌਕਾ ਦਿੱਤਾ, ਉਨ੍ਹਾਂ ਵਿਚ ਕੁਲਦੀਪ ਮਾਣਕ ਵੀ ਸ਼ਾਮਿਲ ਸੀ, ਹੰਸ ਰਾਜ ਹੰਸ ਵੀ, ਸਰਦੂਲ ਸਿਕੰਦਰ ਵੀ, ਅਮਰ ਨੂਰੀ, ਪ੍ਰਮਿੰਦਰ ਸੰਧੂ, ਮਨਮੋਹਨ ਵਾਰਿਸ ਵੀ ਤੇ ਪ੍ਰਸਿੱਧੀ ਦਾ ਬੇਹੱਦ ਭਰਮ ਰੱਖਣ ਵਾਲੀ ਸੁੱਖੀ ਬਰਾੜ ਨੂੰ ਵੀ ਮੈਂ ਹੀ ਪਹਿਲੀ ਵਾਰੀ ਭਾਜੀ ਦੇ ਦਰਸ਼ਨ ਕਰਵਾਏ ਸਨ।

ਅਮਰ ਸਿੰਘ ਚਮਕੀਲੇ ਨੂੰ ਜਦੋਂ ਮੈਂ ਪਹਿਲੀ ਵਾਰ ਪੰਜਾਬੀ ਟ੍ਰਿਬਿਊਨ ਵਿਚ ਪੇਸ਼ ਕੀਤਾ ਤਾਂ ਜ਼ਿੰਦਗੀ 'ਚ ਸਭ ਤੋਂ ਖਤਰਨਾਕ ਚਿੱਠੀਆਂ ਆਉਣ ਦਾ ਸਿਲਸਿਲਾ ਹੀ ਨਹੀਂ ਸ਼ੁਰੂ ਹੋਇਆ ਸੀ, ਸਗੋਂ ਸੰਪਾਦਕ ਦੀ ਡਾਕ ਵਿਚ ਸ਼ਾਇਦ ਪਹਿਲੀ ਵਾਰ ਸੀ ਕਿ ਲੋਕਾਂ ਨੇ ਰੱਜ ਕੇ ਭੜਾਸ ਕੱਢੀ ਸੀ ਕਿ ਅਸ਼ੋਕ ਹੁਣ ਲੱਚਰ ਗਾਇਕਾਂ ਨੂੰ ਉਤਸ਼ਾਹਿਤ ਕਰਨ ਲੱਗ ਪਿਆ ਹੈ। 'ਹਾਕ ਕਾਹਤੋਂ ਮਾਰੀ ਮੇਰਾ ਲੱਗਦਾ ਤੂੰ ਕੀ ਵੇ' ਤੇ 'ਦਮਾ ਦਮ ਮਸਤ ਕਲੰਦਰ' ਗਾਉਣ ਵਾਲੀ ਜਸਪਿੰਦਰ ਨਰੂਲਾ ਨੂੰ 1985 ਵਿਚ ਪਹਿਲੀ ਵਾਰ ਮੈਂ ਹੀ ਅਜੀਤ ਜ਼ਰੀਏ ਦੱਸਿਆ ਸੀ ਕਿ ਕੇਸਰ ਸਿੰਘ ਨਰੂਲਾ ਤੇ ਮੋਹਣੀ ਨਰੂਲਾ ਦੀ ਕੁੜੀ ਨਾ ਸਿਰਫ ਸੁਨੱਖੀ ਹੈ ਸਗੋਂ ਗਾਇਕੀ ਵਿਚ ਵੀ ਨਰੋਈ ਕਿੱਕਲੀ ਪਾਵੇਗੀ।

ਧਿਆਨ ਦਿਓ ਇਨ੍ਹਾਂ ਅੰਕੜਿਆਂ ਤੋਂ ਸਿਰ ਫੇਰਨਾ ਔਖਾ ਕਿੰਨਾ ਹੈ;

ਸ਼ੌਂਕੀ ਮੇਲੇ ਵਿਚ ਮਨਮੋਹਨ ਵਾਰਿਸ ਨੂੰ ਸਭ ਤੋਂ ਪਹਿਲੀ ਵਾਰ ਮੈਂ ਹੀ ਪੇਸ਼ ਕੀਤਾ; ਦੇਬੀ ਮਖਸੂਸਪੁਰੀ ਨੂੰ ਵੀ ਉਨੀ 1994 ਵਿਚ ਇਥੋਂ ਹੀ ਮੰਚ ਮਿਲਿਆ; ਜਿਸ ਜੈਜ਼ੀ ਬੀ ਦੀਆਂ ਪੈੜਾਂ ਦੀ ਲੋਕ ਗੱਲ ਕਰਦੇ ਨੇ, ਇਸੇ ਸਾਲ ਸ਼ੌਂਕੀ ਮੇਲੇ ਤੇ 'ਘੁੱਗੀਆਂ ਦਾ ਜੋੜਾ' ਨਾਲ ਜੈਜ਼ੀ ਨੂੰ ਪੇਸ਼ ਕਰਾਉਣ ਲਈ ਇੰਦਰਜੀਤ ਬੈਂਸ ਨੇ ਮੇਰੇ ਪਿੰਡ ਦੀਆਂ ਰਾਹਾਂ ਨੂੰ ਨੀਵਾਂ ਕਰ ਦਿੱਤਾ ਸੀ। ਪਹਿਲੀ ਵਾਰ ਸੀ ਕਿ ਕਿਸੇ ਨਵੇਂ ਮੁੰਡੇ ਨੂੰ ਸਭ ਤੋਂ ਵੱਡਾ ਸਟਾਰਡਮ ਮਿਲਿਆ। ਉਤਰੀ ਅਮਰੀਕਾ 'ਚ ਮੰਚ ਸੰਚਾਲਨ ਦੀ ਮਲਿਕਾ ਕਹੀ ਜਾਂਦੀ ਆਸ਼ਾ ਸ਼ਰਮਾ ਨੂੰ 1994 ਵਿਚ ਮੈਂ ਲੱਭ ਕੇ ਪਹਿਲੀ ਵਾਰ ਲੱਖਾਂ ਲੋਕਾਂ ਦੇ ਇਕੱਠ ਵਿਚ ਪੇਸ਼ ਕੀਤਾ ਸੀ। ਇਹ ਵੀ ਪਹਿਲੀ ਵਾਰ ਹੀ ਹੋਇਆ ਕਿ ਪਹਿਲੀ ਵਾਰ ਹੀ ਕੋਈ ਮੰਚ ਸੰਚਾਲਕਾ ਪੂਰੀ ਤਰ੍ਹਾਂ ਪ੍ਰਵਾਨ ਕਰ ਲਈ ਗਈ ਹੋਵੇ। ਹਰਭਜਨ ਮਾਨ ਨੂੰ ਦੁਆਬੇ ਵਿਚ ਪਹਿਲੀ ਵਾਰ ਸ਼ੌਂਕੀ ਮੇਲੇ ਜ਼ਰੀਏ ਮੈਂ ਹੀ ਪੇਸ਼ ਕੀਤਾ।



*1992 ਵਿਚ ਸ਼ੌਂਕੀ ਮੇਲੇ ਤੇ ਨਿੱਕੜਾ ਮਾਸਟਰ ਸਲੀਮ ਗੀਤ ਪੇਸ਼ ਕਰਦਾ ਹੋਇਆ*

ਹੁਣ ਤੱਕ ਦੇ ਅੰਕੜਿਆਂ ਮੁਤਾਬਕ ਇਹ ਵੀ ਸੱਚ ਹੈ ਕਿ ਕਿਸੇ ਢਾਡੀ ਦੀ ਯਾਦ ਵਿਚ ਪਹਿਲੀ ਵਾਰ ਮੇਲਾ ਅਸ਼ੋਕ ਭੌਰੇ ਨੇ ਲਾਇਆ ਅਤੇ ਇਹ ਰਿਕਾਰਡ ਹਾਲੇ ਟੁੱਟਿਆ ਵੀ ਨਹੀਂ ਹੈ।

ਢਾਡੀਆਂ ਬਾਰੇ ਲਿਖਣ ਦਾ ਸਭ ਤੋਂ ਪਹਿਲਾ ਖਾਤਾ ਮੇਰੇ ਨਾਮ ਹੈ ਤੇ ਕਮਾਲ ਇਹ ਹੈ ਕਿ ਸਿੱਖ ਕੌਮ ਦੇ ਮਹਾਨ ਢਾਡੀਆਂ ਬਾਰੇ ਇਕ ਮੋਨਾ ਬੰਦਾ ਹਾਲੇ ਵੀ ਲਗਾਤਾਰ ਲਿਖ ਰਿਹਾ ਹੈ ਅਤੇ 'ਸਿੱਖ ਸੰਗੀਤ' ਦੇ ਸਿਰਲੇਖ ਹੇਠ ਪੰਜਾਬ ਦੇ ਕਵੀਸ਼ਰਾਂ, ਢਾਡੀਆਂ ਬਾਰੇ ਮੇਰੀ ਪੁਸਤਕ ਲਗਭਗ ਮੁਕੰਮਲ ਹੋਣ ਦੇ ਨੇੜੇ ਹੈ। ਸਿੱਖ ਪੰਥ ਦਾ ਮਹਾਨ ਵਿਰਸਾ ਗਾਉਣ ਵਾਲੇ ਢਾਡੀਆਂ ਬਾਰੇ ਪਹਿਲੀ ਵਾਰ 'ਪੰਜਾਬ ਦੇ ਢਾਡੀ' ਪੁਸਤਕ ਵੀ ਮੈਂ ਹੀ ਲਿਖੀ ਹੈ।

ਇਕ ਢਾਡੀ ਦੀ ਯਾਦ ਵਿਚ ਲੱਗਣ ਵਾਲੇ ਸ਼ੌਂਕੀ ਮੇਲੇ 'ਤੇ ਪਹਿਲੀ ਵਾਰੀ ਜ਼ਿਲ੍ਹਾ ਪ੍ਰਸ਼ਾਸਨ ਨੇ ਸਰਕਾਰੀ ਛੁੱਟੀ ਕੀਤੀ ਸੀ। 1992 ਵਿਚ ਜਦੋਂ ਮਾਹਿਲਪੁਰ ਇਸ ਮੇਲੇ 'ਤੇ ਪੰਜਾਬ ਦੇ ਗਵਰਨਰ ਨੇ ਆਉਣਾ ਸੀ ਤਦ ਮੈਨੂੰ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਗੁਰਮੇਲ ਸਿੰਘ ਬੈਂਸ ਨੇ ਆਪਣੇ ਦਫਤਰ ਬੁਲਾ ਕੇ ਪੁੱਛਿਆ ਕਿ 'ਕਾਕਾ ਪੰਜਾਬ 'ਚ ਗਵਰਨਰੀ ਰਾਜ ਹੈ ਹਾਲਾਤ ਠੀਕ ਨਹੀਂ ਹਨ ਤੇਰਾ ਕੋਈ ਰਾਜਨੀਤਕ ਪਿਛੋਕੜ ਹੈ ਕਿ ਗਵਰਨਰ ਤੇਰੇ ਸੱਦੇ ਤੇ ਆ ਰਿਹਾ ਹੈ?' ਜਦੋਂ ਮੈਂ ਇਹ ਕਿਹਾ ਕਿ ਨਾ ਮੇਰਾ ਕੋਈ ਰਾਜਨੀਤਕ ਤੇ ਨਾ ਕੋਈ ਆਰਥਿਕ ਪਿਛੋਕੜ ਹੈ, ਮੈਂ ਇਕ ਸਧਾਰਨ ਸਕੂਲ ਅਧਿਆਪਕ ਅਤੇ ਛੋਟਾ ਮੋਟਾ ਲੇਖਕ ਹਾਂ, ਤਾਂ ਉਹਦਾ ਜਵਾਬ ਸੀ, 'ਕਮਾਲ ਹੈ ਇਹ ਵੀ ਪਹਿਲੀ ਵਾਰ ਸੁਣਿਆ ਹੈ ਕਿ ਗਵਰਨਰ ਇਕ ਸਧਾਰਨ ਮਨੁੱਖ ਦੇ ਸੱਦੇ ਤੇ ਆ ਰਿਹਾ ਹੈ।'

ਯੁੱਧਵੀਰ ਮਾਣਕ ਨੂੰ ਦੂਰਦਰਸ਼ਨ ਦੇ 'ਝਿਲਮਿਲ ਤਾਰੇ' ਪ੍ਰੋਗਰਾਮ ਵਿਚ ਨਿਰਮਾਤਾ ਓ ਪੀ ਸਾਰੰਗਲ ਰਾਹੀਂ ਪੇਸ਼ ਕੀਤਾ, ਹਾਲਾਂਕਿ ਕੁਲਦੀਪ ਮਾਣਕ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪਹਿਲੀ ਵਾਰ ਸੀ ਕਿ 'ਘੁੰਮ ਨੀ ਭੰਬੀਰੀਏ ਘੁੰਮ ਘੁੰਮ ਘੁੰਮ' ਗਾਉਣ ਨਾਲ ਯੁੱਧਵੀਰ ਚੰਗੇ ਭਲੇ ਗਾਇਕਾਂ ਦੇ ਬਰਾਬਰ ਆਣ ਖੜਾ ਹੋਇਆ ਸੀ। ਮੇਰੀ ਮਾਣਕ ਨਾਲ ਦੋਸਤੀ ਹੀ ਨਹੀਂ ਬਲਕਿ ਉਹਦੇ ਪੁੱਤਰ ਨੇ ਜਦੋਂ 'ਕਾਤਲ ਕੋਕਾ ਕਤਲ ਕਰਾ ਦੂ' ਐਲਬਮ ਤੋਂ ਬਾਅਦ ਪਹਿਲਾ ਪੇਸ਼ਾਵਰ ਪ੍ਰੋਗਰਾਮ ਬਲਾਚੌਰ ਵਿਆਹ 'ਤੇ ਪੇਸ਼ ਕੀਤਾ ਤਾਂ ਉਹ ਵੀ ਪਹਿਲੀ ਵਾਰ ਮੈਂ ਹੀ ਬੁੱਕ ਕਰਵਾਇਆ ਸੀ। 1990 ਵਿਚ ਮਾਹਿਲਪੁਰ ਸ਼ੌਂਕੀ ਮੇਲੇ ਤੇ ਪਹਿਲੀ ਵਾਰ ਜਦੋਂ ਬਿੰਦਰਖੀਏ ਦੀ ਐਂਟਰੀ ਹੋਈ ਤਾਂ ਯੁੱਧਵੀਰ ਤੇ ਮਾਸਟਰ ਸਲੀਮ ਨੂੰ ਮੈਂ ਕੁੱਛੜ ਚੁੱਕ ਕੇ ਗਵਾਇਆ ਸੀ।

ਕੋਈ ਮੰਨੇ ਜਾ ਨਾ ਮੰਨੇ ਕਿ 1990 ਤੇ 91 ਵਿਚ ਪਹਿਲੀ ਵਾਰ ਢਾਡੀ ਅਮਰ ਸਿੰਘ ਸ਼ੌਂਕੀ ਟਰੱਸਟ ਦੇ ਸਹਿਯੋਗ ਨਾਲ ਰਮਾ ਰਤਨ ਦੀ ਅਗਵਾਈ ਹੇਠ ਮਾਹਿਲਪੁਰ ਤੋਂ ਜਲੰਧਰ ਤੱਕ ਚੱਲਣ ਵਾਲਾ ਬਾਲ ਕਾਫਲਾ ਦੋਵੇਂ ਵਾਰ ਮੇਰੇ ਯਤਨਾਂ ਨਾਲ ਹੀ ਸਫਲ ਰਿਹਾ ਸੀ ਭਾਵੇਂ ਕਿ ਇਸ ਕਾਫਲੇ ਵਿਚ ਕਮਲਜੀਤ ਨੀਲੋਂ ਨੂੰ 'ਸੌ ਜਾ ਬੱਬੂਆਂ ਮਾਣੋ ਬਿੱਲੀ ਆਈ ਆ' ਨਾਲੋਂ ਵੀ ਵੱਧ ਪ੍ਰਸਿਧੀ ਮਿਲੀ ਸੀ। ਪਰ ਇਹ ਸੱਚ ਹੈ ਕਿ 1991 ਵਿਚ ਜਦੋਂ ਅਸੀਂ ਇਹ ਬਾਲ ਕਾਫਲਾ ਅਜੀਤ ਭਵਨ ਵਿਚ ਸਮਾਪਤ ਕੀਤਾ ਤਾਂ ਮੇਰਾ ਸੁਝਾਅ ਅਣਗੌਲਿਆਂ ਹੀ ਕਰ ਦਿੱਤਾ ਗਿਆ ਕਿ ਜੇ ਭਾਸ਼ਾ ਵਿਭਾਗ, ਪੰਜਾਬ ਦਾ ਸਭਿਆਚਾਰਕ ਵਿਭਾਗ ਤੇ ਸਰਕਾਰਾਂ ਇਸ ਕਾਫਲੇ ਦੀ ਸਰਪ੍ਰਸਤੀ ਕਰਦੀਆਂ ਰਹਿੰਦੀਆਂ ਤਾਂ ਵਿਗਿਆਨਕ ਜਾਂ ਇਲੈਕਟ੍ਰਾਨਿਕ ਯੁੱਗ ਵਿਚ ਬੱਚਿਆਂ ਨੂੰ ਵਿਰਸੇ ਨਾਲ ਜੋੜਨ ਦਾ ਇਕ ਵੱਡਾ ਉਪਰਾਲਾ ਬਣਿਆ ਰਹਿ ਸਕਦਾ ਸੀ।

ਜਲੰਧਰ ਦੂਰਦਰਸ਼ਨ ਦਾ 102 ਕਿਸ਼ਤਾਂ ਦਾ ਨਿਜੀ ਪ੍ਰੋਗਰਾਮ 'ਸੰਦਲੀ ਦਰਵਾਜ਼ਾ' ਮੇਰੇ ਨਾਲ ਹੀ ਸ਼ੁਰੂ ਹੋਇਆ ਤੇ ਮੇਰੇ ਨਾਲ ਹੀ ਖਤਮ। ਕਹਿਣ ਤੋਂ ਭਾਵ ਪਹਿਲੀ ਵਾਰ ਸੀ ਕਿ ਜਲੰਧਰ ਦੂਰਦਰਸ਼ਨ ਦੇ ਲੜੀਵਾਰ ਪ੍ਰੋਗਰਾਮ ਦੀ ਸਾਰੀ ਪੇਸ਼ਕਾਰੀ ਕਿਸੇ ਇਕ ਹੀ ਸੰਚਾਲਕ ਨੇ ਕੀਤੀ ਹੋਵੇ।

ਕੁਝ ਹੋਰ ਦਿਲਚਸਪ ਗੱਲਾਂ ਜੋ ਸ਼ਾਇਦ ਪੰਜਾਬੀ ਗਾਇਕੀ ਦੇ ਅੰਕੜਿਆਂ ਵਿਚ ਖਾਸ ਹੀ ਰਹਿਣਗੀਆਂ;

ਸੰਗੀਤ ਸਮਰਾਟ ਚਰਨਜੀਤ ਅਹੂਜਾ ਨੂੰ ਪਹਿਲੀ ਵਾਰ ਪੰਜਾਬ ਦੇ ਕਿਸੇ ਪੇਂਡੂ ਲੋਕ ਮੇਲੇ ਤੇ ਮੈਂ ਹੀ ਲੈ ਕੇ ਆਇਆ ਸਾਂ ਤੇ ਇਹ ਘਟਨਾ 1994 ਦੇ ਸ਼ੌਂਕੀ ਮੇਲੇ ਦੀ ਹੈ। ਇਸੇ ਵਰ੍ਹੇ ਪਹਿਲੀ ਵਾਰ ਹੀ ਸੀ ਕਿ ਕਿਸੇ ਸਭਿਆਚਾਰਕ ਮੇਲੇ 'ਤੇ ਗੁਰਦਾਸ ਮਾਨ ਨੂੰ ਛੱਡ ਕੇ ਪੰਜਾਬ ਦੇ ਸਾਰੇ ਗਾਇਕ, ਢਾਡੀ, ਕਵੀਸ਼ਰ ਅਤੇ ਨਵੇਂ ਪੁਰਾਣੇ ਗੀਤਕਾਰ ਇੱਕੋ ਹੀ ਮੰਚ ਤੇ ਇਕੱਠੇ ਹੋਏ ਸਨ। ਜਲੰਧਰ ਦੂਰਦਰਸ਼ਨ 'ਤੇ 'ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾ ਕੀ ਜਾਣੇ' ਗਾਉਣ ਵਾਲੇ ਸਭ ਤੋਂ ਸੁਰੀਲੇ ਗਾਇਕ ਪ੍ਰੋ. ਸਰੂਪ ਸਿੰਘ ਸਰੂਪ ਨੂੰ ਬੁੱਢੇ ਵਾਰੇ ਪੇਸ਼ ਕਰਨ ਦਾ ਵੀ ਮੇਰਾ ਹੀ ਸਫਲ ਯਤਨ ਸੀ। ਮੈਨੂੰ ਮਾਣ ਹੈ ਕਿ ਮੈਂ ਵਰਾਇਟੀ ਪ੍ਰੋਗਰਾਮ 'ਲਿਸ਼ਕਾਰਾ' ਵਿਚ ਉਸਤਾਦ ਗਜ਼ਲਗੋ ਸ਼ਾਇਰ ਦੀਪਕ ਜੈਤੋਈ ਨੂੰ ਵੀ ਪਹਿਲੀ ਵਾਰੀ ਪੇਸ਼ ਕਰਨ ਵਿਚ ਸਫਲ ਹੋਇਆ ਸਾਂ।

ਸਿੱਖ ਇਤਿਹਾਸ ਨੂੰ ਧਾਰਮਿਕ ਗੀਤਾਂ ਰਾਹੀਂ ਪੇਸ਼ ਕਰਨ ਵਾਲੀ ਮਹਾਨ ਸ਼ਾਇਰਾਨਾ ਕਲਮ ਚਰਨ ਸਿੰਘ ਸਫਰੀ ਵੀ ਪਹਿਲੀ ਵਾਰੀ 'ਲਿਸ਼ਕਾਰਾ' ਪ੍ਰੋਗਰਾਮ ਦਾ ਜਦੋਂ ਹਿੱਸਾ ਬਣਿਆ ਤਦ ਉਹਨੇ ਕਿਹਾ ਸੀ ਕਿ ਸਾਰੀ ਉਮਰ 'ਚ ਪਹਿਲੀ ਵਾਰੀ ਨਿੱਕੇ ਪਰਦੇ ਤੇ ਆਪਣੀ ਤਸਵੀਰ ਦੇਖਣ ਦਾ ਚਾਅ ਪੂਰਾ ਅਸ਼ੋਕ ਜ਼ਰੀਏ ਕਰ ਲਿਆ ਹੈ।

ਚਮਕੀਲੇ ਨੂੰ ਖਾੜਕੂ ਸਫਾਂ ਵਿਚ ਵੀ ਪਹਿਲੀ ਵਾਰੀ ਹੱਥ ਜੋੜਨ ਦਾ ਮਾਹੌਲ ਸਿਰਜ ਕੇ ਦਿੱਤਾ ਸੀ ਤੇ ਮੈਂ ਪਹਿਲੀ ਵਾਰੀ ਜਲੰਧਰ ਦੂਰਦਰਸ਼ਨ ਦੇ ਡਾਇਰੈਕਟਰ ਐਮ ਜੀ ਗੌਤਮ ਮੂਹਰੇ ਹੱਥ ਜੋੜੇ ਸਨ ਕਿ 'ਐਵੇਂ ਨਾ ਜਿੰਦੇ ਮਾਣ ਕਰੀਂ' ਜਾਂ 'ਪਾਣੀ ਦਿਆ ਬੁਲਬੁਲਿਆ' ਵਰਗੇ ਗੀਤ ਤਾਂ ਟੀ ਵੀ 'ਤੇ ਪੇਸ਼ ਕੀਤੇ ਜਾ ਸਕਦੇ ਹਨ ਜੇ ਉਹਦੇ ਦੋਗਾਣਿਆਂ ਨੂੰ ਨਹੀਂ ਪੇਸ਼ ਕਰਨਾ? ਪਰ ਮੈਨੂੰ ਦੁੱਖ ਰਹੇਗਾ ਕਿ ਮੈਂ ਦੋਹਾਂ ਹੀ ਕੰਮਾਂ ਵਿਚ ਸਫਲ ਨਹੀਂ ਹੋ ਸਕਿਆ।

ਪਾਲੀ ਦੇਤਵਾਲੀਆ, ਬਲਕਾਰ ਸਿੱਧੂ, ਗੋਰਾ ਚੱਕ ਵਾਲਾ ਜਿਹੇ ਮੁੰਡਿਆ ਨੂੰ 'ਕਾਵਿ ਸ਼ਾਰ' ਪ੍ਰੋਗਰਾਮ 'ਚ ਬੀ ਡੀ ਸਵਿਤੋਜ ਨਾਲ ਬੜੇ ਮਾਣ ਪੇਸ਼ ਕਰਨ ਦਾ ਪਹਿਲੀ ਵਾਰੀ ਮੌਕਾ ਲੈ ਕੇ ਦਿੱਤਾ। ਇਹ ਵੀ ਸ਼ਾਇਦ ਪਹਿਲੀ ਵਾਰੀ ਸੀ ਕਿ ਮੈਂ ਅਮਰਜੋਤ ਨੂੰ ਆਲ ਇੰਡੀਆ ਰੇਡੀਓ ਸਟੇਸ਼ਨ 'ਤੇ ਲੈ ਕੇ ਗਿਆ ਪਰ ਆਡੀਸ਼ਨ ਵਾਸਤੇ ਬਲਬੀਰ ਸਿੰਘ ਕਲਸੀ ਨੇ ਉਸ ਨੂੰ ਸੁਣਿਆ ਹੀ ਨਹੀਂ। ਕਾਰਨ ਸੀ, ਕਲਸੀ ਦੇ ਮਨ ਵਿਚ ਉਨ੍ਹਾਂ ਦੀ ਗਾਇਨ ਸ਼ੈਲੀ ਪ੍ਰਤੀ ਰੋਸ ਛਲਕਦਾ ਰਹਿੰਦਾ ਸੀ। ਹੰਸ ਰਾਜ ਹੰਸ ਦੀ ਟੀਮ ਵਿਚ ਕੰਮ ਕਰਨ ਵਾਲੇ ਮੇਵੀ ਲਾਲ (ਗਾਇਕਾ ਰੰਜਨਾ ਦਾ ਪਤੀ) ਸਮੇਤ ਤਿੰਨ ਮਿਊਜ਼ੀਸ਼ਅਨ ਅਜਿਹੇ ਸਨ ਜਿਨ੍ਹਾਂ ਦੇ ਦਰਜਨਾਂ ਵਾਰ ਰਿਫਿਊਜ਼ ਹੋ ਚੁੱਕੇ ਵੀਜ਼ਿਆਂ ਤੋਂ ਬਾਅਦ ਮੇਰੀਆਂ ਕੋਸ਼ਿਸ਼ਾਂ ਨਾਲ ਯੂਰਪ ਦਾ ਵੀਜ਼ਾ ਮਿਲਣ ਤੋਂ ਬਾਅਦ ਮੈਂ ਹੰਸ ਰਾਜ ਹੰਸ ਨੂੰ ਦਿੱਲੀ ਦੇ ਯੂ ਪੀ ਭਵਨ 'ਚ ਇਹ ਕਹਿੰਦਿਆਂ ਕਿ 'ਸਾਲਿਓ ਤਿੰਨੇ ਪਓ ਭੌਰੇ ਦੇ ਪੈਰੀਂ ਜਿਹਨੇ ਤੁਹਾਨੂੰ ਪਹਿਲੀ ਵਾਰ ਜਹਾਜ਼ ਚੜ੍ਹਨ ਦਾ ਸੁਪਨਾ ਪੂਰਾ ਕਰਕੇ ਵਿਖਾਇਆ' ਕੰਨੀਂ ਸੁਣਿਆ।

ਪੰਜਾਬੀ ਰੰਗ ਮੰਚ ਦੀ ਸਤਿਕਾਰਯੋਗ ਹਸਤੀ ਭਾਅ ਜੀ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਨਾਲ ਮੈਂ ਲੰਬਾ ਸਮਾ ਜੁੜਿਆ ਰਿਹਾ। ਉਹਨੂੰ ਸ਼ੌਂਕੀ ਮੇਲੇ ਤੇ ਆਉਣ ਲਈ ਬੇਨਤੀ ਕਰਦਾ ਰਿਹਾ, ਚੰਡੀਗੜ੍ਹ ਵਾਲੇ ਨਰਿੰਦਰ ਨਿੰਦੀ ਦਾ ਸੰਗੀਤਕ ਬੈਲੇ 'ਮਿਰਜ਼ਾ ਸਾਹਿਬਾਂ' ਕਰਵਾ ਕੇ ਵੇਖ ਲਿਆ, ਜਸਵੰਤ ਖਟਕੜ ਦੇ ਨਿਰਦੇਸ਼ਨ 'ਚ ਅਜਮੇਰ ਔਲਖ ਦਾ ਨਾਟਕ 'ਬੇਗਾਨੇ ਬੋਹੜ ਦੀ ਛਾਂ' ਦਾ ਵੀ ਮੰਚਨ ਕਰਵਾਇਆ ਪਰ ਭਾਅ ਜੀ ਗੁਰਸ਼ਰਨ ਸਿੰਘ ਨੇ ਮੇਰੀ ਬੇਨਤੀ 1993 'ਚ ਆ ਕੇ ਮੰਨੀ ਤੇ ਅਸੀਂ ਮਾਹਿਲਪੁਰ ਦੀ ਧਰਤੀ 'ਤੇ ਭਾਈ ਮੰਨਾ ਸਿੰਘ ਦੇ ਨਾਟਕ ਸ਼ੌਂਕੀ ਮੇਲੇ 'ਤੇ ਕਰਵਾਉਣ ਵਿਚ ਪਹਿਲੀ ਵਾਰ ਸਫਲ ਹੋ ਗਏ।

ਸਭਿਆਚਾਰਕ ਖੇਤਰ ਵਿਚ ਵਿਚਰਦਿਆਂ ਜਿਹੜਾ ਸਭ ਤੋਂ ਵੱਡਾ ਧੋਖੇਬਾਜ਼ੀ ਦਾ ਖੇਡ ਮੇਰੇ ਨਾਲ ਪਹਿਲੀ ਵਾਰ ਖੇਡਿਆ ਗਿਆ, ਉਹ ਕਿੱਸਾ ਵੀ ਸੁਣੋ। ਇਹ ਹੈ, 1994 'ਚ ... ਨਾਂ ਦੀ ਨਕਲੀ ਪਹਿਲਵਾਨ ਔਰਤ ਵਲੋਂ ਮੁਟਿਆਰਾਂ ਦੀਆਂ ਨਕਲੀ ਕੁਸ਼ਤੀਆਂ ਕਰਵਾਉਣੀਆਂ 'ਤੇ ਭਾਂਡਾ ਦੋ ਸਾਲ ਬਾਅਦ ਫੁੱਟਣਾ, ਜਦੋਂ ਮੈਨੂੰ ਪਤਾ ਲੱਗਾ ਕਿ ਪੱਚੀ ਤੋਂ ਤੀਹ ਕੁੜੀਆਂ ਇਸ ਡਰਾਮੇ ਜ਼ਰੀਏ ਦੁਨੀਆਂ ਦੇ ਇਕ ਵੱਡੇ ਮੁਲਕ ਵਿਚ ਲੈ ਕੇ ਜਾਣ ਵਿਚ ਉਹ ਚਲਾਕ ਬੀਬੀ ਸਫਲ ਹੋ ਗਈ ਸੀ। ਪਹਿਲੀ ਵਾਰ ਸ਼ਾਇਦ ਕਿਸੇ ਸਭਿਆਚਾਰਕ ਮੇਲੇ 'ਚ ਸ਼ੈਤਾਨੀ ਦੀ ਖੇਡ ਖੇਡੀ ਗਈ ਪਰ ਧੰਨਭਾਗ ਹੀ

(ਬਾਕੀ ਸਫਾ 27 ਉਤੇ)



*ਅਜੀਤ ਭਵਨ 'ਚ ਅਸ਼ੋਕ ਭੌਰਾ, ਪਰਮਿੰਦਰ ਸੰਧੂ ਤੇ ਡਾ. ਬਰਜਿੰਦਰ ਸਿੰਘ ਹਮਦਰਦ*

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਬਿੱਲੀਆਂ ਜਾਗ ਪਈਆਂ

ਮੂਰਖ ਬਿੱਲੀਆਂ ਬਾਂਦਰ ਨੇ ਸੀ ਹੁਣ ਤੱਕ ਖੂਬ ਲੜਾਈਆਂ,
ਤਾਂ ਹੀ ਬੁਝਾਉਣੀਆਂ ਔਖੀਆਂ ਹੋਈਆਂ ਹੱਥੀਂ ਜਿਹੜੀਆਂ ਲਾਈਆਂ।
ਉਚੀ ਉਚੀ ਰੋਵੇ ਬਾਂਦਰ ਸੁਣਦਾ ਨਹੀਂ ਕੋਈ ਧਾਹਾਂ,
ਵਖਤ ਪਏ 'ਤੇ ਗਲ ਨਾ ਲੱਗਣ ਆਪਣੀਆਂ ਹੀ ਬਾਹਾਂ।
ਭਾਵੇਂ ਵੇਖੋ 'ਕੱਠੇ ਹੋ ਗਏ ਛੋਟੇ ਵੱਡੇ ਸਾਰੇ,
'ਮਿਆਊਂ' ਦੀ ਥਾਂ ਬਿੱਲੀ ਦੇ ਵੀ ਵੱਜਦੇ ਨੇ ਲਲਕਾਰੇ।
ਠਹਿਰ ਜਾ ਮਾਮਾ ਹੁਣ ਨੀ ਛੱਡਦੀਆਂ ਪੇਚ ਅਕਲ ਦੇ ਖੁੱਲ੍ਹੇ,
ਅੱਗਾਂ ਲਾ ਕੇ ਫਿਰੇ ਭਾਲਦਾ ਠੰਡੀ 'ਵਾ ਦੇ ਬੁੱਲ੍ਹੇ।
ਐਵੇਂ ਤੇਰੀ ਫਿਰਦੀ ਰਹੀ ਏ ਪਾਣੀ ਵਿਚ ਮਧਾਣੀ,
ਖੂਬ ਚਲਾਈਆਂ ਚੰਮ ਦੀਆਂ, ਹੁਣ ਚੰਮ ਦੀ ਪੈਣੀ ਖਾਣੀ।
ਬਾਂਦਰ ਸੋਚੇ ਕੀ ਬਣੂਗਾ, ਕੀ ਹੁਣ ਬਣਤ ਬਣਾਈਏ?
ਰਾਜਨੀਤੀ ਕੋਈ ਨਵੀਂ ਖੇਡ ਕੇ ਬਿੱਲੀਆਂ ਪਿੱਛੇ ਲਾਈਏ।
ਕਿਉਂ ਤੜਕੇ ਦਾ ਘੁੱਗੂ ਬੋਲੇ ਸੁੱਖ ਨਾ 'ਭੌਰੇ' ਜਾਪੇ,
ਆਪੇ ਮਰ ਗਏ, ਆਪੇ ਰੋਂਦੇ, ਆਪੇ ਕਰਨ ਸਿਆਪੇ।

ਭਗਤ ਸਿੰਘ ਦੀ ਕਲਮ ਤੋਂ



# ਸ਼ਹੀਦ ਕਰਤਾਰ ਸਿੰਘ ਸਰਾਭਾ

***ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਗੁਰੂ, ਸਾਥੀ ਅਤੇ ਭਰਾ ਮੰਨਦੇ ਸਨ। ਸਰਾਭਾ ਪ੍ਰੇਰਨਾ ਬਣ ਕੇ ਉਸ ਦੀਆਂ ਰਗਾਂ ਵਿਚ ਖੂਨ ਦੇ ਨਾਲ-ਨਾਲ ਵਗ ਰਿਹਾ ਸੀ। ਸਰਾਭੇ ਦੀ ਕੁਰਬਾਨੀ ਬਾਰੇ ਭਗਤ ਸਿੰਘ ਦਾ ਲਿਖਿਆ ਇਹ ਲੇਖ ਇਤਿਹਾਸਕ ਮਹੱਤਤਾ ਰੱਖਦਾ ਹੈ। ਸਰਾਭੇ ਦੇ ਸ਼ਹੀਦੀ ਦਿਨ (16 ਨਵੰਬਰ) ਮੌਕੇ ਅਸੀਂ ਇਹ ਲੇਖ ਛਾਪ ਰਹੇ ਹਾਂ। ਲੇਖ ਰਤਾ ਕੁ ਸੰਖੇਪ ਕੀਤਾ ਗਿਆ ਹੈ। -ਸੰਪਾਦਕ***

ਰਣਚੰਡੀ ਦੇ ਇਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਵੀਹਾਂ ਸਾਲਾਂ ਦੀ ਵੀ ਨਹੀਂ ਹੋਈ ਸੀ ਕਿ ਜਦ ਉਨ੍ਹਾਂ ਨੇ ਸੁਤੰਤਰਤਾ ਦੇਵੀ ਦੀ ਬਲੀ ਵੇਦੀ ਉਤੇ ਕੁਰਬਾਨੀ ਦੇ ਦਿੱਤੀ। ਹਨੇਰੀ ਵਾਂਗ ਉਹ ਇਕਦਮ ਕਿਤਿਓਂ ਆਏ, ਅੱਗ ਭੜਕਾਈ ਤੇ ਸੁਪਨਿਆਂ ਵਿਚ ਪਈ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਬਗਾਵਤ ਦਾ ਯੱਗ ਰਚਿਆ ਅਤੇ ਆਖਰ ਉਹ ਆਪ ਖੁਦ ਇਸ ਵਿਚ ਭਸਮ ਹੋ ਗਏ। 19 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੇ ਇੰਨੇ ਕੰਮ ਕਰ ਦਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਜੁਰਅੱਤ, ਐਨਾ ਆਤਮ-ਵਿਸ਼ਵਾਸ, ਐਨਾ ਆਤਮ-ਤਿਆਗ ਅਤੇ ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ। ਭਾਰਤ ਵਿਚ ਅਜਿਹੇ ਇਨਸਾਨ ਬਹੁਤ ਘੱਟ ਪੈਦਾ ਹੋਏ ਹਨ ਜਿਨ੍ਹਾਂ ਨੂੰ ਕਿ ਸਹੀ ਅਰਥਾਂ ਵਿਚ ਬਾਗੀ ਆਖਿਆ ਜਾ ਸਕਦਾ ਹੈ। ਪ੍ਰੰਤੂ ਇਨ੍ਹਾਂ ਗਿਣਿਆਂ-ਮਿਣਿਆਂ ਆਗੂਆਂ ਵਿਚ ਕਰਤਾਰ ਸਿੰਘ ਦਾ ਨਾਂ ਸੂਚੀ ਦੇ ਉਪਰ ਹੈ। ਉਨ੍ਹਾਂ ਦੀ ਰਗ-ਰਗ ਵਿਚ ਇਨਕਲਾਬ ਦਾ ਜਜ਼ਬਾ ਸਮਾਇਆ ਹੋਇਆ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਇਕੋ ਮਕਸਦ, ਇਕੋ ਖਾਹਿਸ਼ ਅਤੇ ਇਕੋ ਉਮੀਦ ਜੋ ਕੁਝ ਵੀ ਸੀ, ਇਨਕਲਾਬ ਹੀ ਸੀ।

ਆਪ ਦਾ ਜਨਮ 1896 ਵਿਚ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਆਪ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ। ਹਾਲੇ ਉਨ੍ਹਾਂ ਦੀ ਉਮਰ ਛੋਟੀ ਹੀ ਸੀ ਕਿ ਪਿਤਾ ਜੀ ਚਲਾਣਾ ਕਰ ਗਏ। ਆਪ ਦੇ ਦਾਦਾ ਨੇ ਬਹੁਤ ਜਤਨ ਕਰ ਕੇ ਆਪ ਨੂੰ ਪਾਲਿਆ। ਨੌਵੀਂ ਜਮਾਤ ਪੜ੍ਹਨ ਤੋਂ ਬਾਅਦ ਆਪਣੇ ਚਾਚੇ ਕੋਲ ਚਲੇ ਗਏ। ਇਹ 1910-11 ਦੇ ਦਿਨ ਸਨ। ਇਧਰ ਆਪ ਨੂੰ ਸਕੂਲ ਤੇ ਕਾਲਜ ਦੇ ਪਾਠ-ਕ੍ਰਮ ਦੇ ਤੰਗ ਘੇਰੇ ਤੋਂ ਬਾਹਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਇਹ ਅੰਦੋਲਨ ਦਾ ਜ਼ਮਾਨਾ ਸੀ। ਇਸ ਵਾਤਾਵਰਣ ਵਿਚ ਰਹਿ ਕੇ ਆਪ ਦਾ ਦੇਸ਼ ਪ੍ਰੇਮ ਦਾ ਜਜ਼ਬਾ ਭੜਕਿਆ।

ਇਸ ਤੋਂ ਬਾਅਦ ਆਪ ਦੀ ਅਮਰੀਕਾ ਜਾਣ ਦੀ ਖਾਹਿਸ਼ ਹੋਈ। ਘਰਦਿਆਂ ਨੇ ਉਸ ਦਾ ਕੋਈ ਵਿਰੋਧ ਨਾ ਕੀਤਾ। ਆਪ ਨੂੰ ਅਮਰੀਕਾ ਭੇਜ ਦਿੱਤਾ ਗਿਆ। ਸੰਨ 1912 ਵਿਚ ਆਪ ਸਾਨਫਰਾਂਸਿਸਕੋ ਦੀ ਬੰਦਰਗਾਹ 'ਤੇ ਪਹੁੰਚੇ। ਆਜ਼ਾਦ ਦੇਸ਼ ਵਿਚ ਜਾ ਕੇ ਕਦਮ-ਕਦਮ 'ਤੇ ਆਪ ਦੇ ਕੋਮਲ ਦਿਲ ਉਤੇ ਚੋਟ ਲੱਗਣ ਲੱਗੀ। ਇਨ੍ਹਾਂ ਗੋਰਿਆਂ ਦੀ ਜ਼ਬਾਨ ਤੋਂ ਡੈਮ ਹਿੰਦੂ (ਨਖਿੱਧ ਹਿੰਦੂ) ਅਤੇ ਬਲੈਕਮੈਨ (ਕਾਲੇ ਆਦਮੀ) ਆਦਿ ਸੁਣਦੇ ਹੀ ਉਹ ਪਾਗਲ ਹੋ ਉਠਦੇ ਸਨ। ਉਨ੍ਹਾਂ ਨੂੰ ਪੈਰ-ਪੈਰ 'ਤੇ ਦੇਸ਼ ਦੀ ਇੱਜ਼ਤ ਤੇ ਮਾਣ ਖਤਰੇ ਵਿਚ ਨਜ਼ਰ ਆਉਣ ਲੱਗੇ। ਘਰ ਯਾਦ ਆਉਣ 'ਤੇ ਜ਼ੰਜੀਰਾਂ ਵਿਚ ਜਕੜਿਆਂ ਹੋਇਆ ਬੇਵੱਸ ਭਾਰਤ ਸਾਹਮਣੇ ਆ ਜਾਂਦਾ। ਉਨ੍ਹਾਂ ਦਾ ਕੋਮਲ ਦਿਲ ਹੌਲੀ-ਹੌਲੀ ਸਖਤ ਹੋਣ ਲੱਗਾ ਅਤੇ ਦੇਸ਼ ਦੀ ਆਜ਼ਾਦੀ ਲਈ ਜ਼ਿੰਦਗੀ ਕੁਰਬਾਨ ਕਰਨ ਦਾ ਇਰਾਦਾ ਮਜ਼ਬੂਤ ਹੁੰਦਾ ਗਿਆ।

ਹਰ ਵੇਲੇ ਉਨ੍ਹਾਂ ਦੇ ਸਾਹਮਣੇ ਇਹੀ ਸਵਾਲ ਆਉਣ ਲੱਗਾ ਕਿ ਜੇ ਸ਼ਾਂਤੀ ਨਾਲ ਕੰਮ ਨਾ ਚੱਲਿਆ ਤਾਂ ਦੇਸ਼ ਕਿਸ ਤਰ੍ਹਾਂ ਆਜ਼ਾਦ ਹੋਵੇਗਾ? ਫਿਰ ਉਨ੍ਹਾਂ ਨੇ ਭਾਰਤੀ ਮਜ਼ਦੂਰਾਂ ਦੀ ਜਥੇਬੰਦੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਚ ਆਜ਼ਾਦੀ ਦਾ ਜਜ਼ਬਾ ਉਭਰਨ ਲੱਗਾ। ਹਰ ਇਕ ਕੋਲ ਘੰਟਿਆਂ-ਬੱਧੀ ਬੈਠ ਕੇ ਸਮਝਾਉਣ ਲੱਗੇ ਕਿ ਬੇਇੱਜ਼ਤੀ ਨਾਲ ਭਰੀ ਹੋਈ ਜ਼ਿੰਦਗੀ ਜਿਉਣ ਨਾਲੋਂ ਤਾਂ ਮੌਤ ਹਜ਼ਾਰ ਦਰਜੇ ਚੰਗੀ ਹੈ। ਕੰਮ ਸ਼ੁਰੂ ਹੋਣ 'ਤੇ ਹੋਰ ਲੋਕ ਵੀ ਉਨ੍ਹਾਂ ਨਾਲ ਆ ਮਿਲੇ। ਮਈ 1912 ਵਿਚ ਇਨ੍ਹਾਂ ਲੋਕਾਂ ਦੀ ਇਕ ਖਾਸ ਮੀਟਿੰਗ ਹੋਈ। ਇਸ ਵਿਚ ਕੁਝ ਚੁਣੇ ਹੋਏ ਹਿੰਦੁਸਤਾਨੀ ਸ਼ਾਮਲ ਹੋਏ। ਸਾਰਿਆਂ ਨੇ ਦੇਸ਼ ਦੀ ਆਜ਼ਾਦੀ ਉਤੋਂ ਤਨ, ਮਨ, ਧਨ ਨਿਛਾਵਰ ਕਰਨ ਦਾ ਪ੍ਰਣ ਕੀਤਾ। ਇਨ੍ਹੀਂ ਦਿਨੀਂ ਪੰਜਾਬ ਦੇ ਜਲਾਵਤਨ ਦੇਸ਼ ਭਗਤ ਭਗਵਾਨ ਸਿੰਘ ਉਥੇ ਪਹੁੰਚੇ। ਧੜਾਧੜ ਜਲਸੇ ਹੋਣ ਲੱਗੇ। ਉਪਦੇਸ਼ ਹੋਣ ਲੱਗੇ। ਕੰਮ 'ਤੇ ਕੰਮ ਹੁੰਦਾ ਗਿਆ। ਮੈਦਾਨ ਤਿਆਰ ਹੋ ਗਿਆ। ਫਿਰ ਅਖਬਾਰ ਦੀ ਜ਼ਰੂਰਤ ਮਹਿਸੂਸ ਹੋਣ ਲੱਗੀ। 'ਗਦਰ' ਨਾਮੀ ਅਖਬਾਰ ਕੱਢਿਆ ਗਿਆ। ਇਸ ਦੇ ਐਡੀਟੋਰੀਅਲ ਸਟਾਫ਼ ਵਿਚ ਕਰਤਾਰ ਸਿੰਘ ਵੀ ਸਨ। ਆਪ ਦੀ ਕਲਮ ਵਿਚ ਅਥਾਹ ਜੋਸ਼ ਸੀ। ਅਖਬਾਰ ਨੂੰ ਐਡੀਟੋਰੀਅਲ ਦੇ ਮੈਂਬਰ ਹੈਂਡ ਪ੍ਰੈਸ 'ਤੇ ਛਾਪਦੇ ਸਨ। ਕਰਤਾਰ ਸਿੰਘ ਮਤਵਾਲੇ ਇਨਕਲਾਬ ਪਸੰਦ ਨੌਜਵਾਨ ਸਨ। ਪ੍ਰੈਸ ਚਲਾਉਂਦਿਆਂ ਥੱਕ ਜਾਣ 'ਤੇ ਉਹ ਗੀਤ ਗਾਇਆ ਕਰਦੇ ਸਨ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,  
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।  
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,  
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਕਰਤਾਰ ਸਿੰਘ ਲਗਨ ਨਾਲ ਮਿਹਨਤ ਕਰਦੇ ਸਨ, ਇਸ ਨਾਲ ਸਭ ਦਾ ਹੌਸਲਾ ਵਧ ਜਾਂਦਾ ਸੀ। ਭਾਰਤ ਨੂੰ ਕਿਸ ਤਰ੍ਹਾਂ ਆਜ਼ਾਦ ਕਰਵਾਇਆ ਜਾਵੇ? ਇਹ ਕਿਸੇ ਹੋਰ ਨੂੰ ਪਤਾ ਹੋਵੇ ਜਾਂ ਨਾ ਹੋਵੇ, ਕਿਸੇ ਨੇ ਇਸ ਸਵਾਲ 'ਤੇ ਸੋਚ ਵਿਚਾਰ ਕੀਤੀ ਹੋਵੇ ਜਾਂ ਨਾ ਕੀਤੀ ਹੋਵੇ ਪਰ ਕਰਤਾਰ ਸਿੰਘ ਨੇ ਇਸ ਸਵਾਲ ਬਾਰੇ ਬਹੁਤ ਕੁਝ ਸੋਚ ਰੱਖਿਆ ਸੀ। ਇਸ ਦੌਰਾਨ ਆਪ ਨਿਊ ਯਾਰਕ ਵਿਚ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਭਰਤੀ ਹੋ ਗਏ ਜਿਥੇ ਦਿਲ ਲਗਾ ਕੇ ਕੰਮ ਸਿੱਖਣ ਲੱਗੇ।


ਸਤੰਬਰ 1914 ਵਿਚ ਕਾਮਾਗਾਟਾਮਾਰੂ ਜਹਾਜ਼ ਨੂੰ ਜ਼ਾਲਮ ਗੋਰਾਸ਼ਾਹੀ ਦੇ ਹੱਥੋਂ ਨਾ ਵਰਣਨਯੋਗ ਤਸੀਹੇ ਝੱਲਣ 'ਤੇ ਉਸੇ ਤਰ੍ਹਾਂ ਹੀ ਵਾਪਸ ਮੁੜਨਾ ਪਿਆ। ਤਦ ਸਾਡੇ ਕਰਤਾਰ ਸਿੰਘ, ਇਨਕਲਾਬ ਪਸੰਦ ਗੁਪਤਾ ਅਤੇ ਅਮਰੀਕਨ ਅਨਾਰਕਿਸਟ ਜੈਕ ਨੂੰ ਨਾਲ ਲੈ ਕੇ ਹਵਾਈ ਜਹਾਜ਼ 'ਤੇ ਜਪਾਨ ਆਏ ਅਤੇ ਕੋਬੇ ਵਿਚ ਬਾਬਾ ਗੁਰਦਿੱਤ ਸਿੰਘ ਨਾਲ ਮਿਲ ਕੇ ਗੱਲਬਾਤ ਕੀਤੀ। ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਦੇ ਗਦਰ ਪ੍ਰੈਸ ਵਿਚ 'ਗਦਰ' ਅਤੇ 'ਗਦਰ ਦੀ ਗੂੰਜ' ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਛਾਪ ਕੇ ਵੰਡੀਆਂ ਜਾਂਦੀਆਂ ਰਹੀਆਂ। ਦਿਨੋ-ਦਿਨ ਪ੍ਰਚਾਰ ਜ਼ੋਰਾਂ 'ਤੇ ਹੁੰਦਾ ਗਿਆ। ਜੋਸ਼ ਵਧਦਾ ਗਿਆ। ਫਰਵਰੀ 1914 ਵਿਚ ਸਟਾਕਟਨ ਦੇ ਆਮ ਜਲਸੇ ਵਿਚ ਆਜ਼ਾਦੀ ਦਾ ਝੰਡਾ ਲਹਿਰਾਇਆ ਗਿਆ ਅਤੇ ਆਜ਼ਾਦੀ ਤੇ ਬਰਾਬਰੀ ਦੇ ਨਾਂ 'ਤੇ ਕਸਮ ਖਾਧੀ ਗਈ। ਇਸ ਜਲਸੇ ਦੇ ਬੁਲਾਰਿਆਂ ਵਿਚ ਕਰਤਾਰ ਸਿੰਘ ਵੀ ਸਨ। ਸਾਰਿਆਂ ਨੇ ਐਲਾਨ ਕੀਤਾ ਕਿ ਉਹ ਆਪਣੇ ਖੂਨ ਪਸੀਨੇ ਦੀ ਕਮਾਈ ਇਕੱਠੀ ਕਰਕੇ ਮੁਲਕ ਦੀ ਅਜ਼ਾਦੀ ਦੀ ਜੱਦੋ-ਜਹਿਦ ਲਈ ਲਗਾ ਦੇਣਗੇ। ਇਸ ਤਰ੍ਹਾਂ ਦਿਨ ਗੁਜ਼ਰਦੇ ਰਹੇ। ਅਚਾਨਕ ਯੂਰਪ ਵਿਚ ਪਹਿਲੀ ਜੰਗ ਲੱਗਣ ਦੀ ਖਬਰ ਮਿਲੀ। ਉਹ ਇਕਦਮ ਗਾਉਣ ਲੱਗੇ ਪਏ:


ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ,  
ਇਹੋ ਆਖਰੀ ਵਚਨ ਤੇ ਫਰਮਾਨ ਹੋ ਗਏ।

ਕਰਤਾਰ ਸਿੰਘ ਦੇ ਦੇਸ਼ ਵਾਪਸ ਮੁੜਨ ਦਾ ਪ੍ਰਚਾਰ ਜ਼ੋਰਾਂ ਨਾਲ ਕੀਤਾ। ਫਿਰ ਆਪ ਵੀ ਜਹਾਜ਼ 'ਤੇ ਸਵਾਰ ਹੋ ਕੇ ਕੋਲੰਬੋ (ਲੰਕਾ) ਪਹੁੰਚ ਗਏ। ਇਨ੍ਹੀਂ ਦਿਨੀਂ ਅਮਰੀਕਾ ਤੋਂ ਪੰਜਾਬ ਆਉਣ ਵਾਲੇ ਆਮ ਤੌਰ 'ਤੇ ਡਿਫੈਂਸ ਆਫ਼ ਇੰਡੀਆ ਕਾਨੂੰਨ (ਡੀ.ਆਈ.ਆਰ.) ਦੀ ਪਕੜ ਵਿਚ ਆ ਜਾਂਦੇ ਸਨ। ਬਹੁਤ ਘੱਟ ਸਹੀ-ਸਲਾਮਤ ਪਹੁੰਚ ਸਕਦੇ ਸਨ। ਕਰਤਾਰ ਸਿੰਘ ਸਹੀ-ਸਲਾਮਤ ਆ ਪਹੁੰਚਿਆ। ਬੜੇ ਜ਼ੋਰਾਂ ਨਾਲ ਕੰਮ ਸ਼ੁਰੂ ਹੋਇਆ। ਸੰਗਠਨ ਦੀ ਕਮੀ ਸੀ, ਪ੍ਰੰਤੂ ਕਿਸੇ ਤਰ੍ਹਾਂ ਉਹ ਵੀ ਪੂਰੀ ਕੀਤੀ ਗਈ। ਦਸੰਬਰ 1914 ਵਿਚ ਮਰਹੱਟੇ ਨੌਜਵਾਨ ਵਿਸ਼ਣੂ ਗਣੇਸ਼ ਪਿੰਗਲੇ ਵੀ ਆ ਗਏ। ਇਨ੍ਹਾਂ ਦੀ ਕੋਸ਼ਿਸ਼ ਨਾਲ ਸ੍ਰੀ ਸ਼ਚਿੰਦਰਨਾਥ ਸਾਨਿਆਲ ਤੇ ਰਾਸ ਬਿਹਾਰੀ ਬੋਸ ਪੰਜਾਬ ਆਏ। ਕਰਤਾਰ ਸਿੰਘ ਹਰ ਸਮੇਂ ਹਰ ਥਾਂ ਹੁੰਦੇ। ਅੱਜ ਮੋਗੇ ਵਿਚ ਖੁਫ਼ੀਆ ਮੀਟਿੰਗ ਹੈ, ਆਪ ਉਥੇ ਵੀ ਹਨ। ਕੱਲ੍ਹ ਲਾਹੌਰ ਦੇ ਵਿਦਿਆਰਥੀਆਂ ਵਿਚ ਪ੍ਰਚਾਰ ਹੋ ਰਿਹਾ, ਆਪ ਫਿਰ ਅਗਲੀ ਕਤਾਰ ਵਿਚ ਹਨ। ਅਗਲੇ ਦਿਨ ਫਿਰੋਜ਼ਪੁਰ ਦੀ ਛਾਉਣੀ ਦੇ ਸਿਪਾਹੀਆਂ ਨਾਲ ਗਠਜੋੜ ਹੋ ਰਿਹਾ ਹੈ। ਫਿਰ ਹਥਿਆਰਾਂ ਲਈ ਕਲਕੱਤੇ ਜਾ ਰਹੇ ਹਨ। ਰੁਪਏ ਦੀ ਕਮੀ ਦਾ ਸਵਾਲ ਉਠਣ 'ਤੇ ਆਪ ਨੇ ਡਾਕਾ ਮਾਰਨ ਦੀ ਸਲਾਹ ਦਿੱਤੀ। ਡਾਕੇ ਦਾ ਨਾਂ ਸੁਣਦੇ ਹੀ ਬਹੁਤ ਸਾਰੇ ਲੋਕ ਹੱਕੇ-ਬੱਕੇ ਰਹਿ ਗਏ। ਪ੍ਰੰਤੂ ਆਪ ਨੇ ਕਹਿ ਦਿੱਤਾ, ਕੋਈ ਡਰ ਨਹੀਂ ਹੈ। ਭਾਈ ਪਰਮਾਨੰਦ ਵੀ ਡਾਕੇ ਨਾਲ ਸਹਿਮਤ ਹਨ।

ਇਕ ਦਿਨ ਉਹ ਡਾਕਾ ਮਾਰਨ ਇਕ ਪਿੰਡ ਗਏ, ਕਰਤਾਰ ਸਿੰਘ ਲੀਡਰ ਸਨ। ਘਰ ਵਿਚ ਇਕ ਖੂਬਸੂਰਤ ਕੁੜੀ ਵੀ ਸੀ। ਉਸ ਨੂੰ ਵੇਖ ਕੇ ਇਕ ਪਾਪੀ ਆਤਮਾ ਦਾ ਦਿਲ ਡੋਲ ਗਿਆ। ਉਸ ਨੇ ਲੜਕੀ ਦਾ ਹੱਥ ਜ਼ਬਰਦਸਤੀ ਫੜ ਲਿਆ। ਲੜਕੀ ਘਬਰਾ ਕੇ ਰੌਲਾ ਪਾਉਣ ਲੱਗੀ। ਇਕਦਮ ਕਰਤਾਰ ਸਿੰਘ ਰਿਵਾਲਵਰ ਤਾਣ ਕੇ ਉਸ ਦੇ ਨੇੜੇ ਪਹੁੰਚ ਗਏ ਅਤੇ ਉਸ ਆਦਮੀ ਦੇ ਮੱਥੇ ਉਤੇ ਪਿਸਤੌਲ ਰੱਖ ਕੇ ਉਸ ਨੂੰ ਨਿਹੱਥਾ ਕਰ ਦਿੱਤਾ ਅਤੇ ਫਿਰ ਕੜਕ ਕੇ ਬੋਲੇ, "ਪਾਪੀ! ਤੇਰਾ ਜੁਰਮ ਬਹੁਤ ਸੰਗੀਨ ਹੈ। ਤੈਨੂੰ ਸਜ਼ਾ-ਏ-ਮੌਤ ਮਿਲਣੀ ਚਾਹੀਦੀ ਹੈ, ਪਰ ਹਾਲਤਾਂ ਤੋਂ ਮਜਬੂਰ ਹੋ ਕੇ ਮੁਆਫ਼ ਕੀਤਾ ਜਾਂਦਾ ਹੈ। ਛੇਤੀ ਇਸ ਲੜਕੀ ਦੇ ਪੈਰੀਂ ਪੈ ਕੇ ਮੁਆਫ਼ੀ ਮੰਗ। ਜੇ ਤੈਨੂੰ ਉਹ ਮੁਆਫ਼ ਕਰ ਦੇਣ ਤਾਂ ਜ਼ਿੰਦਾ ਛੱਡਿਆ ਜਾਵੇਗਾ, ਵਰਨਾ ਗੋਲੀ ਨਾਲ ਉਡਾ ਦਿੱਤਾ ਜਾਵੇਂਗਾ।" ਉਸ ਨੇ ਇਸੇ ਤਰ੍ਹਾਂ ਕੀਤਾ।

ਇਹ ਵੇਖ ਕੇ ਮਾਂ-ਧੀ ਦੀਆਂ ਅੱਖਾਂ ਭਰ ਆਈਆਂ। ਮਾਂ ਨੇ ਕਰਤਾਰ ਸਿੰਘ ਨੂੰ ਕਿਹਾ, "ਬੇਟਾ, ਇਹੋ ਜਿਹੇ ਧਰਮਾਤਮਾ ਅਤੇ ਸੁਸ਼ੀਲ





*ਸ਼ਹੀਦ ਕਰਤਾਰ ਸਿੰਘ ਸਰਾਭਾ ਦੀਆਂ ਤਸਵੀਰਾਂ।*

ਨੌਜਵਾਨ ਹੋ ਕੇ ਤੁਸੀਂ ਇਸ ਕੰਮ ਵਿਚ ਕਿਸ ਤਰ੍ਹਾਂ ਸ਼ਾਮਲ ਹੋਏ?" ਕਰਤਾਰ ਸਿੰਘ ਨੇ ਕਿਹਾ, "ਮਾਂ ਜੀ! ਰੁਪਏ ਦੇ ਲੋਭ ਨਾਲ ਇਹ ਕੰਮ ਨਹੀਂ ਕਰਨਾ ਸ਼ੁਰੂ ਕੀਤਾ। ਆਪਣਾ ਸਭ ਕੁਝ ਦਾਅ 'ਤੇ ਲਗਾ ਕੇ ਡਾਕਾ ਮਾਰਨ ਆਏ ਹਾਂ। ਹਥਿਆਰ ਖਰੀਦਣ ਲਈ ਰੁਪਏ ਦੀ ਜ਼ਰੂਰਤ ਹੈ। ਇਸੇ ਮਹਾਨ ਕੰਮ ਲਈ ਅੱਜ ਇਹ ਕੰਮ ਕਰਨ 'ਤੇ ਮਜਬੂਰ ਹੋ ਗਏ ਹਾਂ।" ਫਰਵਰੀ 1015 ਵਿਚ ਬਗਾਵਤ ਦੀ ਤਿਆਰੀ ਸੀ। ਪਹਿਲੇ ਹਫਤੇ ਆਪ, ਪਿੰਗਲੇ ਅਤੇ ਦੂਜੇ ਦੋ-ਤਿੰਨ ਸਾਥੀਆਂ ਨਾਲ ਆਗਰਾ, ਕਾਨ੍ਹ ਪੁਰ, ਅਲਾਹਬਾਦ, ਲਖਨਊ, ਮੇਰਠ ਅਤੇ ਕਈ ਹੋਰ ਥਾਵਾਂ 'ਤੇ ਗਏ ਅਤੇ ਬਗਾਵਤ ਲਈ ਉਨ੍ਹਾਂ ਨਾਲ ਮੇਲ-ਮਿਲਾਪ ਕਰ ਆਏ। ਅਖੀਰ ਉਹ ਦਿਨ ਨੇੜੇ ਆਉਣ ਲੱਗਾ ਜਿਸ ਦਾ ਬੜੇ ਚਿਰ ਤੋਂ ਇੰਤਜ਼ਾਰ ਹੋ ਰਿਹਾ ਸੀ। 21 ਫਰਵਰੀ 1915 ਨੂੰ ਭਾਰਤ ਵਿਚ ਬਗਾਵਤ ਦਾ ਦਿਨ ਮੁਕੱਰਰ ਹੋਇਆ ਸੀ। ਇਸ ਦੇ ਮੁਤਾਬਕ ਤਿਆਰੀ ਹੋ ਰਹੀ ਸੀ। ਪ੍ਰੰਤੂ ਬਿਲਕੁਲ ਇਸ ਵੇਲੇ ਹੀ ਉਨ੍ਹਾਂ ਦੀਆਂ ਉਮੀਦਾਂ ਦੇ ਰੁੱਖ ਦੀ ਜੜ੍ਹ 'ਤੇ ਬੈਠਾ ਇਕ ਚੂਹਾ ਇਸ ਨੂੰ ਕੱਟ ਰਿਹਾ ਸੀ। ਚਾਰ-ਪੰਜ ਦਿਨ ਪਹਿਲਾਂ ਸ਼ੱਕ ਪੈ ਗਿਆ ਕਿ ਕਿਰਪਾਲ ਸਿੰਘ ਦੀ ਗੱਦਾਰੀ ਨਾਲ ਸਭ ਕੁਝ ਢਹਿ-ਢੇਰੀ ਹੋ ਜਾਏਗਾ। ਇਸ ਡਰ ਨਾਲ ਹੀ ਕਰਤਾਰ ਸਿੰਘ ਨੇ ਰਾਸ ਬਿਹਾਰੀ ਬੋਸ ਨੂੰ ਬਗਾਵਤ ਦੀ ਤਰੀਕ 21 ਫ਼ਰਵਰੀ ਦੀ ਬਜਾਏ 19 ਫਰਵਰੀ ਕਰਨ ਲਈ ਕਿਹਾ। ਇਸ ਤਰ੍ਹਾਂ ਹੋ ਜਾਣ ਦੀ ਵੀ ਕਿਰਪਾਲ ਸਿੰਘ ਨੂੰ ਸੂਹ ਪਹੁੰਚ ਗਈ। ਇਸ ਇਨਕਲਾਬੀ ਗਰੋਹ ਵਿਚ ਇਕ ਗੱਦਾਰ ਦੀ ਹੋਂਦ ਕਿੰਨੀ ਖਤਰਨਾਕ ਨਤੀਜੇ ਦਾ ਕਾਰਨ ਬਣੀ। ਰਾਸ ਬਿਹਾਰੀ ਬੋਸ ਤੇ ਕਰਤਾਰ ਸਿੰਘ ਵੀ ਕੋਈ ਮੁਨਾਸਬ ਇੰਤਜ਼ਾਮ ਨਾ ਹੋਣ ਕਰਕੇ ਆਪਣਾ ਭੇਤ ਨਾ ਛੁਪਾ ਸਕੇ।

ਕਰਤਾਰ ਸਿੰਘ ਪੰਜਾਹ-ਸੱਠ ਸਾਥੀਆਂ ਨਾਲ ਪਿਛਲੇ ਫੈਸਲੇ ਅਨੁਸਾਰ 19 ਫਰਵਰੀ ਨੂੰ ਫਿਰੋਜ਼ਪੁਰ ਜਾ ਪਹੁੰਚੇ। ਸਾਥੀ ਫੌਜੀ ਹੌਲਦਾਰ ਨੂੰ ਮਿਲੇ ਤੇ ਬਗਾਵਤ ਦੀ ਗੱਲ ਕੀਤੀ। ਪ੍ਰੰਤੂ ਕਿਰਪਾਲ ਸਿੰਘ ਨੇ ਤਾਂ ਸਾਰਾ ਮਾਮਲਾ ਪਹਿਲਾਂ ਹੀ ਤਿੱਤਰ-ਬਿੱਤਰ ਕਰ ਦਿੱਤਾ ਸੀ। ਹਿੰਦੁਸਤਾਨੀ ਸਿਪਾਹੀ ਨਿਹੱਥੇ ਕਰ ਦਿੱਤੇ ਗਏ। ਧੜਾਧੜ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਹੌਲਦਾਰ ਨੇ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ। ਕਰਤਾਰ ਸਿੰਘ ਦੀ ਕੋਸ਼ਿਸ਼ ਅਸਫ਼ਲ ਰਹੀ। ਨਿਰਾਸ਼ ਹੋ ਕੇ ਵਾਪਸ ਲਾਹੌਰ ਆ ਗਏ। ਪੰਜਾਬ ਭਰ ਵਿਚ ਗ੍ਰਿਫ਼ਤਾਰੀਆਂ ਦਾ ਚੱਕਰ ਤੇਜ਼ੀ ਨਾਲ ਚੱਲਣ ਲੱਗਾ। ਹੁਣ ਸਾਥੀ ਵੀ ਟੁੱਟਣ ਲੱਗੇ। ਇਹੋ ਜਿਹੀ ਹਾਲਤ ਵਿਚ ਰਾਸ ਬਿਹਾਰੀ ਬੋਸ ਮਾਯੂਸੀ ਦੀ ਹਾਲਤ ਵਿਚ ਲਾਹੌਰ ਦੇ ਇਕ ਮਕਾਨ ਵਿਚ ਲੇਟੇ ਹੋਏ ਸਨ। ਕਰਤਾਰ ਸਿੰਘ ਵੀ ਉਥੇ ਆ ਕੇ ਇਕ ਮੰਜੀ 'ਤੇ ਦੂਸਰੇ ਪਾਸੇ ਮੂੰਹ ਕਰਕੇ ਲੇਟ ਗਿਆ। ਆਪਸ ਵਿਚ ਕੋਈ ਗੱਲ ਨਾ ਕੀਤੀ। ਪ੍ਰੰਤੂ ਚੁੱਪਚਾਪ ਹੀ ਇਕ ਦੂਜੇ ਦੇ ਦਿਲ ਦੀ ਹਾਲਤ ਤਾੜ ਗਏ। ਇਨ੍ਹਾਂ ਦੀ ਹਾਲਤ ਦਾ ਅੰਦਾਜ਼ਾ ਅਸੀਂ ਕੀ ਲਗਾ ਸਕਦੇ ਹਾਂ:

ਦਰੇ ਤਦਬੀਰ ਪਰ ਸਿਰ ਫੋੜਨਾ ਸ਼ੇਵਾਹ ਰਹਾ ਅਪਨਾ  
ਵਸੀਲੇ ਹਾਥ ਹੀ ਨਾ ਆਏ ਕਿਸਮਤ ਅਜ਼ਮਾਈ ਕੇ।

(ਸਾਡਾ ਕੰਮ ਕਿਸਮਤ ਦੇ ਦਰਵਾਜ਼ਿਆਂ 'ਤੇ ਮੱਥਾ ਮਾਰਨਾ ਹੀ ਰਿਹਾ ਪਰ ਕਿਸਮਤ ਅਜ਼ਮਾਈ ਲਈ ਵਸੀਲੇ ਹੱਥ ਹੀ ਨਾ ਲੱਗੇ)।

ਉਨ੍ਹਾਂ ਦੀ ਤਾਂ ਖਾਹਿਸ਼ ਇਹੀ ਸੀ ਕਿ ਕਿਤੇ ਲੜਾਈ ਹੋਵੇ ਅਤੇ ਉਹ ਆਪਣੇ ਦੇਸ਼ ਲਈ ਲੜਦੇ-ਲੜਦੇ ਜਾਨਾਂ ਦੇਣ। ਫਿਰ ਸਰਗੋਧਾ ਦੇ ਨੇੜੇ ਚੱਕ ਨੰਬਰ 5 ਵਿਚ ਆ ਗਏ। ਫਿਰ ਬਗਾਵਤ ਦਾ ਚਰਚਾ ਛੇੜ ਦਿੱਤਾ। ਉਥੇ ਹੀ ਫੜੇ ਗਏ। ਜ਼ੰਜੀਰਾਂ ਵਿਚ ਜਕੜੇ ਗਏ। ਨਿਡਰ ਬਾਗੀ ਕਰਤਾਰ ਸਿੰਘ ਨੂੰ ਲਾਹੌਰ ਸਟੇਸ਼ਨ 'ਤੇ ਲਿਆਂਦਾ ਗਿਆ। ਪੁਲਿਸ ਕਪਤਾਨ ਨੂੰ ਕਿਹਾ, "ਮਿਸਟਰ ਟਾਮਕਿਨ, ਕੁਝ ਖਾਣ ਨੂੰ ਲਿਆ ਦੇ।" ਉਹ ਕਿੰਨਾ ਮਸਤਾਨਾ ਮਨ ਸੀ, ਇਸ ਦਿਲ ਖਿੱਚਵੀਂ ਸ਼ਖਸੀਅਤ ਨੂੰ ਦੇਖ ਕੇ ਦੋਸਤ ਅਤੇ ਦੁਸ਼ਮਣ ਸਭ ਖੁਸ਼ ਹੋ ਜਾਂਦੇ ਸਨ। ਗ੍ਰਿਫ਼ਤਾਰੀ ਦੇ ਸਮੇਂ ਉਹ ਬਹੁਤ ਖੁਸ਼ ਸੀ। ਆਮ ਤੌਰ 'ਤੇ ਕਿਹਾ ਕਰਦੇ ਸਨ, "ਬਹਾਦਰੀ ਤੇ ਹਿੰਮਤ ਨਾਲ ਮਰ ਜਾਣ 'ਤੇ ਤੈਨੂੰ ਬਾਗੀ ਦਾ ਖਿਤਾਬ ਦੇਣਾ। ਕੋਈ ਯਾਦ ਕਰੇ ਤਾਂ ਬਾਗੀ ਕਰਤਾਰ ਸਿੰਘ ਕਹਿ ਕੇ ਯਾਦ ਕਰੇ।" ਮੁਕੱਦਮਾ ਚੱਲਿਆ। ਇਸ ਵੇਲੇ ਕਰਤਾਰ ਸਿੰਘ ਦੀ ਉਮਰ ਸਿਰਫ਼ ਸਾਢੇ ਅਠਾਰਾਂ ਸਾਲ ਦੀ ਸੀ। ਸਾਰਿਆਂ ਤੋਂ ਘੱਟ ਉਮਰ ਦੇ ਅਪਰਾਧੀ ਆਪ ਹੀ ਸਨ ਪ੍ਰੰਤੂ ਜੱਜ ਨੇ ਆਪ ਦੇ ਬਾਰੇ ਇਹ ਲਿਖਿਆ-

"ਉਹ ਇਨ੍ਹਾਂ ਅਪਰਾਧੀਆਂ ਵਿਚੋਂ ਸਭ ਤੋਂ ਖਤਰਨਾਕ ਅਪਰਾਧੀਆਂ ਵਿਚੋਂ ਇਕ ਹੈ। ਅਮਰੀਕਾ ਦੇ ਸਫ਼ਰ ਦੌਰਾਨ ਤੇ ਫਿਰ ਭਾਰਤ ਵਿਚ ਇਸ ਸਾਜ਼ਿਸ਼ ਦਾ ਅਜਿਹਾ ਕੋਈ ਹਿੱਸਾ ਨਹੀਂ, ਜਿਸ ਵਿਚ ਇਸ ਨੇ ਉੱਘਾ ਹਿੱਸਾ ਨਾ ਪਾਇਆ ਹੋਵੇ।"

ਇਕ ਦਿਨ ਆਪ ਦੇ ਬਿਆਨ ਦੇਣ ਦੀ ਵਾਰੀ ਆਈ। ਆਪ ਨੇ ਸਭ ਕੁਝ ਮੰਨ ਲਿਆ। ਆਪ ਇਕਬਾਲੀਆ ਬਿਆਨ ਦਿੰਦੇ ਰਹੇ। ਜੱਜ ਦੰਦਾਂ ਹੇਠ ਕਲਮ ਦਬਾਈ ਦੇਖਦਾ ਰਿਹਾ, ਇਕ ਲਫ਼ਜ਼ ਤੱਕ ਨਾ ਲਿਖਿਆ। ਬਾਅਦ ਵਿਚ ਇੰਨਾ ਹੀ ਕਿਹਾ, "ਕਰਤਾਰ ਸਿੰਘ, ਅਜੇ ਤੁਹਾਡਾ ਬਿਆਨ ਨਹੀਂ ਲਿਖਿਆ ਗਿਆ। ਤੁਸੀਂ ਸੋਚ ਸਮਝ ਕੇ ਬਿਆਨ ਦਿਓ। ਤੁਸੀਂ ਜਾਣਦੇ ਹੋ ਕਿ ਤੁਹਾਡੇ ਬਿਆਨ ਦਾ ਨਤੀਜਾ ਕੀ ਨਿਕਲ ਸਕਦਾ ਹੈ?" ਵੇਖਣ ਵਾਲੇ ਦੱਸਦੇ ਹਨ ਕਿ ਜੱਜ ਦੇ ਇਨ੍ਹਾਂ ਲਫਜ਼ਾਂ 'ਤੇ ਕਰਤਾਰ ਸਿੰਘ ਨੇ ਬਹੁਤ ਮਸਤਾਨੀ ਅਦਾ ਨਾਲ ਕਿਹਾ, "ਫਾਂਸੀ ਹੀ ਲਾ ਦਿਓਗੇ, ਹੋਰ ਕੀ? ਅਸੀਂ ਇਸ ਤੋਂ ਨਹੀਂ ਡਰਦੇ।" ਇਸ ਦਿਨ ਅਦਾਲਤ ਦਾ ਸਮਾਂ ਖਤਮ ਹੋ ਗਿਆ। ਦੂਸਰੇ ਦਿਨ ਫਿਰ ਕਰਤਾਰ ਸਿੰਘ ਦਾ ਅਦਾਲਤ ਵਿਚ ਬਿਆਨ ਸ਼ੁਰੂ ਹੋਇਆ। ਪਹਿਲੇ ਦਿਨ ਜੱਜ ਦਾ ਕੁਝ ਇਹੋ ਜਿਹਾ ਖਿਆਲ ਸੀ ਕਿ ਕਰਤਾਰ ਸਿੰਘ ਭਾਈ ਪਰਮਾਨੰਦ ਦੇ ਇਸ਼ਾਰੇ 'ਤੇ ਉਹ ਬਿਆਨ ਦੇ ਰਹੇ ਹਨ। ਪ੍ਰੰਤੂ ਉਹ ਬਾਗੀ ਕਰਤਾਰ ਸਿੰਘ ਦੇ ਦਿਲ ਦੀਆ ਗਹਿਰਾਈਆਂ ਵਿਚ ਨਹੀਂ ਉਤਰ ਸਕਦੇ ਸਨ। ਕਰਤਾਰ ਸਿੰਘ ਦਾ ਬਿਆਨ ਜ਼ਿਆਦਾ ਜ਼ੋਰਦਾਰ, ਜ਼ਿਆਦਾ ਜੋਸ਼ੀਲਾ ਅਤੇ ਪਹਿਲੇ ਦਿਨ ਦੀ ਤਰ੍ਹਾਂ ਇਨਕਲਾਬੀ ਸੀ। ਅਖੀਰ ਵਿਚ ਆਪ ਨੇ ਕਿਹਾ, "ਜੁਰਮ ਦੇ ਲਈ ਮੈਨੂੰ ਉਮਰ ਕੈਦ ਦੀ ਸਜ਼ਾ ਮਿਲੇਗੀ ਜਾਂ ਫਾਂਸੀ। ਪ੍ਰੰਤੂ ਮੈਂ ਫਾਂਸੀ ਨੂੰ ਪਹਿਲ ਦੇਵਾਂਗਾ ਤਾਂ ਕਿ ਫਿਰ ਜਨਮ ਲੈ ਕੇ ਜਦ ਤੱਕ ਹਿੰਦੁਸਤਾਨ ਆਜ਼ਾਦ ਨਹੀਂ ਹੋਵੇਗਾ, ਤਦ ਤੱਕ ਮੈਂ ਵਾਰ-ਵਾਰ ਜਨਮ ਲੈ ਕੇ ਫਾਂਸੀ 'ਤੇ ਲਟਕਦਾ ਰਹਾਂਗਾ। ਇਹ ਮੇਰੀ ਖਾਹਿਸ਼ ਹੈ।"

ਆਪ ਦੀ ਬਹਾਦਰੀ ਨੇ ਜੱਜਾਂ ਨੂੰ ਬਹੁਤ ਪ੍ਰਭਾਵਤ ਕੀਤਾ। ਪ੍ਰੰਤੂ ਉਨ੍ਹਾਂ ਨੇ ਖੁੱਲ੍ਹੇ ਦਿਲ ਵਾਲੇ ਦੁਸ਼ਮਣ ਦੀ ਤਰ੍ਹਾਂ ਆਪ ਦੀ ਬਹਾਦਰੀ ਨੂੰ ਬਹਾਦਰੀ ਨਾ ਕਹਿ ਕੇ ਢੀਠਪੁਣੇ ਦੇ ਸ਼ਬਦਾਂ ਨਾਲ ਯਾਦ ਕੀਤਾ। ਕਰਤਾਰ ਸਿੰਘ ਨੂੰ ਸਿਰਫ ਗਾਲ੍ਹਾਂ ਹੀ ਨਹੀਂ, ਮੌਤ ਦੀ ਸਜ਼ਾ ਵੀ ਮਿਲੀ। ਕਰਤਾਰ ਸਿੰਘ ਫਾਂਸੀ ਦੀ ਕੋਠੜੀ ਵਿਚ ਬੰਦ ਸਨ। ਆਪ ਦੇ ਦਾਦਾ ਨੇ ਆ ਕੇ ਕਿਹਾ, "ਕਰਤਾਰ ਸਿੰਘ, ਕਿਨ੍ਹਾਂ ਲੋਕਾਂ ਲਈ ਮਰ ਰਿਹਾ ਏਂ? ਜਿਹੜੇ ਤੈਨੂੰ ਗਾਲ੍ਹੀਆਂ ਦਿੰਦੇ ਹਨ। ਤੇਰੇ ਮਰਨ ਨਾਲ ਦੇਸ਼ ਨੂੰ ਕੁਝ ਫਾਇਦਾ ਹੋਵੇਗਾ, ਇਹ ਵੀ ਨਜ਼ਰ ਨਹੀਂ ਆਉਂਦਾ।" ਕਰਤਾਰ ਸਿੰਘ ਨੇ ਬਹੁਤ ਹੌਲੀ ਜਿਹੀ ਪੁੱਛਿਆ-

"ਦਾਦਾ ਜੀ, ਫਲਾਣਾ ਰਿਸ਼ਤੇਦਾਰ ਕਿੱਥੇ ਹੈ?"

"ਪਲੇਗ ਨਾਲ ਮਰ ਗਿਆ।"

"ਫਲਾਣਾ ਕਿੱਥੇ ਹੈ?"

"ਹੈਜੇ ਨਾਲ ਮਰ ਗਿਆ।"

"ਤਾਂ ਕੀ ਤੁਸੀਂ ਚਾਹੁੰਦੇ ਹੋ ਕਿ ਕਰਤਾਰ ਸਿੰਘ ਬਿਸਤਰੇ 'ਤੇ ਮਹੀਨਿਆਂ-ਬੱਧੀ ਪਿਆ ਰਹੇ ਤੇ ਦਰਦ ਨਾਲ ਦੁਖੀ ਹੋ ਕੇ ਕਿਸੇ ਰੋਗ ਨਾਲ ਮਰੇ? ਕੀ ਉਸ ਮੌਤ ਨਾਲੋਂ ਇਹ ਮੌਤ ਹਜ਼ਾਰ ਦਰਜੇ ਚੰਗੀ ਨਹੀਂ?" ਦਾਦਾ ਚੁੱਪ ਹੋ ਗਏ।

ਅੱਜ ਫਿਰ ਸਵਾਲ ਉਠਦਾ ਹੈ ਕਿ ਉਨ੍ਹਾਂ ਦੇ ਮਰਨ ਨਾਲ ਕੀ ਫਾਇਦਾ ਹੋਇਆ? ਉਹ ਕਿਸ ਲਈ ਮਰੇ? ਇਸ ਦਾ ਜਵਾਬ ਬਿਲਕੁਲ ਸਾਫ਼ ਹੈ- ਦੇਸ਼ ਦੇ ਲਈ ਮਰੇ। ਉਨ੍ਹਾਂ ਦਾ ਆਦਰਸ਼ ਹੀ ਦੇਸ਼ ਸੇਵਾ ਵਿਚ ਲੜਦੇ ਹੋਏ ਮਰਨਾ ਸੀ। ਉਹ ਇਸ ਤੋਂ ਜ਼ਿਆਦਾ ਕੁਝ ਨਹੀਂ ਚਾਹੁੰਦੇ ਸਨ। ਮਰਨਾ ਵੀ ਗੁੰਮਨਾਮ ਰਹਿ ਕੇ ਚਾਹੁੰਦੇ ਸਨ।

ਚਮਨ ਜ਼ਾਰੇ ਮੁਹੱਬਤ ਮੇਂ, ਉਸੀ ਨੇ ਕੀ ਬਾਗ਼ਬਾਨੀ  
ਜਿਸ ਨੇ ਮਿਹਨਤ ਕੋ ਹੀ ਮਿਹਨਤ ਕਾ ਸਮਰ ਜਾਨਾ।  
ਨਹੀਂ ਹੋਤਾ ਮੁਹਤਾਜੇ ਨੁਮਾਇਸ਼ ਫੈਜ਼ ਸ਼ਬਨਮ ਕਾ,  
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।

(ਮੁਹੱਬਤ ਦੀ ਫੁਲਵਾੜੀ ਵਿਚ ਉਸ ਮਾਲੀ ਦੀ ਥਾਂ ਹੈ, ਜਿਹੜਾ ਕਿ ਆਪਣੀ ਮਿਹਨਤ ਨੂੰ ਹੀ ਆਪਣਾ ਫਲ ਸਮਝਦਾ ਹੈ। ਤ੍ਰੇਲ ਦੀ ਦਰਿਆਦਿਲੀ ਵਿਖਾਵੇ ਲਈ ਨਹੀਂ ਹੈ, ਉਹ ਤਾਂ ਹਨੇਰੀ ਰਾਤ ਵਿਚ ਚੁੱਪਚਾਪ ਬਾਗ ਵਿਚ ਮੋਤੀ ਕੇਰ ਜਾਂਦੀ ਹੈ)।

ਡੇਢ ਸਾਲ ਤੱਕ ਮੁਕੱਦਮਾ ਚੱਲਿਆ। 16 ਨਵੰਬਰ, 1915 ਦਾ ਦਿਨ ਸੀ, ਜਦ ਉਨ੍ਹਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਸ ਦਿਨ ਵੀ ਉਹ ਹਮੇਸ਼ਾ ਦੀ ਤਰ੍ਹਾਂ ਖੁਸ਼ ਸਨ। ਉਨ੍ਹਾਂ ਦਾ ਭਾਰ ਦਸ ਦਸ ਪੌਂਡ ਵਧ ਗਿਆ ਸੀ। 'ਭਾਰਤ ਮਾਤਾ ਦੀ ਜੈ' ਕਹਿੰਦੇ ਹੋਏ ਉਹ ਫਾਂਸੀ ਦੇ ਤਖ਼ਤੇ 'ਤੇ ਝੂਲ ਗਏ।

# ਅਪ ਯਾਨਿ ਪਾਣੀ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਖੂਹ ਵਾਲੇ ਲੇਖ ਵਿਚ ਪਾਣੀ ਦੇ ਅਰਥਾਂ ਵਾਲੇ 'ਅਪ' ਸ਼ਬਦ ਦਾ ਜ਼ਿਕਰ ਆਇਆ ਸੀ ਤਾਂ ਇੱਕ ਵਿਦਵਾਨ ਪਾਠਕ ਨੇ ਇਤਰਾਜ਼ ਉਠਾਇਆ ਤੇ ਦਾਅਵਾ ਵੀ ਕੀਤਾ ਕਿ ਪਾਣੀ ਦੇ ਅਰਥਾਂ ਵਾਲਾ 'ਅਪ' ਨਾਂ ਦਾ ਕੋਈ ਸ਼ਬਦ ਨਹੀਂ ਹੈ। ਉਸ ਅਨੁਸਾਰ 'ਅਪ' ਤਾਂ ਇੱਕ ਅਗੇਤਰ ਹੈ ਜੋ ਬੁਰਾ ਦੇ ਅਰਥਾਂ ਵਿਚ ਆਉਂਦਾ ਹੈ ਜਿਵੇਂ ਅਪਮਾਨ, ਅਪਸ਼ਬਦ, ਅਪਜਸ ਜਿਹੇ ਸ਼ਬਦਾਂ ਵਿਚ। ਮੇਰੇ ਖਿਆਲ ਵਿਚ ਇਹ ਗੱਲ ਆਮ ਹੀ ਜਾਣੀ ਜਾਂਦੀ ਹੈ ਕਿ ਇਕੋ ਸ਼ਬਦ-ਜੋੜ ਜਾਂ ਉਚਾਰਣ ਵਾਲੇ ਇਕ ਤੋਂ ਵਧ ਸ਼ਬਦ ਹੋ ਸਕਦੇ ਹਨ ਤੇ ਅਜਿਹੇ ਜਿਹੜੇ ਸ਼ਬਦਾਂ ਦਾ ਆਮ ਤੌਰ 'ਤੇ ਪਿਛੋਕੜ ਵੀ ਵੱਖਰਾ ਹੁੰਦਾ ਹੈ, ਉਨ੍ਹਾਂ ਨੂੰ ਹਮਨਾਮ, ਸਮਨਾਮੀ ਜਾਂ ਸਮਰੂਪੀ ਸ਼ਬਦ ਆਖਿਆ ਜਾਂਦਾ ਹੈ। 'ਅਪ' ਸ਼ਬਦ ਨੂੰ ਮੈਂ ਇਸ ਕੋਟੀ ਵਿਚ ਰੱਖਦਾ ਹਾਂ। ਇਸ ਦੇ ਦੋਨੋਂ ਵੱਖਰੇ ਅਰਥਾਂ ਦੇ ਮੂਲ ਅਲੱਗ ਅਲੱਗ ਹਨ। ਪਹਿਲਾਂ ਪਾਣੀ ਵਾਲੇ 'ਅਪ' ਦੀ ਚਰਚਾ ਛੇੜੀਏ।

ਇਹ ਸੱਚ ਹੈ ਕਿ ਅਜਿਹਾ 'ਅਪ' ਸ਼ਬਦ ਅਜੋਕੀ ਪੰਜਾਬੀ ਵਿਚ ਪ੍ਰਚਲਿਤ ਨਹੀਂ ਹੈ, ਇਸ ਲਈ ਬਹੁਤਿਆਂ ਨੂੰ ਇਸ ਦਾ ਗਿਆਨ ਨਹੀਂ। ਐਪਰ, ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਮੌਜੂਦ ਹੈ ਜਿਸ ਦਾ ਲੱਖਾਂ ਲੋਕ ਨਿਤ ਪਾਠ ਕਰਦੇ ਹਨ ਅਤੇ ਲੱਖਾਂ ਹੀ ਇਹ ਪਾਠ ਸ੍ਰਵਣ ਕਰਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜ਼ਰੂਰ ਇਹ ਸ਼ਬਦ ਇਕ ਤਰ੍ਹਾਂ ਲੋਕਾਂ ਦੇ ਕੰਨਾਂ ਵਿਚ ਪੈਂਦਾ ਹੈ ਤੇ ਕੰਠ ਵਿਚੋਂ ਨਿਕਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦੇ ਇਕ ਪਦ ਵਿਚ ਤੁਕ ਆਉਂਦੀ ਹੈ, "ਅਪ ਤੇਜ ਬਾਇ ਪ੍ਰਿਥਮੀ ਅਕਾਸਾ॥ ਐਸੀ ਰਹਤ ਰਹਉ ਹਰਿ ਪਾਸਾ॥" ਜ਼ਾਹਿਰ ਹੈ ਕਿ ਇਥੇ 'ਅਪ' ਸ਼ਬਦ ਦਾ ਅਰਥ ਪਾਣੀ ਹੈ ਕਿਉਂਕਿ ਇਸ ਨੂੰ ਪੰਜ ਤੱਤਾਂ ਦੇ ਪ੍ਰਸੰਗ ਵਿਚ ਰੱਖਿਆ ਗਿਆ ਹੈ: ਅਪੁ=ਜਲ, ਤੇਜੁ=ਅੱਗ, ਬਾਇ=ਹਵਾ, ਪ੍ਰਿਥਮੀ=ਧਰਤੀ ਅਤੇ ਅਕਾਸਾ=ਅਸਮਾਨ। 'ਮਹਾਨ ਕੋਸ਼' ਨੇ 'ਅਪ' ਦੇ ਇੰਦਰਾਜ ਅਧੀਨ ਇਸ ਨੂੰ ਪਾਣੀ ਦੇ ਅਰਥਾਂ ਵਾਲੇ ਸੰਸਕ੍ਰਿਤ 'ਅਪ' ਨਾਲ ਜੋੜਿਆ ਹੈ।

ਇਕ ਗੱਲ ਧਿਆਨ ਵਿਚ ਰਹੇ ਕਿ ਕਈ ਸ਼ਬਦ ਕਈ ਕਾਰਨਾਂ ਕਰਕੇ ਪ੍ਰਚਲਨ ਵਿਚੋਂ ਅਲੋਪ ਹੋ ਜਾਂਦੇ ਹਨ। ਜਿਵੇਂ ਉਨ੍ਹਾਂ ਹੀ ਅਰਥਾਂ ਵਾਲੇ ਹੋਰ ਸ਼ਬਦਾਂ ਦਾ ਵਧੇਰੇ ਤੋਂ ਵਧੇਰੇ ਵਰਤੇ ਜਾਣਾ ਜਾਂ ਭਾਸ਼ਾ ਵਿਚ ਹੋਰ ਸ਼ਬਦਾਂ ਦਾ ਆ ਜਾਣਾ ਆਦਿ। ਪਰ ਅਜਿਹੀ ਸਥਿਤੀ ਵਿਚ ਵੀ ਕਈ ਵਾਰੀ ਅਪ੍ਰਚਲਿਤ ਹੋਇਆ ਸ਼ਬਦ ਕਿਸੇ ਸਮਾਸ, ਮੁਹਾਵਰੇ ਜਾਂ ਕਹਾਵਤ ਆਦਿ ਵਿਚ ਜੀਵੰਤ ਰਹਿ ਸਕਦਾ ਹੈ। ਨਿਸਚੇ ਹੀ 'ਅਪ' ਨੂੰ ਹੋਰ ਸ਼ਬਦਾਂ ਵਿਚ ਲੁਕਿਆ ਮਹਿਸੂਸਿਆ ਜਾ ਸਕਦਾ ਹੈ।

ਅਸੀਂ ਖੂਹ ਵਾਲੇ ਲੇਖ ਵਿਚ ਵੀ ਜ਼ਿਕਰ ਕਰ ਆਏ ਹਾਂ ਕਿ ਮੋਨੀਅਰ ਵਿਲੀਅਮਜ਼ ਦੇ ਅਨੁਮਾਨ ਅਨੁਸਾਰ ਕੂਪ ਸ਼ਬਦ ਕੂ+ਅਪ ਤੋਂ ਬਣਿਆ ਹੋ ਸਕਦਾ ਹੈ। ਇਥੇ 'ਕੁ' ਦਾ ਅਰਥ ਨਿਘਾਰ ਵੱਲ ਦਾ ਅਤੇ 'ਅਪ' ਦਾ ਅਰਥ ਪਾਣੀ ਹੈ। 'ਮਹਾਨ ਕੋਸ਼' ਨੇ ਇਸ ਦੀ ਵਿਆਖਿਆ ਕੁਝ ਇਸ ਪ੍ਰਕਾਰ ਕੀਤੀ ਹੈ: ਕੁ (ਕੁਝ) ਅਪ (ਜਲ) ਜਿਸ ਵਿਚ, ਖੂਹਾ ਜੋ ਤਾਲ ਅਤੇ ਨਦਾਂ ਦੇ ਮੁਕਾਬਲੇ ਥੋੜੇ ਪਾਣੀ ਵਾਲਾ ਹੈ। ਇਕ ਨੇਮ ਅਨੁਸਾਰ ਜਦ ਦੋ ਸ਼ਬਦ ਜਾਂ ਅਗੇਤਰ/ਪਿਛੇਤਰ ਮਿਲ ਕੇ ਕੋਈ ਨਵਾਂ ਸ਼ਬਦ ਬਣਦਾ ਹੈ ਤਾਂ ਦੋ ਲਾਗਲੇ ਸਵਰਾਂ ਦਾ ਆਪਸ ਵਿਚ ਸੰਮਿਲਣ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਤਰ੍ਹਾਂ 'ਕੁ' ਅਤੇ 'ਅਪ' ਮਿਲ ਕੇ 'ਕੁਅਪ' ਨਹੀਂ ਬਣਾਉਂਦੇ ਬਲਕਿ 'ਅ' ਸਵਰ 'ਉ' ਵਿਚ ਸੰਮਿਲਤ ਹੋ ਜਾਂਦਾ ਹੈ। ਟਾਪੂ ਦੇ ਅਰਥਾਂ ਵਾਲੇ ਇਕ ਹੋਰ ਸ਼ਬਦ ਦੀਪ ਦਾ ਜ਼ਿਕਰ ਕੀਤਾ ਗਿਆ ਸੀ ਜੋ ਇਸ ਤਰ੍ਹਾਂ ਬਣਿਆ ਹੈ: ਦੀਪ<ਦ੍ਵੀਪ=ਦ੍ਵਿ+ਅਪ, ਅਰਥਾਤ ਜਿਸ ਦੇ ਦੋਵੇਂ ਪਾਸੇ ਪਾਣੀ ਹੈ। ਇਥੇ ਦੋਵਾਂ ਪਾਸਿਆਂ ਨੂੰ ਵਿਸਤ੍ਰਿਤ ਅਰਥਾਂ ਵਿਚ ਲੈਣਾ ਚਾਹੀਦਾ ਹੈ। ਦੋਹਾਂ ਪਾਸਿਆਂ ਦਾ ਮਤਲਬ ਹੈ, ਆਲੇ ਦੁਆਲੇ, ਸਾਰੇ ਪਾਸੇ। ਇਸ ਵਿਚਾਰ ਦੀ ਪੁਸ਼ਟੀ ਲਈ ਦੇਖੋ ਅੰਗਰੇਜ਼ੀ Amphi, ਜਿਸ ਦਾ ਸ਼ਾਬਦਿਕ ਅਰਥ 'ਦੋਨੋਂ ਪਾਸਿਆਂ ਤੋਂ' ਹੁੰਦਾ ਹੈ ਪਰ ਵਿਸਤ੍ਰਿਤ ਅਰਥ ਆਲੇ ਦੁਆਲੇ, ਚੁਤਰਫੇ ਨਿਕਲਦਾ ਹੈ। ਅੰਗਰੇਜ਼ੀ ਸ਼ਬਦ Amphitheatre ਦਾ ਸ਼ਾਬਦਿਕ ਅਰਥ ਦੂਹਰਾ ਥੀਏਟਰ ਹੈ ਪਰ ਇਹ ਦੂਹਰਾ ਥੀਏਟਰ ਚਾਰੇ ਪਾਸੇ ਬੈਠੇ ਦਰਸ਼ਕਾਂ ਦਾ ਸੂਚਕ ਹੈ। ਇਕ ਸ਼ਬਦ ਅਨੂਪ ਹੈ ਜਿਸ ਦਾ ਮਤਲਬ ਹੁੰਦਾ ਹੈ, ਵੱਡਾ ਜਲ ਭੰਡਾਰ ਜਾਂ ਜਲ ਵਾਲਾ ਪਰਦੇਸ਼। ਇਹ ਸ਼ਬਦ ਬਣਿਆ ਹੈ ਅਨੁ+ਅਪ ਤੋਂ। ਪਰੀ, ਹੂਰ ਦੇ ਅਰਥਾਂ ਵਾਲਾ ਇਕ ਸ਼ਬਦ ਹੈ, ਅਪਛਰਾ। ਮਿਥਿਹਾਸ ਵਿਚ ਇਹ ਇੰਦਰ ਦੇ ਅਖਾੜੇ ਦੀਆਂ ਪਰੀਆਂ ਲਈ ਵਰਤਿਆ ਗਿਆ ਹੈ। ਇਸ ਦਾ ਇਕ ਰੂਪ ਅੱਛਰਾਂ ਵੀ ਹੈ। ਪੂਰਨ ਭਗਤ ਦੀ ਮਾਂ ਦਾ ਨਾਂ ਇੱਛਰਾਂ ਜਾਂ ਅੱਛਰਾਂ ਇਹੋ ਸ਼ਬਦ ਹੈ। ਇਹ ਸੰਸਕ੍ਰਿਤ ਅਪਸਰਾ ਦਾ ਵਿਗੜਿਆ ਰੂਪ ਹੈ। ਗੁਰੂ ਅਰਜਨ ਦੇਵ ਦੀ ਬਾਣੀ ਵਿਚ ਅਪਸਰਾ ਸ਼ਬਦ ਆਇਆ ਹੈ, "ਹਾ ਹਾ ਹੂ ਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ॥" ਭਾਈ ਗੁਰਦਾਸ ਦੀ ਇਕ ਵਾਰ ਵਿਚ ਵੀ ਇਹ ਸ਼ਬਦ ਮਿਲਦਾ ਹੈ,

ਮੋਹਣੀਆਂ ਇੰਦ੍ਰਾਪੁਰੀ ਅਪਛਰਾਂ ਸੁਚਾਰੀ।
ਹੂਰਾਂ ਪਰੀਆਂ ਲਖ ਲਖ ਬਹਿਸਤ ਸਵਾਰੀ।

ਇਸ ਸ਼ਬਦ ਵਿਚ ਪਾਣੀ ਦੇ ਅਰਥਾਂ ਵਾਲਾ 'ਅਪ' ਸ਼ਬਦ ਸਪਸ਼ਟ ਝਲਕਦਾ ਹੈ। ਅਪਸਰਾ ਦਾ ਸ਼ਾਬਦਿਕ ਅਰਥ ਹੈ, ਪਾਣੀ ਵਿਚੋਂ ਨਿਕਲਣ ਵਾਲਾ। ਅਸੀਂ ਇਸ ਨੂੰ ਜਲ-ਪਰੀ ਦੇ ਅਰਥਾਂ ਵਿਚ ਵਰਤਦੇ ਹਾਂ। ਰਾਮਾਇਣ ਅਤੇ ਪੁਰਾਣਾਂ ਅਨੁਸਾਰ ਸਮੁੰਦਰ ਰਿੜਕਣ 'ਤੇ ਅਪਸਰਾਂ ਨਿਕਲੀਆਂ ਸਨ। ਅਪਸਰ ਦਾ ਅਰਥ ਜਲ ਵਿਚ ਵਿਚਰਣ ਵਾਲਾ ਜੀਵ ਵੀ ਹੈ। 'ਅਪਚਰ' ਵੀ ਜਲਜੀਵ ਹੁੰਦਾ ਹੈ। ਅਪੋਦੇਵਤ ਦਾ ਮਤਲਬ ਹੈ, ਜਲ-ਦੇਵ। ਅਸਲ ਵਿਚ ਸੰਸਕ੍ਰਿਤ ਵਿਚ ਇਸ ਤੋਂ ਦਰਜਨਾਂ ਸ਼ਬਦ ਬਣੇ ਹਨ। ਬਹੁਵਚਨ ਰੂਪ ਵਿਚ ਇਸ ਦਾ ਭੇਦ ਹੈ, ਅਪਸ। ਇਸ ਦਾ ਇਕ ਰੂਪ 'ਆਪ' ਵੀ ਹੈ ਜਿਸ ਦੀ ਮਿਸਾਲ 'ਮਹਾਨ ਕੋਸ਼' ਵਿਚ ਇਸ ਪ੍ਰਕਾਰ ਦਰਜ ਹੈ, 'ਜੈਸੇ ਧਾਰ ਸਾਗਰ ਮੇ ਗੰਗਾ ਜੀ ਕੋ ਆਪ ਹੈ।" (ਚੰਡੀ ੧)। ਕੁਝ ਹੋਰ ਭੇਦ ਵੀ ਹਨ ਜਿਨ੍ਹਾਂ ਵਿਚ 'ਪ' ਧੁਨੀ ਟਵਰਗ ਦੀਆਂ ਹੋਰ ਧੁਨੀਆਂ ਵਿਚ ਵੱਟੀ ਨਜ਼ਰ ਆਉਂਦੀ ਹੈ। ਇਸ ਦਾ ਰੂਪ 'ਅਬ' ਵੀ ਮਿਲਦਾ ਹੈ ਅਤੇ 'ਅੰਬ' ਵੀ, "ਓਸ ਆਗੈ ਪਿਛੈ ਢੋਈ ਨਹੀ ਜਿਸ ਅੰਦਰ ਨਿੰਦਾ ਮੁਹਿ ਅੰਬ ਪਾਇਆ॥' (ਗੁਰੂ ਰਾਮਦਾਸ) ਅਰਥਾਤ ਭਾਈ ਕਾਹਨ ਸਿੰਘ ਅਨੁਸਾਰ 'ਦਿਲ ਵਿੱਚ ਨਿੰਦਾ ਦਾ ਭਾਵ ਹੈ ਅਤੇ ਮੂੰਹ ਵਿੱਚ ਪਾਣੀ ਹੈ।' ਭਾਵ ਲਾਲਚ ਦੇ ਮਾਰੇ ਮੂੰਹ ਪਾਣੀ ਭਰ ਆਉਂਦਾ ਹੈ ਪਰ ਸਾਹਿਬ ਸਿੰਘ ਨੇ ਇਸ ਦਾ ਅਰਥ ਅੰਬ (ਫਲ) ਕੀਤਾ ਹੈ। ਇਸ ਦਾ 'ਅੰਭ' ਰੁਪਾਂਤਰ ਵੀ ਹੈ ਜਿਸ ਦੀ ਗੁਰਬਾਣੀ ਵਿਚ ਕੋਈ ਦਰਜਨ ਵਾਰ ਵਰਤੋਂ ਹੋਈ ਮਿਲਦੀ ਹੈ: 'ਅੰਭ ਕਾਚ ਗਗਰੀਆ ਅੰਭ ਮਝਰੀਆ॥', 'ਕੁੰਭ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੇ॥' (ਗੁਰੂ ਅਰਜਨ ਦੇਵ)

ਸੰਸਕ੍ਰਿਤ ਵਿਚ ਇਕ ਅਬਭ੍ਰ ਸ਼ਬਦ ਮਿਲਦਾ ਹੈ ਜਿਸ ਦਾ ਅਰਥ ਹੈ, ਬੱਦਲ, ਘਟਾ। ਇਸ ਦਾ ਸ਼ਾਬਦਿਕ ਅਰਥ ਹੈ, ਜਲਧਾਰਕ ਕਿਉਂਕਿ ਬੱਦਲ ਪਾਣੀ ਦਾ ਹੀ ਤਾਂ ਬਣਿਆ ਹੁੰਦਾ ਹੈ। ਪਾਣੀ ਲਈ ਸੰਸਕ੍ਰਿਤ ਅਬ, ਅੰਬ, ਅੰਭ ਸ਼ਬਦਾਂ ਦੀ ਚਰਚਾ ਛਿੜੀ ਹੈ ਤਾਂ ਦੱਸ ਦੇਈਏ ਕਿ ਹਿੰਦ-ਇਰਾਨੀ ਭਾਸ਼ਾ ਪਰਿਵਾਰ ਨਾਲ ਸਬੰਧਤ ਫਾਰਸੀ ਵਲੋਂ ਪਾਣੀ ਲਈ ਭਾਰਤੀ ਭਾਸ਼ਾਵਾਂ ਵਿਚ ਆਇਆ ਸ਼ਬਦ ਆਬ ਇਨ੍ਹਾਂ ਸ਼ਬਦਾਂ ਦਾ ਸੁਜਾਤੀ ਹੈ। ਸੱਚੀ ਗੱਲ ਤਾਂ ਇਹ ਹੈ ਕਿ 'ਅਪ' ਸ਼ਬਦ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲਦੇ ਹਨ। ਇਸ ਪਾਸੇ ਅਸੀਂ ਅਗਲੇ ਹਫਤੇ ਆਵਾਂਗੇ।

ਸਾਰੇ ਜਾਣਦੇ ਹੀ ਹਨ ਕਿ 'ਅਪ' ਇਕ ਅਗੇਤਰ ਵੀ ਹੈ ਜੋ ਕਿਸੇ ਸ਼ਬਦ ਤੋਂ ਪਹਿਲਾਂ ਲੱਗ ਕੇ ਦੂਰ, ਪਰੇ, ਵਾਂਝਾ, ਘਟੀਆ, ਭੈੜਾ ਆਦਿ ਦੇ ਅਰਥ ਦਿੰਦਾ ਹੈ। ਇਨ੍ਹਾਂ ਸਾਰੇ ਭਾਵਾਂ ਵਿਚ ਇਕ ਸਾਂਝ ਦਿਖਾਈ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ 'ਚੋਂ ਕੁਝ ਮਿਸਾਲਾਂ ਲੈਂਦੇ ਹਾਂ: ਅਪਸਗਨ (ਭੈੜਾ ਸ਼ਗਨ), 'ਤਉ ਸਗਨ ਅਪਸਗਨ ਕਹਾ ਵਿਚਾਰੇ' (ਗੁਰੂ ਅਰਜਨ ਦੇਵ); ਅਪਕੀਰਤਿ (ਬਦਨਾਮੀ, ਕੀਰਤੀ ਤੋਂ ਪਰੇ ਜਾਣ ਦਾ ਭਾਵ ਹੈ) 'ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ' (ਭਗਤ ਪਰਮਾਨੰਦ); ਅਪਜਸ (ਬਦਨਾਮੀ), 'ਅਪਜਸੁ ਮਿਟੈ ਹੋਵੈ ਜਗਿ ਕੀਰਤਿ' (ਗੁਰੂ ਅਰਜਨ ਦੇਵ); ਅਪਬਾਦੁ (ਝਗੜਾ, ਹੋਰ ਹੋਰ ਗੱਲਾਂ ਕਰਨ ਵਾਲਾ) 'ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ' (ਭਗਤ ਕਬੀਰ); ਅਪਮਾਨ (ਨਿਰਾਦਰ), 'ਕਿਨਹੂ ਪ੍ਰੀਤਿ ਲਾਈ ਮੋਹ ਅਪਮਾਨ' (ਗੁਰੂ ਰਾਮਦਾਸ); ਅਪਰਾਧ (ਗੁਨਾਹ, ਪਾਪ, ਗਲਤੀ, ਦੋਸ਼, ਕਸੂਰ)।

ਗੌਰਤਲਬ ਹੈ ਕਿ ਰਾਧ ਸ਼ਬਦ ਵਿਚ ਰਿਝਾਉਣ ਦੇ ਭਾਵ ਹਨ, ਸੋ ਅਪਰਾਧ ਸ਼ਬਦ ਵਿਚ 'ਅਪ' ਅਗੇਤਰ ਲੱਗਾ ਹੋਣ ਕਾਰਨ ਦੁਖ ਦੇਣ, ਖਿਝਾਉਣ, ਨਾਰਾਜ਼ ਕਰਨ ਦੇ ਭਾਵ ਮਿਲਦੇ ਹਨ। ਇਥੇ ਅਜਿਹੇ ਭਾਵ ਦਾ ਪ੍ਰਗਟਾਵਾ ਪਰਮਾਤਮਾ, ਦੇਵਤੇ ਵੱਲ ਨੂੰ ਹੈ। ਜੋ ਦੇਵਾਂ ਨੂੰ ਨਾਰਾਜ਼ ਕਰਦਾ ਹੈ, ਉਹ ਅਪਰਾਧੀ ਹੈ। ਇਸ ਦੇ ਉਲਟ ਅਰਾਧਨਾ ਹੈ। "ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ॥" (ਗੁਰੂ ਰਾਮਦਾਸ); ਅਪਵਿਤ੍ਰ (ਜੋ ਪਵਿਤਰ ਨਹੀਂ), "ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ॥" (ਗੁਰੂ ਅਰਜਨ ਦੇਵ)

ਦਿਲਚਸਪ ਗੱਲ ਹੈ ਕਿ 'ਅਪ' ਅਗੇਤਰ ਵੀ ਹਿੰਦ-ਯੂਰਪੀ ਖਾਸੇ ਵਾਲਾ ਹੈ। ਅੰਗਰੇਜ਼ੀ ਵਿਚ ਇਸ ਦੇ ਟਾਕਰੇ 'ਤੇ 'Apo' ਆਉਂਦਾ ਹੈ ਜਿਸ ਵਿਚ ਦੂਰ, ਪਰੇ, ਹਟਵਾਂ, ਲਾਂਭੇ, ਅਲੱਗ, ਵਾਂਝਾ ਆਦਿ ਦੇ ਅਰਥ ਹਨ। ਛੁੱਟ-ਮਰੋੜੀ (ਪੁਠਾ ਕਾਮਾ) ਲਈ ਅੰਗਰੇਜ਼ੀ ਸ਼ਬਦ Apostrophe ਹੈ। ਇਥੇ ਭਾਵ ਹੈ, ਅਜਿਹੀ ਨਿਸ਼ਾਨੀ ਜੋ ਕਿਸੇ ਅੱਖਰ ਆਦਿ ਤੋਂ ਵਾਂਝੇ ਹੋਣ ਦੀ ਸੂਚਕ ਹੈ। ਜਾਂ ਕਹਿ ਲਵੋ ਕਿਸੇ ਅੱਖਰ ਨੂੰ ਪਰੇ ਕੀਤਾ ਗਿਆ ਹੈ। Aplogy ਦਾ ਸ਼ਾਬਦਿਕ ਅਰਥ ਹੈ, ਭਾਸ਼ਨ ਤੋਂ ਬਾਹਰੀ ਜਾਂ ਪਰੇ ਦੀ ਗੱਲ ਅਰਥਾਤ ਆਪਣੀ ਸਫਾਈ ਦੇਣ ਦੀ ਗੱਲ। Apo ਦਾ ਇਕ ਭੇਦ 'Ab' ਵੀ ਹੈ ਜੋ ਲਾਤੀਨੀ ਤੋਂ ਪੁਰਾਣੀ ਫਰਾਂਸੀਸੀ ਰਾਹੀਂ ਹੁੰਦਾ ਹੋਇਆ ਅੰਗਰੇਜ਼ੀ ਵਿਚ ਵੜਿਆ। ਇਸ ਤਰ੍ਹਾਂ ਦੇ ਹੋਰ ਕਈ ਸ਼ਬਦ ਲਏ ਜਾ ਸਕਦੇ ਹਨ। 'Apo' ਦਾ ਹੀ ਇਕ ਲਾਤੀਨੀ ਭੇਦ ਹੈ, ab ਜਿਸ ਦੇ ਇਹੋ ਅਰਥ ਹੁੰਦੇ ਹਨ। ਇਹ ਅਗੇਤਰ ਵੀ ਅੰਗਰੇਜ਼ੀ ਦੇ ਕਈ ਸ਼ਬਦਾਂ ਵਿਚ ਆਉਂਦਾ ਹੈ। ਇਸ ਪ੍ਰਸੰਗ ਵਿਚ ਪੰਜਾਬੀ ਤੇ ਅੰਗਰੇਜ਼ੀ ਦੇ ਦੋ ਸ਼ਬਦਾਂ ਦਾ ਵਿਸ਼ਲੇਸ਼ਣ ਦਿਲਚਸਪ ਹੋਵੇਗਾ। ਅੰਗਰੇਜ਼ੀ Abominable ਬਣਿਆ ਹੈ Ab ਅਗੇਤਰ ਦੇ ਅੱਗੇ Omen (ਸ਼ਗਨ) ਲੱਗਣ ਨਾਲ। ਇਸ ਦੇ ਟਾਕਰੇ 'ਤੇ ਪੰਜਾਬੀ ਅਪਸ਼ਗਨ (ਸੰਸਕ੍ਰਿਤ ਅਪਸ਼ਕੁਨ) ਸ਼ਬਦ ਵਿਚ ਵੀ Ab ਦਾ ਸੁਜਾਤੀ 'Ap' ਅਗੇਤਰ ਲੱਗਾ ਹੋਇਆ ਹੈ। ਇਸ ਦਾ ਭਾਰੋਪੀ ਮੂਲ ਹੈ 'Apo' ਜਿਸ ਵਿਚ ਪਰੇ, ਹਟਵਾਂ, ਲਾਂਭੇ ਦੇ ਭਾਵ ਹਨ। ਅਵੇਸਤਾ, ਗਰੀਕ, ਗੌਥਿਕ ਆਦਿ ਵਿਚ ਵੀ ਇਸ ਦੇ ਸੁਜਾਤੀ ਅਗੇਤਰ ਲਭਦੇ ਹਨ। ਦਰਅਸਲ 'ਦਾ' ਦੇ ਅਰਥਾਂ ਵਾਲਾ ਅੰਗਰੇਜ਼ੀ ਸਬੰਧਕ Of ਵੀ ਇਸੇ ਤੋਂ ਵਿਉਤਪਤ ਹੋਇਆ ਹੈ। ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵੀ ਇਸ ਨਾਲ ਸਮਰੂਪ ਸਬੰਧਕ ਮਿਲਦੇ ਹਨ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਰੂਪ ਸੀ, Aef. ਪਹਿਲਾਂ ਇਸ ਦਾ ਅਰਥ ਪਰੇ, ਹਟਵਾਂ ਆਦਿ ਹੀ ਸੀ। ਪਰ ਮਧਕਾਲੀ ਅੰਗਰੇਜ਼ੀ ਵਿਚ ਲਾਤੀਨੀ ਦੇ ਪ੍ਰਭਾਵ ਤੇ ਕੁਝ ਹੋਰ ਭਾਸ਼ਾਈ ਕਾਰਨਾਂ ਕਰਕੇ ਇਸ ਦੇ ਅਰਥਾਂ ਵਿਚ ਵੱਡੀ ਤਬਦੀਲੀ ਆ ਗਈ। ਹੋਰ ਦਿਲਚਸਪ ਗੱਲ ਹੈ ਕਿ ਅੰਗਰੇਜ਼ੀ Off ਵੀ ਇਸੇ ਮੂਲ ਤੋਂ ਵਿਕਸਿਤ ਹੋਇਆ ਹੈ ਜੋ ਵਧੇਰੇ ਸਪਸ਼ਟ ਹੈ।

> **ਅਪ:** ਉਪ. ਇਹ ਸ਼ਬਦਾਂ ਦੇ ਮੁੱਢ ਲੱਗਕੇ ਅਧਿਕ, ਉਲਟ, ਹਾਨਿ, ਭੇਦ, ਨਿਸ਼ੇਧ, ਬੁਰਾ, ਆਦਿ ਅਰਥ ਜਣਾਉਂਦਾ ਹੈ. ਦੇਖੋ, ਅਪਕੀਰਤਿ ਆਦਿ ਸ਼ਬਦ। ੨. ਸੰ. ਅਪ੍. ਸੰਗ੍ਯਾ- ਜਲ. "ਅਪ ਤੇਜ ਬਾਇ ਪ੍ਰਿਥਮੀ ਅਕਾਸਾ." (ਗਉ ਕਬੀਰ) ੩. ਸਰਵ- ਆਪਣਾ. ਨਿਜ ਦਾ. "ਮੂਲ ਨ ਜਾਣੈ ਅਪ ਬਲ." (ਵਾਰ ਮਾਝ ਮਃ ੧) "ਕਾਟਿ ਸਿਲਕ ਦੁਖ ਮਾਇਆ ਕਰਿਲੀਨੇ ਅਪ ਦਸੇ." (ਵਾਰ ਜੈਤ) ਆਪਣੇ ਦਾਸ ਕਰਲੀਤੇ. "ਅਪਤਨ ਕਾ ਜੋ ਕਰੇ ਬੀਚਾਰ." (ਬਸੰ ਰਵਦਾਸ) ਆਪਣੇ ਤਨ ਕਾ ਜੋ ਵਿਚਾਰ ਕਰੇ.

*'ਮਹਾਨ ਕੋਸ਼' ਵਿਚ 'ਅਪ' ਸ਼ਬਦ ਦਾ ਇੰਦਰਾਜ*

---

**ਸੰਪਾਦਕ ਦੀ ਡਾਕ**

# ਜਸਵੀਰ ਸਿੰਘ ਲੰਗੜੋਆ ਦੇ ਇਤਰਾਜ਼

**ਸੰਪਾਦਕ ਜੀ,**

ਮੈਂ ਜਸਵੀਰ ਸਿੰਘ ਲੰਗੜੋਆ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਮੇਰੇ ਦੋ ਲੇਖਾਂ ਬਾਰੇ ਪ੍ਰਤੀਕਰਮ ਦਿੱਤਾ ਹੈ। ਬਹੁਤ ਘਟ ਲੋਕ ਅਜਿਹੇ ਤਕਨੀਕੀ ਜਿਹੇ ਵਿਸ਼ੇ 'ਤੇ ਟਿੱਪਣੀਆਂ ਕਰਦੇ ਹਨ। 'ਕੁੱਪ' ਤੋਂ ਗੱਲ ਸ਼ੁਰੂ ਕਰੀਏ। ਮੈਂ ਕਿਤੇ ਨਹੀਂ ਕਿਹਾ ਕਿ ਕੁੱਪ ਸ਼ਬਦ ਕਕਸ਼ ਤੋਂ ਬਣਿਆ ਹੈ ਤੇ ਮੈਂ ਆਪਣੇ ਲੇਖ ਕੱਖ ਦੇ ਅਰਥਾਂ ਵਾਲੇ ਕਕਸ਼ 'ਤੇ ਹੀ ਘੁੰਮਾਈ ਜਾ ਰਿਹਾ ਹਾਂ? ਮੈਂ ਤਾਂ 'ਮਹਾਨ ਕੋਸ਼' ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਹੈ ਕਿ ਇਸ ਵਿਚ ਕੱਖ ਦੇ ਅਰਥਾਂ ਵਾਲੇ ਕਕਸ਼ ਤੋਂ 'ਕਕਸ਼ਪ' ਬਣਦਿਆਂ ਕੁੱਪ ਦੇ ਬਣੇ ਹੋਣ ਦੀ ਗੱਲ ਕਹੀ ਗਈ ਹੈ ਤੇ ਮੈਂ ਇਸ ਨੂੰ ਇਹ ਕਹਿ ਕੇ ਰੱਦ ਕੀਤਾ ਹੈ ਕਿ ਮੈਨੂੰ ਕਕਸ਼ਪ ਸ਼ਬਦ ਕਿਸੇ ਸੰਸਕ੍ਰਿਤ ਹਿੰਦੀ ਕੋਸ਼ ਵਿਚ ਨਹੀਂ ਮਿਲਿਆ। ਮੈਂ ਸ਼ੁਰੂ ਵਿਚ ਹੀ ਕਿਹਾ ਹੈ ਕਿ ਇਸ ਦੇ ਧਾਤੂ ਵਿਚ ਖੋਖਲੇਪਣ ਦਾ ਭਾਵ ਹੈ ਤੇ 'ਸੰਸਕ੍ਰਿਤ ਵਿਚ ਕੂਪ ਦਾ ਅਰਥ ਮੋਰੀ, ਖੋਲ, ਗੁਫਾ, ਟੋਆ, ਖਾਈ ਤੇ ਖੂਹ ਆਦਿ ਹੈ।' ਜਸਵੀਰ ਸਿੰਘ ਖੁਦ ਵੀ ਇਸ ਗੱਲ ਨੂੰ ਮੰਨ ਰਹੇ ਹਨ, "ਬਲਜੀਤ ਬਾਸੀ ਦਾ ਇਹ ਕਿਆਫ਼ਾ ਬਿਲਕੁਲ ਸਹੀ ਹੈ ਕਿ ਕੂਪ (ਖੂਹ), ਕੁੱਪ ਤੇ ਕੁੱਪੀ ਆਦਿ ਸ਼ਬਦ ਇੱਕੋ ਸ੍ਰੋਤ ਤੋਂ ਬਣੇ ਜਾਪਦੇ ਹਨ।" ਪਰ ਉਹ ਨਾਲ ਦੀ ਨਾਲ ਹੀ ਇਹ ਵੀ ਕਹੀ ਜਾ ਰਹੇ ਹਨ, "ਕੁੱਪ ਸ਼ਬਦ 'ਕੁਤੁਪ' ਤੋਂ ਬਣਿਆ ਹੈ।" ਇਹ ਗੱਲ ਵੀ ਮੈਂ ਇਸ ਤਰ੍ਹਾਂ ਕਹੀ ਹੈ, "ਪਰ ਕੁੱਪਾ ਸ਼ਬਦ ਦੀ ਵਿਆਖਿਆ ਇਕ ਹੋਰ ਤਰ੍ਹਾਂ ਵੀ ਕੀਤੀ ਜਾਂਦੀ ਹੈ। 'ਮਹਾਨ ਕੋਸ਼' ਨੇ, ਜਿਵੇਂ ਪਹਿਲਾਂ ਦਰਸਾਇਆ ਜਾ ਚੁੱਕਾ ਹੈ ਕਿ ਕੁੱਪਾ ਸ਼ਬਦ ਨੂੰ ਸੰਸਕ੍ਰਿਤ 'ਕੁਤੁਪ' ਤੋਂ ਬਣਿਆ ਦੱਸਿਆ ਹੈ। ਦੋ ਹਜ਼ਾਰ ਸਾਲ ਪਹਿਲਾਂ ਦੇ ਕੋਸ਼ਕਾਰ ਅਮਰ ਸਿੰਘ ਦੇ ਪ੍ਰਾਚੀਨ ਕੋਸ਼ 'ਅਮਰਕੋਸ਼' ਵਿਚ ਕੁਤੁਪ ਸ਼ਬਦ ਦਾ ਇੰਦਰਾਜ ਹੈ ਜਿਸ ਦਾ ਅਰਥ ਚਮੜੇ ਦਾ ਤੇਲ-ਪਾਤਰ ਹੈ। 'ਕੁਤੁਪ' ਵਿਚੋਂ 'ਤ' ਧੁਨੀ ਦੇ ਅਲੋਪਣ ਨਾਲ ਕੁੱਪ ਸ਼ਬਦ ਹਥਿਆਉਂਦਾ ਹੈ।"

ਪਾਠਕ ਧਿਆਨ ਦੇਣ ਕਿ ਇਸ ਬਿਆਨ 'ਚ ਮੈਂ ਕੁੱਪਾ ਸ਼ਬਦ ਦੀ ਇਕ ਮੁਤਬਾਦਲ ਵਿਉਤਪਤੀ ਦੱਸੀ ਹੈ ਪਰ ਇਸ ਦੇ ਸਹੀ ਹੋਣ ਬਾਰੇ ਨਿਸਚੇ ਪੂਰਬਕ ਨਹੀਂ ਕਿਹਾ। ਪਰ ਸ. ਲੰਗੜੋਆ ਨੇ ਤਾਂ ਸਪੱਸ਼ਟ ਤੌਰ 'ਤੇ ਇਸ ਦੀ ਹਾਮੀ ਭਰ ਦਿੱਤੀ ਹੈ।

'ਕਕਸ਼' ਸ਼ਬਦ ਦੇ ਉਸ ਵਲੋਂ ਦਰਸਾਏ ਸਾਰੇ ਅਰਥਾਂ ਬਾਰੇ ਮੈਨੂੰ ਪਤਾ ਹੈ ਪਰ ਜਦ ਮੈਂ ਇਸ ਨੂੰ ਖੂਹ ਜਾਂ ਕੁੱਪਾ ਦਾ ਮੂਲ ਨਹੀਂ ਮੰਨਦਾ ਫਿਰ ਇਸ ਦੀ ਚਰਚਾ ਕਿਉਂ ਕਰਾਂ? ਮੈਂ ਆਪਣੀ ਵਿਆਖਿਆ ਮੋਨੀਅਰ ਵਿਲੀਅਮਜ਼ ਦੇ ਸੰਸਕ੍ਰਿਤ ਕੋਸ਼ ਵਿਚ ਦਰਜ 'ਕੂਪ' ਇੰਦਰਾਜ ਦੇ ਆਧਾਰ 'ਤੇ ਕੀਤੀ ਹੈ ਜਿਸ ਨੂੰ ਹੋਰ ਵੀ ਕਈਆਂ ਨੇ ਮੰਨਿਆ ਹੈ। ਏਡੀ ਵਿਦਵਤਾ ਵਾਲੇ ਵਿਦਵਾਨ ਨੇ ਵੀ ਇਸ ਨੂੰ ਕਕਸ਼ ਤੋਂ ਵਿਉਤਪਤ ਨਹੀਂ ਮੰਨਿਆ। ਉਂਜ ਉਸ ਨੇ ਵੀ ਇਸ ਦਾ ਸੰਧੀ-ਛੇਦ ਕਰਦਿਆਂ ਪੂਰੀ ਨਿਸ਼ਚਿਤਤਾ ਨਾਲ ਨਹੀਂ ਕਿਹਾ। ਉਸ ਦਾ ਸੰਧੀ-ਛੇਦ ਕੁਝ ਇਸ ਤਰ੍ਹਾਂ ਕੀਤਾ ਹੈ, "1. ਕੁ ਅਤੇ ਅਪ?" ਪ੍ਰਸ਼ਨ ਚਿੰਨ੍ਹ ਦਰਸਾਉਂਦਾ ਹੈ ਕਿ ਇਹ ਉਸ ਦਾ ਅਨੁਮਾਨ ਹੈ। ਮੈਂ ਸਿਰਫ ਇਸ ਸੰਧੀ-ਛੇਦ ਦੀ ਆਪਣੇ ਵਲੋਂ ਵਿਆਖਿਆ ਕੀਤੀ ਹੈ। ਮੋਨੀਅਰ ਵਿਲੀਅਮਜ਼ ਸਮੇਤ ਸੰਸਕ੍ਰਿਤ ਕੋਸ਼ਾ ਵਿਚ 'ਕੁ' ਅਗੇਤਰ ਦਾ ਅਰਥ ਬੁਰਾ ਤੋਂ ਇਲਾਵਾ ਨਿਘਾਰ, ਗਿਰਾਵਟ ਵੀ ਦਿੱਤਾ ਹੋਇਆ ਹੈ। ਇਸ ਹਿਸਾਬ ਨਾਲ ਕੂਪ ਦਾ ਅਰਥ ਬੁਰਾ ਪਾਣੀ ਤਾਂ ਹੋ ਨਹੀਂ ਸਕਦਾ। ਸਿਆਣੇ ਪਾਠਕ ਦੋਵਾਂ ਵਿਚ ਅਰਥਾਂ ਦੀ ਨਿਕਟਤਾ ਦੇਖ ਸਕਦੇ ਹਨ। ਜੋ ਨੈਤਿਕਤਾ ਤੋਂ ਗਿਰਿਆ, ਨੀਚਾ ਜਾਂ ਨਿਘਾਰ-ਗ੍ਰਸਤ ਹੁੰਦਾ ਹੈ, ਉਹੀ ਬੁਰਾ ਹੁੰਦਾ ਹੈ। ਭੌਤਿਕ ਵਸਤਾਂ ਵਿਚ ਇਸ ਦਾ ਅਰਥ ਭੌਤਿਕ ਤੌਰ 'ਤੇ ਨੀਵਾਂ, ਨੀਚਾ ਆਦਿ ਹੀ ਹੋਵੇਗਾ ਤੇ ਖੂਹ ਇਸ ਦੀ ਮਿਸਾਲ ਹੈ। ਉਂਜ ਇਕ ਹੋਰ ਅਗੇਤਰ 'ਕੁ' ਦਾ ਅਰਥ ਜ਼ਮੀਨ, ਭੂਮੀ ਵੀ ਹੁੰਦਾ ਹੈ। ਹਾਂ, ਕਕਸ਼ ਸ਼ਬਦ ਦੇ ਮਧਵਰਤੀ ਰੂਪ ਕਕਸ਼ਪ ਤੋਂ ਕੱਛੂ ਬਣਨ ਦੀ ਗੱਲ ਕਈਆਂ ਨੇ ਕਹੀ ਹੈ। ਅਸਲ ਵਿਚ ਕੱਛੂ ਦੀ ਤਿੰਨ ਤਰ੍ਹਾਂ ਵਿਉਤਪਤੀ ਕੀਤੀ ਜਾਂਦੀ ਹੈ ਜਿਸ ਦੀ ਚਰਚਾ ਫਿਰ ਕਦੇ ਕਰਾਂਗੇ।

ਸ. ਲੰਗੜੋਆ ਨੇ ਕਿਹਾ ਹੈ ਕਿ ਮੈਂ ਅੰਗਰੇਜ਼ੀ ਸ਼ਬਦ Hive ਨੂੰ ਧੱਕੇ ਨਾਲ ਕੁੱਪ ਸ਼ਬਦ ਨਾਲ ਜੋੜਿਆ ਹੈ। ਮੈਨੂੰ ਭਾਸ਼ਾ ਨਾਲ ਕੋਈ ਵਧੀਕੀ ਕਰਨ ਦੀ ਕੀ ਮਜਬੂਰੀ ਹੈ? ਮੈਂ ਦੱਸਿਆ ਸੀ ਕਿ ਇਹ ਸ਼ਬਦ ਭਾਰੋਪੀ ਮੂਲ 'Keup' ਨਾਲ ਸਬੰਧਤ ਹੈ। ਗਰੀਕ, ਲਾਤੀਨੀ ਦੀ 'ਕ' ਧੁਨੀ ਪੁਰਾਤਨ ਅੰਗਰੇਜ਼ੀ ਵਿਚ ਜਾ ਕੇ 'ਹ' ਵਿਚ ਬਦਲ ਜਾਂਦੀ ਹੈ। ਇਕ ਹੋਰ ਮਿਸਾਲ ਹੈ। ਭਾਰੋਪੀ ਮੂਲ Kwon ਵਿਚ ਕੁੱਤਾ ਦੇ ਭਾਵ ਹਨ। ਇਸ ਤੋਂ ਲਾਤੀਨੀ ਵਿਚ Canis, ਅੰਗਰੇਜ਼ੀ Hound ਤੇ ਸੰਸਕ੍ਰਿਤ ਸਵਾਨ ਸ਼ਬਦ ਬਣੇ। ਪੰਜਾਬੀ ਸੁਆਨ ਇਹੋ ਹੈ, 'ਏਕ ਸੁਆਨੁ ਦੁਇ ਸੁਆਨੀ ਨਾਲਿ' (ਗੁਰੂ ਨਾਨਕ ਦੇਵ) ਅਰਥਾਤ ਮੇਰੇ ਨਾਲ ਇਕ ਕੁੱਤਾ (ਲੋਭ) ਹੈ, ਦੋ ਕੁੱਤੀਆਂ (ਆਸਾ ਤ੍ਰਿਸ਼ਨਾ) ਹਨ (ਅਰਥ ਸਾਹਿਬ ਸਿੰਘ)। ਅੰਗਰੇਜ਼ੀ Canine ਵੀ ਇਥੇ ਸਬੰਧਤ ਹੈ ਜੋ ਬਾਅਦ ਵਿਚ ਅਪਨਾਇਆ ਗਿਆ।

ਜਸਵੀਰ ਸਿੰਘ ਨੇ ਮੇਰੇ ਬਿਆਨਾਂ ਨੂੰ ਬਹੁਤ ਤੋੜਿਆ-ਮਰੋੜਿਆ ਤੇ ਮਰਜ਼ੀ ਅਨੁਸਾਰ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਮੈਂ ਅਰਥਾਂ ਦੀ ਹੀ ਗੱਲ ਕਰ ਰਿਹਾ ਹਾਂ, ਧੁਨੀਆਂ ਵੱਲ ਤਾਂ ਆ ਹੀ ਨਹੀਂ ਰਿਹਾ। ਸਾਰੇ ਸ਼ਬਦ, ਇਨ੍ਹਾਂ ਦੇ ਧਾਤੂ ਤੇ ਭਾਰੋਪੀ ਮੂਲ ਮੁਢਲੇ ਤੌਰ 'ਤੇ ਧੁਨੀਆਂ ਹੀ ਤਾਂ ਹਨ, ਸਾਰਥਕ ਧੁਨੀਆਂ। ਹਾਂ, ਏਨਾ ਜ਼ਰੂਰ ਹੈ ਕਿ ਜਿਨ੍ਹਾਂ ਧੁਨੀਆਂ ਦਾ ਉਨ੍ਹਾਂ ਨੂੰ ਇਲਹਾਮ ਹੋਇਆ ਹੈ ਤੇ ਉਨ੍ਹਾਂ ਦੇ ਦਾਅਵੇ ਅਨੁਸਾਰ ਜਿਨ੍ਹਾਂ ਦੇ ਅਰਥ ਉਨ੍ਹਾਂ ਨੇ ਦੁਨੀਆਂ ਵਿਚ ਪਹਿਲੀ ਵਾਰ ਕੀਤੇ ਹਨ, ਭਲਾ ਉਨ੍ਹਾਂ ਦਾ ਮੈਨੂੰ ਤੇ ਹੋਰ ਦੁਨੀਆਂ ਨੂੰ ਕਿਵੇਂ ਇਲਮ ਹੋ ਸਕਦਾ ਸੀ? ਸਿਤਮਜ਼ਰੀਫੀ ਹੈ ਕਿ ਇਨ੍ਹਾਂ ਮਿਥਿਆ ਧੁਨੀਆਂ ਦੇ ਆਧਾਰ 'ਤੇ ਇਤਰਾਜ਼ ਤਾਂ ਲਿਖ ਮਾਰਿਆ ਹੈ ਪਰ ਇਸ ਨੂੰ ਚਰਚਿਤ ਸ਼ਬਦਾਂ ਵਿਚ ਲਾਗੂ ਕਿਥੇ ਕੀਤਾ ਹੈ?

ਹੁਣ ਆਈਏ 'ਅਪ' ਸ਼ਬਦ 'ਤੇ। ਇਹ ਸ਼ਬਦ ਮੇਰੇ ਮਸਤਕ ਦੀ ਉਪਜ ਨਹੀਂ। ਜੇ ਸ਼ਬਦਾਵਲੀ 'ਤੇ ਕੰਮ ਕਰਨ ਵਾਲੇ ਬੰਦੇ ਨੂੰ ਇਹ ਵੀ ਨਹੀਂ ਪਤਾ ਕਿ ਪਾਣੀ ਦੇ ਅਰਥਾਂ ਵਾਲਾ ਇਕ ਸ਼ਬਦ 'ਅਪ' ਵਾਕਿਆ ਹੀ ਮੌਜੂਦ ਹੈ ਤਾਂ ਉਸ ਬਾਰੇ ਕੀ ਕਹੀਏ? ਉਨ੍ਹਾਂ ਕਿਹਾ ਹੈ ਕਿ ਮੇਰੇ "ਅਨੁਸਾਰ 'ਆਬ' ਸ਼ਬਦ ਤੋਂ ਹੀ 'ਅਪ ਸ਼ਬਦ ਬਣਿਆ ਹੈ" -ਇਕ ਹੋਰ ਗਲਤ ਬਿਆਨੀ ਹੈ। ਮੈਂ ਕਿਥੇ ਅਜਿਹਾ ਕਿਹਾ ਹੈ? ਮੈਂ ਤਾਂ ਕਿਹਾ ਹੈ ਕਿ ਅਪ ਸ਼ਬਦ ਫਾਰਸੀ ਆਬ ਦਾ ਸਕਾ ਹੈ। ਇਕ ਸ਼ਬਦ ਦਾ ਕਿਸੇ ਹੋਰ ਸ਼ਬਦ ਤੋਂ ਬਣੇ ਹੋਣ ਅਤੇ ਉਸ ਦੇ ਸਕੇ ਹੋਣ ਵਿਚ ਢੇਰ ਅੰਤਰ ਹੈ। ਵਿਉਤਪਤੀ 'ਤੇ ਕੰਮ ਕਰਨ ਵਾਲੇ ਇਸ ਤੱਥ ਨੂੰ ਖੂਬ ਜਾਣਦੇ ਹਨ। ਖੈਰ, ਮੈਂ 'ਅਪ' ਸ਼ਬਦ ਬਾਰੇ ਆਪਣੇ ਕਾਲਮ 'ਸ਼ਬਦ-ਝਰੋਖਾ' ਵਿਚ ਲਿਖ ਰਿਹਾ ਹਾਂ, ਇਸ ਲਈ ਇਥੇ ਇਸ ਦੀ ਹੋਰ ਚਰਚਾ ਬੇਲੋੜੀ ਹੈ।

*-ਬਲਜੀਤ ਬਾਸੀ*

# ਪਲ ਭਰ ਦੀ ਵਿੱਥ 'ਤੇ ਖਲੋਤੀ ਮੌਤ

ਆਸੇ-ਪਾਸੇ ਮੌਤ ਫਿਰਦੀ

4

*'ਆਸੇ ਪਾਸੇ ਮੌਤ ਫਿਰਦੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੌਰ ਦਾ ਵਰਕਾ ਫਰੋਲਿਆ ਹੈ ਜਦੋਂ ਤਿੰਨ ਦਹਾਕੇ ਪਹਿਲਾਂ ਤੱਤੀਆਂ ਹਵਾਵਾਂ ਜ਼ੋਰ ਫੜ ਰਹੀਆਂ ਸਨ। ਆਪਣੀ ਕਲਾ ਦੇ ਦਮ 'ਤੇ, ਉਸ ਨੇ ਇਕਹਿਰੀ ਪਰਤ ਦੀਆਂ ਇਨ੍ਹਾਂ ਘਟਨਾਵਾਂ ਨੂੰ ਸਮੁੱਚ ਵਿਚ ਰੱਖ ਕੇ ਇਸ ਢੰਗ ਨਾਲ ਬਿਆਨ ਕੀਤਾ ਹੈ ਕਿ ਇਨ੍ਹਾਂ ਵਿਚੋਂ ਉਸ ਵੇਲੇ ਦੇ ਆਲੇ-ਦੁਆਲੇ ਦੀਆਂ ਪ੍ਰਤੱਖ ਝਾਤੀਆਂ ਪੈਂਦੀਆਂ ਹਨ। ਇਸ ਲੰਮੇ ਲੇਖ ਦੇ ਪਹਿਲੇ ਹਿੱਸੇ 'ਲੋਈਆਂ ਦੀਆਂ ਬੁੱਕਲਾਂ ਵਿਚ' ਰਾਹੀਂ ਉਨ੍ਹਾਂ ਉਸ ਮਾਹੌਲ ਦਾ ਜ਼ਿਕਰ ਛੋਹਿਆ ਸੀ ਜਿਹੜਾ 80ਵਿਆਂ ਵਿਚ ਪੰਜਾਬ ਦੇ ਪਿੰਡਾਂ ਵਿਚ ਆਮ ਸੀ। ਦੂਜੇ ਭਾਗ 'ਟਿੱਡੀਆਂ ਸ਼ੇਰ ਬਣ ਗਈਆਂ' ਵਿਚ ਇਨ੍ਹਾਂ ਹੀ ਵੇਰਵਿਆਂ ਦਾ ਅਗਲਾ ਬਿਰਤਾਂਤ ਪੇਸ਼ ਕੀਤਾ ਹੈ। ਤੀਜੇ ਭਾਗ 'ਪਹਾੜ ਤਾਂ ਮੈਂ ਚੁੱਕ ਹੀ ਲਿਆਇਆ ਸੀ' ਵਿਚ ਉਸ ਦੌਰ ਵਿਚ ਵਿਚਰਦਿਆਂ ਪੂਰੇ ਜ਼ੋਰ ਨਾਲ ਉਸਾਰੇ ਬਦਲ ਦੀ ਬਾਤ ਪਾਈ ਹੈ। ਐਤਕੀਂ ਚੌਥੇ ਤੇ ਆਖਰੀ ਭਾਗ ਵਿਚ ਲੇਖਕ ਨੇ ਬੇਵਿਸਾਹੀ ਦੇ ਉਸ ਦੌਰ ਦੀ ਉਹ ਕਥਾ ਛੋਹੀ ਹੈ ਜਿਸ ਨੂੰ ਪੜ੍ਹਦਿਆਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਆਪਣੀਆਂ ਹੋਰ ਰਚਨਾਵਾਂ ਵਾਂਗ ਇਸ ਲਿਖਤ ਵਿਚ ਵੀ ਲੇਖਕ ਨੇ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਬੜੇ ਜਜ਼ਬੇ ਨਾਲ ਕੀਤੀ ਹੈ। -ਸੰਪਾਦਕ*

ਇਹ 'ਹੈੱਡਮਾਸਟਰੀ' ਵੀ ਮੇਰੀ ਜਾਨ ਦੀ ਦੁਸ਼ਮਣ ਬਣ ਚੱਲੀ ਸੀ। ਮੇਰੀ ਜਾਨ-ਲੇਵਾ ਇਹ ਘਟਨਾ ਵਾਪਰੀ ਤਾਂ ਪਹਿਲਾਂ ਸੀ, ਪਰ ਇਸ ਦਾ ਵੇਰਵਾ ਦੇਣ ਤੋਂ ਵੀ ਪਹਿਲਾਂ, ਉਸ ਤੋਂ ਵੀ ਪਿੱਛੋਂ ਵਾਪਰੀ ਇੱਕ ਹੋਰ ਘਟਨਾ ਦਾ ਬਿਰਤਾਂਤ ਪਹਿਲਾਂ ਸੁਣ ਲਿਆ ਜਾਵੇ।

ਇੱਕ ਦਿਨ ਮੈਂ ਸਕੂਲੋਂ ਛੁੱਟੀ ਉਤੇ ਸਾਂ। ਅਗਲੇ ਦਿਨ ਸਕੂਲੇ ਗਿਆ ਤਾਂ ਸਟਾਫ਼ ਮੈਂਬਰਾਂ ਦੇ ਚਿਹਰਿਆਂ ਉੱਤੇ ਚੁੱਪ ਅਤੇ ਉਦਾਸੀ ਉਕਰੀ ਹੋਈ ਸੀ। ਪੀ ਟੀ ਕਹਿਣ ਲੱਗਾ, "ਭਾ ਜੀ, ਮਸਾਂ ਸਕੂਲ ਦੀ ਗੱਡੀ ਲੀਹ 'ਤੇ ਆਂਦੀ ਸੀ, ਪਰ ਹੁਣ ਵਿਗੜ ਗਈ ਸਾਰੀ ਗੱਲ।"

ਉਨ੍ਹਾਂ ਦੀ ਗੱਲ ਸੱਚੀ ਸੀ।

ਕੱਲ੍ਹ ਦਸਵੀਂ ਜਮਾਤ ਦੇ ਵਿਦਿਆਰਥੀ ਕੰਵਲਜੀਤ ਜੋ ਆਪਣੀ ਜਮਾਤ ਦੀ ਪੰਚਾਇਤ ਦਾ ਅਤੇ ਸਾਰੇ ਸਕੂਲ ਦੀ ਸਾਂਝੀ ਮੁੱਖ ਪੰਚਾਇਤ ਦਾ ਵੀ ਜ਼ਿੰਮੇਵਾਰ ਮੈਂਬਰ ਸੀ, ਨੇ ਇੱਕ ਅਧਿਆਪਕ ਦੀ ਬੇਇਜ਼ਤੀ ਕਰ ਦਿੱਤੀ ਸੀ। ਹੋਇਆ ਇਹ ਕਿ ਲੱਗੇ ਸਕੂਲ ਦੇ ਸਮੇਂ ਵਿਚ ਉਹ ਇੱਕ ਹੋਰ ਮੁੰਡੇ ਨੂੰ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਲੈ ਕੇ ਪਹਿਲਾਂ ਤਾਂ ਸਕੂਲ ਕੰਪਲੈਕਸ ਦਾ ਗੇੜਾ ਲਾ ਕੇ ਆਇਆ। ਫਿਰ ਪਿਸ਼ਾਬਖਾਨੇ ਵੱਲ ਪਿਸ਼ਾਬ ਕਰਨ ਗਿਆ। ਉਸ ਤੋਂ ਬਾਅਦ ਆ ਕੇ ਨਲਕੇ ਉਤੇ ਜੁੱਤੀ ਲਾਹ ਕੇ ਮੂੰਹ ਹੱਥ ਧੋਣ ਲੱਗਾ। ਅਧਿਆਪਕ ਵੇਖ ਰਿਹਾ ਸੀ। ਇਹ ਕੋਈ ਅਲੋਕਾਰ ਗੱਲ ਵੀ ਨਹੀਂ ਸੀ। ਲੱਗੇ ਸਕੂਲ ਵਿਚ ਹੋਰਨਾਂ ਨੂੰ ਬਾਹਰ ਨਿਕਲਣ ਦੀ ਆਗਿਆ ਦੇਣ ਵਾਲਾ ਕੰਵਲਜੀਤ ਆਪ ਵੀ ਲੋੜ ਮੁਤਾਬਕ ਬਾਹਰ ਨਿਕਲ ਸਕਦਾ ਸੀ, ਪਿਸ਼ਾਬ ਕਰ ਸਕਦਾ ਸੀ, ਪਾਣੀ ਪੀ ਸਕਦਾ ਸੀ, ਪਰ ਅਜੇ ਦਸ ਮਿੰਟ ਪਹਿਲਾਂ ਤਾਂ ਇਸ ਕੰਮ ਲਈ ਤੀਜੇ ਪੀਰੀਅਡ ਤੋਂ ਪਿੱਛੋਂ ਹੋਣ ਵਾਲੀ ਪੰਜ ਮਿੰਟਾਂ ਦੀ ਛੁੱਟੀ ਖ਼ਤਮ ਹੋਈ ਸੀ। ਇਸੇ ਲਈ ਅਧਿਆਪਕ ਨੂੰ ਲੱਗਾ ਕਿ ਉਹ ਅਜਿਹਾ ਜਾਣ ਬੁੱਝ ਕੇ ਅਤੇ ਉਹਨੂੰ ਵਿਖਾਉਣ ਲਈ ਕਰ ਰਿਹਾ ਹੈ। ਉਸ ਨੇ ਕਿਹਾ, "ਕੰਵਲਜੀਤ, ਤੂੰ ਆਪ ਮੈਂਬਰ ਏਂ। ਆਪ ਈ ਬਾਹਰ ਘੁੰਮ ਫਿਰ ਕੇ ਨਿਯਮ ਤੋੜ ਰਿਹਾ ਏਂ, ਕਿਸੇ ਹੋਰ ਨੂੰ ਕੀ ਆਖੇਂਗਾ?"

ਕੰਵਲਜੀਤ ਨੇ ਉਸ ਦੀ ਗੱਲ ਸੁਣ ਕੇ ਵੀ ਅਣਗੌਲੀ ਕਰ ਦਿੱਤੀ ਅਤੇ ਨਾਲ ਦੇ ਮੁੰਡੇ ਨੂੰ ਕਿਹਾ ਕਿ ਉਹ ਨਲਕਾ ਗੇੜੀ ਜਾਵੇ।

"ਤੂੰ ਸੁਣਿਆਂ ਨਹੀਂ, ਮੈਂ ਕੀ ਆਖਿਐ?" ਅਧਿਆਪਕ ਨੇ ਕਿਹਾ। ਉਸ ਦੇ ਕੰਨਾਂ 'ਤੇ ਫਿਰ ਵੀ ਜੂੰ ਨਾ ਸਰਕੀ।

ਅਧਿਆਪਕ ਨਲਕੇ ਵੱਲ ਵਧਿਆ ਤਾਂ ਕੰਵਲਜੀਤ ਪੈਰੀਂ ਜੁੱਤੀ ਅੜਾਉਂਦਾ ਕਹਿੰਦਾ, "ਆ ਅੱਗੇ, ਜੇ ਬੂਥੀ 'ਤੇ ਘਸੁੰਨ ਖਾਣੈ ਤਾਂ!" ਉਸ ਨੇ ਮੁੱਕਾ ਵੱਟ ਕੇ ਵਿਖਾਇਆ। ਲੰਮੇ ਕੱਦ ਕਾਠ ਦਾ ਮੱਸ-ਫੁੱਟ ਗੱਭਰੂ ਨੌਜਵਾਨ। ਅਧਿਆਪਕ ਨਾਲੋਂ ਸਰੀਰੋਂ ਵੀ ਤਕੜਾ। 'ਰੱਬ ਨਾਲੋਂ ਘਸੁੰਨ ਨੇੜੇ ਵੇਖ ਕੇ' ਅਧਿਆਪਕ ਥਾਏਂ ਰੁਕ ਗਿਆ। ਦੂਜੇ ਅਧਿਆਪਕਾਂ ਨੂੰ ਜਾ ਕੇ ਦੱਸਿਆ। ਕੋਈ ਵੀ ਉਸ ਮੁੰਡੇ ਦੇ ਮੂੰਹ ਲੱਗਣ ਨੂੰ ਤਿਆਰ ਨਹੀਂ ਸੀ। ਹਰ ਇੱਕ ਨੂੰ ਆਪਣੀ ਇੱਜ਼ਤ ਪਿਆਰੀ ਸੀ।

"ਜੇ ਸਾਡੇ ਨਾਲ ਕੰਮ ਕਰਦਿਆਂ ਵੀ ਇਸ ਤਰ੍ਹਾਂ ਹੀ ਹੋਣੀ ਹੈ ਤਾਂ ਅਸੀਂ ਤਾਂ ਭਾ ਜੀ ਕਲਾਸਾਂ 'ਚ ਨਹੀਂ ਜਾਣਾ।" ਸਬੰਧਤ ਅਧਿਆਪਕ ਦਾ ਗਿਲਾ ਜਾਇਜ਼ ਸੀ।

ਮੈਂ ਵੀ ਸੋਚੀਂ ਪੈ ਗਿਆ। ਬਣੀ ਬਣਾਈ ਖੇਡ ਵਿਗੜ ਗਈ ਸੀ। ਸਿਖਰ 'ਤੇ ਜਾ ਕੇ ਧੜੰਮ ਥੱਲੇ ਆਣ ਡਿੱਗੇ ਸਾਂ। ਹੁਣ ਕੀ ਕੀਤਾ ਜਾਵੇ?

"ਤੁਸੀ ਉਨ੍ਹਾਂ ਦੀ ਪੰਚਾਇਤ ਨੂੰ ਆਖਣਾ ਸੀ?" ਮੈਂ ਪੀ ਟੀ ਵੱਲ ਵੇਖਿਆ।

"ਉਹਨੇ ਪੰਚਾਇਤ ਨੂੰ ਵੀ ਝੱਗਾ ਚੁੱਕ ਕੇ ਵਿਖਾ'ਤਾ ਏ।"

ਹੁਣ ਇੰਡੀਅਨ ਪੀਨਲ ਕੋਡ ਦੀ ਕੋਈ ਸਰਕਾਰੀ ਦਫ਼ਾ ਤਾਂ ਉਹਨੂੰ ਅਸੀਂ ਲਾ ਨਹੀਂ ਸਾਂ ਸਕਦੇ। ਇਹ ਤਾਂ ਆਪਸੀ ਸਮਝ ਅਤੇ ਸਦਭਾਵਨਾ ਨਾਲ ਬਣਾਇਆ ਮਾਹੌਲ ਸੀ। ਜਦੋਂ ਕੋਈ ਵੱਡਾ ਜ਼ਿੰਮੇਵਾਰ ਲੜਕਾ ਆਪ ਹੀ ਬਾਗ਼ੀ ਹੋ ਜਾਵੇ ਤਾਂ ਅਸੀਂ ਕਿਹੜਾ ਹਥਿਆਰ ਵਰਤ ਸਕਦੇ ਸਾਂ!

ਕੁਝ ਸੋਚ ਕੇ ਮੈਂ ਉਠਿਆ ਅਤੇ ਦ੍ਰਿੜ੍ਹ ਇਰਾਦੇ ਨਾਲ ਦਸਵੀਂ ਜਮਾਤ ਵਿਚ ਗਿਆ। ਜਮਾਤ ਆਦਰ ਵਜੋਂ ਉਠ ਕੇ ਖੜ੍ਹੀ ਹੋ ਗਈ। ਬੈਠਣ ਦਾ ਇਸ਼ਾਰਾ ਕਰਦਿਆਂ ਮੈਂ ਕੰਵਲਜੀਤ ਨੂੰ ਕਿਹਾ, "ਸ਼ਾਬਾਸ਼ੇ ਕੰਵਲਜੀਤ! ਕੱਲ੍ਹ ਫਿਰ ਆਪਣੀ ਸੂਰਮਗਤੀ ਵਿਖਾ ਈ ਦਿੱਤੀ ਨਾ!"

ਉਹ ਮੇਰੇ ਵੱਲ ਵੇਖ ਕੇ ਕੱਚੀ ਜਿਹੀ ਹਾਸੀ ਹੱਸਿਆ। ਸਾਰੀ ਜਮਾਤ ਬੜੀ ਗਹਿਰ ਗੰਭੀਰ ਸੀ। ਸਾਰੇ ਅਧਿਆਪਕਾਂ ਵਾਂਗ ਉਨ੍ਹਾਂ ਨੂੰ ਵੀ ਉਡੀਕ ਸੀ ਕਿ ਮੈਂ ਭਲਾ ਇਸ ਖਿੱਲਰੀ ਗੱਲ ਨੂੰ ਕਿਵੇਂ ਸਮੇਟਦਾ ਹਾਂ! ਮੇਰੇ ਕੋਲ ਕਿਹੜਾ ਕੋਈ ਅਲਾਦੀਨ ਦਾ ਚਿਰਾਗ਼ ਸੀ! ਮੈਂ ਕਿਹਾ, "ਬ੍ਰੀਰਿਆ! ਦਸਵੀਂ ਦੇ ਦੋਵਾਂ ਸੈਕਸ਼ਨਾਂ ਦੇ ਅਤੇ ਮੁੱਖ ਪੰਚਾਇਤ ਦੇ ਸਾਰੇ ਪੰਜਾਂ ਪਿਆਰਿਆਂ ਨੂੰ ਬੁਲਾ ਕੇ ਲਿਆਵੇਂ।" ਮੈਂ ਪੰਚਾਇਤ ਮੈਂਬਰਾਂ ਨੂੰ 'ਪੰਜ ਪਿਆਰੇ' ਹੀ ਆਖਦਾ ਸਾਂ। ਮੈਨੂੰ ਲੱਗਦਾ ਹੁੰਦਾ, ਇਸ ਤਰ੍ਹਾਂ ਮੈਂ ਉਨ੍ਹਾਂ ਨੂੰ ਗੁਰੂ ਦੇ ਨੇੜੇ ਤੇੜੇ ਰੱਖ ਸਕਦਾ ਹਾਂ। ਗੁਰੂ ਦੇ ਅਜਿਹੇ ਨੇੜ ਵਿਚ ਉਹ ਆਪਣੀ ਗ਼ਲਤੀ ਲਈ ਛੇਤੀ ਸ਼ਰਮਸਾਰ ਹੋ ਸਕਦੇ ਸਨ।

"ਭਾ ਜੀ, ਇੱਕ ਮਿੰਟ ਮੇਰੀ ਗੱਲ ਸੁਣਿਓ!" ਬ੍ਰੀਰੇ ਨੇ ਅੱਡ ਹੋ ਕੇ ਮੇਰੇ ਨਾਲ ਜਾਣਕਾਰੀ ਸਾਂਝੀ ਕੀਤੀ, "ਭਾ ਜੀ, ਇਹਨੇ ਗ਼ਲਤੀ ਗੁਲਤੀ ਕੋਈ ਨਹੀਂ ਜੇ ਮੰਨਣੀ। ਇਹ ਤਾਂ ਅਜੇ ਪਿਛਲਾ ਪੂਰਾ ਹਫ਼ਤਾ ਭਾਊਆਂ ਕੋਲ ਦਰਬਾਰ ਸਾਹਬ ਵਿਚ ਰਹਿ ਕੇ ਆਇਐ। ਕੱਲ੍ਹ ਆਪਣੀ ਡੱਬ ਵਿਚ ਰਿਵਾਲਵਰ ਲਈ ਫਿਰਦਾ ਸੀ। ਅੱਜ ਭਲਕ ਪੱਕੇ ਤੌਰ 'ਤੇ ਹੀ ਤੁਰਨ ਦਾ ਮਨ ਬਣਾਈ ਬੈਠਾ ਹੈ। ਤੁਸੀਂ ਇਸ ਨਾਲ ਵਾਧੀ ਘਾਟੀ ਨਾ ਹੀ ਕਰਿਓ।"

ਉਸ ਦੀ ਗੱਲ ਵਿਚਲੇ ਖ਼ਤਰੇ ਨੂੰ ਸੋਚਦਿਆਂ ਸਮਝਦਿਆਂ ਵੀ ਮੈਂ ਕੰਵਲਜੀਤ ਸਮੇਤ 'ਪੰਜਾਂ ਪਿਆਰਿਆਂ' ਨੂੰ ਹਾਲ ਕਮਰੇ ਦੀ ਇਕਾਂਤ ਵਿਚ ਲਿਜਾ ਕੇ ਨਿੱਕਾ ਜਿਹਾ ਲੈਕਚਰ ਝਾੜਿਆ, "ਪੁੱਤਰੋ! ਤੁਹਾਡੀ ਸਾਰੇ ਇਲਾਕੇ ਵਿਚ ਜੈ ਜੈ ਕਾਰ ਹੈ। ਆਸੇ ਪਾਸੇ ਦੇ ਸਾਰੇ ਸਕੂਲਾਂ ਦੀ ਬੁਰੀ ਹਾਲਤ ਹੈ ਪਰ ਸੁਰ ਸਿੰਘ ਦੇ ਸਕੂਲ ਬਾਰੇ ਲੋਕ ਅਸ਼ ਅਸ਼ ਕਰਨ ਲੱਗੇ ਨੇ। ਸਭ ਨੂੰ ਪਤਾ ਹੈ ਕਿ ਸਕੂਲ ਦਾ ਪ੍ਰਬੰਧ 'ਪੰਜ ਪਿਆਰੇ' ਚਲਾਉਂਦੇ ਨੇ। ਉਹ 'ਪੰਜ ਪਿਆਰੇ' ਜਿਨ੍ਹਾਂ ਵਿਚ ਗੁਰੂ ਸਾਹਿਬ ਆਪ ਵੱਸਦੇ ਹਨ। ਜਦੋਂ ਤੁਸੀਂ ਪੰਚਾਇਤ ਦੇ ਰੂਪ ਵਿਚ ਪੰਜ ਪਿਆਰੇ ਬਣ ਕੇ ਕੋਈ ਫ਼ੈਸਲਾ ਲੈਂਦੇ ਹੋ ਤਾਂ ਤੁਸੀਂ ਗੁਲਜ਼ਾਰੀ, ਸੇਵਾ, ਬ੍ਰੀਰਾ ਜਾਂ ਕੰਵਲਜੀਤ ਨਹੀਂ ਹੁੰਦੇ, ਉਦੋਂ ਤੁਸੀਂ ਖ਼ੁਦ ਗੁਰੂ ਦਾ ਰੂਪ ਹੁੰਦੇ ਹੋ। ਉਦੋਂ ਤੁਸੀਂ ਗੁਰੂ ਸਾਹਿਬ ਵਾਂਗ ਨਾ ਕਿਸੇ ਤੋਂ ਡਰਦੇ ਅਤੇ ਨਾ ਕਿਸੇ ਨੂੰ ਡਰਾਉਂਦੇ ਹੋ। ਸੱਚ ਬੋਲਦੇ, ਸੱਚ ਸੁਣਦੇ ਤੇ ਸੱਚ ਮੰਨਦੇ ਹੋ। ਮੈਂ ਤੁਹਾਡੇ ਕੋਲੋਂ ਕਿਸੇ ਗੱਲ ਦਾ ਜਵਾਬ ਨਹੀਂ ਮੰਗਦਾ, ਮੇਰੇ ਸਿਰਫ਼ ਸਵਾਲ ਨੇ, ਜਿਨ੍ਹਾਂ ਦਾ ਜਵਾਬ ਤੁਸੀਂ ਆਪਣੇ ਅੰਦਰ ਬੈਠੇ ਗੁਰੂ ਦੇ ਹਾਜ਼ਰ ਨਾਜ਼ਰ ਹੋ ਕੇ ਆਪ ਲੱਭਣਾ ਹੈ। ਕੀ ਸਕੂਲ ਦਾ ਚੱਲਦਾ ਪ੍ਰਬੰਧ ਤੁਸੀਂ ਫਿਰ ਤੋਂ ਪਹਿਲਾਂ ਵਾਂਗ ਹੀ ਵਿਗਾੜਨਾ ਚਾਹੁੰਦੇ ਹੋ?"

"ਨਹੀਂ ਜੀ।" ਉਨ੍ਹਾਂ ਇੱਕ ਆਵਾਜ਼ ਵਿਚ ਕਿਹਾ।

"ਤੁਸੀਂ ਜਵਾਬ ਨਾ ਦਿਓ, ਸਿਰਫ਼ ਮੇਰੇ ਸਵਾਲ ਸੁਣੋ! ਮੇਰੇ ਸਵਾਲ ਤੁਹਾਡੇ ਅੰਦਰ ਬੈਠੇ ਗੁਰੂ ਜੀ ਦੀ ਆਤਮਾ ਨੂੰ ਹਨ। ਕੀ ਕੰਵਲਜੀਤ ਨੇ ਨਿਯਮ ਤੋੜ ਕੇ ਗ਼ਲਤੀ ਕੀਤੀ ਜਾਂ ਨਹੀਂ? ਕੀ ਆਪਣੇ ਅਧਿਆਪਕ ਨੂੰ ਘਸੁੰਨ ਮਾਰਨ ਦੀ ਧਮਕੀ ਦੇਣੀ ਠੀਕ ਗੱਲ ਸੀ? ਕੀ ਸਾਰੀ ਪੰਚਾਇਤ ਨੂੰ ਕੱਲ੍ਹ ਠਿੱਠ ਕਰ ਕੇ ਕੰਵਲਜੀਤ ਨੇ ਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਕੀਤੀ ਹੋਵੇਗੀ? ਜੇ ਤੁਹਾਨੂੰ ਸਮਝਾਉਣ ਵਾਲੇ ਅਧਿਆਪਕ ਨੂੰ ਘਸੁੰਨ ਮਾਰਨ ਦੀ ਆਗਿਆ ਗੁਰੂ ਜੀ ਦਿੰਦੇ ਹਨ ਤਾਂ ਇਹ ਘਸੁੰਨ ਸਭ ਤੋਂ ਪਹਿਲਾਂ ਮੈਨੂੰ ਨਹੀਂ ਵੱਜਣੇ ਚਾਹੀਦੇ? ਵੱਜਣੇ ਹੀ ਚਾਹੀਦੇ ਹਨ! ਸ਼ਾਇਦ ਇਸ ਤਰ੍ਹਾਂ ਹੀ ਕੰਵਲਜੀਤ ਦੇ ਹਿਰਦੇ ਵਿਚ ਬੈਠੇ ਸਾਡੇ ਗੁਰੂ ਨੂੰ ਖ਼ੁਸ਼ੀ ਮਿਲਦੀ ਹੋਵੇਗੀ! ਇਸ ਤੋਂ ਵੱਧ ਮੈਂ ਤੁਹਾਨੂੰ ਕੁਝ ਨਹੀਂ ਕਹਿਣਾ। ਹੁਣ ਤੁਸੀਂ ਸਾਰੇ ਜਣੇ ਗੁਰੂ ਰੂਪ ਬਣ ਕੇ ਇਨ੍ਹਾਂ ਸਵਾਲਾਂ ਦੇ ਜਵਾਬ ਲੱਭੋ। ਕੰਵਲਜੀਤ ਵੀ ਪੰਜਾਂ ਪਿਆਰਿਆਂ ਵਿਚੋਂ ਹੈ, ਇਸ ਅੰਦਰ ਬੈਠਾ ਗੁਰੂ ਇਹਨੂੰ ਕੀ ਆਖਦਾ ਹੈ; ਗੁਰੂ ਦੇ ਆਖੇ 'ਤੇ ਇਹ ਵੀ ਆਪਣੀ ਗੱਲ ਦੱਸੇਗਾ। ਜੋ ਇਹ ਆਖੇਗਾ, ਆਪਾਂ ਮੰਨ ਲਵਾਂਗੇ। ਕਿਉਂਕਿ ਇਸ ਅੰਦਰੋਂ ਨਿਕਲੀ ਆਵਾਜ਼ ਗੁਰੂ ਦੀ ਆਵਾਜ਼ ਹੋਵੇਗੀ।"

ਇੰਨੀ ਆਖ ਕੇ ਮੈਂ ਉਨ੍ਹਾਂ ਨੂੰ ਫ਼ੈਸਲਾ ਕਰਨ ਲਈ ਹਾਲ ਕਮਰੇ ਦੀ ਇਕਾਂਤ ਵਿਚ ਇਕੱਲਿਆਂ ਛੱਡ ਦਿਤਾ। ਆਪ ਮੈਂ ਫਿਰ ਜਮਾਤ ਵਿਚ ਆ ਕੇ ਬੈਠ ਗਿਆ। ਮੈਂ ਤਣਾਓ ਵਿਚ ਸਾਂ। ਮੇਰੀ ਇੱਜ਼ਤ ਵੀ ਦਾਅ 'ਤੇ ਲੱਗ ਗਈ ਸੀ। ਮੈਂ ਸੋਚਾਂ ਵਿਚ ਗੁੰਮ ਸੁੰਮ ਕੁਰਸੀ 'ਤੇ ਬੈਠਾ ਸਾਂ ਕਿ ਕੁਝ ਮਿੰਟਾਂ ਬਾਅਦ ਹੀ ਇੱਕ 'ਪਿਆਰਾ' ਮੈਨੂੰ ਬੁਲਾਉਣ ਆ ਗਿਆ। ਮੈਂ ਗਿਆ। ਸਾਰੇ ਮੁੰਡਿਆਂ ਦੇ ਚਿਹਰੇ ਉਤੇ ਖੇੜਾ ਸੀ।

ਬ੍ਰੀਰੇ ਨੇ ਕਿਹਾ, "ਭਾ ਜੀ, ਅਸੀਂ ਕੰਵਲਜੀਤ ਨੂੰ ਪੁੱਛਿਆ ਕਿ ਤੂੰ ਆਪ ਹੀ ਆਪਣੇ ਅੰਦਰ ਝਾਤੀ ਮਾਰ ਕੇ ਗੁਰੂ ਸਾਹਿਬ ਨੂੰ ਪੁੱਛ ਕੇ ਦੱਸ ਕਿ ਉਹ ਕੀ ਆਖਦੇ ਨੇ?" ਉਨ੍ਹਾਂ ਨੇ ਮੇਰੇ ਵੱਲੋਂ ਅਕਸਰ ਵਰਤੀ ਜਾਂਦੀ 'ਵਿਧੀ' ਦਾ ਹੀ ਇਸਤੇਮਾਲ ਕੀਤਾ ਸੀ।

"ਕੀ ਆਖਿਆ ਭਾਈ, ਗੁਰੂ ਜੀ ਨੇ?" ਮੈਂ ਮੁਸਕਰਾ ਕੇ ਕੰਵਲਜੀਤ ਵੱਲ ਵੇਖਿਆ।



*ਲੇਖਕ ਵਰਿਆਮ ਸਿੰਘ ਸੰਧੂ (ਖੱਬੇ) ਜਲੰਧਰ ਵਿਚ ਡਾ. ਸਾਧੂ ਸਿੰਘ ਨਾਲ।*

"ਮੈਂ ਗ਼ਲਤੀ 'ਤੇ ਸਾਂ।" ਉਸ ਨੇ ਸਹਿਜ ਨਾਲ ਜਵਾਬ ਦਿੱਤਾ।

"ਜੇ ਗ਼ਲਤੀ 'ਤੇ ਸੈਂ ਤਾਂ ਦਲਜੀਤ ਸੂੰਹ ਕੋਲੋਂ ਤੈਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ, ਪੰਜਾਂ ਪਿਆਰਿਆਂ ਅਤੇ ਸਾਰੇ ਅਧਿਆਪਕਾਂ ਦੀ ਹਾਜ਼ਰੀ ਵਿਚ।"

ਮੈਨੂੰ ਫ਼ਿਕਰ ਵੀ ਲੱਗਾ ਵੀ ਕਿ ਜੇ ਇਸ ਨੇ ਫੇਰ 'ਨਾਂਹ' ਕਰ ਦਿੱਤੀ ਤਾਂ!

ਪਰ ਉਸ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ। ਮੇਰੇ ਸਿਰ ਤੋਂ ਮਣਾਂ ਮੂੰਹੀਂ ਭਾਰ ਲਹਿ ਗਿਆ।

ਅਸੀਂ ਸਾਰਾ ਟੋਲਾ ਦਫ਼ਤਰ ਵਿਚ ਬੜੇ ਤਣਾਓ ਵਿਚ ਬੈਠੇ ਅਧਿਆਪਕਾਂ ਕੋਲ ਪਹੁੰਚੇ। ਕੰਵਲਜੀਤ ਨੇ ਜਾਂਦਿਆਂ ਹੀ ਦਲਜੀਤ ਸਿੰਘ ਦੇ ਗੋਡਿਆਂ ਨੂੰ ਹੱਥ ਲਾ ਕੇ, ਹੱਥ ਜੋੜ ਕੇ ਮੁਆਫ਼ੀ ਮੰਗ ਲਈ।

"ਦੇ ਬਈ ਦਲਜੀਤ ਸਿਆਂ, ਮੁੰਡੇ ਨੂੰ ਪਿਆਰ!" ਮੈਂ ਆਖਿਆ ਤਾਂ ਰੋਸ ਵਿਚ ਭਰਿਆ ਦਲਜੀਤ ਮੇਰੇ ਵੱਲ ਵੇਖਣ ਲੱਗਾ। ਲਾਗਿਉਂ ਕਿਸੇ ਨੇ ਕਿਹਾ, "ਬੱਚੇ ਗ਼ਲਤੀਆਂ ਕਰਦੇ ਹੁੰਦੇ ਨੇ ਤੇ ਵੱਡੇ ਸਦਾ ਮੁਆਫ਼ ਕਰਦੇ ਆਏ ਨੇ।"

ਸਾਰੇ ਅਧਿਆਪਕਾਂ ਨੇ ਇਸ ਗੱਲ ਦੀ ਹਾਮੀ ਭਰੀ ਤਾਂ ਦਲਜੀਤ ਸਿੰਘ ਨੇ ਕੰਵਲਜੀਤ ਦੀ ਪਿੱਠ 'ਤੇ ਥਾਪੀ ਦੇ ਕੇ ਕਿਹਾ, "ਚੱਲ ਜਾਹ; ਅੱਗੇ ਤੋਂ ਸੋਚ ਵਿਚਾਰ ਕੇ ਚੱਲੀਂ।"

ਸਾਰੇ ਜਣੇ ਜਿਵੇਂ ਡੂੰਘੇ ਖੂਹ ਵਿਚੋਂ ਬਾਹਰ ਨਿਕਲੇ। ਹੌਲੀ ਹੌਲੀ ਕਲਾਸਾਂ ਨੂੰ ਪੜ੍ਹਾਉਣ ਤੁਰ ਗਏ। ਰੁਕ ਗਈ ਸਮੇਂ ਦੀ ਘੜੀ 'ਟਿੱਕ ਟਿੱਕ' ਕਰ ਕੇ ਮੁੜ ਚੱਲਣ ਲੱਗੀ।

ਇਸ ਘਟਨਾ ਨੂੰ ਅਜੇ ਦੋ ਕੁ ਦਿਨ ਹੀ ਹੋਏ ਸਨ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਬੈਠੇ 'ਖਾੜਕੂਆਂ' ਨੂੰ ਕਾਬੂ ਕਰਨ ਲਈ 'ਆਪ੍ਰੇਸ਼ਨ ਬਲੈਕ ਥੰਡਰ' ਸ਼ੁਰੂ ਹੋ ਗਿਆ। ਆਪ੍ਰੇਸ਼ਨ ਦਾ ਸਾਰਾ ਹਾਲ-ਹਵਾਲ ਨਾਲ ਦੇ ਨਾਲ ਟੀ ਵੀ ਉਤੇ ਦਿਖਾਇਆ ਜਾ ਰਿਹਾ ਸੀ। ਦਰਬਾਰ ਸਾਹਿਬ ਦੀ ਮੁੱਖ ਇਮਾਰਤ ਵਿਚ ਲੁਕੇ ਇਹ 'ਸੂਰਮੇ' ਕੁਝ ਦਿਨਾਂ ਬਾਅਦ ਹੱਥ ਖੜ੍ਹੇ ਕਰ ਕੇ ਬਾਹਰ ਆ ਗਏ। ਗ੍ਰਿਫ਼ਤਾਰ ਕਰ ਕੇ ਬਾਹਰ ਬਿਠਾਏ ਇਨ੍ਹਾਂ 'ਯੋਧਿਆਂ' ਉਤੇ ਜਦੋਂ ਟੀ ਵੀ ਦਾ ਕੈਮਰਾ ਵਾਰ ਵਾਰ ਫੋਕਸ ਕਰ ਰਿਹਾ ਸੀ ਤਾਂ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਉਨ੍ਹਾਂ ਵਿਚ ਬੈਠੇ ਕੰਵਲਜੀਤ ਨੂੰ ਸਾਫ਼ ਤੌਰ 'ਤੇ ਪਛਾਣ ਲਿਆ।

ਅਗਲੇ ਦਿਨ ਸਾਰੇ ਅਧਿਆਪਕ ਅਧਿਆਪਕਾਵਾਂ ਮੂੰਹ ਜੋੜ-ਜੋੜ ਗੱਲਾਂ ਕਰ ਰਹੇ ਸਨ। ਉਨ੍ਹਾਂ ਨੂੰ ਲੱਗਦਾ ਸੀ, ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਉਸ ਦਿਨ ਉਹ ਮੁਆਫ਼ੀ ਮੰਗ ਗਿਆ। ਉਹ ਤਾਂ 'ਕੁਝ ਵੀ' ਕਰ ਸਕਦਾ ਸੀ!

ਕੁਝ ਦਿਨਾਂ ਬਾਅਦ ਪੁਲਿਸ ਨੇ ਉਹਨੂੰ ਸੰਗਤ ਵਿਚ ਆਇਆ ਵਿਦਿਆਰਥੀ ਜਾਣ ਕੇ ਰਿਹਾਅ ਕਰ ਦਿੱਤਾ ਸੀ। ਉਹ ਸਕੂਲ ਆਇਆ ਤਾਂ ਮੈਂ ਉਹਨੂੰ ਪੁੱਛਿਆ, "ਕੀ ਇਹ ਸੱਚ ਹੈ ਕਿ ਤੁਸੀਂ ਪ੍ਰਕਾਸ਼ ਸਥਾਨ ਵਾਲੀ ਇਮਾਰਤ ਵਿਚ ਉਥੇ ਹੀ ਕੜਾਹ-ਪ੍ਰਸ਼ਾਦ ਵਾਲੇ ਪੀਪਿਆਂ ਵਿਚ ਮਲ-ਮੂਤਰ ਕਰਦੇ ਰਹੇ ਓ?"

"ਹੋਰ ਕੀ ਕਰਦੇ ਜੀ, ਹੋਰ ਥਾਂ ਹੀ ਕੋਈ ਨਹੀਂ ਸੀ। ਬਾਹਰ ਨਿਕਲਦੇ ਤਾਂ ਗੋਲੀ ਵੱਜਦੀ ਸੀ।" ਉਹਨੂੰ ਇਹ ਮੰਨਣ ਵਿਚ ਹੁਣ ਕੋਈ ਹਿਚਕਚਾਹਟ ਨਹੀਂ ਸੀ ਕਿ ਉਹ ਪਿਛਲੇ ਕਈ ਮਹੀਨਿਆਂ ਤੋਂ 'ਉਨ੍ਹਾਂ' ਦਾ ਹੀ ਸਰਗਰਮ ਸਾਥੀ ਸੀ। ਸਾਰੇ ਮੁੰਡੇ ਅਤੇ ਅਧਿਆਪਕ ਉਸ ਵੱਲ ਭੈਅ-ਭਰੀ ਹੈਰਾਨੀ ਨਾਲ ਵੇਖ ਰਹੇ ਸਨ।

ਇਸ ਤੋਂ ਬਾਅਦ ਉਹ ਕੁਝ ਦਿਨ ਹੀ ਸਕੂਲ ਆਇਆ। ਫਿਰ ਪਤਾ ਲੱਗਾ ਕਿ ਉਹ ਕਿਸੇ ਕਮਾਂਡੋ ਫੋਰਸ ਦਾ ਪੱਕਾ ਸਿਪਾਹੀ ਬਣ ਗਿਆ। ਛੇ ਕੁ ਮਹੀਨੇ ਪਿੱਛੋਂ ਉਹ ਦਿਆਲਪੁਰੇ ਅਤੇ ਕੱਚੇ ਪੱਕੇ ਦੇ ਵਿਚਕਾਰ ਸਾਈਕਲ 'ਤੇ ਮੇਰੇ ਕੋਲੋਂ ਦੀ ਲੰਘਿਆ। ਉਸ ਨੇ ਮੈਨੂੰ ਵੇਖ ਲਿਆ ਸੀ, ਪਰ ਮੇਰੇ ਨਾਲ ਅੱਖ ਨਾ ਮਿਲਾਈ ਅਤੇ ਦੋ ਫੁੱਟ ਦੀ ਵਿੱਥ ਤੋਂ ਮੇਰੇ ਕੋਲੋਂ ਸਾਈਕਲ ਚਲਾਉਂਦਾ ਮੂੰਹ ਸਿੱਧਾ ਕੀਤੀ ਨਿਕਲ ਗਿਆ। ਮੈਂ ਵੀ ਉਹਨੂੰ ਬੁਲਾਉਣਾ ਮੁਨਾਸਬ ਨਾ ਸਮਝਿਆ। ਉਸ ਤੋਂ ਬਾਅਦ ਉਸ ਦੀ, ਉਸ ਦੇ ਬਾਪ ਵਾਂਗ ਹੀ, ਕੋਈ ਉਘ-ਸੁੱਘ ਨਾ ਮਿਲੀ। ਪਤਾ ਨਹੀਂ ਜਿਉਂਦਾ ਸੀ ਜਾਂ ਸ਼ਾਇਦ ਉਹ ਵੀ ਅਣਪਛਾਤੀਆਂ ਲਾਸ਼ਾਂ ਦਾ ਹਿੱਸਾ ਬਣ ਗਿਆ ਸੀ!

ਹੁਣ ਜਿਹੜੀ ਘਟਨਾ ਨੂੰ ਦੱਸਣਾ ਮੁਲਤਵੀ ਕੀਤਾ ਹੋਇਆ ਸੀ, ਉਸ ਦਾ ਬਿਰਤਾਂਤ ਸੁਣ ਲਵੋ!

ਸਕੂਲ ਦਾ ਪ੍ਰਬੰਧ ਸੰਭਾਲਣ ਤੋਂ ਬਾਅਦ ਮੈਂ ਸਕੂਲ ਦੇ ਮੁੱਖ ਦਰਵਾਜ਼ੇ ਵਿਚ ਲੰਘਣ ਲਈ ਥੋੜ੍ਹਾ ਕੁ ਰਾਹ ਛੱਡ ਕੇ ਤਾਲਾ ਮਰਵਾ ਕੇ ਰੱਖਦਾ ਸਾਂ। ਦਰਵਾਜ਼ੇ ਦੇ ਨਾਲ ਕਰ ਕੇ ਬਣੇ ਸ਼ੈੱਡ ਹੇਠਾਂ ਛੇਵੀਂ 'ਏ' ਦੀ ਕਲਾਸ ਲੱਗਦੀ ਸੀ। ਇਹ ਅੱਧੀ ਛੁੱਟੀ ਤੋਂ ਬਾਅਦ ਦੀ ਗੱਲ ਹੈ। ਜਮਾਤ ਦਾ ਅਧਿਆਪਕ ਛੁੱਟੀ 'ਤੇ ਸੀ। ਉਸ ਦੀ ਥਾਂ ਮੈਂ ਬੱਚਿਆਂ ਨੂੰ ਅੰਗਰੇਜ਼ੀ ਦਾ ਸਬਕ ਦੇ ਰਿਹਾ ਸਾਂ। ਅਚਨਚੇਤ ਦਰਵਾਜ਼ੇ ਦੇ ਬਾਹਰ ਸੜਕ ਉਤੇ ਮੋਟਰ ਸਾਈਕਲ ਰੁਕਣ ਦੀ ਆਵਾਜ਼ ਆਈ। ਇਸੇ ਵੇਲੇ ਦਸਵੀਂ

(ਬਾਕੀ ਅਗਲੇ ਸਫੇ 'ਤੇ)

*ਇਸ ਘਟਨਾ ਨੂੰ ਅਜੇ ਦੋ ਕੁ ਦਿਨ ਹੀ ਹੋਏ ਸਨ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਬੈਠੇ 'ਖਾੜਕੂਆਂ' ਨੂੰ ਕਾਬੂ ਕਰਨ ਲਈ 'ਆਪ੍ਰੇਸ਼ਨ ਬਲੈਕ ਥੰਡਰ' ਸ਼ੁਰੂ ਹੋ ਗਿਆ। ਆਪ੍ਰੇਸ਼ਨ ਦਾ ਸਾਰਾ ਹਾਲ-ਹਵਾਲ ਨਾਲ ਦੇ ਨਾਲ ਟੀ ਵੀ ਉਤੇ ਦਿਖਾਇਆ ਜਾ ਰਿਹਾ ਸੀ। ਦਰਬਾਰ ਸਾਹਿਬ ਦੀ ਮੁੱਖ ਇਮਾਰਤ ਵਿਚ ਲੁਕੇ ਇਹ 'ਸੂਰਮੇ' ਕੁਝ ਦਿਨਾਂ ਬਾਅਦ ਹੱਥ ਖੜ੍ਹੇ ਕਰ ਕੇ ਬਾਹਰ ਆ ਗਏ। ਗ੍ਰਿਫ਼ਤਾਰ ਕਰ ਕੇ ਬਾਹਰ ਬਿਠਾਏ ਇਨ੍ਹਾਂ 'ਯੋਧਿਆਂ' ਉਤੇ ਜਦੋਂ ਟੀ ਵੀ ਦਾ ਕੈਮਰਾ ਵਾਰ ਵਾਰ ਫੋਕਸ ਕਰ ਰਿਹਾ ਸੀ ਤਾਂ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਉਨ੍ਹਾਂ ਵਿਚ ਬੈਠੇ ਕੰਵਲਜੀਤ ਨੂੰ ਸਾਫ਼ ਤੌਰ 'ਤੇ ਪਛਾਣ ਲਿਆ। ਅਗਲੇ ਦਿਨ ਸਾਰੇ ਅਧਿਆਪਕ ਅਧਿਆਪਕਾਵਾਂ ਮੂੰਹ ਜੋੜ-ਜੋੜ ਗੱਲਾਂ ਕਰ ਰਹੇ ਸਨ। ਉਨ੍ਹਾਂ ਨੂੰ ਲੱਗਦਾ ਸੀ, ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਉਸ ਦਿਨ ਉਹ ਮੁਆਫ਼ੀ ਮੰਗ ਗਿਆ। ਕੰਵਲਜੀਤ ਤਾਂ 'ਕੁਝ ਵੀ' ਕਰ ਸਕਦਾ ਸੀ!*

ਕਹਾਣੀ

*'ਪਛਤਾਵਾ' ਉਸ ਨੰਨ੍ਹੀ ਜਾਨ ਦੀ ਵੱਡੀ ਕਹਾਣੀ ਹੈ ਜਿਸ ਉਤੇ ਦੁਸ਼ਵਾਰੀਆਂ ਦੀ ਲਗਾਤਾਰ ਵਾਛੜ ਪੈ ਰਹੀ ਹੈ। ਅਜਿਹੇ ਹਾਲਾਤ ਦੇ ਝੰਬੇ, ਪਤਾ ਨਹੀਂ ਕਿੰਨੇ ਕੁ ਜਿਊੜੇ ਲੀਹ ਤੋਂ ਲਹਿ ਕੇ ਗੁੰਮਨਾਮੀ ਦੇ ਬੱਦਲਾਂ ਪਿਛੇ ਲੁਕ ਜਾਂਦੇ ਹਨ। ਕੁਲਦੀਪ ਤੱਖਰ ਨੇ ਇਸ ਨੰਨ੍ਹੀ ਜਾਨ ਦੀ ਕਥਾ ਆਪਣੇ ਹੀ ਢੰਗ ਨਾਲ ਸੁਣਾਈ ਹੈ। -ਸੰਪਾਦਕ*

# ਪਛਤਾਵਾ

ਮਨਜੀਤ ਮੈਨੂੰ ਆਪਣੇ ਸਕੂਲ ਦੇ ਬੱਚਿਆਂ ਬਾਰੇ ਦੱਸ ਰਹੀ ਸੀ; ਤੇ ਖਾਸ ਕਰ ਕੇ ਰੰਗਦਾਰ (ਕਾਲੇ) ਬੱਚਿਆਂ ਬਾਰੇ ਉਹ ਗਿਲੇ ਕਰ ਰਹੀ ਸੀ, ਉਹ ਸਕੂਲੇ ਬੜੇ ਗੰਦੇ ਆਉਂਦੇ ਨੇ, ਕੱਪੜੇ ਸਾਫ ਨਹੀਂ ਪਾਉਂਦੇ, ਨਲੀਆਂ ਵਗਦੀਆਂ ਨੇ, ਉਨ੍ਹਾਂ ਦੀਆਂ ਆਦਤਾਂ ਬੜੀਆਂ ਭੈੜੀਆਂ ਨੇ। ਉਨ੍ਹਾਂ ਦਾ ਆਹ ਨਹੀਂ ਚੰਗਾ, ਅਹੁ ਨਹੀਂ ਚੰਗਾ।

ਮਨਜੀਤ ਉਸੇ ਤਰ੍ਹਾਂ ਮੇਰੇ ਵੱਲੋਂ ਕੋਈ ਹੂੰ-ਹਾਂ ਨਾ ਕੀਤੇ ਜਾਣ 'ਤੇ ਬੋਲੀ ਜਾ ਰਹੀ ਸੀ, "ਉਨ੍ਹਾਂ ਦੀਆਂ ਹੋਰ ਸਭ ਔਕੜਾਂ ਤਾਂ ਸਕੂਲ ਵਿਚ ਦੂਰ ਕੀਤੀਆਂ ਜਾ ਸਕਦੀਆਂ ਨੇ, ਪਰ ਜਿਹੜੇ ਬੱਚੇ

**ਕੁਲਦੀਪ ਤੱਖਰ (ਕੈਲੀਫੋਰਨੀਆ)**

ਸਕੂਲ ਗੰਦੇ ਆਉਂਦੇ ਨੇ, ਉਨ੍ਹਾਂ ਦਾ ਕੀ ਇਲਾਜ ਕੀਤਾ ਜਾਵੇ? ਆਪਣੇ ਗੰਦੇ ਬੱਚਿਆਂ ਵੱਲ ਵੇਖ ਕੇ ਮੈਨੂੰ ਤੇ ਏਨੀ ਸ਼ਰਮ ਆਉਂਦੀ ਏ ਕਿ ਮੈਂ ਦੂਜੇ ਅਧਿਆਪਕਾਂ ਅੱਗੇ ਅੱਖ ਨਹੀਂ ਚੁੱਕ ਸਕਦੀ। ਤੇ ਬੱਚਿਆਂ ਨਾਲੋਂ ਮੈਨੂੰ ਬਹੁਤਾ ਗੁੱਸਾ ਉਨ੍ਹਾਂ ਦੇ ਮਾਪਿਆਂ ਉਤੇ ਆਉਂਦਾ ਏ ਜਿਹੜੇ ਉਨ੍ਹਾਂ ਨੂੰ ਸਕੂਲੇ ਗੰਦਿਆਂ ਘੱਲਦੇ ਨੇ।" ਉਹ ਕਹਿੰਦੀ ਗਈ, ਜਿਹੜੇ ਇੰਜ ਨਹੀਂ ਕਰਦੇ, ਉਂਜ ਨਹੀਂ ਕਰਦੇ।...

ਉਹ ਜਿਉਂ-ਜਿਉਂ ਇਨ੍ਹਾਂ ਰੰਗਦਾਰ ਬੱਚਿਆਂ ਬਾਰੇ ਗਿਲੇ ਕਰ ਰਹੀ ਸੀ, ਮੇਰੀਆਂ ਅੱਖਾਂ ਅੱਗੇ ਟਰੇਸੀ ਦੀ ਸ਼ਕਲ ਘੁੰਮਦੀ ਜਾ ਰਹੀ ਸੀ ਜਿਹੜੀ ਪਿਛਲੇ ਸਾਲ ਮੇਰੀ ਪਹਿਲੀ ਜਮਾਤ ਦੀ ਵਿਦਿਆਰਥਣ ਸੀ। ਮੈਂ ਸੋਚ ਰਿਹਾ ਸੀ ਕਿ ਟਰੇਸੀ ਤਾਂ ਰੰਗਦਾਰ ਬੱਚੀ ਨਹੀਂ ਸੀ; ਉਹ ਤਾਂ ਗੋਰੇ ਮਾਂ-ਪਿਉ ਦੀ ਧੀ ਸੀ। ਉਹਦਾ ਰੰਗ ਵੀ ਗੋਰਾ ਸੀ ਤੇ ਖੂਨ ਵੀ ਗੋਰਾ ਸੀ, ਪਰ ਜਮਾਤ ਵਿਚ ਜੇ ਕੋਈ ਗੰਦਾ ਬੱਚਾ ਸੀ ਤਾਂ ਉਹ ਟਰੇਸੀ ਹੀ ਸੀ।

ਜਦੋਂ ਟਰੇਸੀ ਮੇਰੀ ਜਮਾਤ ਵਿਚ ਸੀ, ਮੈਨੂੰ ਉਸ ਦੀ ਗੰਦਗੀ ਤੋਂ ਕਚਿਆਣ ਆਉਂਦੀ ਤੇ ਮੈਨੂੰ ਉਸ 'ਤੇ ਬੜਾ ਗੁੱਸਾ ਆਉਂਦਾ। ਮੈਂ ਉਸ ਨੂੰ ਆਪਣੇ ਲਾਗੇ ਨਹੀਂ ਸਾਂ ਲੱਗਣ ਦਿੰਦੀ, ਪਰ ਹੁਣ ਜਦੋਂ ਕਦੇ ਮੈਨੂੰ ਟਰੇਸੀ ਯਾਦ ਆਉਂਦੀ ਤਾਂ ਉਸ ਨੂੰ ਯਾਦ ਕਰ ਕੇ ਮੇਰੇ ਦਿਲ ਦਾ ਰੁੱਗ ਜਿਹਾ ਭਰਿਆ ਜਾਂਦਾ। ਟਰੇਸੀ ਨੂੰ ਯਾਦ ਕਰ ਕੇ ਕਈ ਵਾਰੀ ਆਪ ਮੁਹਾਰੇ ਹੀ ਅੱਥਰੂ ਵਹਿ ਤੁਰਦੇ ਨੇ, ਤੇ ਫਿਰ ਮੈਂ ਆਪਣੇ ਆਪ ਨੂੰ ਕੋਸਦੀ ਹਾਂ ਕਿ ਉਦੋਂ ਮੈਂ ਇਸ ਮਸੂਮ ਜੀਅ ਦੀ ਪਛਾਣ ਕਿਉਂ ਨਾ ਕੀਤੀ। ਸੱਚਮੁੱਚ ਹੀ ਜਦੋਂ ਕੋਈ ਚੀਜ਼ ਸਾਡੇ ਹੱਥਾਂ ਵਿਚ ਹੁੰਦੀ ਏ ਤਾਂ ਅਸੀਂ ਉਸ ਦੀ ਕਦਰ ਨਹੀਂ ਕਰਦੇ, ਪਰ ਜਦੋਂ ਸਾਨੂੰ ਉਹਦੀ ਕੀਮਤ ਦਾ ਪਤਾ ਲੱਗਦਾ ਏ, ਉਹ ਸਾਡੇ ਕੋਲੋਂ ਬੜੀ ਦੂਰ ਜਾ ਚੁੱਕੀ ਹੁੰਦੀ ਏ।

ਹੁਣ ਟਰੇਸੀ ਦੀ ਇਕ-ਇਕ ਚੀਜ਼ ਚੇਤੇ ਕਰ ਕੇ ਮੇਰਾ ਦਿਲ ਭੁੱਬੀਂ ਰੋ ਉਠਦਾ ਏ। ਮੈਂ ਸੋਚਦੀ ਹਾਂ ਕਿ ਟਰੇਸੀ ਨਾਲ ਕੀਤੀ ਬਦਸਲੂਕੀ ਹੀ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਾਂਤ ਏ, ਤੇ ਇਸ ਪਾਪ ਦਾ ਪਛਤਾਵਾ ਮੇਰੇ ਮਰਨ ਤੋਂ ਬਾਅਦ ਵੀ ਸ਼ਾਇਦ ਮੈਨੂੰ ਚੰਬੜਿਆ ਰਵ੍ਹੇ।

ਇਕ ਨਹੀਂ, ਦੋ ਨਹੀਂ ਸਗੋਂ ਪੂਰੇ ਚਾਰ ਮਹੀਨੇ ਹੋ ਗਏ ਸਨ ਟਰੇਸੀ ਨੂੰ ਇਕ ਹੀ ਸੂਟ ਪਾ ਕੇ ਸਕੂਲੇ ਆਉਂਦਿਆਂ। ਜਿਹੜੇ ਇਨ੍ਹਾਂ ਚਹੁੰ ਮਹੀਨਿਆਂ ਵਿਚ ਇਕ-ਅੱਧੀ ਵਾਰ ਹੀ ਸ਼ਾਇਦ ਧੋਤੇ ਹੋਣ। ਪੈਂਟ ਉਹਦੀ ਦੇ ਦੋਵੇਂ ਪਹੁੰਚੇ ਥੱਲਿਓਂ ਉਡੇ ਹੋਏ ਸਨ। ਦੋਵਾਂ ਬੂਟਾਂ ਦੇ ਤਲਿਆਂ ਵਿਚ ਮੋਰੀਆਂ ਸਨ ਤੇ ਕਮੀਜ਼ ਨੂੰ ਗਲਮੇ ਵਾਲੇ ਬਟਨ ਤੋਂ ਸਿਵਾ ਹੋਰ ਕੋਈ ਬੀੜਾ ਨਹੀਂ ਸੀ।

ਪਹਿਲਾਂ-ਪਹਿਲ ਮੈਂ ਉਸ ਨੂੰ ਦੂਜੇ-ਤੀਜੇ ਦਿਨ ਨਵੇਂ ਕੱਪੜੇ ਪਾ ਕੇ ਆਉਣ ਨੂੰ ਆਖਿਆ, ਪਰ ਜਦੋਂ ਉਹ ਉਨ੍ਹਾਂ ਕੱਪੜਿਆਂ ਵਿਚ ਆਉਣੋਂ ਨਾ ਹਟੀ ਤਾਂ ਮੈਂ ਉਸ ਨੂੰ ਸਾਰੀ ਜਮਾਤ ਦੇ ਸਾਹਮਣੇ ਬੈਂਚ 'ਤੇ ਖਲਾਰਨਾ ਸ਼ੁਰੂ ਕਰ ਦਿੱਤਾ, ਪਰ ਜਾਪਦਾ ਸੀ ਬੈਂਚ ਉਤੇ ਖਲੋਣ ਦੀ ਵੀ ਹੁਣ ਉਹ ਆਦੀ ਹੁੰਦੀ ਜਾਂਦੀ ਸੀ ਤੇ ਉਸ ਨੂੰ ਇਸ ਦਾ ਕੋਈ ਫਰਕ ਨਹੀਂ ਸੀ ਪੈਂਦਾ। ਘੰਟਿਆਂ ਬੱਧੀ ਉਹ ਉਸੇ ਤਰ੍ਹਾਂ ਬਗੈਰ ਟੱਸ ਤੋਂ ਮੱਸ ਹੋਇਆਂ, ਬੈਂਚ ਉਤੇ ਖਲੋਤੀ ਰਹਿੰਦੀ। ਇੰਜ ਮੈਨੂੰ ਸਗੋਂ ਉਸ ਉਤੇ ਹੋਰ ਗੁੱਸਾ ਆਉਂਦਾ। ਮੈਂ ਜਾ ਕੇ ਉਹਦੇ ਦੋ-ਤਿੰਨ ਚਪੇੜਾਂ ਜੜ ਦਿੰਦੀ। ਜਾਪਦਾ ਕਿ ਇਨ੍ਹਾਂ ਚਪੇੜਾਂ ਦਾ ਵੀ ਉਹਦੇ 'ਤੇ ਕੋਈ ਅਸਰ ਨਹੀਂ ਹੁੰਦਾ।

"ਤੂੰ ਨਵੇਂ ਕੱਪੜੇ ਪਾ ਕੇ ਕਿਉਂ ਨਹੀਂ ਆਉਂਦੀ?" ਮੈਂ ਉਸ ਨੂੰ ਪੁੱਛਦੀ, ਪਰ ਉਹ ਬਿਟਰ-ਬਿਟਰ ਮੇਰੇ ਮੂੰਹ ਵੱਲ ਵੇਖੀ ਜਾਂਦੀ ਤੇ ਫਿਰ ਪਤਾ ਨਹੀਂ ਕਿਥੋਂ ਦੋ ਮੋਟੇ-ਮੋਟੇ ਅੱਥਰੂ ਉਹਦੀਆਂ ਅੱਖਾਂ ਵਿਚ ਆ ਕੇ ਰੁਕ ਜਾਂਦੇ ਜਿਹੜੇ ਕਦੀ ਵੀ ਅੱਖਾਂ ਤੋਂ ਬਾਹਰ ਨਹੀਂ ਸਨ ਨਿਕਲੇ। ਬਜਾਏ ਇਸ ਦੇ ਕਿ ਮੇਰੀ ਉਹਦੇ ਨਾਲ ਹਮਦਰਦੀ ਹੁੰਦੀ, ਮੇਰਾ ਮਨ ਸਗੋਂ ਉਹਦੇ ਬਾਰੇ ਹੋਰ ਕਠੋਰ ਹੁੰਦਾ ਗਿਆ। ਛੋਟੀ-ਛੋਟੀ ਗੱਲ 'ਤੇ ਹੁਣ ਮੈਂ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ, ਪਰ ਮਜਾਲ ਸੀ ਕਿ ਟਰੇਸੀ ਟੱਸ ਤੋਂ ਮੱਸ ਹੋਵੇ! ਜਦੋਂ ਵੇਖੋ ਉਹ ਦੋਵੇਂ ਮੋਟੇ-ਮੋਟੇ ਅੱਥਰੂ ਉਹਦੀਆਂ ਅੱਖਾਂ ਵਿਚ ਅਟਕੇ ਹੁੰਦੇ।

ਆਮ ਤੌਰ 'ਤੇ ਹੁਸ਼ਿਆਰ ਵਿਦਿਆਰਥੀ ਜਮਾਤ ਦੀ ਅਗਲੀ ਕਤਾਰ ਵਿਚ ਬਹਿੰਦੇ, ਟਰੇਸੀ ਭਾਵੇਂ ਪੜ੍ਹਨ ਵਿਚ ਸਾਰੀ ਜਮਾਤ ਨਾਲੋਂ ਹੁਸ਼ਿਆਰ ਸੀ, ਫਿਰ ਵੀ ਉਹ ਹਮੇਸ਼ਾ ਜਮਾਤ ਦੇ ਪਿਛੇ ਲੁਕ ਕੇ ਬੈਠਦੀ। ਇਕ ਦਿਨ ਸਵੇਰੇ-ਸਵੇਰੇ ਮੈਂ ਜਮਾਤ ਵਿਚ ਪੈਰ ਪਾਇਆ ਹੀ ਸੀ ਕਿ ਮੈਨੂੰ ਟਰੇਸੀ ਦਾ ਮੂੰਹ ਹਿਲਦਾ ਦਿਸਿਆ। ਮੈਂ ਝੱਟ ਉਹਦੇ ਸਿਰ 'ਤੇ ਜਾ ਕੜਕੀ। ਟਰੇਸੀ ਇਕ ਵਾਰ ਤਾਂ ਕੰਬ ਗਈ। ਅਮਰੂਦ ਉਹਨੇ ਹੱਥ ਵਿਚ ਫੜਿਆ ਹੋਇਆ ਸੀ ਤੇ ਅਜੇ ਪਹਿਲਾ ਚੱਕ ਹੀ ਭਰਿਆ ਸੀ। ਮੇਰਾ ਪਾਰਾ ਪਹਿਲਾਂ ਹੀ ਚੜ੍ਹਿਆ ਹੋਇਆ ਸੀ। ਬੱਸ ਫਿਰ ਕੀ ਸੀ, ਜਿੱਧਰ ਪੈਂਦੀ ਏ, ਪੈਣ ਦੇ; ਤੇ ਅਮਰੂਦ ਉਹਦੇ ਹੱਥੋਂ ਖੋਹ ਕੇ ਮੈਂ ਕੂੜੇ ਵਾਲੀ ਟੋਕਰੀ ਵਿਚ ਸੁੱਟ ਦਿੱਤਾ, ਪਰ ਉਨ੍ਹਾਂ ਦੋ ਅੱਥਰੂਆਂ ਤੋਂ ਬਗੈਰ ਟਰੇਸੀ ਨੇ ਜਿਵੇਂ ਕੋਈ ਗਿਲਾ ਨਹੀਂ ਸੀ ਕੀਤਾ ਤੇ ਉਸ ਦਿਨ ਮੈਂ ਸਿਰਫ ਇਹੋ ਹੀ ਸਜ਼ਾ ਦਿੱਤੀ ਕਿ ਉਸ ਨੂੰ ਦੁਪਹਿਰ ਦਾ ਖਾਣਾ ਨਹੀਂ ਮਿਲੇਗਾ। ਭੁੱਖੀ-ਭਾਣੀ ਟਰੇਸੀ ਨੇ ਵਿਲਕਣੀਆਂ ਲੈਂਦਿਆਂ ਸਾਰੀ ਦਿਹਾੜੀ ਕੱਢ ਦਿੱਤੀ।

ਕਈ ਵਾਰੀ ਜਿਵੇਂ ਅਤਿ ਦੀ ਕਠੋਰਤਾ ਪਿਛੋਂ ਆਦਮੀ ਦਾ ਦਿਲ ਆਪਣੇ ਆਪ ਪਿਘਲਣ ਲੱਗ ਪੈਂਦਾ ਏ, ਇਸੇ ਤਰ੍ਹਾਂ ਮੇਰਾ ਦਿਲ ਵੀ ਟਰੇਸੀ ਬਾਰੇ ਕੁਝ ਨਰਮ ਹੋਣ ਲੱਗ ਪਿਆ। ਰਹਿ-ਰਹਿ ਕੇ ਮੈਨੂੰ ਖਿਆਲ ਸਤਾਉਂਦਾ ਕਿ ਮੈਂ ਉਸ ਨੂੰ ਭੁੱਖਿਆਂ ਕਿਉਂ ਰੱਖਿਆ!

ਇਕ ਦਿਨ ਮਾਰਕਿਟ ਵਿਚੋਂ ਲੰਘਦਿਆਂ ਮੇਰੇ ਮਨ ਵਿਚ ਪਤਾ ਨਹੀਂ ਕੀ ਆਇਆ, ਤੇ ਮੈਂ ਟਰੇਸੀ ਵਾਸਤੇ ਸਸਤਾ ਜਿਹਾ ਸੂਟ ਖਰੀਦ ਲਿਆ। ਉਹੋ ਟਰੇਸੀ ਜਿਸ ਨੂੰ ਮੈਂ ਅੱਖੀਂ ਨਹੀਂ ਸਾਂ ਵੇਖ ਸਕਦੀ, ਉਹਦਾ ਸੂਟ ਖਰੀਦ ਕੇ ਜਿਵੇਂ ਮੈਨੂੰ ਅਤਿਅੰਤ ਖੁਸ਼ੀ ਹੋ ਰਹੀ ਸੀ। ਦੂਜੇ ਦਿਨ ਮੈਂ ਬੜੇ ਚਾਅ ਨਾਲ ਸੂਟ ਛੁੱਟੀ ਵੇਲੇ ਟਰੇਸੀ ਨੂੰ ਦੇ ਦਿੱਤਾ ਤੇ ਪੱਕੀ ਕੀਤੀ ਕਿ ਅਗਲੇ ਦਿਨ ਉਹ ਨਵਾਂ ਸੂਟ ਪਾ ਕੇ ਜਮਾਤ ਵਿਚ ਆਵੇ, ਪਰ ਦੂਜੇ ਦਿਨ ਉਹ ਫਿਰ ਪੁਰਾਣੇ ਸੂਟ ਵਿਚ ਸੀ। ਮੈਂ ਉਸ ਨੂੰ ਕਾਰਨ ਪੁੱਛਿਆ ਤਾਂ ਉਸ ਨੇ ਰੋ-ਰੋ ਕੇ ਦੱਸਿਆ ਕਿ ਉਹ ਸੂਟ ਮੰਮੀ ਨੇ ਉਹਦੀਆਂ ਅੱਖਾਂ ਸਾਹਮਣੇ ਅੱਗ ਲਾ ਕੇ ਸਾੜ ਦਿੱਤਾ ਤੇ ਖਬਰਦਾਰ ਕੀਤਾ, ਜੇ ਏਦੂੰ ਅੱਗੇ ਇਸ ਕਾਲੀ ਮਾਸਟਰਾਣੀ ਕੋਲੋਂ ਕੁਝ ਲਿਆ। ਸੁਣ ਕੇ ਮੈਂ ਟਰੇਸੀ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ ਤੇ ਇੰਜ ਕਿੰਨਾ ਹੀ ਚਿਰ ਇਕ-ਦੂਜੀ ਦੇ ਗਲ ਲੱਗ ਕੇ ਅਸੀਂ ਰੋਂਦੀਆਂ ਰਹੀਆਂ।

ਜਦੋਂ ਕਦੇ ਸਵੇਰੇ ਮੀਂਹ ਵਰ੍ਹਦੇ ਵਿਚ ਟਰੇਸੀ ਸਕੂਲੇ ਆਉਂਦੀ, ਉਹਦੇ ਕੱਪੜੇ ਪਾਣੀ ਨਾਲ ਨੁੱਚੜਦੇ ਹੁੰਦੇ, ਕਿਉਂਕਿ ਉਹਦੇ ਕੋਲ ਨਾ ਤਾਂ ਕੋਈ ਛਤਰੀ ਸੀ ਤੇ ਨਾ ਹੀ ਬਰਸਾਤੀ। ਬੂਟਾਂ ਦੀਆਂ ਮੋਰੀਆਂ ਥਾਣੀਂ ਪਾਣੀ ਪੈ-ਪੈ ਕੇ ਉਹਦੀਆਂ ਜਰਾਬਾਂ ਗੜੁੱਚ ਹੋਈਆਂ ਹੁੰਦੀਆਂ। ਸਭ ਤੋਂ ਪਹਿਲਾਂ ਮੈਂ ਠਰੂੰ-ਠਰੂੰ ਕਰਦੀ ਟਰੇਸੀ ਨੂੰ ਕੰਬਲ ਵਿਚ ਵਲੇਟਦੀ ਤੇ ਫਿਰ ਉਹਦੇ ਸਾਰੇ ਕੱਪੜੇ ਬਿਜਲੀ ਦੇ ਚੁੱਲ੍ਹੇ ਅੱਗੇ ਸੁਕਾਉਂਦੀ। ਕੰਬਲ ਦੇ ਨਿੱਘ ਵਿਚ ਅਕਸਰ ਉਹ ਘੂਕ ਸੌਂ ਜਾਂਦੀ ਤੇ ਇੰਜ ਸੁੱਤੀ ਪਈ ਟਰੇਸੀ ਦਾ ਮੈਂ ਕਈ ਵਾਰੀ ਝੁਕ ਕੇ ਮੂੰਹ ਚੁੰਮ ਲੈਂਦੀ। ਜਮਾਤ ਵਿਚ ਪਿਛੇ ਬਹਿਣ ਦਾ ਵੱਡਾ ਕਾਰਨ ਵੀ ਇਹੋ ਸੀ ਕਿ ਉਹ ਬਹੁਤੀ ਵਾਰੀ ਬੈਠੀ-ਬੈਠੀ ਊਂਘਣ ਲੱਗ ਪੈਂਦੀ ਸੀ ਤੇ ਫਿਰ ਜਦੋਂ ਉਹਦਾ ਆਪਣੇ ਆਪ 'ਤੇ ਕਾਬੂ ਨਾ ਰਹਿੰਦਾ ਤਾਂ ਪਤਾ ਨਾ ਲੱਗਣਾ, ਕਿਹੜੇ ਵੇਲੇ ਉਹ ਗੂੜ੍ਹੀ ਨੀਂਦਰੇ ਸੌਂ ਜਾਂਦੀ।



ਟਰੇਸੀ ਦੀਆਂ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਜਦ ਮੈਨੂੰ ਕੋਈ ਸਮਝ ਨਾ ਲੱਗੀ ਤਾਂ ਸੋਚਿਆ ਕਿ ਇਕ ਦਿਨ ਇਹਦੇ ਮਾਂ-ਪਿਉ ਨੂੰ ਮਿਲਿਆ ਜਾਵੇ, ਭਾਵੇਂ ਟਰੇਸੀ ਦੀ ਮਾਂ ਦੇ ਕਹੇ ਹੋਏ ਲਫਜ਼ ਚੇਤੇ ਕਰ ਕੇ ਮੈਂ ਉਨ੍ਹਾਂ ਨੂੰ ਮਿਲਣ ਤੋਂ ਕਤਰਾਉਂਦੀ ਹੀ ਸਾਂ।

ਇਕ ਦਿਨ ਛੁੱਟੀ ਵੇਲੇ ਮੀਂਹ ਬੜੇ ਜ਼ੋਰ ਦਾ ਪੈ ਰਿਹਾ ਸੀ। ਸਾਰੇ ਬੱਚੇ ਘਰਾਂ ਨੂੰ ਜਾ ਚੁੱਕੇ ਸਨ। ਅੱਧੇ ਕੁ ਘੰਟੇ ਬਾਅਦ ਜਮਾਤ ਦਾ ਕੁਝ ਕੰਮ ਮੁਕਾ ਕੇ ਜਦ ਮੈਂ ਘਰ ਜਾਣ ਵਾਸਤੇ ਕਾਰ ਵਿਚ ਬੈਠੀ ਤਾਂ ਸਾਹਮਣੀ ਕੰਧ ਨਾਲ ਖਲੋਤੀ ਟਰੇਸੀ ਉਤੇ ਮੇਰੀ ਨਜ਼ਰ ਪਈ। ਭੱਜ ਕੇ ਮੈਂ ਟਰੇਸੀ ਨੂੰ ਚੁੱਕ ਲਿਆ। ਠੰਢ ਨਾਲ ਉਹਦੇ ਦੰਦੋੜਿੱਕੇ ਵੱਜ ਰਹੇ ਸਨ। ਮੈਂ ਉਹਨੂੰ ਘਰ ਦਾ ਰਾਹ ਪੁੱਛਿਆ। ਮੈਂ ਸੋਚ ਰਹੀ ਸਾਂ ਕਿ ਇਕ ਤਾਂ ਇਹਨੂੰ ਘਰ ਛੱਡ ਆਵਾਂਗੀ ਤੇ ਦੂਜੇ, ਇਸੇ ਪੱਜ ਇਹਦੇ ਮਾਂ-ਪਿਉ ਨੂੰ ਮਿਲ ਆਵਾਂਗੀ।

ਮੈਂ ਬੂਹਾ ਖੜਕਾਇਆ। ਅਧਖੜ ਜਿਹੇ ਮਾੜਚੂ ਬੰਦੇ ਨੇ ਬੂਹਾ ਖੋਲ੍ਹਿਆ। ਮੈਂ ਆਪਣੀ ਜਾਣ-ਪਛਾਣ ਕਰਵਾਈ। ਉਸ ਨੇ ਟਰੇਸੀ ਨੂੰ ਆਪਣੇ ਨਾਲ ਘੁੱਟ ਲਿਆ ਤੇ ਮੈਨੂੰ ਅੰਦਰ ਆਉਣ ਲਈ ਕਿਹਾ। ਅੰਦਰ ਪੰਘੂੜੇ ਵਿਚ ਨਿੱਕਾ ਜਿਹਾ ਬਾਲ ਸੁੱਤਾ ਪਿਆ ਸੀ। ਟਰੇਸੀ ਦੇ ਪਿਓ ਨੇ ਮੈਨੂੰ ਚਾਹ ਦਾ ਕੱਪ ਪੁੱਛਿਆ ਜਿਹੜਾ ਮੈਂ ਸਵੀਕਾਰ ਕਰ ਲਿਆ। ਦੋ ਮਿੰਟਾਂ ਵਿਚ ਉਹ ਚਾਹ ਦੇ ਦੋ ਕੱਪ ਬਣਾ ਲਿਆਇਆ। ਟਰੇਸੀ ਨੂੰ ਉਸ ਨੇ ਦੁੱਧ ਗਰਮ ਕਰ ਦਿੱਤਾ। ਦੋ-ਚਾਰ ਇਧਰ-ਉਧਰ ਦੀਆਂ ਮਾਰਨ ਪਿਛੋਂ ਮੈਂ ਉਸ ਨੂੰ ਅਜੇ ਟਰੇਸੀ ਬਾਰੇ ਪੁੱਛਿਆ ਹੀ ਸੀ ਕਿ ਉਹ ਭਰੇ ਫੋੜੇ ਵਾਂਗ ਫਿੱਸ ਪਿਆ। ਟਰੇਸੀ ਨੂੰ ਇਕ ਵਾਰ ਫਿਰ ਉਸ ਨੇ ਘੁੱਟ ਕੇ ਆਪਣੇ ਨਾਲ ਲਾ ਲਿਆ।

"ਮੈਨੂੰ ਸਮਝ ਨਹੀਂ ਲੱਗ ਰਹੀ ਕਿ ਮੈਂ ਕੀ ਕਰਾਂ", ਉਹ ਦੱਸ ਰਿਹਾ ਸੀ, "ਜੇ ਟਰੇਸੀ ਨਾ ਹੁੰਦੀ ਤਾਂ ਅੱਜ ਨੂੰ ਮੈਂ ਸ਼ਾਇਦ ਕਦੋਂ ਦਾ ਮਰ-ਮੁੱਕ ਚੁੱਕਾ ਹੁੰਦਾ, ਪਰ ਇਹਦੇ ਹੁੰਦਿਆਂ ਨਾ ਤਾਂ ਮੈਂ ਮਰ ਸਕਦਾਂ ਤੇ ਨਾ ਜਿਉਂ ਸਕਦਾਂ। ਮੈਨੂੰ ਦੂਜੇ ਵਿਆਹ ਦਾ ਕੋਈ ਚਾਅ ਨਹੀਂ ਸੀ। ਜਦੋਂ ਟਰੇਸੀ ਦੀ ਮਾਂ ਮਰੀ, ਇਹ ਬਹੁਤ ਛੋਟੀ ਸੀ। ਮੈਂ ਸੋਚਿਆ, ਇਹ ਚੰਗੀ ਤਰ੍ਹਾਂ ਪਲ-ਪੁਸ ਜਾਵੇਗੀ। ਮੈਂ ਪੈਗੀ ਨਾਲ ਦੂਜਾ ਵਿਆਹ ਕਰਵਾਇਆ। ਪਹਿਲਾਂ-ਪਹਿਲ ਚਾਰ ਦਿਨ ਪੈਗੀ ਨੇ ਟਰੇਸੀ ਦੀ ਚੰਗੀ ਦੇਖ-ਭਾਲ ਕੀਤੀ। ਮੈਂ ਬੜਾ ਖੁਸ਼ ਸਾਂ, ਪਰ ਜਦੋਂ ਤੋਂ ਉਸ ਨੂੰ ਆਪਣੇ ਨਿਆਣੇ ਦੀ ਉਮੀਦ ਹੋ ਗਈ, ਉਦੋਂ ਤੋਂ ਹੀ ਉਹਦੇ ਤੌਰ-ਤਰੀਕੇ ਬਦਲ ਗਏ ਤੇ ਜਦੋਂ ਦਾ ਆਹ ਪੀਟਰ ਹੋਇਆ ਏ, ਟਰੇਸੀ ਉਹਨੂੰ ਜ਼ਹਿਰ ਲੱਗਣ ਲੱਗ ਪਈ ਏ।

ਗੱਲ ਕਰਦਿਆਂ-ਕਰਦਿਆਂ ਉਸ ਨੂੰ ਇੰਨਾ ਸਾਹ ਚੜ੍ਹ ਗਿਆ ਕਿ ਬੋਝੇ ਵਿਚੋਂ ਟਿਊਬ ਜਿਹੀ ਕੱਢ ਕੇ ਉਹਦਾ ਸਿਗਰਟ ਵਾਂਗ ਲੰਬਾ ਸਾਹ ਖਿਚਿਆ। ਉਹਦੇ ਖਾਰੇ ਅੱਥਰੂ ਡਿੰਗ-ਡਿੰਗ ਕੇ ਉਹਦੀ ਮਿੱਠੀ ਚਾਹ ਵਿਚ ਰਲੀ ਜਾ ਰਹੇ ਸਨ।

ਸਾਹ ਪਰਤਣ ਉਤੇ ਗੱਲ ਉਸ ਨੇ ਫਿਰ ਸ਼ੁਰੂ ਕੀਤੀ, "ਇਸ ਨਾਮੁਰਾਦ ਬਿਮਾਰੀ ਕਰ ਕੇ ਮੈਂ ਕੋਈ ਕੰਮ ਨਹੀਂ ਕਰ ਸਕਦਾ। ਹੁਣ ਮੈਂ ਤੇ ਟਰੇਸੀ ਬੱਸ ਪੈਗੀ ਦੀ ਰਹਿਮਤ 'ਤੇ ਹੀ ਦਿਨ ਕਟੀ ਕਰ ਰਹੇ ਹਾਂ। ਜੇ ਜੀਅ ਕਰਦਾ ਏ ਤਾਂ ਸਾਨੂੰ ਖਾਣ ਨੂੰ ਕੁਝ ਦੇ ਛੱਡਦੀ ਏ; ਜੇ ਨਹੀਂ ਤਾਂ ਕਈ ਵਾਰੀ ਟਰੇਸੀ ਵਿਚਾਰੀ ਦੋ-ਦੋ ਦਿਨ ਭੁੱਖੀ ਹੀ ਸਕੂਲੇ ਚਲੀ ਜਾਂਦੀ ਏ।"

ਉਹਦੀ ਇਹ ਗੱਲ ਸੁਣ ਕੇ ਮੈਨੂੰ ਟਰੇਸੀ ਦਾ ਜਮਾਤ ਵਿਚ ਅਮਰੂਦ ਖਾਣਾ ਚੇਤੇ ਆਇਆ ਤੇ ਮੇਰੀ ਭੁੱਬ ਨਿਕਲ ਗਈ। ਉਹ ਉਸੇ ਤਰ੍ਹਾਂ ਗੱਲ ਕਰੀ ਜਾ ਰਿਹਾ ਸੀ, "ਹੁਣ ਪੈਗੀ ਆਪ ਸਾਰੀ-ਸਾਰੀ ਰਾਤ ਕਲੱਬਾਂ ਵਿਚ ਤੁਰੀ ਫਿਰਦੀ ਏ ਤੇ ਟਰੇਸੀ ਨੂੰ ਪੀਟਰ ਕੋਲ ਬਿਠਾ ਜਾਂਦੀ ਏ। ਇਹ ਵੀ ਅਜੇ ਬਹੁਤ ਨਿਆਣੀ ਏ। ਇਕ ਦਿਨ ਬੈਠਿਆਂ-ਬੈਠਿਆਂ ਇਹਦੀ ਅੱਖ ਲੱਗ ਗਈ। ਮਾਰ-ਮਾਰ ਕੇ ਉਸ ਨੇ ਇਹਦੀਆਂ ਹੱਡੀਆਂ ਤੋੜ ਦਿੱਤੀਆਂ। ਜੇ ਮੈਂ ਕੋਲੋਂ ਬੋਲਿਆ ਤਾਂ ਆਖਣ ਲੱਗੀ ਕਿ ਖਬਰਦਾਰ! ਜੇ ਤੂੰ ਕੋਈ ਹੋਰ ਬਕ-ਬਕ ਕੀਤੀ। ਨਹੀਂ ਤਾਂ ਹੁਣੇ ਤੁਹਾਨੂੰ ਦੋਵਾਂ ਨੂੰ ਘਰੋਂ ਬਾਹਰ ਕੱਢ ਦਿਆਂਗੀ। ਟਰੇਸੀ ਕਰ ਕੇ ਮੈਨੂੰ ਹੁਣ ਇਸ ਦਾ ਹਰ ਜ਼ੁਲਮ ਸਹਿਣਾ ਪੈਂਦਾ ਏ। ਇਹ ਵਿਚਾਰੀ ਸਾਰੀ-ਸਾਰੀ ਰਾਤ ਪੀਟਰ ਕੋਲ ਬੈਠੀ ਰਹਿੰਦੀ ਏ। ਤੇ ਸਵੇਰੇ ਉਸੇ ਤਰ੍ਹਾਂ ਬਿਨਾਂ ਕੁਝ ਖਾਧਿਆਂ-ਪੀਤਿਆਂ ਉਨ੍ਹਾਂ ਹੀ ਕੱਪੜਿਆਂ ਵਿਚ ਸਕੂਲੇ ਤੁਰ ਜਾਂਦੀ ਏ।"

ਹੋਰ ਕੁਝ ਸੁਣਨ ਦੀ ਜਿਵੇਂ ਮੇਰੇ ਵਿਚ ਹਿੰਮਤ ਨਹੀਂ ਸੀ। ਗੱਚ ਮੇਰਾ ਭਰਿਆ ਹੋਇਆ ਸੀ। ਉਸੇ ਤਰ੍ਹਾਂ ਕੁਝ ਹੋਰ ਆਖਿਆਂ-ਸੁਣਿਆਂ ਉਹਦੇ ਕੋਲੋਂ ਉਠ ਕੇ ਮੈਂ ਬਾਹਰ ਆ ਗਈ।

ਦੂਜੇ ਦਿਨ ਟਰੇਸੀ ਜਮਾਤ ਵਿਚ ਨਾ ਆਈ। ਉਹ ਬੜੀ ਘੱਟ ਗੈਰਹਾਜ਼ਰ ਹੁੰਦੀ ਸੀ। ਮੈਂ ਸੋਚਿਆ, ਸ਼ਾਇਦ ਕੱਲ੍ਹ ਦੀ ਉਸ ਨੂੰ ਠੰਢ ਲੱਗ ਗਈ ਹੋਵੇ। ਕੱਲ੍ਹ ਵਾਂਗ ਅੱਜ ਵੀ ਛੁੱਟੀ ਵੇਲੇ ਉਸੇ ਤਰ੍ਹਾਂ ਮੀਂਹ ਪੈ ਰਿਹਾ ਸੀ। ਸਾਰੇ ਬੱਚੇ ਘਰਾਂ ਨੂੰ ਜਾ ਚੁੱਕੇ ਸਨ ਤੇ ਹਰ ਰੋਜ਼ ਵਾਂਗ ਸਕੂਲ ਦਾ ਕੰਮ ਮੁਕਾ ਕੇ ਜਦ ਮੈਂ ਬਾਹਰ ਨਿਕਲੀ ਤਾਂ ਐਨ ਕੱਲ੍ਹ ਵਾਲੀ ਥਾਂ 'ਤੇ ਮੀਂਹ ਦੀ ਵਾਛੜ ਤੋਂ ਬਚਣ ਲਈ ਟਰੇਸੀ ਦਾ ਪਿਓ ਖਲੋਤਾ ਹੋਇਆ ਸੀ। ਮੈਨੂੰ ਵੇਖ ਕੇ ਕੰਬਦਾ-ਕੰਬਦਾ ਉਹ ਮੇਰੇ ਕੋਲ ਆਇਆ ਤੇ ਮੇਰੇ ਕੁਝ ਬੋਲੇ ਬਗੈਰ ਹੀ ਉਸ ਨੇ ਆਪ ਹੀ ਮੈਨੂੰ ਦੱਸਣਾ ਸ਼ੁਰੂ ਕਰ ਦਿੱਤਾ, "ਮੈਂ ਸੋਚਿਆ ਤੁਹਾਨੂੰ ਦੱਸ ਹੀ ਆਵਾਂ। ਸ਼ਾਇਦ ਤੁਸੀਂ ਟਰੇਸੀ ਬਾਰੇ ਫਿਕਰ ਕਰਦੇ ਹੋਵੋ। ਅੱਜ ਸਵੇਰੇ ਮੈਂ ਉਸ ਨੂੰ ਯਤੀਮਖਾਨੇ ਛੱਡ ਆਇਆ ਹਾਂ। ਉਸ 'ਤੇ ਹਰ ਰੋਜ਼ ਹੁੰਦਾ ਜ਼ੁਲਮ ਮੈਥੋਂ ਵੇਖਿਆ ਨਹੀਂ ਸੀ ਜਾਂਦਾ।"

ਇੰਨਾ ਆਖ ਕੇ ਉਹ ਚੁੱਪ ਹੋ ਗਿਆ। ਸੁਣ ਕੇ ਮੈਨੂੰ ਘੇਰਨੀ ਜਿਹੀ ਆਈ। ਜੀਅ ਕਰਦਾ ਸੀ, ਟਰੇਸੀ ਦੀ ਥਾਂ ਅੱਜ ਮੈਂ ਉਸ ਦੇ ਪਿਓ ਦੇ ਗਲ ਲੱਗ ਕੇ ਚੰਗੀ ਤਰ੍ਹਾਂ ਦਿਲ ਦਾ ਗੁਬਾਰ ਕੱਢ ਲਵਾਂ, ਪਰ ਜਿੰਨੇ ਚਿਰ ਨੂੰ ਮੈਂ ਕੁਝ ਹੋਸ਼ ਸੰਭਾਲੀ, ਉਹ ਗਲੀ ਦਾ ਮੋੜ ਮੁੜ ਚੁੱਕਾ ਸੀ।

ਪਤਾ ਨਹੀਂ ਉਹ ਮੇਰੇ ਅੱਥਰੂ ਨਹੀਂ ਸੀ ਵੇਖਣਾ ਚਾਹੁੰਦਾ ਜਾਂ ਆਪਣੇ ਮੇਰੇ ਕੋਲੋਂ ਛੁਪਾ ਰਿਹਾ ਸੀ।

# ਪਲ ਭਰ ਦੀ ਵਿੱਥ 'ਤੇ ਖਲੋਤੀ ਮੌਤ

(ਪਿਛਲੇ ਸਫੇ 'ਤੇ ਬਾਕੀ)

ਦਾ ਇਕ ਵਿਦਿਆਰਥੀ ਹਰਪ੍ਰੀਤ ਕਿਸੇ ਕੰਮ ਲਈ ਮੇਰੇ ਕੋਲੋਂ ਛੁੱਟੀ ਲੈਣ ਲਈ ਆਇਆ ਤਾਂ ਮੈਂ ਉਹਨੂੰ ਕਿਹਾ ਕਿ ਉਹ ਵੇਖ ਕੇ ਦੱਸੇ ਕਿ ਦਰਵਾਜ਼ਿਓਂ ਬਾਹਰ ਮੋਟਰ ਸਾਈਕਲ 'ਤੇ ਕੌਣ ਆਇਆ ਹੈ!

ਮੈਂ ਸ਼ੈੱਡ ਹੇਠ ਸਾਂ ਅਤੇ ਦੋ ਕਰਮਾਂ ਦੀ ਵਿੱਥ 'ਤੇ ਹਰਪ੍ਰੀਤ ਗੇਟ ਸਾਹਮਣੇ ਖਲੋਤਾ ਅੰਦਰਵਾਰੋਂ ਹੀ ਆਉਣ ਵਾਲਿਆਂ ਨਾਲ ਗੱਲ ਕਰ ਰਿਹਾ ਸੀ। ਗੱਲਬਾਤ ਮੈਨੂੰ ਵੀ ਸੁਣ ਗਈ। ਹਰਪ੍ਰੀਤ ਨੇ ਮੇਰੇ ਵੱਲ ਉਥੋਂ ਹੀ ਇਸ਼ਾਰਾ ਕਰ ਕੇ ਦੱਸਿਆ ਕਿ, "ਉਹ ਇਥੇ ਹੀ ਨੇ।"

ਉਹ ਉਥੋਂ ਹੀ ਕਹਿੰਦਾ, "ਜੀ, ਕਹਿੰਦੇ ਨੇ ਹੈਡਮਾਸਟਰ ਸਾਹਬ ਕਿੱਥੇ ਨੇ? ਮੈਂ ਕਿਹਾ, ਇਥੇ ਹੀ ਨੇ!"

ਪਿਛਲੇ ਦਿਨਾਂ ਤੋਂ ਸਕੂਲ ਅਤੇ ਪਿੰਡ ਵਿਚ ਮੇਰੇ 'ਹੈਡਮਾਸਟਰ' ਹੋ ਜਾਣ ਦੀ ਗੱਲ ਪੱਕੇ ਤੌਰ 'ਤੇ ਹੀ ਮੰਨੀ ਜਾਣ ਲੱਗੀ ਸੀ। ਅਸਲੀ ਹੈਡਮਾਸਟਰ ਤਾਂ ਆਉਂਦਾ ਨਹੀਂ ਸੀ। ਬੱਚਿਆਂ ਵਾਸਤੇ ਹੁਣ ਮੈਂ ਹੀ 'ਹੈਡਮਾਸਟਰ' ਸਾਂ।

ਮੈਂ ਸ਼ੈੱਡ ਤੋਂ ਬਾਹਰ ਆ ਕੇ ਦਰਵਾਜ਼ੇ ਦੇ ਸਾਹਮਣੇ ਹੋਇਆ ਤਾਂ ਵੇਖ ਕੇ ਮੇਰੇ ਸਿਰ ਤੋਂ ਪੈਰਾਂ ਤੱਕ ਪਸੀਨਾ ਛੁੱਟ ਗਿਆ। ਮੋਟਰ ਸਾਈਕਲ ਤੇ ਇੱਕ ਜਣਾ ਅੱਗੇ ਬੈਠਾ ਹੋਇਆ ਸੀ ਅਤੇ ਪਿਛਲੀ ਸੀਟ 'ਤੇ ਬੈਠੇ ਨੌਜਵਾਨ ਨੇ ਲੋਈ ਦੀ ਬੁੱਕਲ ਵਿਚੋਂ ਸਟੇਨ ਦੀ ਨਾਲੀ ਨੰਗੀ ਕਰ ਕੇ ਮੇਰੇ ਵੱਲ ਸਿੱਧੀ ਕੀਤੀ ਹੋਈ ਸੀ। ਨਿਸ਼ਚੇ ਹੀ ਉਸ ਦਾ ਹੱਥ ਉਹਦੇ ਘੋੜੇ ਉਤੇ ਸੀ। ਮੈਂ ਪੁੱਛਿਆ, "ਦੱਸੋ ਜੀ?"

ਉਨ੍ਹਾਂ ਦੇ ਚਿਹਰੇ 'ਤੇ ਮੈਨੂੰ ਵੇਖ ਕੇ ਹੈਰਾਨੀ ਦੇ ਭਾਵ ਆਏ। ਸਟੇਨ ਵਾਲੇ ਨੇ ਅਗਲੇ ਨੂੰ ਹੁੱਝ ਮਾਰ ਕੇ ਸ਼ਾਇਦ ਕੋਈ ਇਸ਼ਾਰਾ ਲੈਣਾ ਚਾਹਿਆ। ਉਹ ਕਹਿੰਦਾ, "ਜੀ, ਦਸਵੀਂ ਦੇ ਗੁਰਮੁਖ ਨੂੰ ਮਿਲਣੈ।"

ਮੈਂ ਕੋਲ ਖਲੋਤੇ ਹਰਪ੍ਰੀਤ ਨੂੰ ਅੱਖ ਨੱਪ ਕੇ ਕਿਹਾ, "ਜਾਹ ਗੁਰਮੁਖ ਨੂੰ ਸੱਦ ਕੇ ਲਿਆ।"

ਇੰਨੀ ਆਖ ਕੇ ਮੈਂ ਕਾਹਲੀ ਨਾਲ ਸ਼ੈੱਡ ਵਿਚਲੀ ਕਲਾਸ ਵਿਚ ਆਣ ਖਲੋਤਾ।

ਉਸੇ ਵੇਲੇ ਹੀ ਮੋਟਰ ਸਾਈਕਲ ਸਟਾਰਟ ਹੋਇਆ ਅਤੇ ਉਹ ਪਲ ਛਿਣ ਵਿਚ ਛਿਪਨ ਹੋ ਗਏ। ਹਰਪ੍ਰੀਤ ਰਾਹ ਵਿਚੋਂ ਹੀ ਮੁੜ ਆਇਆ। ਕਹਿੰਦਾ, "ਭਾ ਜੀ ਦਸਵੀਂ 'ਚ ਤਾਂ ਕੋਈ ਗੁਰਮੁਖ ਹੈ ਈ ਨਹੀਂ।"

ਇਹ ਤਾਂ ਮੈਨੂੰ ਵੀ ਪਤਾ ਸੀ।

ਮੈਂ ਅਧਿਆਪਕਾਂ ਨੂੰ ਸਾਰੀ ਗੱਲ ਦੱਸੀ। ਸਭ ਦੇ ਰੰਗ ਉਡ ਗਏ। ਸਭ ਦੀ ਸਾਂਝੀ ਰਾਇ ਸੀ ਕਿ ਉਹ ਅਸਲੀ ਹੈਡਮਾਸਟਰ ਦੀ ਤਲਾਸ਼ ਵਿਚ ਆਏ ਸਨ, ਪਰ ਜਦੋਂ ਉਨ੍ਹਾਂ ਨੇ ਕਲੀਨ-ਸ਼ੇਵਨ ਬੰਦੇ ਦੀ ਥਾਂ ਮੈਨੂੰ ਵੇਖਿਆ ਤਾਂ ਸੰਭਲ ਗਏ ਅਤੇ ਬਹਾਨਾ ਬਣਾ ਕੇ ਦੌੜ ਗਏ, ਪਰ ਸਾਰੇ ਇਸ ਗੱਲੋਂ 'ਵਾਹਿਗੁਰੂ' ਦਾ ਲੱਖ ਲੱਖ ਸ਼ੁਕਰ ਕਰ ਰਹੇ ਸਨ ਕਿ ਉਨ੍ਹਾਂ ਨੇ ਤੁਰੰਤ ਗੋਲੀ ਨਹੀਂ ਸੀ ਚਲਾਈ। ਉਨ੍ਹਾਂ ਨੂੰ ਸ਼ੱਕ ਪੈ ਗਿਆ ਸੀ ਕਿ ਜਿਸ ਬੰਦੇ ਦੀ ਪਛਾਣ ਉਨ੍ਹਾਂ ਨੂੰ ਦੱਸੀ ਗਈ ਸੀ, ਮੈਂ ਉਹ ਨਹੀਂ ਸਾਂ। ਜੇ ਸਾਹਮਣੇ ਆਉਂਦਿਆਂ ਹੀ ਉਹ ਕਾਹਲੀ ਵਿਚ ਘੋੜਾ ਦੱਬ ਦਿੰਦਾ ਤਾਂ! ਉਹ ਸੌ ਵਿਸਵੇ ਅਜਿਹਾ ਕਰ ਸਕਦਾ ਸੀ। ਉਨ੍ਹਾਂ ਨੂੰ ਵੀ ਤਾਂ ਵਾਰਦਾਤ ਕਰ ਕੇ ਭੱਜਣ ਦੀ ਕਾਹਲੀ ਹੁੰਦੀ ਸੀ। ਹਰਫਲਿਆ ਹੋਇਆ ਉਹ ਕਾਰਾ ਕਰ ਸਕਦਾ ਸੀ। ਨਾਲੇ ਮਾਰਨ ਲੱਗਿਆਂ ਉਹ ਕਿਹੜਾ ਕਿਸੇ ਲੰਮੀ ਤਫਤੀਸ਼ ਵਿਚ ਪੈਂਦੇ ਸਨ! ਇਹ ਤਾਂ ਪਤਾ ਨਹੀਂ ਕਿਵੇਂ ਉਨ੍ਹਾਂ ਦੇ ਮਨ ਵਿਚ ਇੱਕ ਪਲ ਲਈ ਖਿਆਲ ਆ ਗਿਆ ਕਿ ਮੈਂ ਉਨ੍ਹਾਂ ਦਾ 'ਅਸਲੀ ਸ਼ਿਕਾਰ' ਨਹੀਂ ਸਾਂ!

ਇੰਜ ਇੱਕ ਪਲ ਦੀ ਵਿੱਥ ਤੋਂ ਮੇਰੇ ਕੋਲ ਆਈ ਮੌਤ ਵਾਪਸ ਪਰਤ ਗਈ ਸੀ।

(ਸਮਾਪਤ)

ਵਾਪਸੀ-3




**ਯਹੂਦੀਆਂ ਦੀ ਵਤਨ ਵਾਪਸੀ ਦੀ ਦੋ ਹਜ਼ਾਰ ਸਾਲ ਲੰਮੀ ਕਹਾਣੀ**

# ਬਾਤਾਂ ਮੋਸ਼ੇ ਤੇ ਅਸ਼ੇਰ ਦੀਆਂ

*ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਲੰਮੇ ਲੇਖ 'ਵਾਪਸੀ' ਵਿਚ ਯਹੂਦੀਆਂ ਦੀ ਵਤਨ ਵਾਪਸੀ ਦੀ ਲੰਮੀ ਕਹਾਣੀ ਸੁਣਾਈ ਹੈ। ਯਹੂਦੀਆਂ ਨੂੰ ਦੋ ਹਜ਼ਾਰ ਸਾਲ ਬਾਅਦ ਆਪਣਾ ਨਗਰ ਯੋਰੋਸ਼ਲਮ ਅਤੇ ਮੁਲਕ ਇਜ਼ਰਾਈਲ ਮਿਲਿਆ। ਉਹ ਕਦਮ ਕਦਮ ਉਜੜੇ, ਭਟਕੇ, ਗੁਲਾਮ ਹੋਏ, ਘੱਲੂਘਾਰਿਆਂ ਵਿਚ ਉਨ੍ਹਾਂ ਦੀ ਨਸਲਕੁਸ਼ੀ ਹੋਈ, ਪਰ ਸਬਰ ਨਾਲ ਕਦਮ ਕਦਮ ਯਹੂਦੀਆਂ ਦੀ ਵਾਪਸੀ ਹੁੰਦੀ ਗਈ। ਇਨ੍ਹਾਂ ਦੋ ਹਜ਼ਾਰ ਸਾਲਾਂ ਦੌਰਾਨ ਉਜਾੜਾ, ਸਜ਼ਾ, ਪਛਤਾਵਾ, ਰਜ਼ਾ, ਖਿਮਾ ਤੇ ਸ਼ੁਕਰਾਨਾ ਯਹੂਦੀ ਜ਼ਿੰਦਗੀ ਦੇ ਅਹਿਮ ਪਹਿਲੂ ਰਹੇ। ਪਹਿਲਾਂ ਮਿਸਰ ਦੇ ਸੁਲਤਾਨ ਫਰਾਊਨ, ਫਿਰ ਈਸਾਈਆਂ ਅਤੇ ਫਿਰ ਮੁਸਲਮਾਨਾਂ ਤੋਂ ਉਨ੍ਹਾਂ ਨੂੰ ਨਿਰੰਤਰ ਦੁੱਖ ਮਿਲੇ। ਸਭ ਤੋਂ ਵੱਡਾ ਕਹਿਰ ਉਦੋਂ ਢੱਠਾ ਜਦੋਂ ਦੂਜੀ ਸੰਸਾਰ ਜੰਗ ਸਮੇਂ ਹਿਟਲਰ ਨੇ ਸੱਠ ਲੱਖ ਯਹੂਦੀਆਂ ਦਾ ਘਾਣ ਕੀਤਾ। ਉਨ੍ਹਾਂ ਨੂੰ ਖੁਦ ਨਹੀਂ ਪਤਾ, ਇਸ ਹਨੇਰਗਰਦੀ ਵਿਚੋਂ ਬਚੇ ਕਿਵੇਂ ਰਹੇ। ਉਨ੍ਹਾਂ ਦੇ ਮਨ ਮੰਦਰ ਦੀ ਯਾਦ ਵਿਚ ਇਜ਼ਰਾਈਲ ਦਾ ਰੇਗਿਸਤਾਨ ਸਦਾ ਵਸਿਆ ਰਿਹਾ। ਐਤਕੀਂ ਵਾਲੇ ਲੇਖ ਵਿਚ ਉਨ੍ਹਾਂ ਜਿਊੜਿਆਂ ਦੀ ਚਰਚਾ ਹੈ ਜੋ ਹਰ ਹਾਲ ਦੇਸ ਵਾਪਸੀ ਲਈ ਅਹੁਲਦੇ ਰਹੇ।*

ਯਹੂਦੀਆਂ ਸਾਹਮਣੇ ਅਨੇਕ ਉਲਝਣਾਂ ਸਨ। ਮਾਸਕੋ ਤੋਂ ਇਕ ਜਵਾਨ ਆਪਣੇ ਭਰਾ ਨੂੰ ਖਤ ਵਿਚ ਲਿਖਦਾ ਹੈ, ਕੋਈ ਤਕੜੀ ਅਥਾਰਿਟੀ ਚਾਹੀਦੀ ਹੈ, ਕੋਈ ਮਹਾਨ ਬੰਦਾ ਜਿਸ ਉਪਰ ਸਭ ਨੂੰ ਇਤਬਾਰ ਹੋਵੇ। ਮਸਲਨ, ਓਲੀਫਾਂ ਉਪਰ ਯਹੂਦੀਆਂ ਨੇ ਇਤਬਾਰ ਕਰ ਲਿਆ, ਪਰ ਜਦੋਂ ਕੋਈ ਆ ਕੇ ਦੱਸਦਾ ਹੈ ਕਿ ਓਲੀਫਾਂ ਦੀਆਂ ਸਕੀਮਾਂ ਫੇਲ੍ਹ ਹੋ ਗਈਆਂ ਹਨ, ਉਸ ਪਿਛੇ ਲੱਗਣ ਦਾ ਕੋਈ ਫਾਇਦਾ ਨਹੀਂ ਤਾਂ ਹਤਾਸ਼ ਯਹੂਦੀ ਮੁੜ ਹੱਥ 'ਤੇ ਹੱਥ ਧਰ ਕੇ ਬੈਠ ਜਾਂਦੇ ਹਨ।

ਕਦੀ-ਕਦੀ ਸੁਲਤਾਨ ਵੱਸਣ ਦੀ ਆਗਿਆ ਦੇ ਦਿੰਦਾ, ਕਿਉਂਕਿ ਖਜ਼ਾਨੇ ਨੂੰ ਪੈਸੇ ਦੀ ਲੋੜ ਹੁੰਦੀ, ਕਦੀ ਸਰਕਾਰੀ ਪਾਲਿਸੀ ਅਜਿਹੀ ਹੁੰਦੀ ਕਿ ਆਉਂਦੇ ਪਰਵਾਸੀਆਂ ਨੂੰ ਵੱਖ-ਵੱਖ ਬੰਦਰਗਾਹਾਂ 'ਤੇ ਜ਼ਲੀਲ ਕਰੋ ਤਾਂ ਕਿ ਬਾਕੀ



**ਹਰਪਾਲ ਸਿੰਘ ਪੰਨੂ**
ਫੋਨ: +91-94642-51454

ਆਉਣ ਵਾਲੇ ਯਹੂਦੀ ਅਮਰੀਕਾ ਦਾ ਰੁਖ ਕਰਨ। ਦਾਨੀਆਂ ਦੇ ਨੁਮਾਇੰਦੇ ਪੜਤਾਲ ਕਰਨ ਇਜ਼ਰਾਈਲ ਵਿਚ ਆਉਂਦੇ, ਮਿਹਨਤ ਦੇ ਬਾਵਜੂਦ ਜ਼ਮੀਨ ਘੱਟ ਉਪਜ ਦਿੰਦੀ, ਬਿਨਾਂ ਕਿਸਾਨੀ ਤਜਰਬੇ ਦੇ ਯਹੂਦੀ ਕਾਮੇ ਮਿੱਟੀ ਨਾਲ ਮਿੱਟੀ ਹੋਈ ਜਾਂਦੇ। ਮੌਸਮ ਸਹਿ ਨਾ ਹੁੰਦਾ, ਬੱਚੇ ਭੁੱਖਮਰੀ ਤੇ ਬਿਮਾਰੀ ਦਾ ਸ਼ਿਕਾਰ ਹੁੰਦੇ। ਮੱਖੀਆਂ, ਮੱਛਰਾਂ ਦੀ ਭਰਮਾਰ। ਅਜਿਹੇ ਦ੍ਰਿਸ਼ ਦੁਖਦਾਈ ਹੁੰਦੇ।

ਇਥੇ ਇਕ ਹੋਰ ਨਾਇਕ ਮੋਸ਼ੇ ਲਿਲੀਅਨ (1843-1910) ਦਾਖਲ ਹੁੰਦਾ ਹੈ, ਤੀਖਣ ਬੁੱਧੀ ਵਾਲਾ ਬੱਚਾ। ਧਰਮੀ ਤਰਖਾਣ ਦੇ ਘਰ ਪੈਦਾ ਹੋਇਆ। ਪਿਤਾ ਨੇ ਦੇਖਿਆ, ਅਸਾਧਾਰਨ ਯਾਦਦਾਸ਼ਤ ਹੈ, ਚਾਰ ਸਾਲ ਦੀ ਉਮਰ ਵਿਚ ਪੁਜਾਰੀਆਂ ਕੋਲ ਤੋਰੇਤ ਪੜ੍ਹਨ ਭੇਜ ਦਿੱਤਾ। ਅਧਿਆਪਕਾਂ ਨੂੰ ਅਕਸਰ ਹੈਰਾਨ ਕਰ ਦਿੰਦਾ, ਪਰ ਖੁਦ ਦਾ ਅਨੁਭਵ: 'ਜਦੋਂ ਮੈਨੂੰ ਇਹ ਨਹੀਂ ਸੀ ਪਤਾ, ਵਿਦਿਆ ਕਿਸ ਬਲਾ ਦਾ ਨਾਮ ਹੈ, ਮੈਂ ਤੋਰੇਤ ਨੂੰ ਰੱਟੇ ਮਾਰਨ ਲੱਗਾ। ਬਚਪਨ ਦੀਆਂ ਖੇਡਾਂ ਤੋਂ ਵਾਂਝਾ ਰਹਿ ਗਿਆ। ਇਸ ਕਰ ਕੇ ਜਿਸਮਾਨੀ ਤੌਰ 'ਤੇ ਮੈਂ ਅਧੂਰਾ ਰਿਹਾ। ਅਜੇ ਸੋਲਾਂ ਸਾਲ ਦਾ ਨਹੀਂ ਸਾਂ ਹੋਇਆ ਕਿ ਮਾਪਿਆਂ ਨੇ ਵਿਆਹ ਕਰ ਦਿੱਤਾ। ਧਰਮ ਗ੍ਰੰਥਾਂ ਤੋਂ ਬਾਹਰ ਕਿਸ ਤਰ੍ਹਾਂ ਦੀ ਅਕਲ ਇਲਮ ਹੈ, ਪਤਾ ਨਾ ਲੱਗਾ।'

ਵਧਦੀ ਉਮਰ ਅਤੇ ਆਲੇ-ਦੁਆਲੇ ਨਾਲ ਵਾਹ ਪੈਣ ਬਾਅਦ ਉਸ ਨੇ ਦੇਖਿਆ ਕਿ ਧਰਮ ਗ੍ਰੰਥ ਦੇ ਦੋ ਹਿੱਸੇ ਹਨ: ਇਕ ਰੱਬ ਦਾ ਹੁਕਮ, ਦੂਜਾ ਰੱਬ ਦੇ ਬੰਦਿਆਂ ਵਲੋਂ ਤਿਆਰ ਕੀਤੀ ਸਮਾਜਕ ਧਾਰਮਿਕ ਨੇਮਾਵਲੀ। ਮਹਿਸੂਸ ਕੀਤਾ ਕਿ ਬੰਦਿਆਂ ਨੇ ਬੜਾ ਕਚਰਾ ਤਿਆਰ ਕੀਤਾ ਹੋਇਆ ਹੈ। ਬੰਦਿਆਂ ਦਾ ਤਿਆਰ ਕੀਤਾ ਢਾਂਚਾ ਰੱਬ ਦੇ ਢਾਂਚੇ ਨਾਲ ਮਿਲਦਾ-ਜੁਲਦਾ ਹੋਣਾ ਚਾਹੀਦਾ ਸੀ, ਨਹੀਂ ਹੈ। ਉਸ ਨੂੰ ਬਹੁਤ ਕੁਝ ਫਜ਼ੂਲ, ਪ੍ਰਸੰਗਹੀਣ ਅਤੇ ਫਾਲਤੂ ਲੱਗਿਆ। ਧਰਮ ਉਹ ਹੋਵੇ ਜਿਹੜਾ ਸਮਕਾਲੀ ਮੁਸ਼ਕਿਲਾਂ ਦਾ ਸਾਹਮਣਾ ਕਰ ਕੇ ਹੱਲ ਲੱਭੇ। ਦੋ ਹਜ਼ਾਰ ਸਾਲ ਪੁਰਾਣੀ ਰਹਿਤ ਵੇਲਾ ਵਿਹਾ ਚੁੱਕੀ ਹੈ ਤੇ ਸਾਨੂੰ ਅਜੋਕੇ ਸਮਾਜ ਨਾਲੋਂ ਤੋੜ ਕੇ ਹਾਸੋਹੀਣੇ ਕਰ ਰਹੀ ਹੈ। ਪੈਗੰਬਰਾਂ ਦੀ ਰੂਹਾਨੀਅਤ ਕੇਂਦਰ ਵਿਚ ਰੱਖਦਿਆਂ ਨਵੀਂ ਰਹਿਤ ਦਾ ਵਿਧਾਨ ਉਸਾਰਨਾ ਜ਼ਰੂਰੀ ਹੋ ਗਿਆ ਹੈ। ਫਿਰ ਜੋ ਅਧਿਆਪਕ, ਪੁਜਾਰੀ, ਖੈਰ-ਖਵਾਹ ਉਸ ਦੀ ਦਾਦ ਦਿੰਦਿਆਂ ਥੱਕਦੇ ਨਹੀਂ ਸਨ, ਨਿੰਦਿਆ ਕਰਨ ਲੱਗੇ। ਵਿਰੋਧ ਇੰਨਾ ਸਖਤ ਹੋ ਗਿਆ ਕਿ ਉਹ ਆਪਣਾ ਘਰ ਛੱਡ ਕੇ ਓਡੇਸਾ ਦੀ ਅਨਪੜ੍ਹ ਆਬਾਦੀ ਵੱਲ ਚਲਾ ਗਿਆ। ਉਥੇ ਨਾ ਉਸ ਕੋਲ ਨੌਕਰੀ, ਨਾ ਕੋਈ ਗੱਲ ਸਮਝਣ ਦੇ ਸਮਰੱਥ। ਨੌਬਤ ਭੁੱਖਮਰੀ ਦੀ ਬਣੀ ਰਹਿੰਦੀ।

ਉਹ ਕਿਹਾ ਕਰਦਾ, ਧਰਮ ਦੇ ਨੇਮ ਫੌਜੀ ਪਰੇਡ ਵਾਂਗ ਨਹੀਂ। ਇਕ ਪਾਸੇ ਯੂਰਪ ਤਾਂ ਵਿਗਿਆਨ ਆਸਰੇ ਰੌਸ਼ਨੀ ਵੱਲ ਵਧ ਰਿਹਾ ਹੈ, ਇਕ ਯਹੂਦੀ ਹਨ ਕਿ ਹਨੇਰੇ ਤੋਂ ਬਿਨਾ ਇਨ੍ਹਾਂ ਨੂੰ ਕੁਝ ਚੰਗਾ ਨਹੀਂ ਲਗਦਾ। ਰੂਸੀ ਜ਼ਬਾਨ ਦੀ ਮੁਹਾਰਤ ਹਾਸਲ ਕਰਕੇ ਨਵਾਂ ਪੁਰਾਣਾ ਰੂਸੀ ਸਾਹਿਤ ਪੜ੍ਹਿਆ।

ਮਈ 1881 ਵਿਚ ਯਹੂਦੀਆਂ ਖਿਲਾਫ ਦੰਗੇ ਸ਼ੁਰੂ ਹੋ ਗਏ। ਡਾਇਰੀ ਵਿਚ ਲਿਖਿਆ, ਨੀਂਦ ਨਹੀਂ ਆਉਂਦੀ... ਡਾਕੂ ਕਦੀ ਵੀ ਮਾਰ ਸਕਦੇ ਨੇ। ਸਾਡੇ ਬੱਚਿਆਂ ਨੂੰ ਅਜੇ ਇਹ ਨਹੀਂ ਪਤਾ, ਯਹੂਦੀ ਕੌਣ ਹੁੰਦੇ ਨੇ! ਇਨ੍ਹਾਂ ਬੱਚਿਆਂ ਨੂੰ ਮਾਰ ਦੇਣਗੇ। ਠੀਕ ਹੈ, ਸਾਡੇ ਵਡੇਰੇ ਸਾਰੀ ਉਮਰ ਜਿਸ ਖੌਫ ਵਿਚ ਜੀਵਨ ਬਿਤਾਉਂਦੇ ਰਹੇ, ਮੈਨੂੰ ਵੀ ਉਸ ਦਾ ਸੇਕ ਲੱਗੇ। ਗਿਆਰਾਂ ਮਈ: ਲੋਕ ਲੁੱਟ-ਮਾਰ ਕਰ ਰਹੇ ਹਨ, ਸ਼ਰਾਬ ਨਾਲ ਰੱਜੀ ਰੂਸੀ ਔਰਤ ਨੱਚ ਰਹੀ ਹੈ, ਗਾ ਰਹੀ ਹੈ, ਮੇਰਾ ਦੇਸ, ਇਹ ਮੇਰਾ ਦੇਸ। ਕੀ ਕੋਈ ਯਹੂਦੀ ਕਦੀ ਅਜਿਹਾ ਵਾਕ ਸ਼ਰੇਆਮ ਮੂੰਹੋਂ ਕੱਢ ਸਕਦਾ ਹੈ?

ਮੋਸ਼ੇ ਨੇ ਸਾਦਾ ਜਿਹਾ ਪੈਂਫਲਿਟ ਲਿਖ ਕੇ ਵੰਡਿਆ। ਲਿਖਿਆ, ਘਰ ਦੇ ਜੀਆਂ ਅਤੇ ਘਰ ਆਏ ਮਹਿਮਾਨ ਦੇ ਰੁਤਬੇ ਵਿਚ ਫਰਕ ਹੁੰਦਾ ਹੈ। ਜਿੰਨਾ ਚਿਰ ਮਹਿਮਾਨ, ਮਹਿਮਾਨ ਬਣ ਕੇ ਰਹੇ, ਠੀਕ; ਜੇ ਉਸ ਨੇ ਘਰ ਦੇ ਜੀਅ ਦਾ ਕੋਈ ਹੱਕ ਖੋਹਣਾ ਚਾਹਿਆ, ਮੁਕਾਬਲੇਬਾਜ਼ੀ ਵਿਚ ਆਇਆ, ਤਦ ਉਸ ਨੂੰ ਘਰੋਂ ਬਾਹਰ ਨਿਕਲਣਾ ਪਏਗਾ। ਸੰਸਾਰ ਵੱਡਾ ਸਾਰਾ ਪਰਿਵਾਰ ਹੈ, ਯਹੂਦੀ ਮਹਿਮਾਨ ਹਨ, ਅਜਨਬੀ ਹਨ। ਅਫਸੋਸ ਇਸ ਗੱਲ ਦਾ ਕਿ ਅਜਨਬੀ ਨੂੰ ਵੀ ਭੁੱਖ ਪਿਆਸ ਲਗਦੀ ਹੈ। ਤਾਂ ਠੀਕ ਹੈ, ਅਜਨਬੀ ਉਦਰਪੂਰਤੀ ਵਾਸਤੇ ਉਹ ਕੰਮ ਧੰਦਾ ਕਰੇ ਜਿਹੜਾ ਹੋਰਾਂ ਨੂੰ ਚੰਗਾ ਨਹੀਂ ਲਗਦਾ ਜਾਂ ਉਨ੍ਹਾਂ ਲਈ ਵਰਜਿਤ ਹੈ। ਜੇ ਵਰਜਿਤ ਧੰਦੇ ਵਿਚ ਕੁਝ ਵਧੀਕ ਮੁਨਾਫਾ ਆਉਣ ਲੱਗੇ, ਉਹ ਵੀ ਘਰ ਦੇ ਮਾਲਕ ਵਾਸਤੇ ਛੱਡਣਾ ਪਏਗਾ। ਜੇ ਘਰ ਦਾ ਕੋਈ ਜੀਅ ਭੁੱਖਾ ਹੈ ਤਾਂ ਅਜਨਬੀ ਯਹੂਦੀ ਦਾ ਰੋਟੀ ਉਪਰ ਕੀ ਹੱਕ? ਯਹੂਦੀ ਆਪਣੇ ਆਪ ਨੂੰ ਅਜਨਬੀ ਨਹੀਂ ਸਮਝਦੇ ਤਾਂ ਕੀ, ਬਾਕੀਆਂ ਲਈ ਅਜਨਬੀ ਨੇ। ਯਹੂਦੀ ਜਿਥੇ ਮਰਜ਼ੀ ਜਾ ਵਸੇ, ਜੋ ਮਰਜ਼ੀ ਕੰਮ ਕਰੇ, ਅਜਨਬੀ ਰਹੇਗਾ। ਕੀ ਕੋਈ ਅਜਿਹਾ ਤਰੀਕਾ ਹੈ ਕਿ ਇਹ ਅਜਨਬੀ ਘਰ ਦਾ ਮੈਂਬਰ ਹੋ ਸਕੇ? ਹਾਂ, ਜੇ ਆਪਣਾ ਧਰਮ ਛੱਡ ਕੇ ਈਸਾਈ ਹੋ ਜਾਵੇ ਤਾਂ ਇੱਜ਼ਤ ਮਿਲ ਸਕਦੀ ਹੈ; ਪਰ ਕੀ ਇਹ ਕੌਮ ਵਲੋਂ ਕੀਤੀ ਖੁਦਕੁਸ਼ੀ ਨਹੀਂ ਹੋਵੇਗੀ?... ਇਸ ਦਾ ਕੋਈ ਇਲਾਜ? ਇਲਾਜ ਹੈ, ਸਰਜਰੀ। ਆਪਣੇ ਆਪ ਨੂੰ ਪੁੱਟ ਕੇ ਇਹ ਅਭਾਗੇ ਲੋਕ ਧਰਤੀ ਦਾ ਕੋਈ ਅਜਿਹਾ ਟੁਕੜਾ ਲੱਭਣ ਜਿਥੇ ਇਨ੍ਹਾਂ ਦੇ ਬੋਲ-ਬਾਲੇ, ਇਨ੍ਹਾਂ ਦਾ ਆਪਣਾ ਝੰਡਾ ਹੋਵੇ। ਮੂਰਖਾਂ ਵਾਂਗ ਇਹ ਅਮਰੀਕਾ ਜਾ ਜਾ ਵਸ ਰਹੇ ਨੇ। ਉਥੇ ਇਨ੍ਹਾਂ ਦੇ ਇਤਿਹਾਸ ਉਪਰ ਉਹੀ ਲਹੂ ਦੇ ਛਿੱਟੇ ਫਿਰ ਦਿਸਣਗੇ ਜੋ ਪਹਿਲਾਂ ਦਿਸਦੇ ਰਹੇ ਹਨ। ਉਥੇ ਵੀ ਇਹ ਅਜਨਬੀ ਨੇ। ਇਕ ਥਾਂ ਬਚਦੀ ਹੈ, ਇਜ਼ਰਾਈਲ। ਸਿਆਸੀ ਤੌਰ 'ਤੇ ਇਹ ਥਾਂ ਸਾਥੋਂ ਖੁੱਸ ਚੁੱਕੀ ਹੈ, ਸਾਡਾ ਇਤਿਹਾਸਕ ਹੱਕ ਅਜੇ ਵੀ ਇਸ ਉਪਰ ਹੀ ਬਣਦਾ ਹੈ। ਤੁਸੀਂ ਆਖੋਗੇ, ਸਾਡੀ ਪਿਤਰ ਦੇਸ ਵਾਪਸੀ ਦੀ ਗੱਲ ਸੁਣ ਕੇ ਲੋਕ ਮਜ਼ਾਕ ਉਡਾਉਣਗੇ! ਇਸ ਤੋਂ ਪਹਿਲਾਂ ਕੀ ਕਦੀ ਮਜ਼ਾਕ ਨਹੀਂ ਉਡਿਆ?...


ਮੋਸ਼ੇ ਲਿਲੀਅਨ

*ਵਧਦੀ ਉਮਰ ਅਤੇ ਆਲੇ-ਦੁਆਲੇ ਨਾਲ ਵਾਹ ਪੈਣ ਬਾਅਦ ਮੋਸ਼ੇ ਲਿਲੀਅਨ ਨੇ ਦੇਖਿਆ ਕਿ ਧਰਮ ਗ੍ਰੰਥ ਦੇ ਦੋ ਹਿੱਸੇ ਹਨ: ਇਕ ਰੱਬ ਦਾ ਹੁਕਮ, ਦੂਜਾ ਰੱਬ ਦੇ ਬੰਦਿਆਂ ਵਲੋਂ ਤਿਆਰ ਕੀਤੀ ਸਮਾਜਕ ਧਾਰਮਿਕ ਨੇਮਾਵਲੀ। ਮਹਿਸੂਸ ਕੀਤਾ ਕਿ ਬੰਦਿਆਂ ਨੇ ਬੜਾ ਕਚਰਾ ਤਿਆਰ ਕੀਤਾ ਹੋਇਆ ਹੈ। ਬੰਦਿਆਂ ਦਾ ਤਿਆਰ ਕੀਤਾ ਢਾਂਚਾ ਰੱਬ ਦੇ ਢਾਂਚੇ ਨਾਲ ਮਿਲਦਾ-ਜੁਲਦਾ ਹੋਣਾ ਚਾਹੀਦਾ ਸੀ, ਨਹੀਂ ਹੈ। ਉਸ ਨੂੰ ਬਹੁਤ ਕੁਝ ਫਜ਼ੂਲ, ਪ੍ਰਸੰਗਹੀਣ ਅਤੇ ਫਾਲਤੂ ਲੱਗਿਆ। ਧਰਮ ਉਹ ਹੋਵੇ ਜਿਹੜਾ ਸਾਡੀਆਂ ਸਮਕਾਲੀ ਮੁਸ਼ਕਿਲਾਂ ਦਾ ਸਾਹਮਣਾ ਕਰ ਕੇ ਹੱਲ ਲੱਭੇ, ਇਥੇ ਤਾਂ ਪੁਰਾਤਨ ਮੁਸ਼ਕਿਲਾਂ ਦਾ ਹੱਲ ਨਹੀਂ ਹੋਇਆ ਦਿਸਦਾ। ਦੋ ਹਜ਼ਾਰ ਸਾਲ ਪੁਰਾਣੀ ਰਹਿਤ ਵੇਲਾ ਵਿਹਾ ਚੁੱਕੀ ਹੈ ਤੇ ਸਾਨੂੰ ਅਜੋਕੇ ਸਮਾਜ ਨਾਲੋਂ ਤੋੜ ਕੇ ਹਾਸੋਹੀਣੇ ਕਰ ਰਹੀ ਹੈ। ਪੈਗੰਬਰਾਂ ਦੀ ਰੂਹਾਨੀਅਤ ਕੇਂਦਰ ਵਿਚ ਰੱਖਦਿਆਂ ਨਵੀਂ ਰਹਿਤ ਦਾ ਵਿਧਾਨ ਉਸਾਰਨਾ ਜ਼ਰੂਰੀ ਹੋ ਗਿਆ ਹੈ। ਜਿਹੜੇ ਅਧਿਆਪਕ, ਪੁਜਾਰੀ, ਖੈਰ-ਖਵਾਹ ਉਸ ਦੀ ਦਾਦ ਦਿੰਦਿਆਂ ਥੱਕਦੇ ਨਹੀਂ ਸਨ, ਨਿੰਦਿਆ ਕਰਨ ਲੱਗੇ। ਵਿਰੋਧ ਇੰਨਾ ਸਖਤ ਹੋ ਗਿਆ ਕਿ ਉਹ ਆਪਣਾ ਘਰ-ਪਰਿਵਾਰ ਛੱਡ ਕੇ ਓਡੇਸਾ ਦੀ ਅਨਪੜ੍ਹ ਆਬਾਦੀ ਵੱਲ ਚਲਾ ਗਿਆ।*

ਗੋਰਡਨ ਦੀ ਕਵਿਤਾ ਦੇ ਬੋਲ:

ਰੱਬ ਦਾ ਇੱਜੜ
ਤੁਸੀਂ ਪੁਛਿਆ ਕੌਣ ਹਾਂ ਅਸੀਂ:
ਕੀ ਹੈ ਸਾਡਾ ਜੀਣਾ?
ਆਲੇ-ਦੁਆਲੇ ਵਸਦੀਆਂ ਕੌਮਾਂ ਵਾਂਗ,
ਕੀ ਕੋਈ ਕੌਮ ਹਾਂ ਅਸੀਂ?
ਕਿ ਧਰਮ ਭਰਾਵਾਂ ਦਾ ਕਾਫਲਾ ਹੈ ਸਾਡਾ?
ਮੈਂ ਦੱਸਦਾਂ ਅਸਲੀ ਭੇਤ ਦੀ ਗੱਲ:
ਨਾ ਅਸੀਂ ਕੌਮ ਕੋਈ, ਨਾ ਸਮਾਜ...
ਕੇਵਲ ਇੱਜੜ
ਆਜੜੀ ਰੱਬ ਦੇ ਪਵਿਤਰ ਪਸ਼ੂ ਹਾਂ ਅਸੀਂ
ਧਰਤੀ ਸਾਡੀ ਵੇਦੀ
ਬਲੀ ਦੇਣ ਵਾਸਤੇ ਪਾਲੇ ਗਏ ਅਸੀਂ।

ਲਿਲੀਅਨ ਦੇ ਸ਼ਬਦ: 'ਯਹੂਦੀਆਂ ਦਾ ਤ੍ਰਿਸਕਾਰ ਹੁੰਦਾ ਹੈ ਤਾਂ ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ, ਅਸੀਂ ਮਨਮਰਜ਼ੀ ਨਾਲ ਤੁਹਾਡੇ ਦੇਸ ਵਿਚ ਨਹੀਂ ਆਏ। ਇਜ਼ਰਾਈਲ ਸਾਡਾ ਦੇਸ ਸੀ, ਉਥੋਂ ਸਾਨੂੰ ਜਬਰਨ ਕੱਢਿਆ ਗਿਆ। ਜਦੋਂ ਵਾਹ ਲੱਗੀ, ਵਾਪਸ ਪੁੱਜ ਜਾਵਾਂਗੇ। ਹਾਲੇ ਬਰਦਾਸ਼ਤ ਕਰੋ।'

ਇਜ਼ਰਾਈਲ ਵਿਚੋਂ ਨਿਕਲਿਆਂ ਹਜ਼ਾਰਾਂ ਸਾਲ ਬੀਤਣ ਪਿਛੋਂ ਯਹੂਦੀ ਭੁੱਲ ਗਏ ਕਿ ਉਨ੍ਹਾਂ ਦਾ ਕੋਈ ਦੇਸ ਹੁੰਦਾ ਸੀ। ਉਹ ਭੁੱਲ ਗਏ ਕਿ ਆਪਣੀ ਧਰਤੀ ਉਪਰ ਰਹਿਣ ਦੇ ਕੀ ਸੁੱਖ ਹੁੰਦੇ ਹਨ। ਜਿਹੜਾ ਬੰਦਾ ਅਚਾਨਕ ਯਾਦਦਾਸ਼ਤ ਖੋ ਬੈਠੇ, ਉਸ ਦੀ ਕਿਹੋ ਜਿਹੀ ਦਸ਼ਾ ਹੁੰਦੀ ਹੈ? ਯਹੂਦੀ ਆਪਣਾ ਅਤੀਤ ਭੁੱਲ ਗਏ ਹਨ। ਯਹੂਦੀ ਦੁਨੀਆਂ ਨੂੰ ਨਹੀਂ ਬਦਲ ਸਕਦੇ, ਉਡੀਕ ਸਕਦੇ ਹਨ ਕਿ ਆਪੇ ਦੁਨੀਆਂ ਬਦਲ ਜਾਏ, ਇਕ ਹੋਰ ਕੰਮ ਕਰ ਸਕਦੇ ਹਨ, ਖੁਦ ਨੂੰ ਬਦਲ ਲੈਣ, ਬਾਕੀ ਕੌਮਾਂ ਤੋਂ ਸ਼ਾਬਾਸ਼ ਲੈਣ ਦੀ ਥਾਂ ਆਪਣੇ ਦੇਸ ਵੱਲ ਰੁਖ ਕਰਨ, ਆਪਣਾ ਹੋਮਲੈਂਡ ਕਾਇਮ ਕਰਨ। ਇਹ ਕੰਮ ਹੋਰਾਂ ਨੇ ਨਹੀਂ ਕਰਨਾ, ਆਪ ਕਰਨਾ ਪਏਗਾ। ਇਹ ਕੰਮ ਜਲਦੀ ਕਰਨ ਵਿਚ ਘਾਟਾ ਨਹੀਂ ਪਵੇਗਾ, ਇਸ ਕੰਮ ਨੂੰ ਦੇਰ ਕਰਨ ਵਿਚ ਲਾਭ ਨਹੀਂ ਹੋਵੇਗਾ। ਜੇ ਹੋ ਸਕਦਾ ਹੈ ਵਧ ਤੋਂ ਵਧ, ਇਹ ਹੋਵੇਗਾ ਕਿ ਜਿਸ ਤਰ੍ਹਾਂ ਦੇ ਹਾਂ, ਉਸੇ ਤਰ੍ਹਾਂ ਦੇ ਰਹਾਂਗੇ, ਫਿਰ ਖਤਰਾ ਕਿਸ ਗੱਲ ਦਾ?


ਸਿਆਣੇ ਬੰਦਿਆਂ ਦੀ ਸਰਪ੍ਰਸਤੀ ਹੇਠ ਜ਼ਿਓਨਿਜਮ ਦੀ ਲਹਿਰ ਚੱਲੀ, ਪਰ ਬਾਵਜੂਦ ਇਸ ਦੇ ਕਿ ਇਸ ਦੀ ਵਧੀਕ ਜ਼ਰੂਰਤ ਰੂਸ, ਪੋਲੈਂਡ ਤੇ ਰੋਮਾਨੀਆ ਵਿਚ ਹੈ, ਇਸ ਦਾ ਪ੍ਰਬੰਧ ਪੱਛਮੀ ਯੂਰਪ ਤੇ ਦੂਰ ਪਾਰਲੇ ਇਲਾਕਿਆਂ ਵਿਚੋਂ ਹੋਵੇਗਾ ਕਿਉਂਕਿ ਇਧਰ ਪੁਲਿਸ ਦੀ ਸਖਤੀ ਵਧੀਕ ਹੈ। ਪੱਛਮੀ ਯੂਰਪ ਦੇ ਯਹੂਦੀ ਵਧੀਕ ਖੁਸ਼ਹਾਲ ਹਨ, ਸੋ ਪਰਵਾਸ, ਪੂਰਬ ਵਲੋਂ ਇਜ਼ਰਾਈਲ ਵਿਚ ਵਧੀਕ ਹੋਵੇਗਾ, ਪਰ ਦਾਨੀਆਂ ਦੇ ਪੈਸੇ ਪੱਛਮ ਵਲੋਂ ਆਉਣਗੇ। ਜਿਨ੍ਹਾਂ ਲੋਕਾਂ ਵਾਸਤੇ ਪਰਵਾਸ ਦੀ ਲਹਿਰ ਚਲਾਉਣੀ ਸੀ, ਨਾ ਉਨ੍ਹਾਂ ਨੂੰ ਸਿਆਸਤ ਦੀ ਆਦਤ ਸੀ, ਨਾ ਸਿਆਸਤ ਵਿਚ ਰੁਚੀ, ਨਾ ਸਮਰੱਥਾ। ਇਸ ਦਾ ਆਧਾਰ ਜ਼ਖਮੀ ਮਾਨਸਿਕਤਾ ਦਾ ਧੁੰਦਲਾ ਜਿਹਾ ਧਾਰਮਿਕ ਜਜ਼ਬਾ ਸੀ ਜਿਸ ਨਾਲ ਉਮੀਦਾਂ ਦਾ ਧਾਗਾ ਬੱਝਿਆ ਹੋਇਆ ਸੀ। ਇਸ ਲਹਿਰ ਦਾ ਲਿਖਤੀ ਵਿਸਥਾਰਪੂਰਣ ਰਿਕਾਰਡ ਨਹੀਂ ਮਿਲਦਾ, ਕਿਉਂਕਿ ਸੁਰੱਖਿਆ ਦੇ ਹਿਤ ਵਿਚ ਸਰਕਾਰੀ ਦਹਿਸ਼ਤ ਕਾਰਨ ਘਟ ਤੋਂ ਘਟ ਲਿਖਤ-ਪੜ੍ਹਤ ਰੱਖਣੀ ਸੀ।

ਪਰਵਾਸੀਆਂ ਦੇ ਵਸੇਬੇ ਵਾਸਤੇ ਧਨ ਦੀ ਲੋੜ ਸੀ, ਬਹੁਤ ਘੱਟ ਰਕਮ ਜਮ੍ਹਾਂ ਹੋ ਰਹੀ ਸੀ। ਵਧ ਤੋਂ ਵਧ ਰਕਮ, ਇਕ ਸਾਲ ਵਿਚ ਪੰਜ ਹਜ਼ਾਰ ਪੌਂਡ ਇਕੱਠੀ ਹੋਈ। ਇਸ ਨਾਲ ਖੂਹ ਖੋਦੇ ਜਾਣ, ਘਰ ਬਣਾਏ ਜਾਣ, ਪਸ਼ੂ ਖਰੀਦੇ ਜਾਣ ਕਿ ਖੇਤੀ ਦੇ ਸੰਦ? ਲੀਡਰਸ਼ਿਪ ਨੇ ਕਿਹਾ, ਜੇ ਸਾਡੇ ਲੋਕ ਗੁਲਾਮੀ ਅਤੇ ਹੋਰ ਬੁਰਾਈਆਂ ਵਿਚ ਪੂਰੀ ਤਰ੍ਹਾਂ ਧਸ ਚੁੱਕੇ ਹਨ, ਜੇ ਸਾਡੀ ਵਿਉਂਤ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਜਾਂ ਫਿਰ ਸਹੀ ਨਹੀਂ ਲਗਦੀ ਤਾਂ ਠੀਕ ਹੈ, ਅਸੀਂ ਬੱਚਿਆਂ ਵਾਂਗ ਪਰੀਆਂ ਦੇ ਕਿਸੇ ਦੇਸ ਵਿਚ ਕਿਉਂ ਵੱਸੀਏ? ਚੰਗਾ ਹੈ ਨਵੀਂ ਲੀਡਰਸ਼ਿਪ ਅੱਗੇ ਆਏ ਤੇ ਸਾਥੋਂ ਚੰਗਾ ਕੰਮ ਕਰੇ। ਅਸੀਂ ਤਿੰਨ ਬਸਤੀਆਂ ਵਸਾ ਦਿੱਤੀਆਂ, ਹੁਣ ਤੌਬਾ। ਸਾਡੇ ਲੋਕ ਮਾਨਸਿਕ ਤੌਰ 'ਤੇ ਜੇ ਇੰਨੇ ਹੀ ਕਮਜ਼ੋਰ ਹਨ, ਫਿਰ ਬਿਮਾਰੀ ਲਾਇਲਾਜ ਹੈ।

ਜ਼ਿੰਮੇਵਾਰ ਲੋਕ ਸੋਚਣ ਲੱਗੇ, ਹੁਣ ਥਿਊਰੀ ਵਿਚਾਰਨ ਦਾ ਸਮਾਂ ਲੰਘ ਗਿਆ ਹੈ, ਇਸ ਉਪਰ ਅਮਲ ਕਰਨ ਦੀ ਲੋੜ ਹੈ। ਮੀਟਿੰਗ ਬੁਲਾਈ ਜਾਏ ਜਿਸ ਵਿਚ ਭਵਿੱਖ ਦਾ ਪ੍ਰੋਗਰਾਮ ਨਸ਼ਰ ਕਰੀਏ, ਪਰ ਹੋਵੇ ਇਹ ਗੁਪਤ; ਓਟੋਮਾਨ ਸੁਲਤਾਨ ਤੇ ਯਹੂਦੀਆਂ ਦੇ ਮੇਜ਼ਬਾਨ ਦੇਸ ਖਿਲਾਫ ਨਾ ਹੋ ਜਾਣ। ਇੰਨਾ ਪ੍ਰਭਾਵਸ਼ਾਲੀ ਹੋਵੇ ਕਿ ਦੁਨੀਆਂ ਜਾਣ ਜਾਏ, ਹੁਣ ਯਹੂਦੀ ਤੂਫਾਨ ਮੰਜ਼ਿਲ ਵੱਲ ਵਧਣ ਤੋਂ ਰੁਕੇਗਾ ਨਹੀਂ। ਫੈਸਲਾ ਹੋਇਆ, ਰੂਸੀ ਸਰਕਾਰ ਪਾਸ ਬੇਨਤੀ ਕੀਤੀ ਜਾਵੇ ਕਿ ਯਹੂਦੀਆਂ ਨੂੰ ਖੇਤੀ ਦਾ ਕਾਰੋਬਾਰ ਕਰਨ ਦਿੱਤਾ ਜਾਵੇ। ਦਾਨੀਆਂ ਦੀ ਸਹਾਇਤਾ ਨਾਲ ਇਜ਼ਰਾਈਲ ਵਿਚ ਖੇਤੀ ਕਰਨ ਦੀ ਆਗਿਆ ਦਿਉ। ਉਧਰ, ਸੁਲਤਾਨ ਅੱਗੇ ਵਸ ਜਾਣ ਦੀ ਅਰਜ਼ ਕੀਤੀ ਜਾਵੇ।

ਆਧੁਨਿਕ ਅਤੇ ਪੁਰਾਤਨ ਖਿਆਲਾਂ ਵਿਚਕਾਰ ਵੀ ਟਕਰਾਉ ਸੀ। ਮੀਟਿੰਗ ਵਿਚ ਅਜਿਹੇ ਮਸਲੇ ਵੀ ਆਏ, ਅਜੇ ਸਟੇਟ ਨੇ ਇਜ਼ਰਾਈਲ ਵਿਚ ਵਸਣ ਦੀ ਪੂਰੀ ਖੁੱਲ੍ਹ ਨਹੀਂ ਦਿੱਤੀ, ਨਾ ਮਿਲੇਗੀ। ਮੰਨ ਲਉ, ਕੋਈ ਸਿਆਸੀ ਫੈਸਲਾ ਆਪਣੇ ਹੱਕ ਵਿਚ ਸੁਲਤਾਨ ਤੋਂ ਕਰਵਾ ਲੈਂਦੇ ਹਾਂ, ਸਾਡੇ ਕਾਰੋਬਾਰ ਵਿਚ ਵਿਘਨ ਪੈਣਗੇ। ਕਾਨਫਰੰਸਾਂ ਵਿਚ ਪਾਸ ਹੋਏ ਇਹ ਮਤੇ ਪ੍ਰਾਪਤ ਹਨ, ਬਹਿਸਾਂ ਰਿਕਾਰਡ ਨਹੀਂ ਕੀਤੀਆਂ ਗਈਆਂ ਕਿਉਂਕਿ ਕੁੱੜਤਣ ਭਰੀਆਂ ਸਨ। ਜੇ ਨਵੀਂ ਆਬਾਦੀ ਵਿਚ ਲਾਇਬਰੇਰੀ ਦੀ ਮੰਗ ਕੀਤੀ ਜਾਂਦੀ ਤਾਂ ਰੌਲਾ ਪੈ ਜਾਂਦਾ, ਤੁਸੀਂ ਕਿਸਾਨਾਂ ਨੂੰ ਖੇਤਾਂ 'ਚ ਕੰਮ ਕਰਨ ਤੋਂ ਰੋਕ ਕੇ ਪੋਥੀਆਂ ਪੜ੍ਹਾਉਣੀਆਂ? ਤੀਜੇ ਪਾਸਿਓਂ ਆਵਾਜ਼ ਆਉਂਦੀ, ਜੋ ਇਜ਼ਰਾਈਲ ਵਿਚ ਵਸ ਗਏ ਹਨ, ਉਨ੍ਹਾਂ ਨੂੰ ਪੁੱਛੋ, ਹਸਪਤਾਲ ਚਾਹੀਦਾ ਹੈ ਕਿ ਲਾਇਬਰੇਰੀ; ਕਿ ਬੱਚਿਆਂ ਲਈ ਸਕੂਲ। ਇਕੋ ਦਮ ਸਭ ਕੁਝ ਤਾਂ ਬਣ ਨਹੀਂ ਸਕਦਾ।

ਵਸ ਗਏ ਯਹੂਦੀਆਂ ਵਾਸਤੇ ਤੰਬੂਆਂ ਦੀ ਰਿਹਾਇਸ਼ ਨਰਕ ਸਮਾਨ। ਕੇਵਲ ਮੱਖੀਆਂ ਮੱਛਰ ਨਹੀਂ, ਸੱਪ ਅਤੇ ਬਿੱਛੂ ਡੰਗਦੇ। ਹਥਿਆਰਬੰਦ ਅਰਬਾਂ ਦੇ ਗ੍ਰੋਹ ਹੱਲਾ ਬੋਲਦੇ, ਕਤਲ, ਅਗਜ਼ਨੀ, ਲੁੱਟ। ਯਹੂਦੀ ਨਿਹੱਥੇ ਨਹੀਂ ਬੈਠੇ, ਖੂਨ ਵੀਟਵਾਂ ਮੁਕਾਬਲਾ ਕਰਦੇ; ਆਖਰ ਅਰਬਾਂ ਨੂੰ ਚਾਲੂ ਕੱਢ ਲਿਆ, ਅਰਬ ਦਬਕਣ ਲਗ ਗਏ। ਤਾਂ ਵੀ ਪਰਦੇਸਾਂ ਦੀ ਇਹੋ ਜਿਹੀ ਜ਼ਿੰਦਗੀ ਮੁਸ਼ਕਿਲ ਤਾਂ ਹੈ ਹੀ ਸੀ। ਇਹੋ ਜਿਹੇ ਪਰਿਵਾਰ ਵੀ ਹੈ ਸਨ ਜਿਹੜੇ ਇਜ਼ਰਾਈਲ ਵਿਚਲਾ ਸਭ ਕੁਝ ਛਡ-ਛਡਾ ਕੇ ਫਿਰ ਉਸੇ ਨਰਕ ਵਿਚ ਪਰਤੇ ਜਿਥੋਂ ਉਮੀਦਾਂ ਲੈ ਕੇ ਕੇ ਨਿਕਲੇ ਸਨ, ਦੂਹਰੇ ਉਜਾੜੇ। ਸਕੂਲਾਂ ਕਾਲਜਾਂ ਵਿਚ ਯਹੂਦੀ ਦਾਖਲਿਆਂ ਦੀ ਸੀਮਾ ਰੂਸ ਵਿਚ 10% ਕਰ ਦਿੱਤੀ ਗਈ। ਪੜ੍ਹੇ-ਲਿਖਿਆਂ ਨੂੰ ਸਰਕਾਰੀ ਨੌਕਰੀ ਕੇਵਲ ਮੰਤਰੀ ਦੀ ਸਿਫਾਰਿਸ਼ 'ਤੇ ਮਿਲਦੀ, ਤੇ ਮੰਤਰੀ ਕਦੇ ਸਿਫਾਰਿਸ਼ ਨਾ ਕਰਦਾ। ਸਾਹਮਣਿਓਂ ਰੂਸੀ ਮੁਲਾਜ਼ਮ ਆਉਂਦਾ ਦੇਖ ਕੇ ਯਹੂਦੀ ਆਪਣਾ ਹੈਟ ਉਤਾਰ ਕੇ ਸਲਾਮ ਕਰਦਾ, ਕੋਤਾਹੀ ਦੀ ਸਜ਼ਾ ਮਿਲਦੀ। ਇਕ ਵਾਰ ਦਿਆਲੂ ਅਫਸਰ ਨੇ ਸਿਫਾਰਿਸ਼ ਕਰ ਦਿੱਤੀ ਕਿ ਯਹੂਦੀਆਂ ਨਾਲ ਨਰਮਾਈ ਵਰਤਣੀ ਚਾਹੀਦੀ ਹੈ, ਜ਼ਾਰ ਬਾਦਸ਼ਾਹ ਨੇ ਫਾਈਲ ਦੇ ਹਾਸ਼ੀਏ ਵਿਚ ਆਪਣੀ ਟਿੱਪਣੀ ਲਿਖੀ, ਤਾਂ ਵੀ ਸਾਨੂੰ ਭੁੱਲਣਾ ਨਹੀਂ ਚਾਹੀਦਾ, ਸਾਡੇ ਯਸੂ ਮਸੀਹ ਨੂੰ ਕਰਾਸ 'ਤੇ ਟੰਗ ਕੇ ਇਨ੍ਹਾਂ ਨੇ ਪਵਿਤਰ ਖੂਨ ਵਗਾਇਆ ਸੀ। ਇਸ ਨੀਤੀ ਸਦਕਾ 80ਵਿਆਂ ਵਿਚ ਪਰਵਾਸ ਦੀ ਦਰ ਦਸ ਹਜ਼ਾਰ ਸਾਲਾਨਾ ਤੋਂ ਵਧ ਕੇ 1890ਵਿਆਂ


ਅਸ਼ੇਰ

(ਬਾਕੀ ਅਗਲੇ ਸਫੇ 'ਤੇ)

ਵਿਚ ਤੀਹ ਹਜ਼ਾਰ ਹੋ ਗਈ।

ਯਹੂਦੀ ਜਿਉਂ-ਜਿਉਂ ਉਜੜੇ, ਇਜ਼ਰਾਈਲ ਵਲ ਤੁਰੇ। ਉਥੇ ਕਾਨੂੰਨ ਸਖ਼ਤ ਹੋਈ ਜਾਂਦੇ, ਜ਼ਮੀਨ ਦੇ ਭਾਅ ਵਧਣ ਲੱਗੇ। ਪੈਸੇ ਵਾਲੇ ਫਿਰ ਵੀ ਖਰੀਦਣੋਂ ਨਾ ਹਟਦੇ ਤਾਂ ਅਰਬ ਬੇਚੈਨ ਹੋ ਜਾਂਦੇ। ਉਨ੍ਹਾਂ ਨੂੰ ਖ਼ਤਰੇ ਦੀ ਘੰਟੀ ਸੁਣਨ ਲੱਗੀ। ਸਰਕਾਰੀ ਨਫ਼ਰਤ ਕਾਰਨ ਅਰਬ ਮੁਲਾਜ਼ਮ ਵੱਧ ਰਿਸ਼ਵਤਖੋਰ ਹੋ ਗਏ। ਵਸੇਬਾ ਕਮੇਟੀ ਦੇ ਇਕ ਮੈਂਬਰ ਨੇ ਆਖ਼ਰ ਲਿਖਿਆ, ਰਿਫਿਊਜੀ ਕਦੀ ਮਦਦ ਮੰਗਣੋਂ ਨਹੀਂ ਹਟਣਗੇ। ਕਹੀ ਜਾਣਗੇ, ਤੰਗ ਹਾਂ, ਪੈਸੇ ਭੇਜੋ, ਪੈਸੇ ਭੇਜੋ। ਆਖ਼ਰੀ ਯਹੂਦੀ ਦਾਨੀ ਕੋਲੋਂ ਆਖ਼ਰੀ ਪੈਸਾ ਮੁੱਕ ਜਾਏਗਾ ਤਾਂ ਵੀ ਇਹੋ ਹਾਲ ਰਹੇਗਾ। ਇਸ ਦਾ ਆਖ਼ਰ ਇਲਾਜ ਕਿਸੇ ਸਿਆਸੀ ਹੱਲ ਰਾਹੀਂ ਸੰਭਵ ਹੋਏਗਾ, ਨਹੀਂ ਤਾਂ ਇਕ ਵਸੇਬਾ ਕਮੇਟੀ ਅਸਤੀਫਾ ਦੇ ਦਿਆ ਕਰੇਗੀ, ਅਗਲੀ ਕਮੇਟੀ ਕੰਮ ਲੱਗ ਜਾਇਆ ਕਰੇਗੀ।

ਇਸ ਖ਼ਤ ਦਾ ਜਵਾਬ ਲਿਲੀਅਨ ਨੇ ਇਹ ਦਿੱਤਾ, 'ਚੰਗੇ ਦਿਨ ਆਉਣਗੇ ਪਰ ਅਸੀਂ ਖਿੱਚ ਕੇ ਚੰਗੇ ਦਿਨ ਜਲਦੀ ਨਹੀਂ ਲਿਆ ਸਕਦੇ। ਸਫਲਤਾ ਮਿਲ ਜਾਏ ਤਾਂ ਸਾਰੇ ਆਖਦੇ ਹਨ, ਸਫਲ ਤਾਂ ਹੋਣਾ ਈ ਸੀ। ਫੇਲ੍ਹ ਹੋਣ ਦੀ ਸੂਰਤ ਵਿਚ ਸਵਾਲ ਦਰ ਸਵਾਲ ਉਠਦੇ ਹਨ। ਜਿਵੇਂ ਸਿਹਤ ਲਈ ਕਸਰਤ ਜ਼ਰੂਰੀ ਹੈ, ਖਤਰਨਾਕ ਸਵਾਲ ਵੀ ਜ਼ਰੂਰੀ ਹਨ ਪਰ ਜੇ ਆਪਣਿਆਂ ਵਲੋਂ, ਇਮਾਨਦਾਰੀ ਨਾਲ ਪੁੱਛੇ ਜਾਣ। ਆਪਣੇ ਮਿੱਤਰਾਂ-ਪਿਆਰਿਆਂ ਦੇ ਸਵਾਲ ਬੇਸ਼ਕ ਮੈਨੂੰ ਹਜ਼ਮ ਨਾ ਹੋਣ, ਮੈਂ ਉਤਰ ਲੱਭਾਂਗਾ। ਬੇਵਫਾਈ, ਬੇਈਮਾਨੀ ਤੋਂ ਇਲਾਵਾ ਸਭ ਕੁਝ ਬਰਦਾਸ਼ਤ ਕਰਾਂਗਾ।'

ਇਸ ਉਲਝੇ ਤਾਣੇ-ਪੇਟੇ ਵਿਚ ਇਕ ਹੋਰ ਬੰਦਾ ਅਸ਼ੇਰ (1856-1927) ਦਿਖਾਈ ਦਿੱਤਾ। ਉਸ ਦਾ ਪਿਤਾ ਚੰਗੇ ਅਸਰ ਰਸੂਖ ਵਾਲਾ ਕਾਰੋਬਾਰੀ ਸੀ ਜਿਸ ਦੀ ਰੂਸੀਆਂ ਵਿਚ ਇੱਜ਼ਤ ਸੀ। ਉਸ ਦੀ ਇੱਛਾ ਸੀ, ਉਸ ਦਾ ਤੀਖਣ ਬੁੱਧ ਬੇਟਾ ਧਰਮ ਪੋਥੀਆਂ ਪੜ੍ਹ ਕੇ ਉਚ ਕੋਟੀ ਦਾ ਪੁਜਾਰੀ ਹੋ ਕੇ ਨਾਮ ਕਮਾਵੇ। ਪਿਤਾ ਦੁਖੀ ਹੁੰਦਾ ਜਦੋਂ ਦੇਖਦਾ ਕਿ ਬਿਨਾਂ ਸਿਖਾਇਆਂ ਇਹ ਮੁੰਡਾ ਸੜਕ ਕਿਨਾਰੇ ਜੜੇ ਇਸ਼ਤਿਹਾਰ ਪੜ੍ਹੀ ਜਾਂਦਾ ਜਿਹੜੇ ਰੂਸੀ ਜ਼ਬਾਨ ਵਿਚ ਲਿਖੇ ਹੁੰਦੇ। ਦਿੱਤੇ ਗਏ ਧਰਮੀ ਕੋਰਸ ਦੇ ਸਿਲੇਬਸ ਤੋਂ ਬਿਨਾਂ ਉਹ ਸੈਕੂਲਰ ਵਿਦਿਆ ਖ਼ੁਦ ਹਾਸਲ ਕਰੀ ਜਾਂਦਾ। ਤੀਹ ਸਾਲ ਦੀ ਉਮਰ ਵਿਚ ਜਦੋਂ ਉਹ ਆਪਣੇ ਆਪ ਜੋਗਾ ਹੋ ਗਿਆ, ਉਸ ਨੂੰ ਲੱਗਾ ਜਿਵੇਂ ਧਰਮ ਗ੍ਰੰਥਾਂ ਦੀ ਵਿਦਿਆ ਪੜ੍ਹਨੀ ਠੀਕ ਸੀ ਪਰ ਵਧੇਰਾ ਵਕਤ ਖਾ ਗਈ। ਉਸ ਨੇ ਹਿਬਰੂ ਜ਼ੁਬਾਨ ਵਿਚ ਆਪਣਾ ਰਿਸਾਲਾ ਕੱਢਿਆ ਅਤੇ ਪਹਿਲੇ ਲੇਖ ਦੇ ਕਰਤਾ ਵਜੋਂ ਆਪਣਾ ਨਾਮ ਲਿਖਿਆ, ਆਮ ਆਦਮੀ। ਉਸ ਦਾ ਇਹੋ ਨਾਮ ਹਮੇਸ਼ਾ ਲਈ ਮਸ਼ਹੂਰ ਹੋ ਗਿਆ। ਉਸ ਸਦਕਾ ਹਿਬਰੂ ਜ਼ੁਬਾਨ ਨੇ ਆਪਣਾ ਪੁਰਾਣਾ ਲਿਬਾਸ ਤਜ ਕੇ ਆਧੁਨਿਕ ਪਹਿਰਾਵਾ ਪਹਿਨ ਲਿਆ ਜੋ ਹੁਣ ਤਕ ਚਲ ਰਿਹਾ ਹੈ। ਰੂਸੀਆਂ ਨੂੰ ਉਹ ਪੱਕਾ ਯਹੂਦੀ ਲੱਗਾ ਤੇ ਯਹੂਦੀ ਕਹਿੰਦੇ ਸਨ, ਇਹ ਨਾਸਤਕ ਹੈ। ਉਹ ਸ਼ਾਂਤ ਚਿੱਤ, ਬੇਪ੍ਰਵਾਹ, ਸਾਦਗੀ ਪੂਰਨ ਬੰਦਾ ਜਜ਼ਬੇ ਦਾ ਕਦਰਦਾਨ ਪਰ ਜਜ਼ਬਾਤੀਆਂ ਵਿਰੁਧ ਕਠੋਰ, ਕਿਹਾ ਕਰਦਾ, 'ਮੈਂ ਤੁਹਾਨੂੰ ਪੂਰਨ ਸੱਚ ਦਾ ਉਹ ਨਿੱਕਾ ਜਿਹਾ ਹਿੱਸਾ ਦਿਖਾਵਾਂਗਾ ਜਿਹੜਾ ਬਦਸੂਰਤ ਹੈ।'

ਖ਼ੁਦ ਵਾਸਤੇ ਬੇਲਿਹਾਜ਼ ਬੰਦੇ ਤੋਂ ਹੋਰਾਂ ਲਈ ਲਿਹਾਜ਼ ਦੀ ਕੀ ਆਸ? ਚੜ੍ਹਦੀ ਜਵਾਨੀ ਪਿਤਾ ਦਾ ਘਰ ਛੱਡ ਕੇ ਉਹ ਓਡੇਸਾ ਚਲਾ ਗਿਆ। ਬਹੁਤ ਜਲਦੀ ਅੰਗਰੇਜ਼ੀ ਤੇ ਫਰੈਂਚ ਸਿੱਖ ਲਈਆਂ। ਯਹੂਦੀ ਸਿਆਣਿਆਂ ਦੀਆਂ ਐਤਵਾਰੀ ਸਭਾਵਾਂ ਵਿਚ ਜਾ ਬੈਠਦਾ, ਬਹੁਤ ਧਿਆਨ ਨਾਲ ਸੁਣਦਾ, ਇਕ ਇਕ ਵਾਕ ਪੀਂਦਾ ਰਹਿੰਦਾ। ਬੇਹੱਦ ਪ੍ਰਭਾਵਿਤ ਹੋਇਆ। ਇਕ ਦਿਨ ਕਹਿਣ ਲੱਗਾ, ਤੁਹਾਡੀ ਹਰ ਗੱਲ ਮੰਨਣਯੋਗ ਨਹੀਂ। ਮੈਂ ਭਾਵੇਂ ਗੰਵਾਰ ਛੋਕਰਾ ਹਾਂ ਪਰ ਕੁਝ ਗੱਲਾਂ ਮੇਰੀਆਂ ਵੀ ਰੱਦ ਕਰਨ ਵਾਲੀਆਂ ਨਹੀਂ। ਉਸ ਦੇ ਵਾਕ ਕੁਝ ਇਸ ਤਰ੍ਹਾਂ ਹੁੰਦੇ:

ਪੁਰਾਣਾ ਵਿਸ਼ਵਾਸ ਅਧੂਰ ਬਿਤਾਏ, ਬੁੱਢਾ ਹੋ ਕੇ ਮਰ ਜਾਏ, ਦੁੱਖ ਨਹੀਂ ਹੁੰਦਾ।

ਜਵਾਨ ਵਿਸ਼ਵਾਸ ਡਗਮਗਾਏ, ਡਿਗ ਪਏ ਤੇ ਮਰ ਜਾਏ, ਉਸ ਦੇ ਦੁੱਖ ਦਾ ਕੀ ਕਹਿਣਾ।

ਅਸ਼ੇਰ ਦੇਖ ਰਿਹਾ ਸੀ, ਯਹੂਦੀਆਂ ਨੂੰ ਇਜ਼ਰਾਈਲ ਵਿਚ ਵਸਣਾ ਨਸੀਬ ਨਹੀਂ ਹੋ ਰਿਹਾ। ਉਹ ਸਵਾਲ ਕਰਦਾ, ਕੀ ਅਜਿਹੀ ਹੋਣੀ ਇਸ ਕਰ ਕੇ ਵਾਪਰ ਰਹੀ ਹੈ ਕਿ ਲੀਡਰਾਂ ਨੇ ਗਲਤੀਆਂ ਕੀਤੀਆਂ? ਗਿਣਤੀ ਦੇ ਥੋੜ੍ਹੇ ਕੁ ਬੰਦੇ, ਜੇ ਜਿਉਂਦੀ ਜਾਗਦੀ ਤੁਰੀ ਜਾਂਦੀ ਕੌਮ ਨੂੰ ਰਸਤੇ ਵਿਚ ਘੇਰ ਕੇ ਮਾਰ ਲੈਣ, ਫਿਰ ਉਹ ਕੀ ਕੌਮ ਹੋਈ? ਫਿਰ ਇਸ ਦੇ ਮਰਨ ਦਾ ਕੀ ਅਫਸੋਸ, ਮਰਨੀ ਹੀ ਸੀ।

ਉਹ ਦੋ ਵਾਰ ਇਜ਼ਰਾਈਲ ਗਿਆ। ਵਾਪਸੀ 'ਤੇ ਉਥੋਂ ਦੇ ਯਹੂਦੀ ਬਾਸ਼ਿੰਦਿਆਂ ਬਾਰੇ ਲੂੰ ਕੰਡੇ ਖੜ੍ਹੇ ਕਰਨ ਵਾਲੇ ਹਾਲਾਤ ਲਿਖੇ ਤੇ ਕਿਹਾ, ਪਰਵਾਸ ਕਮੇਟੀ ਦੀ ਮੈਂਬਰਸ਼ਿਪ ਦੇ ਨਿਯਮਾਂ ਵਿਚ ਇਕ ਮਦ ਹੋਰ ਜੋੜੀ ਜਾਵੇ ਕਿ ਜਿਹੜਾ ਬੰਦਾ ਕਦੀ ਇਜ਼ਰਾਈਲ ਜਾ ਕੇ ਨਹੀਂ ਆਇਆ, ਉਹ ਪਰਵਾਸ ਪ੍ਰਬੰਧਕ ਕਮੇਟੀ ਦਾ ਮੈਂਬਰ ਨਾ ਹੋਵੇ।

ਅਪਰੈਲ 1891 ਵਿਚ ਉਸ ਨੇ ਆਪਣੇ ਘਰ ਖ਼ਤ ਵਿਚ ਲਿਖਿਆ, ਇਜ਼ਰਾਈਲ ਤੋਂ: ਜੀਵਨ ਦੇ ਤੁਛ ਕਾਰੋਬਾਰ, ਵਿਅਰਥ ਜ਼ਿੰਮੇਵਾਰੀਆਂ ਤੋਂ ਦੂਰ ਮੈਂ ਇਸ ਵੇਲੇ ਭੂਤਕਾਲ ਦੇ ਵਿਚਿਤਰ ਸੰਸਾਰ ਵਿਚ ਬੈਠਾ ਹਾਂ। ਕਦਮ-ਕਦਮ, ਇਕ-ਇਕ ਪੱਥਰ ਖ਼ੂਨ ਭਿੱਜਿਆ ਇਤਿਹਾਸ ਸੁਣਾਉਂਦਾ ਹੈ। ਇਧਰ ਦੇਖੋ, ਜ਼ੀਓਨ ਪਹਾੜੀ, ਉਧਰ ਟੈਂਪਲ ਮਾਊਂਟ। ਜੈਤੂਨ ਪਰਬਤ ਹਜ਼ਾਰਾਂ ਸਾਲ ਪਿਛੇ ਲੈ ਜਾਂਦੇ ਹਨ। ਉਨ੍ਹਾਂ ਆਧੁਨਿਕ ਲੋਕਾਂ 'ਤੇ ਹਾਸਾ ਆਉਂਦਾ ਹੈ ਜਿਹੜੇ ਕਹਿੰਦੇ ਨੇ, ਯੋਰੋਸ਼ਲਮ ਛੱਡ ਕੇ ਅਸੀਂ ਕਿਤੇ ਹੋਰ ਵਸ ਜਾਵਾਂਗੇ। ਮੈਂ ਇਕ ਵੀ ਯਹੂਦੀ ਅਜਿਹਾ ਨਹੀਂ ਦੇਖਿਆ ਜਿਹੜਾ ਯੋਰੋਸ਼ਲਮ ਦੇਖ ਕੇ ਪਸੀਜਿਆ ਨਾ ਹੋਵੇ। ਜਿਨ੍ਹਾਂ ਕੌਮਾਂ ਨੇ ਇਸ ਥਾਂ ਦੀ ਪਵਿੱਤਰਤਾ ਦੇਖ-ਪਰਖ ਲਈ, ਇੰਚ-ਇੰਚ ਥਾਂ ਵਾਸਤੇ ਲੜੀਆਂ-ਮਰੀਆਂ, ਦੂਜੀਆਂ ਕੌਮਾਂ ਨੇ ਇਥੇ ਕਿਡੀਆਂ ਸ਼ਾਨਦਾਰ ਇਮਾਰਤਾਂ ਉਸਾਰੀਆਂ, ਸੰਸਥਾਵਾਂ ਉਸਾਰੀਆਂ। ਯਹੂਦੀਆਂ ਦੀ ਵਿਹਾਰਕ ਅਤੇ ਰੂਹਾਨੀ ਗਰੀਬੀ ਦੇਖੀ ਨਹੀਂ ਜਾਂਦੀ।

ਆਮ ਆਦਮੀ ਨੇ ਰਿਸਾਲੇ ਵਿਚ ਲਿਖਿਆ: ਅਰਬ ਵੀ ਪੈਗੰਬਰਾਂ ਦੀ ਔਲਾਦ ਹਨ, ਉਨ੍ਹਾਂ ਨੂੰ ਮੂਰਖ ਨਾ ਜਾਣੋ। ਤੁਸੀਂ ਉਨ੍ਹਾਂ ਦੇ ਬੇਕਾਰ ਪੱਥਰ, ਰੇਤ ਮਹਿੰਗੇ ਭਾਅ ਖਰੀਦੇ। ਉਨ੍ਹਾਂ ਦੇ ਉਪਜਾਊ ਖੇਤਾਂ ਵਿਚ ਯਹੂਦੀ ਸਸਤੇ ਮਜ਼ਦੂਰ ਹਨ। ਜਦੋਂ ਤੁਸੀਂ ਉਨ੍ਹਾਂ ਨੂੰ ਮੂਰਖ ਆਖਦੇ ਹੋ, ਤੁਹਾਡੀ ਮੂਰਖਤਾ ਉਪਰ ਉਹ ਪਿੱਠ ਪਿਛੇ ਹੱਸਦੇ ਹਨ।

***ਯਹੂਦੀ ਜਿਉਂ-ਜਿਉਂ ਉਜੜੇ, ਇਜ਼ਰਾਈਲ ਵੱਲ ਤੁਰਦੇ। ਉਨ੍ਹਾਂ ਵਿਰੁੱਧ ਉਥੇ ਕਾਨੂੰਨ ਸਖ਼ਤ ਹੋਈ ਜਾਂਦੇ, ਜ਼ਮੀਨ ਦੇ ਭਾਅ ਅਸਮਾਨ ਛੂਹਣ ਲੱਗੇ। ਪੈਸੇ ਵਾਲੇ ਫਿਰ ਵੀ ਖਰੀਦਣੋਂ ਨਾ ਹਟਦੇ ਤਾਂ ਅਰਬ ਬੇਚੈਨ ਹੋ ਜਾਂਦੇ। ਉਨ੍ਹਾਂ ਨੂੰ ਖ਼ਤਰੇ ਦੀ ਘੰਟੀ ਸੁਣਾਈ ਦੇਣ ਲੱਗੀ। ਸਰਕਾਰੀ ਨਫ਼ਰਤ ਕਾਰਨ ਅਰਬ ਮੁਲਾਜ਼ਮ ਵਧੀਕ ਰਿਸ਼ਵਤਖੋਰ ਹੋ ਗਏ। ਵਸੇਬਾ ਕਮੇਟੀ ਦੇ ਇਕ ਮੈਂਬਰ ਨੇ ਆਖ਼ਰ ਲਿਖਿਆ- ਰਫਿਊਜੀ ਕਦੀ ਸਹਾਇਤਾ ਮੰਗਣੋਂ ਨਹੀਂ ਹਟਣਗੇ। ਚਿੱਠੀਆਂ, ਤਾਰਾਂ ਰਾਹੀਂ ਕਹੀ ਜਾਣਗੇ- ਤੰਗ ਹਾਂ, ਪੈਸੇ ਭੇਜੋ, ਪੈਸੇ ਭੇਜੋ। ਆਖ਼ਰੀ ਯਹੂਦੀ ਦਾਨੀ ਕੋਲੋਂ ਆਖ਼ਰੀ ਪੈਸਾ ਮੁੱਕ ਜਾਏਗਾ ਤਾਂ ਵੀ ਇਹੋ ਹਾਲ ਰਹੇਗਾ। ਇਸ ਦਾ ਆਖ਼ਰ ਇਲਾਜ ਕਿਸੇ ਸਿਆਸੀ ਹੱਲ ਰਾਹੀਂ ਸੰਭਵ ਹੋਏਗਾ, ਨਹੀਂ ਤਾਂ ਇਕ ਵਸੇਬਾ ਕਮੇਟੀ ਅਸਤੀਫਾ ਦੇ ਦਿਆ ਕਰੇਗੀ, ਅਗਲੀ ਕਮੇਟੀ ਕੰਮ ਲੱਗ ਜਾਇਆ ਕਰੇਗੀ।***

ਜਿਸ ਦਿਨ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਤੁਸੀਂ ਪੈਗੰਬਰ ਦੀ ਜ਼ਮੀਨ ਦੇ ਸ਼ਰੀਕ ਹੋ ਤੇ ਵੰਡਾਉਣੀ ਚਾਹੁੰਦੇ ਹੋ, ਫਿਰ ਨਤੀਜਾ ਦੇਖਣਾ।

ਮੈਂ ਮਹਾਨ ਦੀਵਾਰ ਕੋਲ ਖਲੋਤੇ ਯਹੂਦੀ ਪ੍ਰਾਰਥਨਾ ਕਰਦੇ ਦੇਖੇ ਤਾਂ ਖ਼ਿਆਲ ਆਇਆ, ਮੇਰੇ ਦੇਸ ਅਤੇ ਮੇਰੀ ਕੌਮ ਦੀ ਬਰਬਾਦੀ ਦੇ ਚਸ਼ਮਦੀਦ ਗਵਾਹ ਹਨ ਇਸ ਕੰਧ ਦੇ ਪੱਥਰ। ਕਿਹੜੀ ਤਬਾਹੀ ਵਧੀਕ ਉਦਾਸ ਕਰਦੀ ਹੈ? ਦੇਸ ਦੀ ਬਰਬਾਦੀ ਦੁਖਦਾਈ ਹੈ ਕਿ ਯਹੂਦੀ ਕੌਮ ਦੀ? ਦੇਸ ਤਬਾਹ ਹੋ ਗਿਆ ਪਰ ਕੌਮ ਜੇ ਅਜੇ ਜਿਉਂਦੀ ਹੈ, ਮੁੜ ਕੇ ਦੇਸ ਉਸਾਰ ਲਏਗੀ। ਜੇ ਕੌਮ ਮਰ ਗਈ ਤਾਂ ਕੀ ਇਲਾਜ?

ਇਥੇ ਰੂਸ ਵਿਚ ਮੈਂ ਮੂਰਖਤਾ, ਗਰੀਬੀ ਅਤੇ ਹੱਤਕ ਵਿਚ ਘਿਰਿਆ ਹੋਇਆ ਹਾਂ। ਇਨ੍ਹਾਂ ਸਰਾਪਾਂ ਵਲੋਂ ਪਿੱਠ ਮੋੜ ਕੇ ਇਕ ਝਾਤ ਆਪਣੇ ਪੱਛਮੀ ਯਹੂਦੀ ਭਰਾਵਾਂ ਵਲ ਪਾਉਂਦਾ ਹਾਂ ਜਿਥੇ ਉਹ ਪ੍ਰੋਫੈਸਰ, ਅਕਾਦਮੀਆਂ ਦੇ ਮੈਂਬਰ, ਫੌਜੀ ਤੇ ਸਿਵਿਲ ਅਫਸਰ ਹਨ। ਉਨ੍ਹਾਂ ਦੀ ਸਾਰੀ ਸ਼ਾਨੋ-ਸ਼ੌਕਤ ਪਿਛੇ ਮੈਨੂੰ ਦੂਹਰੀ ਗੁਲਾਮੀ ਦਿਸਦੀ ਹੈ, ਨੈਤਿਕ ਅਤੇ ਬੌਧਿਕ ਗੁਲਾਮੀ। ਆਪਣੇ ਇਨ੍ਹਾਂ ਭਰਾਵਾਂ ਦੀ ਖ਼ੁਸ਼ਹਾਲੀ ਦੇਖਦਿਆਂ ਆਪਣੇ ਆਪ ਨੂੰ ਪੁੱਛਦਾ ਹਾਂ, ਕੀ ਮੈਨੂੰ ਇਨ੍ਹਾਂ ਨਾਲ ਈਰਖਾ ਹੈ? ਸੱਚੇ ਦਿਲੋਂ ਮੇਰਾ ਉਤਰ ਹੈ, ਨਹੀਂ, ਹਰਗਿਜ਼ ਨਹੀਂ। ਮੇਰੇ ਕੋਲ ਜੇ ਮੇਰੇ ਹੱਕ ਨਹੀਂ ਹਨ ਤਾਂ ਵੀ ਇਨ੍ਹਾਂ ਹੱਕਾਂ ਦੀ ਪ੍ਰਾਪਤੀ ਵਾਸਤੇ ਮੈਂ ਆਪਣੀ ਜ਼ਮੀਰ ਨਹੀਂ ਵੇਚੀ।

***

ਖੱਬੇ ਪੱਖੀ ਅਰਥ ਸ਼ਾਸਤਰੀ ਪਰੂਧੋਂ ਦੀ ਯਹੂਦੀਆਂ ਬਾਰੇ ਟਿੱਪਣੀ ਹੈ, ਯਹੂਦੀ ਹਮੇਸ਼ਾ ਯਹੂਦੀ ਰਹਿਣਗੇ। ਕਿਰਤ ਦੇ ਦੁਸ਼ਮਣ, ਮਨੁੱਖਤਾ ਦੇ ਚਿੱਚੜ, ਦਾਹ-ਭੰਨ, ਸੱਟੇਬਾਜ਼ੀ, ਸੌਦੇਬਾਜ਼ੀ ਦੇ ਮਾਹਿਰ, ਰਾਜਿਆਂ-ਮਹਾਰਾਜਿਆਂ ਤੋਂ ਵਧੀਕ ਧਨ ਦੇ ਮਾਲਕ। ਅਸਲ ਹੁਕਮਰਾਨ ਤਾਂ ਉਹ ਹਨ ਜਹਾਨ ਦੇ। ਸੱਜੇ ਪੱਖੀ ਵਿਲਹਮ ਮਾਰ ਨੇ ਲਿਖਿਆ, ਯਹੂਦੀ ਵਰਗਾ ਤਾਕਤਵਰ ਧਨੀ ਕੋਈ ਨਹੀਂ। ਈਸਾਈ ਉਸ ਤੋਂ ਮਾਰ ਖਾ ਗਏ ਹਨ। ਯਹੂਦੀ ਦਾ ਕੋਈ ਧਰਮ ਨਹੀਂ। ਰੱਬ ਨਾਲ ਵੀ ਉਸ ਨੇ ਸੌਦੇਬਾਜ਼ੀ ਦੀ ਲਿਖਤ ਕਰ ਰੱਖੀ ਹੈ।

1849 ਵਿਚ ਜ਼ਾਰ ਮੌਤ ਨਾਲ ਜੂਝ ਰਿਹਾ ਸੀ, ਪੈਰਿਸ ਦੇ ਯਹੂਦੀ ਪੁਜਾਰੀਆਂ ਨੇ ਫੈਸਲਾ ਕੀਤਾ ਕਿ ਚਾਰੇ ਯਹੂਦੀ ਮੰਦਰਾਂ ਵਿਚ ਉਸ ਦੀ ਸਿਹਤਯਾਬੀ ਵਾਸਤੇ ਅਰਦਾਸਾਂ ਕੀਤੀਆਂ ਜਾਣ। ਕਾਰਨ ਪੁੱਛਣ 'ਤੇ ਪੁਜਾਰੀ ਨੇ ਦੱਸਿਆ, ਦੇਖੋ, ਜ਼ਾਰ ਨੇ ਬੇਸ਼ਕ ਭਾਰੀ ਗਿਣਤੀ ਵਿਚ ਯਹੂਦੀ ਕਤਲ ਕਰਵਾਏ, ਪਰ ਸੀ ਤਾਂ ਉਹ ਆਸਤਿਕ। ਜਦੋਂ ਉਹ ਸਾਡੇ 'ਤੇ ਹੱਲੇ ਕਰਵਾ ਰਿਹਾ ਸੀ, ਅਜਿਹਾ ਕਰਨ ਲਈ ਉਸ ਨੂੰ ਉਸ ਦੀ ਜ਼ਮੀਰ ਕਹਿੰਦੀ ਸੀ ਤਾਂ ਅਜਿਹਾ ਕਰਦਾ ਸੀ। ਰੂਸ ਤੇ ਫਰਾਂਸ ਦੋਸਤ ਹਨ, ਦੋਸਤੀ ਦਾ ਤਕਾਜ਼ਾ ਹੈ ਕਿ ਅਸੀਂ ਉਸ ਦੀ ਲੰਮੀ ਉਮਰ ਲਈ ਅਰਦਾਸ ਕਰੀਏ।

ਬੋਦਨਹੀਮਰ ਬਚਪਨ (1881) ਦੀ ਘਟਨਾ ਦੱਸਦਾ ਹੈ: ਥੱਕੇ ਟੁੱਟੇ, ਬਿਮਾਰ, ਲੀਰਾਂ ਪਹਿਨੀ, ਗਠੜੀਆਂ ਚੁੱਕੀ ਲਿਆਉਂਦੇ ਯਹੂਦੀ ਦੇਖੇ। ਦਫਤਰ ਨੇੜੇ ਡੇਰਾ ਲਾ ਲਿਆ। ਉਨ੍ਹਾਂ ਦੀ ਹਾਲਤ ਦੇਖ ਕੇ ਹਰ ਇਕ ਨੂੰ ਤਰਸ ਆਇਆ। ਸਾਡੇ ਸਕੂਲ ਦੇ ਅਧਿਆਪਕ ਨੇ ਕਿਹਾ, ਆਪਾਂ ਨੂੰ ਇਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਸਭ ਨੇ ਕੁਝ ਨਾ ਕੁਝ ਦਿੱਤਾ। ਮੈਂ ਆਪਣੀ ਸਾਰੀ ਬੱਚਤ ਦੇ ਦਿੱਤੀ। ਸਾਡਾ ਦਿੱਤਾ ਦਾਨ, ਪਾਣੀ ਦੀ ਬਾਲਟੀ ਵਿਚ ਪਾਈ ਇਕ ਬੂੰਦ ਵਾਂਗ ਸੀ ਪਰ ਮੈਨੂੰ ਹੁਣ ਤਕ ਉਹ ਘਟਨਾ ਯਾਦ ਕਰ ਕੇ ਖ਼ੁਸ਼ੀ ਮਿਲਦੀ ਹੈ।

**(ਚਲਦਾ)**

## ਪੰਜਾਬੀ ਗਾਇਕੀ 'ਚ... ਮੈਂ... ਕਿਥੇ ਕਿਥੇ 'ਪਹਿਲੀ ਵਾਰ'

**(ਸਫਾ 21 ਦੀ ਬਾਕੀ)**

ਸਮਝਾਂਗਾ ਕਿ ਮੈਂ ਸਿਰ ਸੁਆਹ ਪੁਆਉਣ ਤੋਂ ਬਚਿਆ ਰਿਹਾ।

ਉਨ੍ਹਾਂ ਦਿਨਾਂ ਵਿਚ ਜਦੋਂ ਮਲਕੀਅਤ ਦੀ 'ਤੂਤਕ ਤੂਤਕ ਤੂਤੀਆਂ' ਨਾਲ ਪੂਰੀ ਚੜ੍ਹਾਈ ਸੀ ਤੇ ਧਮਕੀਆਂ ਇਹ ਆ ਰਹੀਆਂ ਸਨ ਕਿ 'ਤੈਨੂੰ ਅਸਲਾਟਾਂ ਨਾਲ ਤੂਤਾਂ ਵਾਲੇ ਖੂਹ 'ਤੇ ਮਿਲਾਂਗੇ' ਉਨ੍ਹਾਂ ਦਿਨਾਂ ਵਿਚ ਮੈਂ ਇੰਗਲੈਂਡ ਤੋਂ ਸ਼ੌਕੀ ਮੇਲੇ ਵਿਚ ਲੈ ਕੇ ਆਉਣ ਵਿਚ ਪਹਿਲੀ ਵਾਰ ਸਫਲ ਤਾਂ ਹੋ ਗਿਆ ਪਰ ਮੇਰੇ ਖਾਤੇ ਵਿਚ ਪਹਿਲੀ ਵਾਰ 'ਧਮਕੀ ਪੱਤਰਾਂ' ਦੀ ਆਮਦ ਵੀ ਸ਼ੁਰੂ ਹੋ ਗਈ।

ਪੰਜਾਬੀ ਗਾਇਕਾਂ ਬਾਰੇ ਲਿਖਣ ਵਾਲੇ ਬਹੁਤ ਆਏ ਨੇ, ਬਹੁਤ ਆਉਣਗੇ ਪਰ ਇਸ ਸੰਗੀਤਕ ਖੇਤਰ ਨੂੰ ਵਡਿਆਈ ਦੇਣ ਦਾ ਪਹਿਲਾ ਉਦਮ ਮੇਰੇ ਨਾਮ ਹੀ ਇੰਤਕਾਲ ਕਰਵਾਉਂਦਾ ਰਹੇਗਾ। ਇਸੇ ਮੁਹੱਬਤ ਦਾ ਸਿੱਟਾ ਸੀ ਕਿ ਸ਼ਾਇਦ ਕਿਸੇ ਲੇਖਕ ਦੇ ਵਿਆਹ 'ਤੇ ਨਾ ਸਿਰਫ ਵੀਹ ਤੋਂ ਵੱਧ ਕਲਾਕਾਰ ਬਰਾਤ ਵਿਚ ਸ਼ਾਮਿਲ ਹੋਏ ਹੋਣ, ਸਗੋਂ ਤੁਭਕਦੇ ਹਾਲਾਤ ਵਿਚ ਵੀ ਗੱਡਿਆਂ ਦੀ ਸਟੇਜ 'ਤੇ ਛੇ ਘੰਟੇ ਅਖਾੜਾ ਚੱਲਿਆ ਹੋਵੇ, ਢਾਡੀਆਂ ਵਾਰਾਂ ਗਾਈਆਂ ਅਤੇ ਮੇਰੇ ਵਿਆਹ ਦਾ ਸਿਹਰਾ ਗਾਉਣ ਵਾਲਾ ਗਾਇਕ ਰਣਜੀਤ ਮਣੀ ਸੀ। ਪਾਲੀ ਦੇਤਵਾਲੀਆ ਕਈ ਸਾਲ ਮੇਰੇ ਨਾਲ ਇਸ ਕਰਕੇ ਰੁੱਸਿਆ ਰਿਹਾ ਕਿ ਪਹਿਲੀ ਵਾਰ ਮਿਲਣ ਤਾਂ ਅਸੀਂ ਤੈਨੂੰ ਆਏ ਸੀ ਪਰ ਤੂੰ ਆਪਣੇ ਵਿਆਹ ਦਾ ਸਿਹਰਾ ਰਣਜੀਤ ਮਣੀ ਤੋਂ ਗਵਾ ਲਿਆ।

ਜ਼ਿੰਦਗੀ 'ਚ ਬਹੁਤ ਸਾਰੇ ਲੋਕਾਂ ਨਾਲ 'ਪਹਿਲੀ ਵਾਰ' ਸ਼ਬਦ ਜੁੜਦਾ ਹੈ ਪਰ ਕਈ ਲੋਕ ਜਦੋਂ ਮਿਲਣਗੇ ਤਾਂ ਕਹਿਣਗੇ ਕਿ ਜਿੰਦਨ ਮੈਂ ਪਹਿਲੀ ਵਾਰ ਨੌਕਰੀ ਕਰਨ ਲੱਗਾ, ਜਿੰਦਨ ਮੈਂ ਪਹਿਲੀ ਵਾਰ ਜਹਾਜ਼ੇ ਚੜ੍ਹਿਆ ਤੇ ਜਿਨ੍ਹਾਂ ਦੇ ਤਿੰਨ ਤੋਂ ਵੱਧ ਵਿਆਹ ਹੋਏ ਹੁੰਦੇ ਨੇ ਉਹ ਮੁਕਲਾਵੇ ਨਾਲ ਵੀ ਪਹਿਲੀ ਵਾਰ ਸ਼ਬਦ ਜੋੜ ਕੇ ਦੱਸਦੇ ਹੋਣਗੇ ਪਰ ਮੈਂ ਮਾਣ ਨਾਲ ਕਹਾਂਗਾ ਕਿ ਪਹਿਲੀ ਵਾਰ ਸ਼ਬਦ ਮੇਰੇ ਨਾਲ ਹੀ ਨਹੀਂ ਜੁੜਿਆ, ਬਲਕਿ ਸੈਂਕੜੇ ਲੋਕ ਹਨ ਜਿਨ੍ਹਾਂ ਦੀ ਜ਼ਿੰਦਗੀ ਵਿਚ ਕਲਾ ਦਾ ਰੰਗ ਭਰਨ ਲਈ ਮੈਂ 'ਪਹਿਲੀ ਵਾਰ' ਕੁਝ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਇਸੇ ਕਰਕੇ ਹੀ ਇਥੇ 'ਪਹਿਲੀ ਵਾਰ' ਦੀਆਂ ਤਾੜੀਆਂ ਵਜਾ ਕੇ ਜ਼ਿੰਦਗੀ ਦੀਆਂ ਅਨਮੋਲ ਯਾਦਾਂ ਨੂੰ ਤਾਜ਼ਾ ਕਰਨ ਦਾ ਯਤਨ ਕੀਤਾ ਹੈ। ਕਿਉਂਕਿ ਸ਼ੀਸ਼ਾ ਦੇਖਦੇ ਤਾਂ ਬਹੁਤ ਲੋਕ ਨੇ ਪਰ ਸ਼ੀਸ਼ਾ ਬਣਨਾ ਔਖਾ ਬਹੁਤ ਹੁੰਦਾ ਹੈ।

# ਭਾਰਤੀ ਰੰਗ ਮੰਚ ਦਾ ਮਾਖਿਓਂ ਮਿੱਠਾ ਦੌਰ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com


ਹੁਨ

ਭਾਰਤੀ ਸਾਹਿਤਕਾਰਾਂ ਨੇ 1935 ਦੇ ਨੇੜੇ ਤੇੜੇ ਸੱਚੇ ਸੁੱਚੇ ਤੇ ਅਗਾਂਹ ਵਧੂ ਸਾਹਿਤ ਦਾ ਝੰਡਾ ਚੁੱਕਿਆ ਤਾਂ ਇਸ ਦੇ ਮੁਹਰਲੇ ਦਸਤਿਆਂ ਵਿਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਦਾ ਬੋਲ ਬੋਲਾ ਸੀ। 1947 ਦੀ ਦੇਸ਼ ਵੰਡ ਤੋਂ ਪਿੱਛੋਂ ਇਸ ਦੀ ਪੰਜਾਬ ਇਕਾਈ ਵਿਚ ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਸੁਰਿੰਦਰ ਕੌਰ, ਅਮਰਜੀਤ ਗੁਰਦਾਸਪੁਰੀ ਅਤੇ ਗੁਰਚਰਨ ਬੋਪਾਰਾਇ ਤੇ ਸਵਰਨ ਸਿੰਘ ਦੀ ਜੋੜੀ ਇਸ ਦੇ ਪ੍ਰਮੁੱਖ ਪਾਤਰਾਂ ਵਿਚੋਂ ਸਨ। ਉਨ੍ਹਾਂ ਨੇ ਅਮਨ ਸ਼ਾਂਤੀ ਅਤੇ ਖੇਤਾਂ ਦੇ ਗੀਤ ਹੀ ਨਹੀਂ ਗਾਏ, ਮਿਰਜ਼ਾ ਸਾਹਿਬਾਂ ਤੇ ਦੁੱਲਾ ਭੱਟੀ ਵਰਗੇ ਲੋਕ-ਗਾਇਕਾਂ ਦੇ ਕਿੱਸੇ ਵੀ ਖੂਬ ਉਜਾਗਰ ਕੀਤੇ। ਮੇਰੇ ਵਰਗੇ ਪਹਿਲੇ ਸਮਿਆਂ ਦੇ ਲੋਕ ਵੀ ਉਨ੍ਹਾਂ ਦੇ ਗਾਉਣ ਦੀ ਖੁਸ਼ਬੂ ਹਵਾ ਵਿਚੋਂ ਫੜ ਕੇ ਖੁਸ਼ ਹੁੰਦੇ ਹਨ।

ਪੰਜਾਬੀ ਦੇ ਸਾਹਿਤਕ ਰਸਾਲੇ 'ਹੁਨ' ਨੇ ਆਪਣੀ ਸਥਾਪਨਾ ਦੇ ਦਸ ਵਰ੍ਹੇ ਪੂਰੇ ਕਰਨ ਉਤੇ ਪਿਛਲੇ ਦਿਨੀਂ ਪੰਜਾਬ ਕਲਾ ਪ੍ਰੀਸ਼ਦ ਦੇ ਰੰਧਾਵਾ ਆਡੀਟੋਰੀਅਮ ਵਿਚ ਰਚਾਏ ਸਮਾਗਮ ਸਮੇਂ ਉਨ੍ਹਾਂ ਦਿਨਾਂ ਨੂੰ ਮੁੜ ਚੇਤੇ ਕਰਨ ਦਾ ਵਧੀਆ ਯਤਨ ਕੀਤਾ। ਇਸ ਵਿਚ ਅਮਰਜੀਤ ਗੁਰਦਾਸਪੁਰੀ, ਗੁਰਚਰਨ ਬੋਪਾਰਾਇ ਤੇ ਸਵਰਨ ਸਿੰਘ ਆਪਣੇ ਜਾਹੋ-ਜਲਾਲ ਸਮੇਤ ਹਾਜ਼ਰ ਸਨ। ਇਥੇ ਗੁਰਚਰਨ ਬੋਪਾਰਾਇ ਤੇ ਸਵਰਨ ਸਿੰਘ ਦੀ ਜੋੜੀ ਨੇ ਪੁਰਾਣੇ ਸਮੇਂ ਦੇ ਮਾਖਿਓਂ ਮਿੱਠੇ ਬੋਲਾਂ ਨੂੰ ਪਹਿਲਾਂ ਵਾਂਗ ਹੀ ਗਾਇਆ ਤੇ ਮਾਣਿਆ। 83 ਵਰ੍ਹਿਆਂ ਦੀ ਉਮਰ ਨੂੰ ਟੱਪੇ ਅਮਰਜੀਤ ਗੁਰਦਾਸਪੁਰੀ ਆਪਣੇ ਪਹਿਲਾਂ ਵਾਲੇ ਦਮ-ਖਮ ਦਾ ਸਬੂਤ ਦਿੱਤਾ ਤਾਂ ਆਡੀਟੋਰੀਅਮ ਦੀਆਂ ਕੰਧਾਂ ਵੀ ਗੂੰਜਣ ਲਾ ਦਿੱਤੀਆਂ। ਮੈਂ ਵੇਖਿਆ ਕਿ ਇਨ੍ਹਾਂ ਦੀ ਪੇਸ਼ਕਾਰੀ ਤੇ ਅਦਾਇਗੀ ਨੂੰ ਸਰੋਤਿਆਂ ਨੇ ਪੁਰਾਣੇ ਸਮਿਆਂ ਵਾਂਗ ਹੀ ਮੰਤਰ ਮੁਗਧ ਹੋ ਕੇ ਸੁਣਿਆ। ਚੇਤੇ ਰਹੇ, ਚਾਰ ਕੁ ਸਾਲ ਪਹਿਲਾਂ ਜਦੋਂ ਭਾਸ਼ਾ ਵਿਭਾਗ ਨੇ ਵਧੀਆ ਗਾਇਕਾਂ ਦੀ ਚੋਣ ਕਰਨੀ ਸੀ ਤਾਂ ਮੀਟਿੰਗ ਦੇ ਸ਼ੁਰੂ ਹੋਣ ਤੱਕ ਉਨ੍ਹਾਂ ਕੋਲ ਅਮਰਜੀਤ ਦਾ ਉਸ ਦੇ ਨਾਂ ਤੋਂ ਬਿਨਾਂ ਹੋਰ ਕੋਈ ਜੀਵਨ ਬਿਉਰਾ ਨਹੀਂ ਸੀ। ਸੰਚਾਲਕਾਂ ਨੇ ਜਦੋਂ ਅਮਰਜੀਤ ਗੁਰਦਾਸਪੁਰੀ ਦਾ ਨਾਂ ਲਿਆ ਤਾਂ ਪੂਰੀ ਦੀ ਪੂਰੀ ਬੈਠਕ ਨੇ ਇਕ ਜ਼ੁਬਾਨ ਵਿਚ ਠੀਕ ਹੈ ਕਹਿ ਕੇ ਸੰਚਾਲਕਾਂ ਨੂੰ ਅਗਲੀ ਆਈਟਮ ਤੇ ਵਿਚਾਰ ਕਰਨ ਲਈ ਕਹਿ ਦਿੱਤਾ। ਇਹ ਇਕ ਅਜਿਹਾ ਨਾਂ ਸੀ ਜਿਹੜਾ ਜੀਵਨ ਬਿਉਰਾ ਜਾਣੇ ਬਿਨਾਂ ਮਿੰਟਾਂ ਸਕਿੰਟਾਂ ਵਿਚ ਪਾਸ ਹੋ ਗਿਆ। ਰਸਾਲਾ 'ਹੁਨ' ਦੇ ਪ੍ਰਬੰਧਕਾਂ ਨੂੰ ਜਸ਼ਨ ਮੁਬਾਰਕ।

**ਮਜ਼ਾਕ ਨੂੰ ਮਜ਼ਾਕ ਹੀ ਸਮਝੋ ਭਲੇ ਲੋਕੋ:** ਮੈਂ 1953 ਵਿਚ ਨਵਾਂ ਨਵਾਂ ਦਿੱਲੀ ਗਿਆ ਤਾਂ ਪਾਕਿਸਤਾਨ ਤੋਂ ਉੱਜੜ ਕੇ ਆਏ ਸ਼ਰਨਾਰਥੀਆਂ ਨੇ ਅਪਣੇ ਸਿਰੜ ਤੇ ਉਦਮ ਨਾਲ ਉਥੋਂ ਦੀ ਆਰਥਕਤਾ ਵਿਚ ਅਜਿਹਾ ਨਾਮਣਾ ਖਟਿਆ ਕਿ ਦਿੱਲੀ ਦੀ ਸਥਾਨਕ ਵਸੋਂ ਉਨ੍ਹਾਂ ਨਾਲ ਈਰਖਾ ਕਰਨ ਲੱਗੀ। ਉਨ੍ਹਾਂ ਨੇ ਈਰਖਾ ਵਸ ਸਿੱਖਾਂ ਬਾਰੇ ਅਨੇਕਾਂ ਲਤੀਫੇ ਤੇ ਹਾਸੇ ਠੱਠੇ ਦੀਆਂ ਕਹਾਣੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਦਿਨ ਦੇ ਬਾਰਾਂ ਵਜੇ ਸਿੱਖਾਂ ਦੇ ਦਿਮਾਗ ਦਾ ਪੂਰੀ ਤਰ੍ਹਾਂ ਕੰਮ ਨਾ ਕਰਨਾ ਉਨ੍ਹਾਂ ਵਿਚੋਂ ਪ੍ਰਮੁੱਖ ਸੀ। ਇਸ ਦਾ ਕਾਰਨ ਸਿੱਖ ਵਸਨੀਕਾਂ ਦੇ ਸਿਰ ਉਤੇ ਸਿਖਰ ਦੁਪਹਿਰ ਪਗੜੀ ਦਾ ਭਾਰ ਸੀ। ਦਿੱਲੀ ਵਿਚ ਮੇਰੇ ਸਾਰੇ ਰਿਸ਼ਤੇਦਾਰ ਟੈਕਸੀਆਂ ਦੇ ਮਾਲਕ ਜਾਂ ਡਰਾਈਵਰ ਸਨ। ਇਸ ਧੰਦੇ ਵਿਚ ਉਨ੍ਹਾਂ ਦੀ ਗਿਣਤੀ ਦੂਜਿਆਂ ਨਾਲੋਂ ਬਹੁਤ ਵੱਧ ਸੀ। ਉਹ ਅਜਿਹੇ ਠੱਠੇ ਮਜ਼ਾਕ ਨੂੰ ਮਜ਼ਾਕ ਵਾਂਗ ਮਾਣਦੇ ਤੇ ਹੱਸ ਛੱਡਦੇ ਸਨ।

ਉਨ੍ਹੀਂ ਦਿਨੀਂ ਚਾਂਦਨੀ ਚੌਕ ਦੇ ਪ੍ਰਮੁੱਖ ਕੇਂਦਰੀ ਸਥਾਨ ਕੋਲੋਂ ਸਾਈਕਲ ਵਾਲਿਆਂ ਨੂੰ ਉਤਰ ਕੇ ਪੈਦਲ ਲੰਘਣਾ ਪੈਂਦਾ ਸੀ। ਪਰ ਇਸ ਸੂਰਤ ਦੀ ਉਲੰਘਣਾ ਕਰਨ ਵਾਲੇ ਵੀ ਘਟ ਨਹੀਂ ਸਨ। ਮੈਂ ਵੀ ਉਨ੍ਹਾਂ ਵਿਚੋਂ ਇੱਕ ਸਾਂ। ਇੱਕ ਦਿਨ ਦੁਪਹਿਰ ਵੇਲੇ ਉਥੋਂ ਦੀ ਲੰਘਣ ਲੱਗਿਆ ਤਾਂ ਟਰੈਫਿਕ ਵਾਲੇ ਸਿੱਖ ਸਿਪਾਹੀ ਨੇ ਮੈਨੂੰ ਰੋਕਣ ਲਈ ਸੀਟੀ ਮਾਰੀ। ਮੈਂ ਇੱਕ ਹੱਥ ਨਾਲ ਸਾਈਕਲ ਸੰਭਾਲ ਕੇ ਆਪਣੇ ਘੜੀ ਵਾਲੇ ਹੱਥ ਵਲ ਇਸ਼ਾਰਾ ਕੀਤਾ। ਇਹ ਦਸਣ ਲਈ ਕਿ ਸਿੱਖਾਂ ਲਈ ਇਹ ਸਮਾਂ ਠੀਕ ਨਹੀਂ। ਸਿਪਾਹੀ ਦਾ ਹਾਸਾ ਨਿਕਲ ਗਿਆ ਤੇ ਮੈਂ ਬਿਨਾਂ ਉਤਰੇ ਫਤਿਹਪੁਰੀ ਵਲ ਨੂੰ ਚਲਾ ਗਿਆ।



*ਅਮਰਜੀਤ ਗੁਰਦਾਸਪੁਰੀ*

ਕਿਸ ਨੂੰ ਸਮਝਾਈਏ ਕਿ ਮਜ਼ਾਕ ਤਾਂ ਮਜ਼ਾਕ ਹੁੰਦਾ ਹੈ। ਇਹ ਸਵਾਦ ਲੈਣ ਤੇ ਜ਼ਿੰਦਗੀ ਮਾਨਣ ਲਈ ਘੜਿਆ ਜਾਂਦਾ ਹੈ।

**ਚੀਨ ਨੇ ਇੱਕੋ ਬੱਚਾ ਪੈਦਾ ਕਰਨ ਦਾ ਬੰਧਨ ਨਕਾਰਿਆ:** ਪ੍ਰਭਾਵੀ ਅੰਕੜਿਆਂ ਦੀ ਉਲਝਣ ਵਿਚ ਜਾਏ ਬਿਨਾਂ ਇਹ ਤੱਥ ਪੱਲੇ ਬੰਨ੍ਹਣ ਦੀ ਲੋੜ ਹੈ ਕਿ ਵਧ ਰਹੀ ਵੱਸੋਂ ਚੀਨ ਵਾਲਿਆਂ ਦਾ ਸਭ ਤੋਂ ਵੱਡਾ ਮਸਲਾ ਹੈ। ਕੌਮਾਂਤਰੀ ਪੱਧਰ ਉਤੇ ਇੰਗਲੈਂਡ ਵਿਚ ਇਨਟਰਨੈਸ਼ਨਲ ਪਲੈਨਡ ਪੇਰੈਂਟਹੁਡ ਫੈਡਰੇਸ਼ਨ ਦੀ ਸਥਾਪਤੀ ਉਪਰੰਤ ਸਾਰੇ ਪ੍ਰਮੁੱਖ ਦੇਸ਼ਾਂ ਨੇ ਇਸ ਦੀਆਂ ਸ਼ਾਖਾਵਾ ਖੋਲ੍ਹੀਆਂ ਜਿਹੜੀਆਂ ਅੱਜ ਵੀ ਕਾਇਮ ਹਨ।

ਭਾਰਤ ਵਿਚਲੀ ਸ਼ਾਖਾ ਦਾ ਮੁੱਖ ਦਫਤਰ ਮੁੰਬਈ ਵਿਖੇ ਹੈ ਤੇ ਪਾਕਿਸਤਾਨ ਵਾਲੀ ਦਾ ਕਰਾਚੀ। ਚੀਨ ਨੇ ਇੱਕ ਕਦਮ ਅੱਗੇ ਜਾਂਦਿਆਂ 1970 ਦੇ ਨੇੜੇ ਤੇੜੇ ਆਪਣੀ ਸ਼ਹਿਰੀ ਵੱਸੋਂ ਉਤੇ ਕੇਵਲ ਇੱਕ ਬੱਚਾ ਪੈਦਾ ਕਰਨ ਅਤੇ ਪੇਂਡੂ ਵਸੋਂ ਉਤੇ ਦੋ ਬੱਚਿਆਂ ਦੀ ਪਾਬੰਦੀ ਲਾ ਦਿੱਤੀ। ਖਾਸ ਕਰਕੇ ਦੇਸ਼ ਦੇ 'ਹਨ' ਫਿਰਕੇ ਲਈ ਜਿਹੜਾ ਕਿ ਚੀਨ ਦੀ ਕੁੱਲ ਵੱਸੋਂ ਦਾ 95% ਹੈ।

ਇਨ੍ਹਾਂ ਚਾਰ ਦਹਾਕਿਆਂ ਵਿਚ ਹੋਇਆ ਇਹ ਕਿ ਚੀਨ ਵਿਚ ਬਜ਼ੁਰਗਾਂ ਦੀ ਗਿਣਤੀ ਛੜਪੇ ਮਾਰਦੀ ਵਧ ਗਈ ਤੇ ਨੌਜਵਾਨ ਵਸੋਂ ਜਿਹੜੀ ਦੇਸ਼ ਦੇ ਆਰਥਕ ਵਿਕਾਸ ਲਈ ਜ਼ਰੂਰੀ ਸੀ, ਉਸ ਦੀ ਗਤੀ ਘਟ ਗਈ ਤੇ ਘਟ ਰਹੀ ਹੈ। ਇਸ ਰੁਝਾਨ ਨੂੰ ਰੋਕਣ ਲਈ ਚਾਰ ਦਹਾਕੇ ਪਹਿਲਾਂ ਵਾਲੀ ਨੀਤੀ ਨੂੰ ਨੱਥ ਪਾਉਣੀ ਲਾਜ਼ਮੀ ਸੀ। ਇਹ ਗੱਲ ਵੱਖਰੀ ਹੈ ਕਿ ਨਵੀਂ ਨੀਤੀ ਦੇ ਆਲੋਚਕ ਇਸ ਤਬਦੀਲੀ ਨੂੰ ਵੀ ਬਹੁਤ ਥੋੜ੍ਹੀ ਤੇ ਬਹੁਤ ਦੇਰ ਪਿਛੋਂ ਅਪਨਾਈ ਕਹਿੰਦੇ ਹਨ। ਮਸਲਾ ਵੱਡਾ ਹੈ ਤੇ ਬਹੁਤੇ ਮਸਲੇ ਗਰਭਪਾਤ ਕਾਰਨ ਜਣਨੀ ਦੀ ਸਿਹਤ ਉਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨਾਲ ਸਬੰਧਤ ਹਨ। ਹਾਲ ਦੀ ਘੜੀ ਚੀਨ ਦੀ ਨਵੀਂ ਨੀਤੀ ਸਵਾਗਤਯੋਗ ਹੈ।

**ਅੰਤਿਕਾ:** (ਸੰਧੂ ਵਰਿਆਣਵੀ)

ਕੱਲ੍ਹ ਉਹ ਮੈਨੂੰ ਮਿਲ ਪਿਆ ਸੀ ਹੱਸ ਕੇ,
ਰਾਤ ਮੈਂ ਰੋ ਰੋ ਬਿਤਾਈ ਦੋਸਤੋ!
ਹਰ ਗਮੀ ਅਪਣੀ ਹੈ, ਮੇਰੀ ਆਪਣੀ
ਹਰ ਖੁਸ਼ੀ ਅਪਣੀ, ਪਰਾਈ ਦੋਸਤੋ!

# ਟਿੱਪ

'ਟਿੱਪ' ਲੇਖ ਪਰਦੇਸਾਂ ਵਿਚ ਨਿੱਕੀਆਂ-ਨਿੱਕੀਆਂ ਖੁਸ਼ੀਆਂ ਦੇ ਜਸ਼ਨਾਂ ਦਾ ਜ਼ਿਕਰ ਹੈ। ਲੇਖਕ ਹਰਪ੍ਰੀਤ ਸੇਖਾ ਨੇ ਪਰਦੇਸਾਂ ਵਿਚ ਕਮਾਈਆਂ ਖਾਤਰ ਗਏ ਜਿਊੜਿਆਂ ਦੇ ਮਨਾਂ ਦੀ ਗਹਿਰਾਈ ਵਿਚੋਂ ਇਹ ਕਥਾ ਬਿਆਨ ਕੀਤੀ ਹੈ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ



ਟੈਕਸੀਨਾਮਾ

9

**ਹਰਪ੍ਰੀਤ ਸਿੰਘ ਸੇਖਾ**
ਫੋਨ: 778-231-1189
hsekha@hotmail.com

ਮੈਂ ਬਾਗੋ-ਬਾਗ ਸੀ। ਇੱਕ ਘੰਟੇ ਵਿਚ ਹੀ ਸੱਤਰ ਡਾਲਰ ਬਣ ਗਏ ਸਨ। ਇਸ ਤਰ੍ਹਾਂ ਕਦੇ-ਕਦੇ ਹੀ ਹੁੰਦਾ ਹੈ। ਸਵਾਰੀ ਨੂੰ ਏਅਰਪੋਰਟ 'ਤੇ ਲਾਹ ਕੇ ਮੈਂ ਵੀਡਸ* ਵੱਲ ਟੈਕਸੀ ਮੋੜ ਲਈ। ਸੋਚਿਆ ਕਿ ਹੁਣ ਭਾਵੇਂ ਏਅਰਪੋਰਟ ਤੋਂ ਟ੍ਰਿੱਪ ਦੀ ਕੁਝ ਉਡੀਕ ਵੀ ਕਰਨੀ ਪੈ ਜਾਵੇ ਤਾਂ ਕੋਈ ਚੱਕਰ ਨਹੀਂ। ਜੇ ਇਹ ਚੰਗਾ ਟ੍ਰਿੱਪ ਨਾ ਲੱਗਦਾ ਤਾਂ ਸ਼ਾਇਦ ਮੈਂ ਏਅਰਪੋਰਟ 'ਤੇ ਨਾ ਹੀ ਰੁਕਦਾ, ਡਾਊਨ-ਟਾਊਨ ਮੁੜ ਜਾਂਦਾ। ਏਅਰਪੋਰਟ 'ਤੇ ਕਈ ਵਾਰੀ ਉਡੀਕ ਕੁਝ ਜ਼ਿਆਦਾ ਹੀ ਲੰਮੀ ਹੋ ਜਾਂਦੀ ਹੈ। ਉਤਨੇ ਚਿਰ 'ਚ ਅਗਲਾ ਡਾਊਨ-ਟਾਊਨ ਵਾਪਸ ਮੁੜ ਕੇ ਵੀ ਦੋ ਟ੍ਰਿੱਪ ਲਾ ਲੈਂਦਾ ਹੈ। ਹੁਣ ਜਦੋਂ ਇੱਕ ਟ੍ਰਿੱਪ ਨੇ ਹੀ ਧੰਨ-ਧੰਨ ਕਰਾ ਦਿੱਤੀ ਸੀ ਤਾਂ 'ਕਿਉਂ ਵਾਧੂ ਦੀ ਭੱਜ-ਨੱਠ ਕਰਨੀ ਆ। ਵੀਡਸ 'ਚ ਜਾ ਕੇ ਗੱਲਾਂ ਸੁਣਦੇ ਆਂ', ਇਹ ਸੋਚ ਕੇ ਮੈਂ ਉਥੇ ਹੀ ਰੁਕ ਗਿਆ।

ਇਹ ਟ੍ਰਿੱਪ ਬਰਾਡਵੇ 'ਤੇ ਓਕ ਸਟਰੀਟ ਨੇੜਿਓਂ ਮਿਲਿਆ ਸੀ। ਜਦੋਂ ਟੈਕਸੀ ਏਅਰਪੋਰਟ ਵਾਲੇ 'ਆਰਥਰਲੇਇੰਗ ਬ੍ਰਿੱਜ' ਉਤੇ ਪੁੱਜੀ ਤਾਂ ਸਵਾਰੀ ਜੇਬਾਂ ਟਟੋਲਣ ਲੱਗੀ। ਮੈਨੂੰ ਉਹ ਕੁਝ ਘਬਰਾਇਆ ਲੱਗਾ। ਫਿਰ ਉਸ ਨੇ ਆਪਣੇ ਹੱਥ ਵਾਲੇ ਬੈਲੇ ਨੂੰ ਖੋਲ੍ਹ ਕੇ ਦੇਖਿਆ। "ਮੈਂ ਆਪਣਾ ਪਾਸਪੋਰਟ ਘਰ ਭੁੱਲ ਆਇਆਂ", ਉਸ ਨੇ ਕਿਹਾ। ਮੇਰੇ ਚਿੱਤ 'ਚ ਇਕਦਮ ਆਇਆ, 'ਬਣ'ਗੀ ਗੱਲ।' ਉਹ ਫਿਰ ਬੋਲਿਆ, "ਮੇਰੀ ਉਡਾਣ 'ਚ ਡੇਢ ਘੰਟਾ ਹੀ ਰਹਿੰਦੈ, ਇੰਨੇ ਚਿਰ 'ਚ ਆਪਾਂ ਪਾਸਪੋਰਟ ਲਿਆ ਸਕਦੇ ਆਂ?"

"ਫਿਕਰ ਨਾ ਕਰ।" ਆਖਦਿਆਂ ਮੈਂ ਟੈਕਸੀ ਤੇਜ਼ ਕਰ ਦਿੱਤੀ। ਟੈਕਸੀ ਮੈਂ ਵਾਪਸ ਉਸ ਦੇ ਟਿਕਾਣੇ ਵੱਲ ਮੋੜ ਦਿੱਤੀ। ਜਦੋਂ ਵੀ ਟੈਕਸੀ ਕਿਸੇ ਲਾਲ ਬੱਤੀ 'ਤੇ ਰੁਕਦੀ, ਉਸ ਦੀ ਚਿੰਤਾ ਵਧ ਜਾਂਦੀ। ਮੈਂ ਉਸ ਨੂੰ ਧਰਵਾਸਾ ਦਿੰਦਾ ਤੇ ਬੱਤੀ ਦੇ ਹਰੀ ਹੁੰਦਿਆਂ ਹੀ ਟੈਕਸੀ ਨੂੰ ਆਸੇ-ਪਾਸੇ ਦੀ ਦੂਜੇ ਵਾਹਨਾਂ ਤੋਂ ਮੂਹਰੇ ਕੱਢਣ ਦੀ ਕੋਸ਼ਿਸ਼ ਕਰਦਾ ਜਾਂ ਇਸ ਦਾ ਦਿਖਾਵਾ ਕਰਦਾ ਤਾਂ ਕਿ ਉਸ ਦਾ ਚਿੱਤ ਜ਼ਿਆਦਾ ਕਾਹਲਾ ਨਾ ਪਵੇ। ਕਿਰਾਏ ਵਾਲਾ ਮੀਟਰ ਤੇਜ਼ੀ ਨਾਲ ਹਿੰਦਸੇ ਬਦਲ ਰਿਹਾ ਸੀ। ਚੋਰੀਂ ਉਸ ਵੱਲ ਵੇਖ ਮੈਨੂੰ ਖੁਸ਼ੀ ਹੁੰਦੀ। ਇਕ ਵਾਰ ਮੇਰੀ ਨਜ਼ਰ ਮੀਟਰ ਤੋਂ ਝੱਟ ਬਾਅਦ ਉਸ ਵੱਲ ਹੋਈ। ਉਸ ਦਾ ਚਿੰਤਾਗ੍ਰਸਤ ਚਿਹਰਾ ਦੇਖ ਮੈਨੂੰ ਆਪਣੀ ਖੁਸ਼ੀ ਕਮੀਨਗੀ ਲੱਗੀ। ਸ਼ਾਇਦ ਮੈਂ ਆਪਣੀਆਂ ਨਜ਼ਰਾਂ ਵਿਚ ਹੀ ਦੁਬਾਰਾ ਉਠਣਾ ਚਾਹੁੰਦਾ ਸੀ, ਮੈਂ ਕਿਹਾ, "ਟੈਕਸੀ ਦੇ ਕਿਰਾਏ ਦਾ ਫਿਕਰ ਨਾ ਕਰੀਂ। ਜੇ ਤੂੰ ਚਾਹੇਂ ਤਾਂ ਜਦੋਂ ਪੰਜਾਹ ਡਾਲਰ ਹੋ ਗਏ, ਮੈਂ ਮੀਟਰ ਬੰਦ ਕਰ ਦਿਆਂਗਾ।" ਮੇਰਾ ਅੰਦਾਜ਼ਾ ਸੀ ਕਿ ਮੀਟਰ 'ਤੇ ਪੰਜਾਹ ਤੋਂ ਸੱਠ ਡਾਲਰ ਦੇ ਵਿਚਕਾਰ ਚੱਲਣਗੇ।

"ਓਹ, ਧੰਨਵਾਦ। ਕਿਰਾਏ ਦੀ ਸਮੱਸਿਆ ਨਹੀਂ। ਮੇਰਾ ਫਿਕਰ ਤਾਂ ਉਡਾਣ ਖੁੰਝਣ ਦਾ ਹੈ।"

"ਫਿਕਰ ਨਾ ਕਰ। ਮੈਂ ਪੂਰੀ ਵਾਹ ਲਾਊਂ, ਤੈਨੂੰ ਸਮੇਂ ਸਿਰ ਏਅਰਪੋਰਟ ਪਹੁੰਚਾਉਣ ਲਈ।"

ਤੇ ਜਦੋਂ ਟੈਕਸੀ ਏਅਰਪੋਰਟ 'ਤੇ ਪਹੁੰਚੀ ਤਾਂ ਉਸ ਦੀ ਉਡਾਣ ਵਿਚ ਹਾਲੇ ਪੌਣਾ ਘੰਟਾ ਰਹਿੰਦਾ ਸੀ। ਮੀਟਰ 'ਤੇ ਚਰਵੰਜਾ ਡਾਲਰ ਤੇ ਕੁਝ ਸੈਂਟ ਚੱਲੇ ਸਨ। ਉਸ ਨੇ ਸੱਤਰ ਡਾਲਰ ਦੇ ਕੇ ਘੁੱਟ ਕੇ ਹੱਥ ਮਿਲਾਇਆ ਤੇ ਤਿੰਨ-ਚਾਰ ਵਾਰ "ਥੈਂਕ ਯੂ" ਕਿਹਾ।

ਚੰਗੇ ਟ੍ਰਿੱਪ ਦੇ ਨਾਲ-ਨਾਲ ਟਿੱਪ ਵਜੋਂ ਮਿਲੇ ਪੰਦਰਾਂ-ਸੋਲਾਂ ਡਾਲਰ ਮੈਨੂੰ ਖੁਸ਼ੀ ਦੇ ਰਹੇ ਸਨ; ਤੇ ਇਕ ਉਹ ਦਿਨ ਵੀ ਸੀ, ਜਦੋਂ ਟਿੱਪ ਕਰ ਕੇ ਮੈਂ ਹੀਣਾ-ਹੀਣਾ ਮਹਿਸੂਸ ਕੀਤਾ ਸੀ।

ਟੈਕਸੀ ਚਲਾਉਣ ਦੇ ਪਹਿਲੇ ਦਿਨ ਸ਼ਾਇਦ ਉਹ ਟ੍ਰਿੱਪ ਵੀ ਪਹਿਲਾ ਹੀ ਸੀ, ਇਕ ਸਵਾਰੀ ਨੇ ਪੰਜਾਹ ਸੈਂਟ ਬਕਾਏ ਦੇ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਸੀ, "ਕੀਪ ਦਾ ਚੇਂਜ।" ਮੈਨੂੰ ਆਪਣਾ-ਆਪ ਅਦਨਾ ਜਿਹਾ ਲੱਗਾ ਸੀ। ਜਿਵੇਂ ਕੋਈ ਕੁਲੀ ਨੂੰ ਸਮਾਨ ਚੁਕਾਉਣ ਤੋਂ ਬਾਅਦ ਇਨਾਮ ਵਜੋਂ ਚੁਆਨੀ-ਅਠਿਆਨੀ ਦੇ ਦੇਵੇ। ਮੇਰਾ ਜੀਅ ਕੀਤਾ ਸੀ ਕਿ ਗੋਲੀ ਮਾਰਾਂ ਇਸ 'ਕੁੱਤੇ ਕੰਮ' ਨੂੰ; ਪਰ ਗੋਲੀ ਮਾਰੀ ਨਹੀਂ ਸੀ ਗਈ। ਤੇ ਹੁਣ ਉਹੀ ਟਿੱਪ ਮੈਨੂੰ...।

ਇਸ ਟਿੱਪ ਦੀ ਖੁਸ਼ੀ ਦਾ ਪ੍ਰਗਟਾਵਾ ਮੈਥੋਂ ਅਚੇਤ ਹੀ ਵੀਡਸ ਵਿਚ ਮਿਲੇ ਬਰਨਬੀ ਸ਼ਹਿਰ ਦੀ ਬੋਨੀਜ਼ ਟੈਕਸੀ ਵਾਲੇ ਇਕ ਜਾਣੂ ਕੋਲ ਹੋ ਗਿਆ। ਵੀਡਸ ਵਿਚ ਪਹੁੰਚ ਕੇ ਮੈਂ ਟੈਕਸੀ ਲਾਈਨ ਵਿਚ ਲਾ ਕੇ ਬਾਹਰ ਨਿਕਲ ਆਇਆ। ਉਥੇ ਇਸ ਗੱਲ ਦੀ ਮੌਜ ਹੁੰਦੀ ਹੈ ਕਿ ਟੈਕਸੀ ਵਿਚ ਬੈਠਣਾ ਨਹੀਂ ਪੈਂਦਾ। ਵੱਡੀ ਸਾਰੀ ਸਕਰੀਨ 'ਤੇ ਲਿਖਿਆ ਆ ਜਾਂਦਾ ਹੈ ਕਿ ਟਰਮੀਨਲ 'ਤੇ ਐਨੀਆਂ ਟੈਕਸੀਆਂ ਚਾਹੀਦੀਆਂ ਹਨ। ਟੈਕਸੀਆਂ ਵਾਰੀ ਸਿਰ ਤੁਰੀਆਂ ਜਾਂਦੀਆਂ ਹਨ। ਜਦੋਂ ਵਾਰੀ ਨੇੜੇ ਆਉਂਦੀ ਦਿਸੇ, ਉਦੋਂ ਆ ਕੇ ਟੈਕਸੀ ਵਿਚ ਬੈਠ ਜਾਵੋ। ਉਤਨਾ ਚਿਰ ਕਈ ਡਰਾਈਵਰ ਦੇ ਕਮਰੇ ਵਿਚ ਬੈਠ ਕੇ ਤਾਸ਼ ਕੁੱਟਣ ਲੱਗਦੇ ਹਨ। ਕਈ ਮੁਸਲਮਾਨ ਡਰਾਈਵਰ ਕਮਰੇ ਦੇ ਕੋਨੇ ਵਿਚ ਵਲੀ ਵਲਗਣ ਵਿਚ ਬੈਠ ਨਮਾਜ਼ ਪੜ੍ਹਦੇ ਹਨ। ਕਈ ਸੈਰ ਕਰ ਲੈਂਦੇ ਹਨ। ਮੈਂ ਲੱਤਾਂ ਸਿੱਧੀਆਂ ਕਰਨ ਲਈ ਟੈਕਸੀ ਵਿਚੋਂ ਬਾਹਰ ਨਿਕਲਿਆ ਹੀ ਸੀ ਕਿ ਮੇਰਾ ਉਹ ਜਾਣੂ ਆਪਣੀ ਟੈਕਸੀ 'ਚੋਂ ਨਿਕਲਦਾ ਬੋਲਿਆ, "ਕਿਵੇਂ ਆ ਬਿਜਨਸ ਵੈਨਕੂਵਰ? ਆਇਆ ਸੂਤ?"

"ਬਿਜਨਸ ਤਾਂ ਐਸਾ-ਵੈਸਾ ਈ ਆ, ਪਰ ਮੇਰਾ ਸੂਤ ਲੱਗ ਗਿਆ।" ਮੇਰੇ ਮੂੰਹੋਂ ਅਚੇਤ ਈ ਨਿਕਲ ਗਿਆ। ਮੈਂ ਕੋਸ਼ਿਸ਼ ਕਰਦਾ ਹੁੰਨਾਂ ਕਿ ਚੰਗੇ ਟ੍ਰਿੱਪ ਦੀ ਬਹੁਤੀ ਡੌਂਡੀ ਨਾ ਪਿੱਟਾਂ। ਇਸ ਤਰ੍ਹਾਂ ਜਿਸ ਦਾ ਉਸ ਦਿਨ ਮੰਦਾ ਰਿਹਾ ਹੋਵੇ, ਉਸ ਦੀ ਤਕਲੀਫ ਵਧ ਜਾਂਦੀ ਹੈ। ਮੇਰੇ ਆਪਣੇ ਨਾਲ ਇਸ ਤਰ੍ਹਾਂ ਕਈ ਵਾਰੀ ਹੁੰਦਾ ਕਿ ਜਦੋਂ ਕਿਸੇ ਦਿਨ ਆਪਣਾ ਠੀਕ ਨਾ ਲੱਗਾ ਹੋਵੇ ਤੇ ਮੂਹਰੋਂ ਕੋਈ ਆਪਣੇ 'ਸੂਤ' ਲੱਗੇ ਦੀਆਂ ਫੜ੍ਹਾਂ ਮਾਰਨ ਲੱਗ ਪਵੇ, ਤਾਂ ਉਹ ਵਿਹੁ ਵਰਗਾ ਲੱਗਦਾ ਹੈ।

"ਥੋਡਾ ਕਿਵੇਂ ਆ?" ਮੈਂ ਪੁੱਛਿਆ।

"ਮੇਰਾ ਵੀ ਠੀਕ ਆ ਅੱਜ। ਆਹ ਤੀਹਾਂ ਦਾ ਟ੍ਰਿੱਪ ਸੀ ਪੈਂਤੀ ਦੇ ਗਿਆ।"

ਫਿਰ ਮੈਂ ਆਪਣੇ ਇਸ ਟ੍ਰਿੱਪ ਬਾਰੇ ਉਸ ਨੂੰ ਦੱਸਣ ਲੱਗ ਪਿਆ। ਸੁਣ ਕੇ ਉਹ ਬੋਲਿਆ, "ਮੈਨੂੰ ਵੀ ਦੋ ਕੁ ਵਾਰੀ ਮਿਲਿਆ ਇੱਦਾਂ ਦਾ ਟ੍ਰਿੱਪ। ਆਮ ਨਾਲੋਂ ਜ਼ਿਆਦਾ ਟਿੱਪ ਦੇਣਗੇ ਇਹੋ ਜੇ ਮੌਕੇ। ਦੇਣੀ ਬਣਦੀ ਵੀ ਐ, ਕਿ ਨਹੀਂ? ਆਪਾਂ ਵੀ ਤਾਂ ਖਤਰਾ ਮੁੱਲ ਲੈ ਕੇ ਸਪੀਡ ਵਧਾ ਦਿੰਨੇ ਆਂ।"

"ਗੋਰੇ ਈ ਟਿੱਪ ਦਿੰਦੇ ਆ। ਕਾਲੇ ਹੋਏ, ਚੀਨੇ ਹੋਏ, ਇਹ ਨਾ ਟਿੱਪ ਦੇਂ'ਗੇ।" ਸਾਡੇ ਨਾਲ ਤਿੰਨ ਡਰਾਈਵਰ ਹੋਰ ਆ ਰਲੇ। ਉਨ੍ਹਾਂ 'ਚੋਂ ਇੱਕ ਬੋਲਿਆ।

"ਤੇ ਆਪਣੇ?" ਦੂਜਾ ਬੋਲਿਆ ਜਿਹੜਾ ਸ਼ਾਇਦ ਨਵਾਂ ਡਰਾਈਵਰ ਸੀ। ਉਸ ਨੂੰ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ।

"ਆਪਣੇ ਤਾਂ ਪਹਿਲੀ ਗੱਲ ਟੈਕਸੀ ਲੈਂਦੇ ਹੀ ਨ੍ਹੀਂ; ਜੇ ਲੈ ਲੈਣ, ਛੋਟ ਕਰਨ ਨੂੰ ਤਾਂ ਭਾਵੇਂ ਆਖ ਦੇਣ!" ਪਹਿਲਾ ਬੋਲਿਆ।

"ਸਾਰੇ ਇੱਕੋ ਜਿਹੇ ਨੀ ਹੁੰਦੇ, ਯਾਰ। ਵੱਖੋ-ਵੱਖਰੇ ਕਲਚਰ ਆ। ਐਧਰਲੇ ਜੰਮੇ-ਪਲੇ ਤਾਂ ਆਪਣੇ ਵੀ ਹੁਣ ਬਥੇਰੇ ਟੈਕਸੀ ਲੈ ਲੈਂਦੇ ਆ।" ਬੋਨੀਜ਼ ਵਾਲਾ ਬੋਲਿਆ।

"ਵੇਲੇ-ਕੁਵੇਲੇ ਇੰਡੀਆ ਤੋਂ ਆਏ ਵੀ ਲੈ ਲੈਂਦੇ ਆ। ਹਾਲੇ ਪਿਛਲੇ ਹਫਤੇ ਈ ਮੇਰੇ ਨਾਲ ਚੜ੍ਹਿਆ ਇੱਕ।" ਤੀਜਾ ਬੋਲਿਆ।

"ਕਿਰਾਇਆ ਦੇ ਗਿਆ ਸੀ?" ਪਹਿਲੇ ਨੇ ਕਿਹਾ।

ਤੀਜਾ ਥੋੜ੍ਹਾ ਜਿਹਾ ਹੱਸਿਆ ਤੇ ਫਿਰ ਬੋਲਿਆ, "ਉਹਨੂੰ ਵਿਚਾਰੇ ਨੂੰ ਟੈਕਸੀ ਮਜਬੂਰੀ 'ਚ ਲੈਣੀ ਪਈ। ਕੁੜੀ ਕੁਛ ਘਰੇ ਭੁੱਲ'ਗੀ ਉਹਦੀ, ਤੇ ਉਹਨੇ ਏਅਰਪੋਰਟ 'ਤੇ ਫੜਾਉਣ ਜਾਣਾ ਸੀ ਕੁੜੀ ਨੂੰ। ਬੈਠਣ ਸਾਰ ਹੀ ਦੱਸਣ ਲੱਗ ਪਿਆ ਕਿ ਕਿਵੇਂ ਸਾਰੇ ਕੰਮਾਂ 'ਤੇ ਗਏ ਹੋਣ ਕਰ ਕੇ ਉਸ ਨੂੰ ਟੈਕਸੀ ਲੈਣੀ ਪਈ ਜਿਵੇਂ ਕਿਸੇ ਗੁਨਾਹ ਦੀ ਸਫਾਈ ਦੇ ਰਿਹਾ ਹੋਵੇ। ਫਿਰ ਉਹ ਸਕੀਰੀਆਂ ਜੀਆਂ ਕੱਢਣ ਲੱਗ ਪਿਆ। ਮੇਰੇ ਚਿੱਤ 'ਚ ਆਈ ਕਿ ਆਖ ਦਿਆਂ, ਕਾਹਨੂੰ ਬਜ਼ੁਰਗਾ ਐਵੇਂ ਔਖਾ ਹੁੰਨੈ, ਨਾ ਦੇਈਂ ਕਰਾਇਆ। ਉਂ ਵੀ ਆਪਣੇ ਬੰਦੇ ਤੋਂ ਕਿਰਾਇਆ ਫੜਦਿਆਂ ਈ ਸੰਗ ਜੀ ਆਉਂਦੀ ਆ। ਫੇਰ ਉਹ ਚਿੰਤਾ ਜੀ ਕਰਨ ਲੱਗ ਪਿਆ, ਬਈ ਕੁੜੀ ਦੀ ਫਲੈਟ ਨਾ ਨੰਘ ਜੇ। ਮੈਂ ਸਪੀਡ ਚੱਕ'ਤੀ, ਸੋਚਿਆ ਬਈ ਨਹੀਂ ਤਾਂ ਸਾਲੇ ਨੇ ਕੰਨ ਖਾਈ ਜਾਣੇ ਆ। ਨਾਲੇ ਕੋਈ ਸੱਚੀਂ ਨਾ ਸਕੀਰੀ ਕੱਢ ਲੇ, ਪਰ ਕਰਾਇਆ ਦੇ ਗਿਆ ਪੂਰਾ।"

"ਟਿੱਪ-ਟੁੱਪ ਦੇ ਗਿਆ ਸੀ?" ਮੈਂ ਪੁੱਛਿਆ।

"ਕਰਾਇਆ ਤਾਂ ਪੂਰਾ ਈ ਦਿੱਤਾ, ਸਗੋਂ ਮੈਂ ਛੱਡੇ ਉਹਨੂੰ ਉਤਲੇ ਸੈਂਟ, ਪਰ ਜਾਂਦਾ ਜਾਂਦਾ 'ਸੀਸ ਦੇ ਗਿਆ। ਕਹਿੰਦਾ, ਸ਼ਾਬਾਸ਼ੇ, ਜਿਉਂਦਾ ਰਹਿ।"

"ਸ਼ਾਬਾਸ਼ੇ ਨਾਲ ਟੈਕਸੀ ਦੀ ਟੈਂਕੀ ਭਰ'ਗੀ ਸੀ ਗੈਸ ਨਾਲ?" ਪਹਿਲਾ ਹੱਸ ਕੇ ਬੋਲਿਆ। ਅਸੀਂ ਵੀ ਹੱਸ ਪਏ।

***ਵੀਡਸ:** ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਵਾਰੀ ਦੀ ਉਡੀਕ ਵਿਚ ਟੈਕਸੀਆਂ ਖੜ੍ਹਾਉਣ ਵਾਲੀ ਥਾਂ ਕੱਚੀ ਹੁੰਦੀ ਸੀ। ਉਥੇ ਘਾਹ-ਫੂਸ ਉਗਿਆ ਹੁੰਦਾ ਸੀ। ਉਦੋਂ ਡਰਾਈਵਰ ਇਸ ਥਾਂ ਨੂੰ ਵੀਡਸ ਆਖਦੇ। ਹੁਣ ਇਹ ਜਗ੍ਹਾ ਬਜਰੀ ਵਿਛਾ ਕੇ ਪੱਕੀ ਕਰ ਦਿੱਤੀ ਗਈ ਹੈ। ਇਕ ਵੱਡ-ਅਕਾਰੀ ਸਕਰੀਨ ਲੱਗ ਚੁੱਕੀ ਹੈ ਅਤੇ ਡਰਾਈਵਰਾਂ ਦੇ ਬੈਠਣ-ਉਠਣ ਲਈ ਵਧੀਆ ਇਮਾਰਤ ਵੀ ਬਣ ਗਈ ਹੈ, ਪਰ ਵਜਦੀ ਇਹ ਜਗ੍ਹਾ ਹਾਲੇ ਵੀ ਵੀਡਸ ਹੀ ਹੈ।

# ਪਰਵਾਸੀ ਅਤੇ ਪੰਜਾਬੀ ਸਭਿਆਚਾਰ

ਪੰਜਾਬੀ ਲੋਕ ਵੱਡੀ ਗਿਣਤੀ ਵਿਚ ਕੈਨੇਡਾ, ਅਮਰੀਕਾ ਤੇ ਹੋਰ ਕਈ ਮੁਲਕਾਂ ਵਿਚ ਵਸੇ ਹੋਏ ਹਨ। ਆਰਥਕ ਤੰਗੀ ਕਰਕੇ ਆਪਣਾ ਮੁਲਕ ਛੱਡਣਾ ਉਨ੍ਹਾਂ ਦੀ ਮਜਬੂਰੀ ਹੈ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਖੁਦਕੁਸ਼ੀ ਵਿਚ ਹੀ ਮੁਕਤੀ ਦਾ ਰਾਹ ਦੇਖ ਰਿਹਾ ਹੈ। ਬੇਰੁਜ਼ਗਾਰੀ ਤੋਂ ਦੁਖੀ ਹੋਇਆ ਪੰਜਾਬੀ ਨੌਜਵਾਨ ਦਿਨ-ਰਾਤ ਪਰਦੇਸ ਜਾਣ ਦੇ ਸੁਪਨੇ ਲੈਂਦਾ ਹੈ। ਉਹ ਨਸ਼ਿਆਂ ਵਿਚ ਡੁੱਬ ਕੇ ਆਪਣੀ ਦਿਮਾਗੀ ਪਰੇਸ਼ਾਨੀ ਦੂਰ ਕਰਨਾ ਚਾਹੁੰਦਾ ਹੈ। ਪੰਜਾਬ ਸਰਕਾਰ ਧਰਮ ਦਾ ਜਾਪ ਕਰ ਕੇ, ਪੰਜਾਬੀਆਂ ਨੂੰ ਗੁੰਮਰਾਹ ਕਰ ਰਹੀ ਹੈ।

**ਗੁਰਦਿਆਲ ਸਿੰਘ**
ਫੋਨ: 707-554-4087

ਲੋਕਾਂ ਦੀ ਨਾਸਮਝੀ, ਅਨਪੜ੍ਹਤਾ, ਵਹਿਮ-ਭਰਮ, ਗੁਲਾਮੀ ਵਾਲੀ ਜ਼ਿਹਨੀਅਤ, ਸਰਕਾਰੀ ਤਾਕਤ ਨੂੰ ਨਿੱਤ ਨਵਾਂ ਜੀਵਨ ਬਖਸ਼ਦੀ ਹੈ। ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਅਤੇ ਹਸਪਤਾਲਾਂ ਵਿਚ ਡਾਕਟਰਾਂ ਦੀ ਘਾਟ ਸਾਬਤ ਕਰਦੀ ਹੈ ਕਿ ਵਿਦਿਆ ਤੇ ਸਿਹਤ ਦੇ ਖੇਤਰ ਵਿਚ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨਾ ਸਰਕਾਰ ਲਈ ਕੋਈ ਪਹਿਲ ਨਹੀਂ।

ਸਰਕਾਰੀ ਮਹਿਕਮਿਆਂ ਵਿਚ ਰਿਸ਼ਵਤਖੋਰੀ ਦਾ ਬੋਲਬਾਲਾ ਹੈ। ਮਾਲ, ਪੁਲਿਸ ਅਤੇ ਪੀ.ਡਬਲਿਊ.ਡੀ. ਦੇ ਮਹਿਕਮੇ ਤਾਂ ਪਹਿਲਾਂ ਹੀ ਬਦਨਾਮ ਸਨ, ਹੁਣ ਤਾਲੀਮ ਅਤੇ ਸਿਹਤ ਮਹਿਕਮੇ ਵੀ ਇਸ ਚੋਰ-ਬਰਾਦਰੀ ਦੇ ਮੈਂਬਰ ਬਣ ਚੁੱਕੇ ਹਨ। ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਸੰਚਾਲਕ ਤੇ ਪ੍ਰਬੰਧਕ, ਕੀੜੇਮਾਰ ਦਵਾਈਆਂ ਦੇ ਸਕੈਂਡਲ ਵਿਚ ਮੁਜਰਮਾਂ ਦੀ ਕਤਾਰ ਵਿਚ ਖੜ੍ਹੇ ਹਨ। ਮੈਡੀਕਲ, ਇੰਜੀਨੀਅਰਿੰਗ ਤੇ ਨਰਸਿੰਗ ਸੰਸਥਾਵਾਂ ਨਕਲ ਮਰਵਾ ਕੇ ਜਾਅਲੀ ਡਿਗਰੀਆਂ ਵੰਡਣ ਉਤੇ ਲੱਗੀਆਂ ਹੋਈਆਂ ਹਨ। ਜੋ ਕੁਝ ਅੱਜ ਪੰਜਾਬ ਵਿਚ ਹੋ ਰਿਹਾ ਹੈ, ਇਸ ਦਾ ਅਸਰ ਪੱਛਮੀ ਮੁਲਕਾਂ ਵਿਚ ਵੱਸਦੇ ਪੰਜਾਬੀਆਂ ਨੂੰ ਵੀ ਕਮਜ਼ੋਰ ਕਰਦਾ ਹੈ। ਹਕੀਕਤ ਇਹ ਹੈ ਕਿ ਕੈਨੇਡਾ, ਅਮਰੀਕਾ ਅਤੇ ਆਸਟਰੇਲੀਆ ਆਦਿ ਮੁਲਕਾਂ ਵਿਚ ਰਹਿਣ ਵਾਲੇ ਪੰਜਾਬੀ ਦਿਨੋ-ਦਿਨ ਬੁਰਾਈ ਦੀ ਇਸ ਨਵੀਂ ਸਭਿਅਤਾ ਵਿਚ ਜਕੜੇ ਜਾ ਰਹੇ ਹਨ। ਟਰੱਕਾਂ ਦੇ ਡਰਾਈਵਰ ਹੁਣ ਸੀ.ਐਚ.ਪੀ. ਦੀ ਸਕਰੀਨਿੰਗ ਲਿਸਟ ਉਤੇ ਆ ਚੁੱਕੇ ਹਨ। ਉਨ੍ਹਾਂ ਦੀਆਂ ਸਿੱਖੀ ਰਹਿਤ ਵਾਲੀਆਂ ਕਹਾਣੀਆਂ ਸੁਣਨ ਲਈ ਕੋਈ ਤਿਆਰ ਨਹੀਂ ਹੈ।

ਕੈਨੇਡਾ ਅਤੇ ਅਮਰੀਕਾ ਦੇ ਬਹੁਤੇ ਗੁਰਦੁਆਰਿਆਂ ਦੇ ਪ੍ਰਬੰਧਕ ਕੋਰਟਾਂ-ਕਚਹਿਰੀਆਂ ਦੇ ਕਟਹਿਰਿਆਂ ਵਿਚ ਖੜ੍ਹੇ ਹਨ। ਗੁਰਦੁਆਰਿਆਂ ਦੇ ਬਹੁਤੇ ਪ੍ਰਬੰਧਕ ਅਨਪੜ੍ਹ ਹਨ। ਜੇ ਇਨ੍ਹਾਂ ਕੋਲ ਸਕੂਲੀ ਵਿਦਿਆ ਹੈ, ਤਾਂ ਉਹ ਗੁਰਮਤਿ ਗਿਆਨ ਤੋਂ ਸੱਖਣੇ ਹਨ। ਇਸ ਪੁਰਾਣੀ ਪੀੜ੍ਹੀ ਦਾ ਨਵੀਂ ਪੀੜ੍ਹੀ ਨੇ ਕੋਈ ਅਸਰ ਨਹੀਂ ਕਬੂਲਿਆ। ਨਵੀਂ ਪੀੜ੍ਹੀ ਦੇ ਮੁੰਡੇ-ਕੁੜੀਆਂ ਗੁਰਦੁਆਰਿਆਂ ਅੰਦਰ ਹੁੰਦੇ ਇਕੱਠਾਂ ਤੋਂ ਅਕਸਰ ਗੈਰ-ਹਾਜ਼ਰ ਰਹਿੰਦੇ ਹਨ। ਪੰਜਾਬੀ ਸਕੂਲਾਂ ਦੀ ਹੋਂਦ ਨੇ ਪੰਜਾਬੀ ਚਰਿੱਤਰ ਨੂੰ ਕੋਈ ਉਭਾਰ ਨਹੀਂ ਦਿੱਤਾ। ਗੁਰਦੁਆਰਾ ਪ੍ਰਬੰਧਕ ਗੁਰੂ ਘਰਾਂ ਦੀਆਂ ਸਟੇਜਾਂ ਤੋਂ ਸਦਾ ਹੀ ਗੁਰਮਤਿ ਦੀਆਂ ਗੱਲਾਂ ਕਰਦੇ ਹਨ ਅਤੇ ਹਰ ਹੀਲੇ ਆਪਣਾ ਰਸੂਖ ਵਰਤ ਕੇ ਪੰਜਾਬ ਤੋਂ ਰਾਗੀ, ਢਾਡੀ ਤੇ ਕਥਾਵਾਚਕ ਬੁਲਾਉਂਦੇ ਹਨ ਤੇ ਅਖਬਾਰਾਂ ਰਾਹੀਂ ਲੋਕਾਂ ਨੂੰ ਗੁਰਦੁਆਰੇ ਆਉਣ ਦਾ ਸੱਦਾ ਦਿੰਦੇ ਹਨ। ਕੁਝ ਵਿਚਾਰਕਾਂ ਨੂੰ ਛੱਡ ਕੇ ਬਹੁਤੇ ਬੋਲਣ ਵਾਲੇ ਪੁਰਾਣੀਆਂ ਗੱਲਾਂ, ਪੁਰਾਣੇ ਮਜ਼ਮੂਨ ਦੁਹਰਾ ਕੇ ਤੁਰਦੇ ਬਣਦੇ ਹਨ। ਪੰਜਾਬ ਤੋਂ ਆਏ ਇਨ੍ਹਾਂ ਸਿਆਣਿਆਂ ਨੂੰ ਇਥੋਂ ਦੀ ਨਵੀਂ ਪੀੜ੍ਹੀ ਨਾਲ ਕੋਈ ਮੋਹ ਨਹੀਂ। ਅੰਗਰੇਜ਼ੀ ਨਾ ਆਉਣ ਕਾਰਨ ਇਨ੍ਹਾਂ ਵਿਚਾਰਵਾਨਾਂ ਦਾ ਇਥੋਂ ਦੇ ਮੁਕਾਮੀ ਲੋਕਾਂ ਨਾਲ ਕੋਈ ਸੰਪਰਕ ਨਹੀਂ ਬਣਦਾ। ਗੁਰਦੁਆਰਿਆਂ ਵਿਚ ਆਪਣੀ ਵਾਹ-ਵਾਹ ਕਰਵਾ ਕੇ, ਆਪਣੇ ਆਉਣ ਦੀ ਫੀਸ ਇਕੱਠੀ ਕਰ ਕੇ, ਉਹ ਪਰਤ ਜਾਂਦੇ ਹਨ।

ਪੰਜਾਬ ਤੋਂ ਆਉਣ ਵਾਲੇ ਸਾਡੇ ਮਹਿਮਾਨਾਂ ਵਿਚ ਸਿਆਸੀ ਲੀਡਰਾਂ ਦੀ ਲੰਮੀ ਕਤਾਰ ਸ਼ਾਮਲ ਹੈ। ਇਨ੍ਹਾਂ ਕਾਂਗਰਸੀ ਅਤੇ ਅਕਾਲੀ ਲੀਡਰਾਂ ਦੇ ਮੁਕਾਮੀ ਗੁਰਦੁਆਰਿਆਂ ਵਿਚ ਅੱਡੇ ਬਣੇ ਹੋਏ ਹਨ। ਪੰਜਾਬ ਵਿਚ ਚੋਣਾਂ ਵੇਲੇ ਇਹ ਸਿਆਸੀ ਲੀਡਰ ਪੱਛਮ ਵੱਲ ਆਪਣੀ ਫੇਰੀ ਦਾ ਕੈਲੰਡਰ ਤਿਆਰ ਕਰਦੇ ਹਨ। ਕੈਨੇਡਾ ਤੇ ਅਮਰੀਕਾ ਦੇ ਗੁਰਦੁਆਰਿਆਂ ਵਿਚ ਵੀ ਕਾਂਗਰਸੀਆਂ ਤੇ ਅਕਾਲੀਆਂ ਦੇ ਕੁਲੈਕਸ਼ਨ ਦਫਤਰ ਖੁੱਲ੍ਹ ਜਾਂਦੇ ਹਨ। ਇਥੇ ਕੰਮ ਕਰ ਰਹੇ ਏਜੰਟਾਂ ਰਾਹੀਂ ਇਹ ਪਾਰਟੀਆਂ ਆਪਣੇ ਲਈ ਫੰਡ ਇਕੱਠੇ ਕਰਦੀਆਂ ਹਨ। ਇਹ ਦੋ ਪਾਰਟੀਆਂ ਆਪਣੇ ਏਜੰਟਾਂ ਜਾਂ ਦੂਜੇ ਦਾਨੀ ਪੁਰਸ਼ਾਂ ਲਈ ਪੰਜਾਬ 'ਚ ਕੀ ਕਰਦੀਆਂ ਹਨ, ਇਸ ਭੇਤ ਬਾਰੇ ਖੋਜ ਕਰਨ ਦੀ ਲੋੜ ਹੈ।

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਚੱਲ ਰਹੇ ਕਬੱਡੀ ਮੈਚਾਂ ਵਾਂਗ ਹੁਣ ਅਮਰੀਕਾ ਵਿਚ ਵੀ ਮੈਚ ਖੇਡੇ ਜਾਂਦੇ ਹਨ। ਅਮਰੀਕਾ ਵਿਚ ਹੋਣ ਵਾਲੇ ਮੈਚਾਂ ਦੇ ਪ੍ਰਬੰਧਕ, ਪੰਜਾਬ ਦੇ ਖੇਡ ਪ੍ਰਬੰਧਕਾਂ ਦੇ ਬਹੁਤ ਨੇੜੇ ਹਨ। ਇਨ੍ਹਾਂ ਪ੍ਰਬੰਧਕਾਂ ਉਤੇ ਨਸ਼ੇ ਵਰਤਣ ਤੇ ਵੇਚਣ ਦੇ ਕਥਿਤ ਦੋਸ਼ ਵੀ ਲੱਗੇ ਹਨ। ਅਮਰੀਕਾ ਵਿਚ ਸੈਕਰਾਮੈਂਟੋ, ਮਾਡੈਸਟੋ, ਫਰਿਜ਼ਨੋ ਤੇ ਲਾਸ ਏਂਜਲਸ ਨਸ਼ੇ ਦੇ ਵਪਾਰਕ ਅੱਡੇ ਹਨ। ਕੈਨੇਡਾ ਵਿਚ ਵੈਨਕੂਵਰ, ਸਰੀ ਅਤੇ ਟੋਰਾਂਟੋ ਇਸ ਘਿਨਾਉਣੇ ਵਪਾਰ ਦੇ ਸੈਂਟਰ ਹਨ। ਨਸ਼ੇ ਦੀ ਵਿਕਰੀ ਦਾ ਪੰਜਾਬੀ ਨੌਜਵਾਨਾਂ ਉਤੇ ਬੁਰਾ ਅਸਰ ਪੈ ਰਿਹਾ ਹੈ। ਨਸ਼ਿਆਂ ਕਰਕੇ ਖੁਦਕੁਸ਼ੀ ਦੇ ਵੀ ਕਈ ਕੇਸ ਸਾਹਮਣੇ ਆਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਵਿਚ ਆਪਣਾ ਸਾਰਾ ਜ਼ੋਰ ਅਕਾਲੀ ਪਾਰਟੀ ਦੇ ਸਿਆਸੀ ਹਿੱਤਾਂ ਦੀ ਪੂਰਤੀ ਉਤੇ ਹੀ ਲਾਇਆ ਹੋਇਆ ਹੈ। ਧਾਰਮਕ ਪੱਖੋਂ ਪੰਥ ਪ੍ਰਚਾਰਕਾਂ ਦਾ ਸਿੱਖ ਜਗਤ ਉਤੇ ਕੋਈ ਅਸਰ ਨਹੀਂ ਜਾਪਦਾ। ਉਹ ਜ਼ੁਬਾਨੀ-ਕਲਾਮੀ ਕਹਾਣੀਆਂ ਸੁਣਾ ਕੇ ਲੋਕਾਂ ਦਾ ਬੱਸ ਮਨ-ਪ੍ਰਚਾਵਾ ਕਰਦੇ ਜਾਪਦੇ ਹਨ। ਸਿੱਖਾਂ ਵਿਚ ਪੜ੍ਹਨ-ਲਿਖਣ ਪ੍ਰਤੀ ਕੋਈ ਉਤਸ਼ਾਹ ਨਹੀਂ। ਸਕੂਲਾਂ, ਕਾਲਜਾਂ ਵਿਚ ਬਹੁਤੇ ਵਿਦਿਆਰਥੀਆਂ, ਮਾਸਟਰਾਂ ਜਾਂ ਪ੍ਰੋਫੈਸਰਾਂ ਨੂੰ ਲਾਇਬਰੇਰੀ ਵਿਚ ਬੈਠ ਕੇ ਪੜ੍ਹਨ-ਲਿਖਣ ਦਾ ਸ਼ੌਕ ਹੀ ਨਹੀਂ ਹੈ। ਬਹੁਤੇ ਸਕੂਲ-ਕਾਲਜ ਤਾਂ ਲਾਇਬਰੇਰੀਆਂ ਤੋਂ ਹੀ ਸੱਖਣੇ ਹਨ। ਬਹੁ-ਗਿਣਤੀ ਪੰਜਾਬੀ ਵਿਦਿਆਰਥੀ, ਅੰਗਰੇਜ਼ੀ ਵਿਚ ਇਕ ਫਿਕਰਾ ਵੀ ਲਿਖਣ ਜਾਂ ਬੋਲਣ ਦੇ ਕਾਬਲ ਨਹੀਂ। ਪੰਜਾਬੀ ਕਾਲਜਾਂ ਦੇ ਪੜ੍ਹੇ ਹੋਏ ਡਿਗਰੀ ਯਾਫਤਾ ਇੰਜੀਨੀਅਰ ਤੇ ਡਾਕਟਰ ਬਾਹਰਲੇ ਮੁਲਕਾਂ ਵਿਚ ਇਨ੍ਹਾਂ ਟੈਕਨੀਕਲ ਪੇਸ਼ਿਆਂ ਵਿਚ ਬੁਰੀ ਤਰ੍ਹਾਂ ਮਾਰ ਖਾ ਰਹੇ ਹਨ। ਪੰਜਾਬ 'ਚ ਪ੍ਰਾਈਵੇਟ ਕਾਲਜਾਂ ਦੀ ਨਵੀਂ ਪੋਧ, ਬਾਹਰ ਦੀਆਂ ਡੋਨੇਸ਼ਨਾਂ ਉਤੇ ਜਿਉਂਦੀ ਹੈ।

ਅਮਰੀਕਾ ਤੇ ਕੈਨੇਡਾ ਵਿਚ ਰਹਿਣ ਵਾਲੇ ਨਾਲਾਇਕ ਵਿਦਿਆਰਥੀ ਮਾਂ-ਪਿਉ ਦੀ ਕਮਾਈ ਨੂੰ ਇਨ੍ਹਾਂ ਕਾਲਜਾਂ ਵਿਚ ਦਫਨ ਕਰਦੇ ਹਨ। ਪੰਜਾਬ ਸਰਕਾਰ ਕਦੇ ਵੀ ਆਪਣੇ ਕਾਰ-ਵਿਹਾਰ ਵਿਚ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੀ ਗੱਲ ਨਹੀਂ ਕਰਦੀ। ਗੁਰਦੁਆਰਿਆਂ ਵਿਚ ਸਿੱਖ ਚਾਲ-ਚਲਣ ਬਾਰੇ ਕਦੇ ਕੋਈ ਬਹਿਸ ਨਹੀਂ ਛੇੜੀ ਜਾਂਦੀ। ਦਾਜ-ਦਹੇਜ, ਜਾਤ-ਪਾਤ, ਊਚ-ਨੀਚ, ਨਾਰੀ ਸ਼ੋਸ਼ਣ ਦੀਆਂ ਨਿੱਤ ਨਵੀਆਂ ਕਹਾਣੀਆਂ, ਸਾਡਾ ਅੱਜ ਦਾ ਪੰਜਾਬੀ ਸਭਿਆਚਾਰ ਹੈ। ਕੀ ਅਸੀਂ ਅਜਿਹੇ ਸਭਿਆਚਾਰ ਨੂੰ ਪੱਛਮ ਦੇ ਸੁਖੀ ਜੀਵਨ ਦੀ ਸਰਦਾਰੀ ਦੇਣਾ ਚਾਹੁੰਦੇ ਹਾਂ? ਕੀ ਅਸੀਂ ਸਮਗਲਰਾਂ, ਜੂਏਬਾਜ਼ਾਂ ਤੇ ਨਕਲੀ ਖਿਡਾਰੀਆਂ ਵਾਂਗ ਅਮੀਰ ਬਣਨਾ ਚਾਹੁੰਦੇ ਹਾਂ? ਕੈਲੀਫੋਰਨੀਆ ਨੂੰ ਪੰਜਾਬ ਬਣਾ ਕੇ ਹੁਣ ਸਾਡਾ ਕਿਹੜੇ ਮੁਲਕ ਵੱਲ ਜਾਣ ਦਾ ਖਿਆਲ ਹੈ?

## ਤਖਤਾਂ ਦੇ ਜਥੇਦਾਰ ਪੰਥ ਦੇ ਭਗੌੜੇ

### ਸੰਪਾਦਕ ਦੀ ਡਾਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 6 ਨਵੰਬਰ ਨੂੰ ਅਨੰਦਪੁਰ ਸਾਹਿਬ ਵਿਦਵਾਨਾਂ ਦੀ ਮੀਟਿੰਗ ਸੱਦੀ ਸੀ ਤਾਂ ਕਿ ਤਖਤ ਸਾਹਿਬਾਨ ਦੀ ਭੂਮਿਕਾ ਉਪਰ ਵਿਚਾਰ ਵਟਾਂਦਰਾ ਹੋ ਸਕੇ। ਕਾਲਜਾਂ ਵਿਚੋਂ ਆਏ 200 ਦੇ ਕਰੀਬ ਅਧਿਆਪਕਾਂ ਦੇ ਇਕੱਠ ਵਿਚ ਮੈਂ ਤੱਥਾਂ ਅਤੇ ਵੇਰਵਿਆਂ ਨਾਲ ਦੱਸਿਆ ਕਿ ਜਦੋਂ ਤਖਤਾਂ ਦੇ ਜਥੇਦਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਮੁਨਕਿਰ ਹੋ ਜਾਣ ਤਾਂ ਖਾਲਸਾ ਪੰਥ ਸਰਬੱਤ ਖਾਲਸਾ ਬੁਲਾ ਸਕਦਾ ਹੈ। ਅਜਿਹਾ ਕਈ ਵਾਰ ਹੋਇਆ ਹੈ ਜਿਸ ਵਿਚ ਤਖਤਾਂ ਦੇ ਜਥੇਦਾਰਾਂ ਨੂੰ ਹਟਾਇਆ ਗਿਆ ਸੀ।

ਸ਼੍ਰੋਮਣੀ ਕਮੇਟੀ ਵਲੋਂ ਤਿਆਰ ਮਤੇ ਦੀ ਵਿਰੋਧਤਾ ਮੈਂ ਸਟੇਜ ਤੋਂ ਕੀਤੀ ਸੀ ਅਤੇ ਮੰਗ ਕੀਤੀ ਸੀ ਕਿ ਤਖਤਾਂ ਦੇ ਜਥੇਦਾਰਾਂ ਨੂੰ ਹਟਾ ਕੇ ਹਾਲ ਦੀ ਘੜੀ ਚਾਰਜ ਉਨ੍ਹਾਂ ਪੰਜ ਪਿਆਰਿਆਂ ਨੂੰ ਦਿਤਾ ਜਾਵੇ ਜਿਹੜੇ ਮੁਅੱਤਲ ਕੀਤੇ ਗਏ ਸਨ, ਫਿਰ ਸਾਰੀਆਂ ਧਿਰਾਂ ਦੀ ਸਹਿਮਤੀ ਨਾਲ ਤਖਤਾਂ ਦੇ ਜਥੇਦਾਰ ਚੁਣ ਲਏ ਜਾਣ। ਵਾਪਰ ਚੁਕੇ ਘਟਨਾਕ੍ਰਮ ਦੀ ਮਾੜੀ ਕਾਰਗੁਜ਼ਾਰੀ ਕਾਰਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪੰਥ ਤੋਂ ਖਿਮਾ ਮੰਗਣ। ਪੰਜ ਪਿਆਰਿਆਂ ਨੇ ਪੰਜ ਸਿੰਘ ਸਾਹਿਬਾਨ ਨੂੰ ਤਲਬ ਕੀਤਾ ਸੀ ਪਰ ਉਹ ਹਾਜ਼ਰ ਨਹੀਂ ਹੋਏ, ਉਨ੍ਹਾਂ ਨੂੰ ਪੰਥ ਦੇ ਭਗੌੜੇ ਕਰਾਰ ਦਿਤਾ ਜਾਵੇ।

*-ਹਰਪਾਲ ਸਿੰਘ ਪੰਨੂ*
*ਪ੍ਰੋਫੈਸਰ ਧਰਮ ਅਧਿਐਨ*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਜ਼ੀਰਵੀ ਇਕੋ ਵੇਲੇ ਅਕਬਰ ਵੀ ਤੇ ਬੀਰਬਲ ਵੀ

***ਸੁਰਜਨ ਜ਼ੀਰਵੀ ਪਿਛਲੇ ਢਾਈ ਦਹਾਕਿਆਂ ਤੋਂ ਕੈਨੇਡਾ ਰਹਿੰਦੇ ਆ ਰਹੇ ਹਨ। ਇਸ ਤੋਂ ਪਹਿਲਾਂ ਉਹ ਕਈ ਦਹਾਕੇ 'ਨਵਾਂ ਜ਼ਮਾਨਾ' ਦੇ ਸੰਪਾਦਕ ਰਹੇ। ਇਸ ਅਰਸੇ ਦੌਰਾਨ ਉਨ੍ਹਾਂ ਬਹੁਤ ਸਾਰੇ ਪੰਜਾਬੀ ਪੱਤਰਕਾਰਾਂ ਨੂੰ ਗੁੜ੍ਹਤੀ ਵੀ ਦਿੱਤੀ। ਉਹ ਹਮੇਸ਼ਾਂ ਚਰਚਾ ਵਿਚ ਰਹੇ ਹਨ। ਅਜਕਲ੍ਹ ਉਨ੍ਹਾਂ ਦੀ ਸਿਹਤ ਭਾਵੇਂ ਬਹੁਤੀ ਠੀਕ ਨਹੀਂ ਪਰ ਫਿਰ ਵੀ ਪੂਰੇ ਸਰਗਰਮ ਹਨ। ਗੁਰਦੇਵ ਚੌਹਾਨ ਦਾ ਇਹ ਲੇਖ ਸੁਰਜਨ ਜ਼ੀਰਵੀ ਦੀ ਸ਼ਖਸੀਅਤ ਦੀ ਭਰਵੀਂ ਤਸਵੀਰ ਪੇਸ਼ ਕਰਦਾ ਹੈ। -ਸੰਪਾਦਕ***

ਸਾਲ 2003 ਦੀ ਗੱਲ ਹੈ, ਮੈਂ ਕੈਨੇਡਾ ਵਿਜ਼ਿਟਰ ਵਜੋਂ ਆਇਆ ਸਾਂ ਅਤੇ ਆਪਣੀ ਬੇਟੀ ਕੋਲ ਟਰਿੰਟਨ ਰਹਿੰਦਾ ਸਾਂ। ਮੈਨੂੰ ਮਿਸੀਸਾਗਾ ਤੋਂ ਫੋਨ ਆਇਆ। ਬੋਲਣ ਵਾਲੇ ਦੀ ਆਵਾਜ਼ ਤੋਂ ਮੈਂ ਵਾਕਿਫ ਨਹੀਂ ਸਾਂ ਪਰ ਉਸ ਇਹ ਕਹਿ ਕੇ ਫੋਨ ਕਿਸੇ ਹੋਰ ਨੂੰ ਫੜਾ ਦਿੱਤਾ, "ਲਓ ਗੁਰਬਚਨ ਨਾਲ ਗੱਲ ਕਰੋ।" ਗੁਰਬਚਨ ਚੰਡੀਗੜ੍ਹ ਰਹਿੰਦਾ ਹੈ, ਕਈ ਦਹਾਕਿਆਂ ਤੋਂ ਮੇਰਾ ਮਿੱਤਰ ਹੈ। ਉਹ ਅਜਿਹਾ ਸਾਹਿਤਕਾਰ ਹੈ, ਜਿਸ ਦੀ ਲਿਖਤ ਜਿੰਨੀ ਤਿੱਖੀ ਅਤੇ ਜਾਇਕੇਦਾਰ ਹੁੰਦੀ ਹੈ, ਉਨੀ ਹੀ ਇਹ ਉਸ ਬੰਦੇ ਦੇ ਮੂੰਹ ਦਾ ਜਾਇਕਾ ਕਈ ਕਈ ਸਾਲ ਖਰਾਬ ਕਰ ਸਕਣ ਦੀ ਸ਼ਕਤੀ ਵੀ ਰਖਦੀ ਹੈ, ਜਿਸ ਬਾਰੇ ਉਹ ਲਿਖਤ ਹੋਵੇ, ਭਾਵੇਂ ਉਸ ਦਾ ਮਿੱਤਰ ਹੀ ਹੋਵੇ ਜਾਂ ਕਦੇ ਰਿਹਾ ਹੋਵੇ। ਗੁਰਬਚਨ ਨੂੰ ਫੋਨ ਦੇਣ ਵਾਲਾ ਸੁਰਜਨ ਜ਼ੀਰਵੀ ਸੀ ਜਿਸ ਪਾਸ ਉਹ ਰੁਕਿਆ ਹੋਇਆ ਸੀ। ਮੈਂ ਸੋਚਿਆ, ਰੱਬ ਖੈਰ ਕਰੇ।



**ਗੁਰਦੇਵ ਚੌਹਾਨ**

ਜ਼ੀਰਵੀ ਅਤੇ ਉਸ ਨਾਲ ਦੋਸਤੀ ਦਾ ਜ਼ਿਕਰ ਗੁਰਬਚਨ ਨੇ ਪਹਿਲਾਂ ਵੀ ਕਈ ਵਾਰ ਕੀਤਾ ਸੀ। ਮੈਂ 35 ਸੈਕਟਰ ਵਿਚ ਸਾਂ ਅਤੇ ਗੁਰਬਚਨ ਦੋ ਸੈਕਟਰ ਛਡ ਕੇ 33 ਸੈਕਟਰ ਵਿਚ ਅਤੇ ਫਿਰ ਕੁਝ ਕੁ ਸਾਲਾਂ ਦੇ ਵਕਫੇ ਨਾਲ 45 ਵਿਚ ਰਹਿੰਦਾ ਸੀ। ਅਸੀਂ ਅਕਸਰ ਇਕੱਠਿਆਂ ਸੈਰ ਕਰਦੇ। ਮੈਂ ਸੋਚਦਾ, ਇਹ ਜ਼ੀਰਵੀ ਨਾਂ ਦਾ ਸਖਸ਼ ਕੋਈ ਖਾਸ ਹੀ ਹੋਵੇਗਾ। ਨਹੀਂ ਤਾਂ ਅਕਸਰ ਉਹ ਜਿਸ ਦਾ ਵੀ ਜ਼ਿਕਰ ਕਰਦਾ, ਉਹ ਮਾੜੇ ਪਾਸੇ ਵਲ ਵੱਧ ਝੁੱਕਿਆ ਹੁੰਦਾ। ਪਰ ਜ਼ੀਰਵੀ ਬਾਰੇ ਜ਼ਿਕਰ ਹਮੇਸ਼ਾ ਹੀ ਪ੍ਰਸ਼ੰਸਾ ਭਰਿਆ ਹੁੰਦਾ। ਪਹਿਲੀ ਵੇਰ ਉਸੇ ਤੋਂ ਮੈਨੂੰ ਪਤਾ ਲਗਾ ਕਿ ਭਾਰਤੀ ਸਾਹਿਤ ਅਕਾਦਮੀ ਵਲੋਂ ਸਨਮਾਨਿਤ ਪ੍ਰਸਿੱਧ ਕਵੀ ਅਤੇ ਮਨੋਵਿਗਿਆਨੀ ਜਸਵੰਤ ਸਿੰਘ ਨੇਕੀ ਜਿਹੜੇ ਪੀ ਜੀ ਆਈ ਚੰਡੀਗੜ੍ਹ ਦੇ ਡਾਇਰੈਕਟਰ ਵੀ ਰਹੇ ਹਨ, ਦੀ ਭੈਣ ਅੰਮ੍ਰਿਤ, ਸੁਰਜਨ ਜ਼ੀਰਵੀ ਦੀ ਧਰਮ ਪਤਨੀ ਹੈ। ਉਨ੍ਹਾਂ ਦੀ ਇਕੋ ਇਕ ਬੇਟੀ ਸੀਰਤ ਨਵਤੇਜ ਨੂੰ ਵਿਆਹੀ ਹੋਈ ਹੈ। ਸੁਰਜਨ ਜ਼ੀਰਵੀ ਨੇ ਆਪਣਾ ਨਾਂ ਆਪਣੀ ਜਨਮ ਭੂਮੀ ਕਸਬਾ ਜ਼ੀਰਾ, ਤੋਂ ਪ੍ਰਭਾਵਿਤ ਹੋ ਕੇ ਰਖਿਆ ਹੈ। ਉਸ ਦਾ ਛੋਟਾ ਭਰਾ ਜਗਜੀਤ ਜ਼ੀਰਵੀ ਪ੍ਰਸਿੱਧ ਗਜ਼ਲ ਗਾਇਕ ਹੈ।

ਇਸ ਵਾਰ ਜਦੋਂ ਮੈਂ ਕੈਨੇਡਾ ਆਇਆ ਤਾਂ ਤਾਂਘ ਸੀ ਕਿ ਉਦੋਂ ਤਾਂ ਭਾਵੇਂ ਮੈਂ ਜ਼ੀਰਵੀ ਦੇ ਦਰਸ਼ਨ ਨਾ ਕਰ ਸਕਿਆ ਪਰ ਹੁਣ ਤਾਂ ਕਦੇ ਨਾ ਕਦੇ ਇਸ ਸਖਸ਼ ਨਾਲ ਦੇਰ-ਸਵੇਰ ਮੇਲ ਹੋ ਹੀ ਜਾਵੇਗਾ। ਛੇਤੀ ਹੀ ਅਜਿਹਾ ਮੌਕਾ ਬਣ ਗਿਆ। ਫਿਰ ਅਸੀਂ ਅਕਸਰ ਮਿਲਣ ਲੱਗੇ। ਮੇਰਾ ਮਿੱਤਰ ਬਲਰਾਜ ਚੀਮਾ ਵੀ ਅਗੋਂ ਉਸ ਦਾ ਮਿੱਤਰ ਸੀ ਅਤੇ ਇਸ ਮਿੱਤਰਤਾ ਦਾ ਇਕ ਖਾਸ ਰਾਜ਼ ਅਤੇ ਕਾਰਣ ਬਲਰਾਜ ਚੀਮਾ ਦੀ ਮਿਲਣਸਾਰ ਸੁਭਾਅ ਵਾਲੀ ਕਾਰ ਸੀ ਜਿਹੜੀ ਉਨ੍ਹਾਂ ਦੋਨਾਂ ਨੂੰ ਜਿੱਥੇ ਉਹ ਚਾਹੁੰਦੇ, ਲੈ ਜਾਂਦੀ। ਜ਼ੀਰਵੀ ਨੂੰ ਕਾਰ ਤਾਂ ਇਕ ਪਾਸੇ ਰਹੀ, ਸਾਈਕਲ ਵੀ ਚੱਜ ਨਾਲ ਨਹੀਂ ਸੀ ਚਲਾਉਣਾ ਆਉਂਦਾ।

ਜ਼ੀਰਵੀ ਕਈ ਦਹਾਕੇ 'ਨਵਾਂ ਜ਼ਮਾਨਾ' ਅਖਬਾਰ ਦਾ ਸੰਪਾਦਕ ਰਿਹਾ ਹੈ ਜਿਹੜੀ ਪੰਜਾਬੀ ਵਿਚ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਉਰਦੂ ਵਿਚ ਨਿਕਲਦੀ ਸੀ। ਜ਼ੀਰਵੀ ਨੇ ਉਸ ਦੇ ਦੋਵੇਂ ਰੂਪ ਸੰਪਾਦਿਤ ਕੀਤੇ ਹਨ। ਇਹ ਉਸ ਦੀ ਦੇਖ-ਰੇਖ ਵਾਲੇ ਸਮੇਂ ਵਿਚ ਹੀ ਹੋਇਆ ਸੀ ਕਿ ਇਹ ਅਖਬਾਰ ਵੱਡੀ ਸੰਖਿਆ ਵਿਚ ਆਪਣੇ ਪੰਜਾਬੀ ਪਾਠਕ ਬਣਾ ਸਕੀ। ਇਹ ਉਹੀ ਦਿਨ ਸਨ, ਜਦ ਇਸ ਵਿਚ ਫਿਕਰ ਤੌਂਸਵੀ ਦਾ ਪ੍ਰਸਿੱਧ ਹਾਸਰਸ ਵਿਅੰਗ 'ਪਿਆਜ ਦੇ ਛਿਲਕੇ' ਛਪਦਾ ਹੁੰਦਾ ਸੀ ਅਤੇ ਅਸੀਂ ਸਕੂਲ ਤੋਂ ਪਰਤਦੇ ਕਿੱਕਰਾਂ ਦੀ ਛਿੱਦੀ ਛਾਵੇਂ ਰੁਕ ਕੇ ਪੜਦੇ। ਸਾਡੇ ਪਿੰਡ ਵਿਚ ਡਾਕਖਾਨਾ ਨਾ ਹੋਣ ਕਰਕੇ ਕਾਮਰੇਡ ਮਾਸਟਰ ਈਸ਼ਰ ਸਿੰਘ ਦੀ ਅਖਬਾਰ ਡਾਕੀਆ ਸਕੂਲ ਵਿਚ ਹੀ ਸਾਨੂੰ ਦੇ ਜਾਂਦਾ ਸੀ। ਪੰਜਾਬ ਵਿਚ ਖੱਬੇ ਪੱਖੀ ਲਹਿਰ ਕਾਇਮ ਕਰਨ ਵਲ ਜ਼ੀਰਵੀ ਅਤੇ ਉਸ ਦੀ ਅਖਬਾਰ 'ਨਵਾਂ ਜ਼ਮਾਨਾ' ਦਾ ਅਹਿਮ ਰੋਲ ਰਿਹਾ ਹੈ। ਇਨ੍ਹਾਂ ਸਾਲਾਂ ਵਿਚ ਪੰਜਾਬ ਵਿਚ ਹਰਾ ਅਤੇ ਚਿੱਟਾ ਇਨਕਲਾਬ ਆ ਰਿਹਾ ਸੀ।

ਜ਼ੀਰਵੀ ਦੇ ਨਜ਼ਰ ਵਾਲੇ ਚਸ਼ਮੇ ਵਿਚੋਂ ਉਸ ਦੀ ਪੈਨੀ ਦ੍ਰਿਸ਼ਟੀ ਸਭ ਉਨ੍ਹਾਂ ਚੀਜ਼ਾਂ 'ਤੇ ਪੈਂਦੀ ਸੀ ਜੋ ਮੀਡੀਆ ਦੇ ਰਹਿਮੋ ਕਰਮ 'ਤੇ ਸਨ। ਉਨ੍ਹਾਂ ਦਿਨਾਂ ਵਿਚ ਪ੍ਰਿੰਟ ਮੀਡੀਆ ਹੀ ਪ੍ਰਮੁੱਖ ਸੀ। ਇਹ ਖਬਰਾਂ ਦੇ ਦਿਨ ਸਨ ਅਤੇ ਇਸ ਲਈ ਅਖਬਾਰਾਂ ਦੇ। ਉਨ੍ਹੀਂ ਦਿਨੀਂ ਅਖਬਾਰ ਵੱਧ ਕਾਰਗਾਰ ਸਨ।

ਹੁਣ ਉਸ ਦੇ ਅਖਬਾਰ ਤੋਂ ਸੇਵਾ ਮੁਕਤ ਹੋਇਆਂ ਕਈ ਸਾਲ ਹੋ ਚੁੱਕੇ ਹਨ ਅਤੇ ਕੈਨੇਡਾ ਵਿਚ ਰਹਿੰਦਿਆਂ ਵੀ ਕਈ ਸਾਲ। ਇਨ੍ਹਾਂ ਵਰ੍ਹਿਆਂ ਵਿਚ ਬਹੁਤ ਕੁਝ ਬੀਤ ਗਿਆ ਅਤੇ ਤਬਦੀਲ ਹੋ ਚੁੱਕਾ ਹੈ। ਇਕ ਹੋਰ ਤਬਦੀਲੀ ਉਸ ਦੀ ਦਾਹੜੀ ਵਿਚ ਚਿੱਟੇ ਵਾਲਾਂ ਦੀ ਗਿਣਤੀ ਦੇ ਸਿਆਣਪੀ ਵਾਧੇ ਦੀ ਹੋਈ ਹੈ ਅਤੇ ਦੂਜੀ ਉਸ ਦੇ ਕਾਲੇ ਵਾਲਾਂ ਦੇ ਸੰਜਮੀ ਘਾਟੇ ਦੀ। ਪਰ ਉਸ 'ਤੇ ਇਹ ਵਾਧੇ-ਘਾਟੇ ਅਕਸਰ ਘਟ ਵੱਧ ਹੀ ਅਸਰ ਕਰਦੇ ਹਨ। ਉਸ ਦੀ ਜ਼ਿੰਦਗੀ 'ਤੇ ਕੇਵਲ ਇਕ ਚੀਜ਼ ਨੇ ਹੀ ਅਸਰ ਕੀਤਾ ਹੈ, ਇਹ ਹੈ, ਸੋਵੀਅਤ ਯੂਨੀਅਨ ਦਾ ਵਿਗੱਠਨ। ਇਸ ਨੇ ਉਸ ਦੀ ਜ਼ਿੰਦਗੀ ਭਰ ਦੀ ਆਸਥਾ ਨੂੰ ਤੋੜ ਦਿੱਤਾ।

ਜ਼ੀਰਵੀ ਨੇ ਆਪਣੀਆਂ ਸੰਪਾਦਕੀਆਂ ਨੂੰ ਕਦੇ ਨਹੀਂ ਸੰਭਾਲਿਆ, ਭਾਵੇਂ ਇਨ੍ਹਾਂ ਨੂੰ ਬਹੁਤ ਸਾਰੇ ਪਾਠਕ ਅਜੇ ਤੀਕ ਆਪਣੀ ਸਿਮਰਤੀ ਵਿਚ ਸਾਂਭੀ ਬੈਠੇ ਹਨ। ਪਰ ਹੁਣ ਉਸ ਆਪਣੀ ਅਖਬਾਰੀ ਜ਼ਿੰਦਗੀ ਤੋਂ ਵਿਹਲਾ ਹੋ ਕੇ ਲਿਖਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਨ੍ਹਾਂ ਲੇਖਾਂ ਨੂੰ ਸਾਂਭਣਾ ਵੀ। ਉਸ ਦੇ ਲੇਖਾਂ ਦੀ ਪੁਸਤਕ 'ਇਹ ਹੈ ਬਾਰਬੀ ਸੰਸਾਰ' ਦੋ ਕੁ ਸਾਲ ਪਹਿਲਾਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਸ਼ਾਮਲ ਲੇਖ ਉਸ ਵਿਚਲੇ ਵਿਅੰਗਕਾਰ ਨੂੰ ਵੀ ਉਘਾੜਦੇ ਹਨ। ਉਹ ਆਪਣੀ ਚੁਸਤ ਬਿਆਨੀ ਲਈ ਮਸ਼ਹੂਰ ਹੈ। ਲਤੀਫੇ ਤਾਂ ਉਸ ਦੇ ਮੂੰਹ ਤੋਂ ਬਾਹਰ ਨਿਕਲਣ ਲਈ ਹਮੇਸ਼ਾਂ ਹੀ ਕਾਹਲੇ ਰਹਿੰਦੇ ਹਨ। ਲੋਕਾਂ ਨੂੰ ਹੈਰਾਨੀ ਹੁੰਦੀ ਹੈ ਕਿ ਇਤਨੇ ਲਤੀਫਿਆਂ ਦੇ ਬਾਵਜੂਦ ਉਸ ਦਾ ਆਪਣਾ ਪੇਟ ਹਾਸੇ ਨਾਲ ਫਟਣੋਂ ਕਿਵੇਂ ਬਚਿਆ ਰਿਹਾ।



*ਸੁਰਜਨ ਜ਼ੀਰਵੀ*


'ਇਹ ਹੈ ਬਾਰਬੀ ਸੰਸਾਰ' ਵਿਚ ਕੁਝ ਅਜਿਹੇ ਮਸਲੇ ਹਨ ਜਿਹੜੇ ਪੰਜਾਬੀ ਵਿਚ ਪਹਿਲੀ ਵੇਰ ਛੋਹੇ ਗਏ ਹਨ। ਇਹ ਉਹ ਮਸਲੇ ਹਨ ਜਿਹੜੇ ਕੈਨੇਡਾ ਅਤੇ ਅਮਰੀਕੀ ਰਾਜਨੀਤੀ ਅਤੇ ਅਰਥਚਾਰੇ ਨਾਲ ਸਬੰਧਤ ਹੀ ਨਹੀਂ ਹਨ ਸਗੋਂ ਇਨ੍ਹਾਂ ਉਤੇ ਕਰਾਰੀ ਚੋਟ ਵੀ ਕਰਦੇ ਹਨ, ਜਾਂ ਫਿਰ ਭਾਰਤ ਦੀ ਰਾਜਨੀਤੀ ਅਤੇ ਭਾਰਤ ਬਾਰੇ ਅਮਰੀਕੀ ਸਾਮਰਾਜੀ ਨੀਤੀ ਦਾ ਤਿੱਖਾ ਲੇਖਾ-ਜੋਖਾ। ਅਸਲ ਵਿਚ ਭਾਰਤ ਨੂੰ ਪਹਿਲਾਂ ਪੂਰਬੀਅਤ ਦਾ ਨਾਂ ਦੇ ਕੇ ਭਾਰਤੀ ਚਿੰਤਨ ਦੀ ਅਮੀਰੀ ਦੀ ਥਾਂ ਇਸ ਦੇ ਪਛੜੇਪਣ ਨੂੰ ਹੀ ਮਨੋਰੰਜਨ ਦਾ ਸਾਧਨ ਬਣਾਇਆ ਜਾਂਦਾ ਰਿਹਾ ਹੈ। ਮਿਸਾਲ ਲਈ ਇਥੋਂ ਦੀ ਗਰੀਬੀ ਦੇ ਕਿੱਸੇ, ਹਾਥੀ ਸਵਾਰ, ਬੀਨ ਨਾਲ ਸੱਪ ਕਢਣ ਵਾਲੇ ਸਪੇਰੇ, ਜਾਦੂਗਰ ਖਾਸ ਕਰ ਕੇ ਰੱਸੀ ਨੂੰ ਅਸਮਾਨ ਵਿਚ ਟੰਗ ਕੇ ਉਸ ਨੂੰ ਫੜ ਕੇ ਅਸਮਾਨ ਵਿਚ ਚੜ੍ਹਨ ਵਾਲੇ ਅਤੇ ਫਿਰ ਗੁੰਮ ਹੋ ਜਾਣ ਵਾਲੇ ਜਾਦੂਗਰਾਂ ਆਦਿ ਨੂੰ ਹੀ ਪੂਰਬੀਅਤ ਦਾ ਨਾਂ ਦਿਤਾ ਜਾਂਦਾ ਰਿਹਾ ਹੈ। ਇਸ ਤੋਂ ਵੀ ਹਲਕੇ ਮੰਨੋਰੰਜਨੀ ਰੌਂਅ ਵਿਚ ਭਾਰਤ ਦੀ ਪ੍ਰਸੰਸਾ ਕੀਤੀ ਜਾਂਦੀ ਰਹੀ ਹੈ ਜਿਸ ਦਾ ਜ਼ਿਕਰ ਐਲਬਰਤ ਸਈਅਦ ਨੇ ਆਪਣੀ ਇਸੇ ਨਾਂ ਦੀ ਪੁਸਤਕ ਵਿਚ ਕੀਤਾ ਹੈ। ਜ਼ੀਰਵੀ ਅਨੁਸਾਰ ਇਸੇ ਤਰ੍ਹਾਂ ਹੀ ਪਛਮ ਨੇ ਭਾਰਤ ਦੇ ਸਭ ਤੋਂ ਵੱਡੇ ਲੋਕਰਾਜ ਹੋਣ ਅਤੇ ਜਾਂ ਹੋਰਨਾਂ ਖੇਤਰਾਂ ਨੂੰ ਮਜ਼ਾਕੀਆ ਹੱਦ ਤੀਕ ਆਪਣੇ ਹਿੱਤਾਂ ਲਈ ਵਰਤਿਆ ਹੈ ਜਿਸ ਦਾ ਸ਼ਾਨਦਾਰ ਜ਼ਿਕਰ ਉਸ 'ਐ ਵਤਨ...ਸਲਾਮਤ ਦੇਖੂੰ' ਆਦਿ ਲੇਖਾਂ ਵਿਚ ਕੀਤਾ ਹੈ। ਉਸ ਦੇ ਹੋਰ ਲੇਖ ਕਾਰਪੋਰੇਟ ਸੈਕਟਰ ਜਿਹੜਾ ਹੁਣ ਸਾਮਰਾਜ ਦਾ ਹੀ ਦੂਜਾ ਰੂਪ ਹੈ, ਵਲੋਂ 'ਖੁੱਲੇ ਵਣਜ' ਦੀ ਵਕਾਲਤ ਅਤੇ ਵਡਿਆਈ ਦੇ ਕੁਥਾਵੇਂ ਅਤੇ ਭੁਲੇਖਾਕਾਰੀ ਅਰਥਾਂ ਦਾ ਪਾਜ ਖੋਲਦੇ ਹਨ। ਸਮਲਿੰਗੀ ਵਿਆਹਾਂ ਦੇ ਬਿਲ ਬਾਰੇ ਉਸ ਦੇ ਲੇਖ ਨੂੰ ਪੜ੍ਹ ਕੇ ਤੁਸੀਂ ਸਹਿਜੇ ਹੀ ਇਸ ਤੱਥ 'ਤੇ ਪਹੁੰਚ ਸਕਦੇ ਹੋ ਕਿ ਉਹ ਪਿਛਲੀ ਸਦੀ ਦੀ ਦਿੱਖ ਵਾਲਾ ਇੱਕੀਵੀਂ ਸਦੀ ਦਾ ਸ਼ਾਹਸਵਾਰ ਹੈ।

'ਇਹ ਹੈ ਬਾਰਬੀ ਸੰਸਾਰ' ਲੇਖ ਵਿਚ ਉਸ ਨੇ ਅਮਰੀਕੀ ਬਹੁ-ਕੌਮੀ ਕੰਪਨੀਆਂ ਵਲੋਂ ਬੱਚਿਆਂ ਲਈ ਮਾਪਿਆਂ ਦੇ ਮੋਹ ਨੂੰ ਕੁਸ਼ਲਤਾ ਨਾਲ ਕੈਸ਼ ਕਰਨ ਦੀ ਕੋਸ਼ਿਸ਼ ਵਿਚ ਬਾਰਬੀ ਦਾ ਸਿਲਸਿਲਾ ਸ਼ੁਰੂ ਕਰਨ ਦੀ ਪਰੋਖ ਸਾਜਿਸ਼ ਦਾ ਪਰਦਾ ਫਾਸ਼ ਕੀਤਾ ਹੈ। ਹਰ ਸਾਲ ਕਿਸੇ ਸੱਚੀਂ-ਮੁਚੀਂ ਦੀ ਕੁੜੀ ਨੂੰ 'ਬਾਰਬੀ' ਬਣਾਉਣ ਲਈ ਚੁਣਿਆ ਜਾਂਦਾ ਹੈ ਫਿਰ ਉਸ ਦੀ ਸ਼ਕਲ ਦੀਆਂ ਗੁਡੀਆਂ ਤਿਆਰ ਕੀਤੀਆਂ ਅਤੇ ਵੇਚੀਆਂ ਜਾਂਦੀਆਂ ਹਨ। ਫਿਰ ਇਨ੍ਹਾਂ ਦੇ ਡਰੈਸਾਂ ਨੂੰ ਬਾਜ਼ਾਰ ਵਿਚ ਲਿਆ ਕੇ ਹੋਰ ਪੈਸੇ ਵਸੂਲ ਕੀਤੇ ਜਾਂਦੇ ਹਨ ਅਤੇ ਫਿਰ ਬਾਰਬੀ ਲਈ ਫਰਨੀਚਰ, ਭਾਂਡੇ, ਦਿਲ ਲਾਉਣ ਲਈ ਸੁਹਣਾ ਮੁੰਡਾ ਅਤੇ ਫਿਰ ਉਨ੍ਹਾਂ ਦਾ ਘਰ, ਕਾਰਾਂ-ਗਲ ਕੀ ਨਿੱਤ ਨਵੀਂ ਮੰਗ ਪੈਦਾ ਕਰਨ ਲਈ ਪਹਿਲਾਂ ਇਨ੍ਹਾਂ ਵਸਤਾਂ ਨੂੰ ਬਾਜ਼ਾਰ ਵਿਚ ਸੁਟਿਆ ਜਾਂਦਾ ਹੈ। ਇਸ ਕਹਾਣੀ ਨੂੰ ਜਿੰਨਾ ਵੀ ਵਧਾ ਲਵੋ ਇਹ ਸਿਲਸਿਲਾ ਖਤਮ ਹੋਣ ਵਾਲਾ ਨਹੀਂ। ਅਸਲ ਵਿਚ ਬਾਰਬੀ ਆਪਣੇ ਆਪ ਵਿਚ ਵੀ ਪ੍ਰਤੀਕ ਹੈ ਅਜਿਹੀ ਲੁਟ ਖਸੁਟ ਦਾ।

'ਹੋਰ ਅਤੇ ਹੋਰ' ਲੇਖ ਵਿਚ ਅਮਰੀਕਾ ਰਾਹੀਂ ਪ੍ਰਚਾਰੀ ਗਈ ਜ਼ਿੰਦਗੀ ਦਾ ਬਿਆਨ ਹੈ ਜੋ ਇਕੋ ਇਕ ਜਨੂੰਨ ਬਣ ਗਿਆ ਹੈ ਜਿਸ ਦਾ ਜ਼ਿਕਰ ਇਤਾਲਵੀ ਚਿੰਤਕ ਅਤੇ ਨਾਵਲਿਸਟ ਇੰਬਾਰਤੋ ਈਕੋ ਨੇ ਵੀ ਆਪਣੀ ਪੁਸਤਕ 'ਟਰੈਵਲਜ਼ ਇਨ ਹਾਈਪਰ ਰਿਐਲਿਟੀ' ਵਿਚ ਕੀਤਾ ਹੈ ਜਿਹੜੀ ਅਚੇਤ ਹੀ ਜ਼ੀਰਵੀ ਦੀ ਇਸ ਪੁਸਤਕ ਦੀ ਯਾਦ ਤਾਜ਼ਾ ਕਰ ਦਿੰਦੀ ਹੈ। ਇਸ ਕਥਨ ਦਾ ਉਲਟਾ ਰੂਪ ਵੀ ਉਤਨਾ ਹੀ ਸੱਚ ਹੈ।

ਇਰਾਕ ਉਤੇ ਅਮਰੀਕੀ ਜੰਗ ਦੇ ਅਗੇ-ਪਿੱਛੇ ਕੀ ਸੀ? ਇਸੇ ਤਰ੍ਹਾਂ ਨੈਟੋ ਦੇ ਸੰਗਠਨ ਪਿੱਛੇ ਵੀ। ਮਹਾਂ ਸ਼ਕਤੀ ਕਿਵੇਂ ਉਲਾਰ ਹੋ ਜਾਂਦੀ ਹੈ? ਇਹ ਪੁਸਤਕ ਇਨ੍ਹਾਂ ਪ੍ਰਸ਼ਨਾਂ ਅਤੇ ਅਜਿਹੇ ਸੰਦੇਹਾਂ ਉਤੋਂ ਗਰਦ ਝਾੜਦੀ ਹੈ। ਪਿਕਾਸੋ ਦਾ ਚਿਤਰ ਗੁਇਰਨਿਕਾ ਸਪੇਨੀ ਖਾਨਾਜੰਗੀ ਵੇਲੇ ਇਸ ਨਾਂ ਦੇ ਪਿੰਡ ਵਿਚ ਹੋਏ ਭਿਆਨਕ ਕਤਲੇਆਮ ਅਤੇ ਤਬਾਹੀ ਨੂੰ ਮੂਰਤੀਮਾਨ ਕਰਦਾ ਹੈ। ਜਦ ਅਮਰੀਕਾ ਇਰਾਕ ਉਤੇ ਹਮਲਾ ਕਰਨ ਜਾ ਰਿਹਾ ਸੀ, ਤਦ ਯੂ ਐਨ ਓ ਦੀ ਸੁਰੱਖਿਆ ਕੌਂਸਲ ਵਿਚ ਅਮਰੀਕੀ ਵਿਦੇਸ਼ ਸਕੱਤਰ ਕੋਲਿਨ ਪਾਵਲ ਵਲੋਂ ਇਰਾਕ ਖਿਲਾਫ ਦੋਸ਼ ਪਤਰ ਪੇਸ਼ ਕਰਨ ਸਮੇਂ ਉਸ ਦਫਤਰ ਵਿਚ ਟੰਗੀ ਪਿਕਾਸੋ ਦੀ ਤਸਵੀਰ ਉਤੇ ਪਰਦਾ ਦੇ ਦਿੱਤਾ ਗਿਆ ਸੀ ਕਿਉਂਕਿ ਇਸ ਤਸਵੀਰ ਦੀ ਹਾਜ਼ਰੀ ਵਿਚ ਕੋਲਿਨ ਕਿਵੇਂ ਝੂਠ ਬੋਲ ਕੇ ਹਮਲਾ ਕਰਨ ਦੀ ਤਜਵੀਜ਼ ਰਖ ਸਕਦਾ ਸੀ। ਕਲਾ ਅਤੇ ਸਾਹਿਤ ਦੀ ਤਾਕਤ ਨੂੰ ਉਘਾੜਨ ਲਈ ਅਜਿਹੀਆਂ ਮਿਸਾਲਾਂ ਨੂੰ ਆਧਾਰ ਬਣਾ ਕੇ ਲਿਖਣਾ, ਇਹ ਕੇਵਲ ਸੁਰਜਨ ਜ਼ੀਰਵੀ ਹੀ ਕਰ ਸਕਦਾ ਹੈ।

'ਮਾਮਲਾ ਉਮਰਾਂ ਦਾ' ਵਿਚ ਉਹ ਜਵਾਨੀ ਨੂੰ ਰੋਕਣ ਵਾਲੀਆਂ ਦਵਾਵਾਂ ਉਤੇ ਵਿਅੰਗ ਕੱਸਦਾ ਹੈ। 'ਰੇਚਲ ਕੋਰੀ ਦੇ ਲਹੂ ਦੀ ਪੁਕਾਰ' ਵਿਚ 23 ਸਾਲਾ ਅਮਰੀਕਨ ਅਮਨ ਵਾਲੰਟੀਅਰ ਕੁੜੀ ਦਾ ਜ਼ਿਕਰ ਹੈ, ਜਿਸ ਨੂੰ ਗਾਜ਼ਾ ਪੱਟੀ ਵਿਚ ਇਕ ਇਸਰਾਈਲੀ ਨੇ ਆਪਣੇ ਬੁਲਡੋਜ਼ਰ ਹੇਠ ਦੇ ਕੇ ਮਾਰ ਦਿੱਤਾ ਸੀ। ਇਸ ਦਰਦਨਾਕ ਘਟਨਾ ਨੇ ਲੱਖਾਂ ਦਿਲ ਹਿਲਾ ਕੇ ਰੱਖ ਦਿੱਤੇ ਸਨ। ਸੋ ਇਹ ਪੁਸਤਕ ਨਵੀਂ ਸਦੀ ਵਿਚ ਮਨੁੱਖ ਨੂੰ ਦਰਪੇਸ਼ ਮਸਲਿਆਂ ਨੂੰ ਇਸੇ ਸਦੀ ਦੀ ਸ਼ਬਦਾਵਲੀ ਅਤੇ ਅੰਦਾਜ਼ੇ ਬਿਆਨ ਵਿਚ ਅਗਰਭੂਮਿਤ ਕਰਦੀ ਹੈ।




ਦੋ ਕੁ ਮਹੀਨੇ ਪਹਿਲਾਂ ਇਕ ਸ਼ਾਮ ਅਸੀਂ ਜ਼ੀਰਵੀ ਦੇ ਘਰ ਬੈਠੇ ਸਾਂ ਕਿ ਉਸ ਨੇ ਪੁੱਛਿਆ, ਕੀ ਪੀਣਾ ਹੈ। ਮੈਂ ਸੁਭਾਵਕ ਕਿਹਾ, ਕੁਝ ਨਹੀਂ। ਜ਼ੀਰਵੀ ਕਹਿਣ ਲਗਾ, ਵੇਖੋ ਸ਼ਰਾਬ ਪੀਣੀ ਮਾੜੀ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਪਰ ਨਾ ਪੀਣੀ ਹੋਰ ਵੀ ਮਾੜੀ ਹੈ।

ਨਿਰਸੰਦੇਹ ਸੁਰਜਨ ਜ਼ੀਰਵੀ ਪੰਜਾਬੀ ਸਾਹਿਤ ਦੇ ਦਰਬਾਰ ਦਾ ਇਕੋ ਵੇਲੇ ਅਕਬਰ ਵੀ ਹੈ ਤੇ ਬੀਰਬਲ ਵੀ।

## ਕਾਵਿ-ਕਿਆਰੀ

### ਰਮਜ਼

ਨੱਕੋ-ਨੱਕ ਭਰਿਆ
ਦੁੱਧ ਦਾ ਕਟੋਰਾ ਲੈ ਕੇ
ਮੈਂ ਫ਼ਕੀਰ ਕੋਲ ਗਿਆ
'ਰੱਬ ਬਹੁਤਾ ਦੇਵੇ'
ਕਹਿ ਕੇ ਫ਼ਕੀਰ ਨੇ
ਨੱਕੋ-ਨੱਕ ਭਰਿਆ
ਦੁੱਧ ਦਾ ਕਟੋਰਾ ਪੀ ਲਿਆ।

ਨੱਕੋ-ਨੱਕ ਭਰਿਆ
ਦੁੱਧ ਦਾ ਕਟੋਰਾ ਲੈ ਕੇ
ਮੈਂ ਰੁੱਖ ਕੋਲ ਗਿਆ
ਫੁੱਲ ਟੁੱਟ ਕੇ
ਨੱਕੋ-ਨੱਕ ਭਰੇ
ਦੁੱਧ ਦੇ ਕਟੋਰੇ 'ਤੇ ਆ ਤਰਿਆ।

*-ਸੁਰਿੰਦਰ ਸੋਹਲ*

### ਕਾਲੀ ਦੀਵਾਲੀ

ਵੇਖ ਕੇ ਦੁਨੀਆਂ ਦੀ ਦੀਵਾਲੀ
ਦਿਲ ਮੇਰਾ ਉਦਾਸ ਹੋ ਗਿਆ।
ਵਲੈਤ ਗਿਆ, ਨਾ ਵਾਪਸ ਮੁੜਿਆ
ਜਿਵੇਂ ਸਵਰਗੀ ਵਾਸ ਹੋ ਗਿਆ।
ਆਪਣੇ ਮੁਲਕ 'ਚ ਮਾਲਕ ਸੀ ਜੋ
ਬਾਹਰ ਆ ਕੇ ਦਾਸ ਹੋ ਗਿਆ।

ਅਮਰੀਕਾ ਵਿਚ 'ਲੇਬਰ' ਸੀ ਜੋ
ਇੰਡੀਆ ਆ ਕੇ 'ਬਾਸ' ਹੋ ਗਿਆ।
ਹਰ ਖੇਤਰ ਵਿਚ ਫੇਲ੍ਹ ਸੀ ਜਿਹੜਾ
ਛੋਲੇ ਦੇ ਕੇ ਪਾਸ ਹੋ ਗਿਆ।
'ਗਿੱਲ' ਨੇ ਭੇਜਿਆ ਪੈਨ ਦਾ ਤੋਹਫਾ
ਤੇਰੇ ਲਈ ਨਾ-ਖਾਸ ਹੋ ਗਿਆ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

### ਵਾਰਿਸ

ਜਦੋਂ ਮੈਂ ਜੰਮਿਆ
ਮਾਪਿਆਂ ਮੇਰੇ ਲੱਡੂ ਵੰਡੇ, ਸੂਟ ਵੰਡੇ
ਕਿ ਘਰ ਦਾ ਵਾਰਿਸ ਆ ਗਿਆ।
ਮੇਰਾ ਵਿਆਹ ਹੋ ਗਿਆ
ਮਾਪਿਆਂ ਮੇਰੇ ਲੱਡੂ ਵੰਡੇ, ਸੂਟ ਵੰਡੇ
ਕਿ ਚਲੋ ਲੜਕਾ ਵਸਦਾ ਹੋ ਗਿਆ।

ਫੇਰ ਮੇਰੇ ਲੜਕਾ ਹੋਇਆ
ਅਸਾਂ ਲੱਡੂ ਵੰਡੇ, ਸੂਟ ਵੰਡੇ
ਕਿ ਚਲੋ ਪੀੜ੍ਹੀ ਚਲਦੀ ਹੋ ਗਈ।
ਲੜਕੇ ਮੇਰੇ ਦਾ ਵਿਆਹ ਹੋ ਗਿਆ
ਅਸਾਂ ਲੱਡੂ ਵੰਡੇ, ਸੂਟ ਵੰਡੇ
ਕਿ ਬੁਢਾਪੇ 'ਚ ਰੋਟੀ ਦਾ ਸਹਾਰਾ ਹੋ ਗਿਆ।

ਅੱਜ ਕੱਲ੍ਹ ਬੇਟਾ ਸਾਡਾ ਅਲੱਗ ਰਹਿ ਰਿਹਾ,
ਅਸੀਂ ਮੀਆਂ-ਬੀਵੀ ਅਲੱਗ
ਤੇ ਰੱਬ ਸਾਡਾ 'ਵਾਰਿਸ' ਹੈ।

*-ਠਾਕਰ ਸਿੰਘ ਬਾਸਤੀ, ਸ਼ਿਕਾਗੋ*

### ਕਰਵਾ'ਤੀ ਬੱਲੇ ਬੱਲੇ

ਵਿਚ ਕੈਨੇਡਾ ਮਾਰੀਆਂ ਮੱਲਾਂ, ਮਾਰੀਆਂ ਪਹਿਲੇ ਹੱਲੇ।
ਪੰਜਾਬੀਆਂ, ਵਿਚ ਕੈਨੇਡਾ ਦੇ ਕਰਵਾਈ ਬੱਲੇ ਬੱਲੇ।
ਪੰਜ ਦਰਿਆ ਦੇ ਪੁੱਤਰਾਂ ਨੇ ਪੰਜਾਬ ਦਾ ਮਾਣ ਵਧਾਇਆ,
ਧਰਤੀ ਉਤੋਂ ਉਠ ਸ਼ੇਰਾਂ ਨੇ ਅੰਬਰ ਨੂੰ ਹੱਥ ਪਾਇਆ।
ਅਟਕਾਂ ਨੂੰ ਅਟਕਾਵਣ ਵਾਲੇ, ਕਉਣ ਇਨ੍ਹਾਂ ਨੂੰ ਠੱਲ੍ਹੇ।...
ਗਦਰੀ ਬਾਬਿਆਂ ਦੇ ਇਹ ਵਾਰਸ ਗੈਰਤਮੰਦ ਅਣਖੀਲੇ,
ਊਧਮ ਭਗਤ ਸਿੰਘ ਦੇ ਵਾਰਸ, ਨਲੂਏ ਜਿਹੇ ਅਣਖੀਲੇ।
ਸੱਤ ਸਮੁੰਦਰੋਂ ਪਾਰ ਆਣ ਕੇ ਤਖ਼ਤ ਗੋਰੇ ਦੇ ਮੱਲੇ।...

ਵਿਚ ਪੰਜਾਬ ਦੇ ਪੈਂਦੇ ਭੰਗੜੇ ਘਰ ਘਰ ਖੁਸ਼ੀਆਂ ਛਾਈਆਂ,
ਇੰਟਰਨੈਟ 'ਤੇ ਦੇਣ ਪੰਜਾਬੀ ਆਪਸ ਵਿਚ ਵਧਾਈਆਂ।
ਅੱਜ ਪੰਜਾਬ ਦੀ ਪਉਣ ਪੂਰੇ ਦੀ ਵਿਚ ਕੈਨੇਡਾ ਚੱਲੇ।...
ਸਭ ਦੁਨੀਆਂ ਵਿਚ ਹੋਈਆਂ ਗੱਲਾਂ ਹਰ ਚੈਨਲ ਦੇ ਉਤੇ,
ਬਾਗਾਂ ਵਿਚ ਬਹਾਰਾਂ ਆਈਆਂ ਅੱਜ ਪਤਝੜ ਦੀ ਰੁੱਤੇ।
ਸਿਰ ਹੋਇਆ ਪੰਜਾਬ ਦਾ ਉਚਾ, ਦੁਨੀਆਂ ਰਹਿ ਗਈ ਥੱਲੇ।...
ਪੰਜ ਆਬਾਂ ਦੀਆਂ ਜਾਈਆਂ ਹੋਈਆਂ ਅੱਜ ਦੁਨੀਆਂ ਤੋਂ ਅੱਗੇ,
ਦੇਸ਼ ਮੇਰੇ ਦੀਆਂ ਜਾਈਆਂ ਨੂੰ ਨਾ ਨਜ਼ਰ ਕਿਸੇ ਦੀ ਲੱਗੇ।
ਅੱਜ 'ਸੁਰਜੀਤ' ਪੰਜਾਬੀਆਂ ਪਾਏ ਦੁਨੀਆਂ ਵਿਚ ਤਰਥੱਲੇ।
ਪੰਜਾਬੀਆਂ, ਵਿਚ ਕੈਨੇਡਾ ਦੇ ਕਰਵਾਈ ਬੱਲੇ ਬੱਲੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

### ਗਜ਼ਲ

ਜੋ ਤੁਹਾਡੇ ਵਾਸਤੇ ਕਠਪੁਤਲੀਆਂ ਜਾਂ ਢੋਰ ਹਨ,
ਉਹ ਬਗਾਵਤ ਕਰਨਗੇ ਬੇਸ਼ਕ ਅਜੇ ਕਮਜ਼ੋਰ ਹਨ।
ਵੇਚ ਦਿੰਦੇ ਹਨ ਖਿੜੇ ਫੁਲ ਟਾਹਣੀਆਂ ਤੋਂ ਤੋੜ ਕੇ,
ਇਸ ਚਮਨ ਵਿਚ ਮਾਲੀਆਂ ਦੀ ਥਾਂ ਵਸੇ ਕੁਝ ਚੋਰ ਹਨ।
ਮਾਪਿਆਂ ਦੇ ਬੋਲ ਭਾਵੇਂ ਕੌੜ ਤੁੰਮੇ ਵਾਂਗ, ਪਰ,
ਅੰਦਰੋਂ ਮਾਪੇ ਨਿਰੇ ਗੰਨੇ ਦੀ ਪਿਛਲੀ ਪੋਰ ਹਨ।
ਧੁੰਦ ਦੇ ਤੂੰ ਬੱਦਲਾਂ 'ਚੋਂ ਭਾਲਦਾ ਕਿਉਂ ਬਾਰਸ਼ਾਂ,
ਵਰ੍ਹਨੀਆਂ ਬਣ ਕੇ ਬੂੰਦਾਂ ਜੋ ਉਹ ਘਟਾਵਾਂ ਹੋਰ ਹਨ।
ਨਾ ਕਰੀਂ ਵਿਸ਼ਵਾਸ਼ ਉਸ ਦੇ ਵਾਅਦਿਆਂ 'ਤੇ ਕਦੇ,
ਟੁੱਟ ਜਾਣੇ ਹਨ ਉਹ ਕੱਚੇ ਸੂਤ ਦੀ ਹੀ ਡੋਰ ਹਨ।
ਅੱਜ ਤੀਕਰ ਚੇਤਿਆਂ ਵਿਚ ਗੀਤ ਬਣ ਜੋ ਲਰਜ਼ਦੇ,
ਸੋਹਣਿਆ ਉਹ ਤੇਰੀਆਂ ਹੀ ਝਾਂਜਰਾਂ ਦੇ ਬੋਰ ਹਨ।
ਮੈਂ 'ਅਜੇ ਤਨਵੀਰ' ਧਰਨੇ ਹਨ ਜਗਾ ਕੇ ਦੀਪ ਕੁਝ,
ਜਿਸ ਥਾਂ ਖੱਲਾਂ ਖੂੰਜਿਆਂ ਵਿਚ ਨੇਰ੍ਹਿਆਂ ਦੇ ਜ਼ੋਰ ਹਨ।

*-ਅਜੇ ਤਨਵੀਰ*

# ਅਸਫਲਤਾ ਦੀ ਸ਼ਾਨ

## ਆਲੀਆ ਬਨਾਮ ਆਲੀਆ

ਮਾਸੂਮ ਚਿਹਰੇ ਵਾਲੀ ਕਾਮਯਾਬ ਅਦਾਕਾਰਾ ਆਲੀਆ ਭੱਟ ਦੀ ਫਿਲਮ 'ਸ਼ਾਨਦਾਰ' ਆਪਣੀ ਸ਼ਾਨ ਕਾਇਮ ਨਹੀਂ ਰੱਖ ਸਕੀ ਹੈ। ਇਹ ਫਿਲਮ ਫਲਾਪ ਤਾਂ ਰਹੀ ਹੀ ਹੈ, ਅਦਾਕਾਰੀ ਪੱਖੋਂ ਵੀ ਇਸ ਫਿਲਮ ਦੀ ਵਾਹਵਾ ਨੁਕਤਾਚੀਨੀ ਹੋਈ ਹੈ। ਆਲੀਆ ਨੇ 1999 ਵਿਚ ਆਈ ਫਿਲਮ 'ਸੰਘਰਸ਼' ਵਿਚ ਬਾਲ ਕਲਾਕਾਰ ਵਜੋਂ ਫਿਲਮ ਜਗਤ ਵਿਚ ਦਾਖਲਾ ਲਿਆ ਸੀ, ਪਰ 2012 ਵਿਚ ਫਿਲਮ 'ਸਟੂਡੈਂਟ ਆਫ ਦਿ ਯੀਅਰ' ਨਾਲ ਉਸ ਨੇ ਫਿਲਮ ਜਗਤ ਵਿਚ ਪੂਰੇ ਧੜੱਲੇ ਨਾਲ ਦਾਖਲਾ ਲਿਆ ਸੀ। ਹੁਣ ਉਸ ਨੂੰ ਪਹਿਲੀ ਵਾਰ ਨਾਕਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਉਹ 'ਹਾਈਵੇਅ', 'ਟੂ ਸਟੇਟਸ', 'ਹੰਪਟੀ ਸ਼ਰਮਾ ਕੀ ਦੁਲਹਨੀਆ' ਆਦਿ ਫਿਲਮਾਂ ਨਾਲ ਆਪਣੀ ਅਦਾਕਾਰੀ ਦਾ ਡੰਕਾ ਵਜਾ ਚੁੱਕੀ ਹੈ। 'ਹਾਈਵੇਅ' ਨਾਲ ਉਸ ਦੀ ਬੜੀ ਚੜ੍ਹਤ ਹੋਈ ਸੀ। ਉਂਜ ਆਲੀਆਂ ਨੇ 'ਸ਼ਾਨਦਾਰ' ਦੀ ਨਾਕਾਮੀ ਨੂੰ ਬੜੀ ਸ਼ਾਨ ਨਾਲ ਸਵੀਕਾਰ ਕੀਤਾ ਹੈ। ਉਸ ਦਾ

ਜਗਜੀਤ ਸਿੰਘ ਸੇਖੋਂ

ਕਹਿਣਾ ਹੈ ਕਿ ਉਹ ਜਿਸ ਢੰਗ ਨਾਲ ਅੰਬਰ ਵਿਚ ਕਾਮਯਾਬੀ ਦੀ ਉਡਾਣ ਭਰ ਰਹੀ ਸੀ, ਇਕ ਨਾ ਇਕ ਦਿਨ ਤਾਂ ਇਕ ਵਾਰ ਹੇਠਾਂ ਆਉਣਾ ਹੀ ਸੀ, ਪਰ ਇਸ ਨਾਲ ਉਸ ਦੀ ਲਗਨ ਵਿਚ ਕੋਈ ਫਰਕ ਨਹੀਂ ਪਿਆ ਹੈ। ਕਾਮਯਾਬੀ ਅਤੇ ਨਾਕਾਮਯਾਬੀ ਇਕੋ ਸਿੱਕੇ ਦੇ ਦੋ ਪਹਿਲੂ ਹਨ।

ਅਗਲੇ ਸਾਲ ਆਲੀਆ ਭੱਟ ਦੀਆਂ ਦੋ ਫਿਲਮਾਂ ਰਿਲੀਜ਼ ਹੋਣੀਆਂ ਹਨ: 'ਉੜਤਾ ਪੰਜਾਬ' ਅਤੇ 'ਕਪੂਰ ਐਂਡ ਸੰਨਜ਼'। 'ਉੜਤਾ ਪੰਜਾਬ' ਵਿਚ ਉਸ ਨਾਲ ਕਰੀਨਾ ਕਪੂਰ ਖਾਨ ਅਤੇ ਸ਼ਾਹਿਦ ਕਪੂਰ ਵੀ ਹਨ ਅਤੇ ਫਿਲਮ 'ਕਪੂਰ ਐਂਡ ਸੰਨਜ਼' ਵਿਚ ਪਾਕਿਸਤਾਨੀ ਕਲਾਕਾਰ ਫਵਾਦ ਖਾਨ ਤੇ ਸਿਧਾਰਥ ਮਲਹੋਤਰਾ ਉਸ ਦੇ ਸਾਥੀ ਕਲਾਕਾਰ ਹਨ। ਇਸ ਤੋਂ ਇਲਾਵਾ ਉਹ ਵਰੁਣ ਧਵਨ, ਸ਼ਾਹਰੁਖ ਖਾਨ ਅਤੇ ਰਣਬੀਰ ਕਪੂਰ ਨਾਲ ਤਿੰਨ ਫਿਲਮਾਂ ਕਰ ਰਹੀ ਹੈ। ਇਨ੍ਹਾਂ ਫਿਲਮਾਂ ਦੇ ਨਾਂ ਅਜੇ ਰੱਖੇ ਨਹੀਂ ਗਏ ਅਤੇ ਇਨ੍ਹਾਂ ਦੀ ਸ਼ੂਟਿੰਗ ਛੇਤੀ ਹੀ ਸ਼ੁਰੂ ਹੋਣ ਵਾਲੀ ਹੈ। ਆਲੀਆ ਦੀ ਕਾਮਯਾਬੀ ਦੇ ਸਿਰ ਉਤੇ ਜਬੌਂਗ ਡੌਟ ਕੌਮ ਨੇ ਉਸ ਨਾਲ ਰਲ ਕੇ ਔਰਤਾਂ ਲਈ ਕੱਪੜਿਆਂ ਦੀ ਸੀਰੀਜ਼ ਆਰੰਭ ਕੀਤੀ ਹੈ। ਅਜਿਹੇ ਕਾਰੋਬਾਰਾਂ ਤੋਂ ਇਲਾਵਾ ਆਲੀਆ ਚੈਰਿਟੀ ਦੇ ਕੰਮ ਵੀ ਕਰਦੀ ਰਹਿੰਦੀ ਹੈ।





# ਦੀਆ ਮਿਰਜ਼ਾ ਦਾ ਦੀਪ

ਦੀਆ ਮਿਰਜ਼ਾ ਬਾਰੇ ਜਦੋਂ ਵੀ ਗੱਲ ਤੁਰਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਦੇ ਸੁਹੱਪਣ ਬਾਰੇ ਗੱਲਾਂ ਹੁੰਦੀਆਂ ਹਨ, ਪਰ ਇਸ ਚਰਚਾ ਦੌਰਾਨ ਉਹ ਦੇਖਦਿਆਂ-ਦੇਖਦਿਆਂ ਗੰਭੀਰ ਮਸਲਿਆਂ ਨੂੰ ਆਪਣੀਆਂ ਗੱਲਾਂ ਦਾ ਹਿੱਸਾ ਬਣਾ ਲੈਂਦੀ ਹੈ। ਅੱਜ ਕੱਲ੍ਹ ਜਦੋਂ ਭਾਰਤ ਵਿਚ ਅਸਹਿਣਸ਼ੀਲਤਾ ਦਾ ਮੁੱਦਾ ਛਾਇਆ ਹੋਇਆ ਹੈ ਤਾਂ ਉਹ ਆਪਣੀਆਂ ਫਿਲਮਾਂ ਅਤੇ ਆਪਣੀ ਅਦਾਕਾਰੀ ਦੀਆਂ ਗੱਲਾਂ ਕਰਦੀ-ਕਰਦੀ ਧਰਮ ਬਾਰੇ ਗੱਲਾਂ ਛੋਹ ਲੈਂਦੀ ਹੈ ਅਤੇ ਆਖਦੀ ਹੈ ਕਿ ਧਰਮ ਕਦੀ ਵੀ ਉਸ ਦੀ ਪਛਾਣ ਨਹੀਂ ਬਣਿਆ। ਇਹ ਗੱਲ ਹੈ ਵੀ ਸੱਚ। ਉਸ ਦਾ ਪਿਤਾ ਈਸਾਈ ਅਤੇ ਮਾਂ ਬੰਗਾਲੀ ਹੈ। ਉਸ ਦਾ ਪਾਲਣ-ਪੋਸਣ ਮੁਸਲਿਮ ਪਰਿਵਾਰ ਵਿਚ ਹੋਇਆ। ਉਸ ਦਾ ਵਿਆਹ ਸਾਹਿਲ ਸੰਘਾ ਨਾਲ ਹੋਇਆ ਜਿਹੜਾ ਸਿੱਖ ਪਰਿਵਾਰ ਵਿਚ ਜੰਮਿਆ। ਇਸ ਦੇ ਨਾਲ ਹੀ ਉਹ ਅਸਹਿਣਸ਼ੀਲਤਾ ਖਿਲਾਫ ਡਟੇ ਲੋਕਾਂ ਦਾ ਸਮਰਥਨ ਕਰਦੀ ਆਖਦੀ ਹੈ ਕਿ ਇਨ੍ਹਾਂ ਲੋਕਾਂ ਨੇ ਸਹੀ ਵਕਤ ਉਤੇ ਸਹੀ ਦਿਸ਼ਾ ਵਿਚ ਕਦਮ ਉਠਾਇਆ ਹੈ। ਹੁਣ ਸਰਕਾਰ ਨੂੰ ਇਸ ਮੁੱਦੇ ਬਾਰੇ ਸੋਚਣਾ ਹੀ ਪਵੇਗਾ।

# ਅਲਬਰਟ ਪਿੰਟੋ ਦੇ ਗੁੱਸੇ ਨੂੰ ਜ਼ੁਬਾਨ ਦਿੰਦਾ ਸਈਦ ਅਖਤਰ ਮਿਰਜ਼ਾ

**ਆਵਾਜ਼ ਦੇ ਕਹਾਂ ਹੈ... -25-**




ਕੁਲਦੀਪ ਕੌਰ
ਫੋਨ: +91-98554-04330


ਫਿਲਮਸਾਜ਼ ਸਈਦ ਅਖਤਰ ਮਿਰਜ਼ਾ ਦੀ ਚਰਚਾ ਉਨ੍ਹਾਂ ਦੀਆਂ ਫਿ.ਲਮਾਂ ਦੇ ਅਜੀਬੋ-ਗਰੀਬ ਨਾਮਾਂ ਕਰ ਕੇ ਹੁੰਦੀ ਰਹੀ ਹੈ। 'ਅਰਵਿੰਦ ਦੇਸਾਈ ਕੀ ਅਜੀਬ ਦਾਸਤਾਨ', 'ਅਲਬ੍ਰਿਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ?, 'ਸਲੀਮ ਲੰਗੜੇ ਪੇ ਮਤ ਰੋ', ਅਤੇ 'ਮੋਹਨ ਜੋਸ਼ੀ ਹਾਜ਼ਿਰ ਹੋ' ਵਰਗੀਆਂ ਫਿਲਮਾਂ ਬਣਾਉਣ ਵਾਲੇ ਮਿਰਜ਼ਾ ਫਿਲਮ ਬਣਾਉਣ ਨੂੰ ਸਮਾਜਕ ਬੇਇਨਸਾਫੀਆਂ ਖਿਲਾਫ ਗੁੱਸੇ ਦਾ ਜ਼ਰੂਰੀ ਪ੍ਰਗਟਾਵਾ ਮੰਨਦੇ ਹਨ। ਉਨ੍ਹਾਂ ਅਨੁਸਾਰ ਫਿਲਮ ਅਤੇ ਸਾਹਿਤ ਦੋਵੇਂ ਵਿਚਾਰ ਦੀ ਉਪਜ ਹਨ। ਫਿਲਮ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਵਿਚਲਾ ਮੈਕੇਨਿਕ (ਨਸੀਰੂਦੀਨ ਸ਼ਾਹ) ਕਿਵੇਂ ਇੱਕ ਨਿੱਜੀ ਸਪੇਸ ਤੋਂ ਬਾਹਰ ਆਪਣੀ ਸਮੂਹਿਕ ਸਪੇਸ ਤਲਾਸ਼ਦਾ ਹੈ, ਇਹ ਸਭਿਅਤਾ ਅਤੇ ਵਿਚਾਰ ਵਿਚਲੇ ਰਿਸ਼ਤੇ ਦੀ ਤਲਾਸ਼ ਹੈ। ਮਿਰਜ਼ਾ ਦੇ ਪਿਤਾ ਅਖਤਰ ਮਿਰਜ਼ਾ 'ਨਯਾ ਦੌਰ' ਅਤੇ 'ਵਕਤ' ਵਰਗੀਆਂ ਫਿਲਮਾਂ ਦੇ ਲੇਖਕ ਸਨ। ਘਰ ਵਿਚ ਹਰ ਭਾਸ਼ਾ ਦੀਆਂ ਕਿਤਾਬਾਂ ਮੌਜੂਦ ਸਨ, ਖਾਸ ਤੌਰ 'ਤੇ ਜਿਹੜੀਆਂ ਪੁਰਾਤਨ ਸਭਿਆਤਾਵਾਂ ਦੀਆਂ ਕਹਾਣੀਆਂ ਸੁਣਾਉਦੀਆਂ ਸਨ। ਇਨ੍ਹਾਂ ਕਹਾਣੀਆਂ ਨੇ ਉਨ੍ਹਾਂ ਦੀਆਂ ਫਿਲਮਾਂ ਦੇ ਕਿਰਦਾਰ ਘੜੇ।

ਉਨ੍ਹਾਂ ਦੀ ਸਭ ਤੋਂ ਚਰਚਿਤ ਫਿਲਮ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਉਨ੍ਹਾਂ ਦੀ ਆਪ ਲਿਖੀ ਫਿਲਮ ਹੈ। ਫਿਲਮ ਦਾ ਮੁੱਖ ਕਿਰਦਾਰ ਪਿੰਟੋ ਨਾਮ ਦਾ ਕੈਥੋਲਿਕ ਹੈ ਜੋ ਪੇਸ਼ੇ ਤੋਂ ਮਕੈਨਿਕ ਹੈ ਤੇ ਆਪਣੇ ਪਰਿਵਾਰ ਨਾਲ ਬੰਬਈ ਵਿਚ ਰਹਿ ਰਿਹਾ ਹੈ। ਉਹ ਸਟੈਲਾ ਨਾਮ ਦੀ ਕੁੜੀ ਨੂੰ ਪਿਆਰ ਕਰਦਾ ਹੈ ਜਿਸ ਨੂੰ ਉਹ ਆਪਣੇ ਰਾਤੋ-ਰਾਤ ਅਮੀਰ ਹੋਣ ਦੇ ਸੁਪਨਿਆਂ ਵਿਚ ਉਲਝਾਈ ਰੱਖਦਾ ਹੈ। ਅਮੀਰ ਹੋਣ ਲਈ ਉਹ ਅਮੀਰ ਗਾਹਕਾਂ ਦੀ ਚਮਚਾਗਿਰੀ ਕਰਦਾ ਹੈ ਤਾਂ ਕਿ ਉਹ ਉਸ ਨੂੰ ਅਮੀਰ ਹੋਣ ਦੇ ਸਸਤੇ ਨੁਸਖੇ ਦੇ ਦੇਣ।

ਪਿੰਟੋ ਦਾ ਘਰ ਉਨ੍ਹਾਂ ਦਿਨਾਂ ਵਿਚ ਵਿਚਾਰਾਂ ਦਾ ਅਖਾੜਾ ਬਣਿਆ ਹੋਇਆ ਹੈ। ਉਸ ਦਾ ਪਿਤਾ ਮਿੱਲ ਵਿਚ ਕਾਮਾ ਹੈ। ਉਨ੍ਹਾਂ ਹੀ ਦਿਨਾਂ ਵਿਚ ਮੁੰਬਈ ਵਿਚ ਮਿੱਲ ਕਾਮਿਆਂ ਦੀ ਹੜਤਾਲ ਹੋ ਜਾਂਦੀ ਹੈ ਜਿਹੜੀ ਮੰਦਵਾੜੇ ਕਾਰਨ ਹਜ਼ਾਰਾਂ ਕਾਮਿਆਂ ਦੇ ਰਾਤੋ-ਰਾਤ ਬੇਰੁਜ਼ਗਾਰ ਹੋਣ ਕਾਰਨ ਮੌਕੇ ਦੀ ਜ਼ਰੂਰਤ ਹੈ। ਪਿਤਾ ਦਿਨੋ-ਦਿਨ ਹੜਤਾਲ ਦੀ ਸਿਆਸੀ ਆਰਥਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੁੱਤਰ ਲਈ ਉਹ ਹਾਰੀ ਹੋਈ ਜੰਗ ਲੜ ਰਿਹਾ ਇਨਸਾਨ ਹੈ। ਹਾਲਾਤ ਦੀ ਮਾਰ ਹੇਠ ਆਏ ਇਸ ਪਰਿਵਾਰ ਦਾ ਛੋਟਾ ਮੁੰਡਾ ਨਿਰਾਸ਼ਾ ਦੇ ਹਾਲਾਤ ਵਿਚ ਜੁਰਮਾਂ ਦੀ ਦੁਨੀਆਂ ਚੁਣ ਲੈਂਦਾ ਹੈ। ਜਦੋਂ ਪਿੰਟੋ ਆਪਣੇ ਛੋਟੇ ਭਰਾ ਨੂੰ ਜੇਲ੍ਹ ਜਾਂਦਿਆਂ ਅਤੇ ਪਿਤਾ ਨੂੰ ਘੁਮੰਡੀ ਅਮੀਰ ਹੱਥੋਂ ਜ਼ਲੀਲ ਹੁੰਦਿਆਂ ਤੱਕਦਾ ਹੈ ਤਾਂ ਉਸ ਨੂੰ ਆਪਣਾ ਸੱਚ ਦਿਸਣਾ ਸ਼ੁਰੂ ਹੁੰਦਾ ਹੈ। ਉਸ ਦੇ ਨਿੱਜਵਾਦ ਨੂੰ ਹੁਣ ਤੱਕ ਹਵਾ ਦੇ ਰਹੇ ਉਸ ਦੇ ਹਮਪਿਆਲਾ ਅਮੀਰ ਗਾਹਕ ਉਸ ਦੇ ਸੱਚ ਨੂੰ ਮੂਰਖਤਾ ਕਰਾਰ ਦੇਣਾ ਸ਼ੁਰੂ ਕਰ ਦਿੰਦੇ ਹਨ। ਉਸ ਨੂੰ ਆਪਣੇ ਪਿਤਾ ਦੀ ਸਮਝ ਆਉਂਣੀ ਸ਼ੁਰੂ ਹੋ ਜਾਂਦੀ ਹੈ। ਘੱਟ-ਗਿਣਤੀ ਵਰਗ ਨਾਲ ਸਬੰਧਿਤ ਹੋਣ ਦੀਆਂ ਵਿਸੰਗਤੀਆਂ ਸਮਝ ਆਉਣ ਲੱਗਦੀਆਂ ਹਨ। ਗਰੀਬ ਬੰਦੇ ਦੀ ਜ਼ਿੰਦਗੀ ਦੀ ਜ਼ਲਾਲਤ ਦਾ ਵਰਗ-ਵੰਡ ਨਾਲ ਰਿਸ਼ਤਾ ਸਮਝ ਪੈਣਾ ਸ਼ੁਰੂ ਹੋ ਜਾਂਦਾ ਹੈ। ਉਸ ਨੂੰ ਇਹ ਵੀ ਸਮਝ ਆ ਜਾਂਦਾ ਹੈ ਕਿ ਬੰਦੇ ਦੀ ਨਿੱਜ ਦੀ ਸਫਲਤਾ ਦਾ ਅਰਥ ਉਸ ਦੇ ਸਮਾਜ ਦੀ ਸਫਲਤਾ ਨਾਲ ਜੁੜ ਕੇ ਹੀ ਬਣਦਾ ਹੈ।

ਇਸ ਫਿਲਮ ਦਾ ਨਿਰਮਾਣ ਨੈਸ਼ਨਲ ਫਿਲਮ ਫਾਂਇਨਾਸ ਦੁਆਰਾ ਕੀਤਾ ਗਿਆ ਸੀ ਤੇ ਇਸ ਨੂੰ ਕੌਮੀ ਪੁਰਸਕਾਰ ਵੀ ਪ੍ਰਾਪਤ ਹੋਇਆ। ਇਹ ਫਿਲਮ ਸੂਹਜ ਅਤੇ ਕਲਾ ਦੇ ਪੱਖ ਤੋਂ ਉਸ ਦੌਰ ਵਿਚ ਬਣ ਰਹੀਆਂ ਫਿਲਮਾਂ ਨਾਲੋਂ ਕਾਫੀ ਵੱਖਰੀ ਸੀ। ਫਿਲਮ ਦਾ ਇੱਕ ਪੱਖ ਇਸ ਦੁਆਰਾ ਐਂਗਲੋ-ਇੰਡੀਅਨ ਭਾਈਚਾਰੇ ਦੇ ਤਤਕਾਲੀ ਹਾਲਾਤ ਨੂੰ ਪਰਦੇ 'ਤੇ ਲੈ ਕੇ ਆਓਂਣਾ ਸੀ। ਫਿਲਮ ਭਾਵੇਂ ਘੱਟ ਬਜਟ ਵਿਚ ਬਣੀ ਸੀ ਪਰ ਇਸ ਦਾ ਤਕਨੀਕੀ ਪੱਖ ਕਮਾਲ ਦਾ ਸੀ। ਫਿਲਮ ਵਿਚ ਦਿਖਾਇਆ ਬਿਰਤਾਂਤ ਸਿਆਸੀ ਤੇ ਸਮਾਜਕ ਰੰਗ ਵਾਲਾ ਸੀ। ਫਿਲਮ ਦੇ ਜ਼ਿਆਦਾਤਰ ਕਲਾਕਾਰ ਫਿਲਮ ਅਤੇ ਟੀ.ਵੀ. ਸੰਸਥਾ ਪੂਣੇ ਨਾਲ ਜੁੜੇ ਹੋਏ ਸਨ। ਫਿਲਮ ਦੇ ਪਟਕਥਾ ਲੇਖਕ ਕੁੰਦਨ ਸ਼ਾਹ ਸਨ।



*ਫਿਲਮਸਾਜ਼ ਸਈਦ ਅਖਤਰ ਮਿਰਜ਼ਾ (ਸੱਜੇ) ਦੀ ਮਸ਼ਹੂਰ ਫਿਲਮ 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਦਾ ਪੋਸਟਰ।*

# ਕੰਪਨੀ ਡਰਾਈਵਰਾਂ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਤੋਂ ਪੈਨਸਿਲਵੇਨੀਆ,
ਨਿਊ ਜਰਸੀ, ਨਿਊ ਯਾਰਕ, ਮੈਰੀਲੈਂਡ ਅਤੇ ਇੰਡੀਅਨਐਪੋਲਿਸ
ਵਾਪਸੀ ਦੇ ਰੂਟ ਲਈ ਡਰਾਈਵਰ ਚਾਹੀਦੇ ਹਨ।
*ਸਭ ਡਰਾਈ ਫਰੇਟ, ਹੱਥ ਲਾਉਣ ਦੀ ਲੋੜ ਨਹੀਂ
*ਅਦਾਇਗੀ ਪ੍ਰਤੀ ਗੇੜਾ/ਪ੍ਰਤੀ ਮੀਲ ਹਰ ਹਫਤੇ

ਸੰਪਰਕ ਕਰੋ: **ਐਮ ਟੀ ਸੀ: 317-762-0222**



**Company Drivers Needed**

Need Company drivers from Indianapolis, IN to PA, NJ, NY, MD and back to Indianapolis, IN.
*All dry freight no touch *Pay by trip or per/Mile every week

**Contact MTC 317-762-0222**

CH+NY



# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiance Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com



46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# ਸਾਫ ਸੁਥਰੀ ਸੱਭਿਆਚਾਰਕ ਗਾਇਕੀ





## ਜੀਤਾ ਗਿੱਲ

ਸੰਪਰਕ ਕਰੋ: 209-815-0013



# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ


Call Toll Free:
**1-800-RAJ-SYAN**
*(with 17 years Experienced)*

**Call:734-261-0936**
**734-890-1767**

e-mail: raj@syanvideo.com
visit at: www.syanvideo.com

# ਗਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਚ ਸ਼ਹੀਦੀ ਸਮਾਗਮ





Jagat Singh | Harnam Singh | Surain Singh | Surain Singh | Bakshish Singh

## Celebration of 100th years of martyrdom of Sardar Kartar Singh 'Sarabha' and six others hanged in Lahore & 150th years of two Namdhari martyrs hanged in Ludhiana (PB)

**ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਛੇ ਸਾਥੀਆਂ ਦੀ ਪਹਿਲੀ ਸ਼ਤਾਬਦੀ ਅਤੇ ਭਾਰਤ ਦੀ ਆਜ਼ਾਦੀ ਲਈ ਕੁਰਬਾਨ ਹੋਏ ਦੋ ਨਾਮਧਾਰੀ ਸ਼ਹੀਦਾਂ ਦੀ 150ਵੀਂ ਵਰ੍ਹੇਗੰਢ ਮਨਾਉਣ ਲਈ ਸਮਾਗਮ ਉਲੀਕਿਆ ਗਿਆ ਹੈ। ਟਰਾਈ ਸਟੇਟ ਦੇ ਵਤਨਪ੍ਰਸਤਾਂ ਨੂੰ ਬੇਨਤੀ ਹੈ ਕਿ ਇਸ ਦਿਨ ਸਮੇਂ ਸਿਰ ਪਹੁੰਚ ਕੇ ਬੁਲਾਰਿਆਂ ਦੇ ਕੀਮਤੀ ਵਿਚਾਰ ਸੁਣੋ ਜੀ।**

## 22 ਨਵੰਬਰ 2015, ਐਤਵਾਰ

*ਸਮਾਂ: ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ*

**ਹਿੱਲ ਸਾਈਡ ਬੈਂਕੁਇਟ ਹਾਲ**
206-12 ਹਿਲ ਸਾਈਡ ਐਵਨਿਊ,
ਕੁਈਨਜ਼, ਨਿਊ ਯਾਰਕ 11427 (718-464-9100)

**ਪਹੁੰਚ ਰਹੇ ਬੁਲਾਰੇ:** ਚਿੰਤਕ ਡਾ. ਗੁਰੂਮੇਲ ਸਿੰਘ ਸਿੱਧੂ (ਕੈਲੀਫੋਰਨੀਆ), ਕਹਾਣੀਕਾਰ ਵਰਿਆਮ ਸਿੰਘ ਸੰਧੂ (ਟੋਰਾਂਟੋ), ਕਸ਼ਮੀਰ ਸਿੰਘ ਕਾਂਗਣਾ (ਬੇਕਰਜ਼ਫੀਲਡ), ਪ੍ਰੋ. ਕੇ ਕਲੋਟੀ (ਭਾਰਤ), ਕਿਰਪਾਲ ਸਿੰਘ ਸੰਧੂ ਕੈਲੀਫੋਰਨੀਆ (ਸ਼ਹੀਦ ਭਗਤ ਸਿੰਘ ਦਾ ਭਰਾ), ਐਸ ਪੀ ਸਿੰਘ ਅਟਲਾਂਟਾ (ਭਾਈ ਭਗਵਾਨ ਸਿੰਘ ਦਾ ਦੋਹਤਰੇ) ਸੁਵਰਨ ਸਿੰਘ ਵਿਰਕ (ਭਾਰਤ), ਅਜੀਤ ਸਿੰਘ ਲਾਇਲ (ਟੋਰਾਂਟੋ) ਅਤੇ ਜਸਵੀਰ ਸਿੰਘ ਸੰਧੂ (ਸਾਬਕਾ ਐਮ ਪੀ, ਕੈਨੇਡਾ)

***ਮੁੱਖ ਸਹਾਇਕ:***
ਨਾਮਧਾਰੀ ਰਿਲੀਜੀਅਸ ਐਂਡ ਕਲਚਰਲ ਸੁਸਾਇਟੀ ਆਫ ਨਿਊ ਯਾਰਕ, ਭਾਈ ਸ਼ਮਸ਼ੇਰ ਸਿੰਘ (ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ), ਸ਼ਹੀਦ ਕਰਤਾਰ ਸਿੰਘ ਸਰਾਭਾ ਐਸੋਸੀਏਸ਼ਨ, ਰਾਜਾ ਸਾਹਿਬ ਸਪੋਰਟਸ ਕਲੱਬ, ਹਿੱਲ ਸਾਈਡ ਹਾਰਡਵੇਅਰ ਸਟੋਰ, ਲਿਟਰੇਰੀ ਐਂਡ ਕਲਚਰਲ ਸੁਸਾਇਟੀ ਆਫ ਨਿਊ ਯਾਰਕ, ਸ਼ਹੀਦ ਭਗਤ ਸਿੰਘ ਐਸੋਸੀਏਸ਼ਨ, ਕਪੂਰਥਲਾ ਸਪੋਰਟਸ ਕਲੱਬ, ਪੰਜਾਬੀ ਸਾਹਿਤਕ ਅਕੈਡਮੀ ਨਿਊ ਯਾਰਕ, ਬਿੱਟੂ ਸਿੱਧੂ (Malwa Brother & Association), ਹੈਰੀ ਸਿੰਘ (ਬੋਲਾ ਆਇਲ ਕੰਪਨੀ), ਸਵਰਨਜੀਤ ਸਿੰਘ (ਨੋਰ ਕਰੋਸ ਸਰਵਿਸ ਸਟੇਸ਼ਨ ਇੰਕ), ਜਸਵਿੰਦਰ ਜੌਹਲ ਅਤੇ ਦੀਪਕ ਭਾਰਦਵਾਜ (ਆਪਣਾ ਬਾਜ਼ਾਰ), ਜਗੀਰ ਸਿੰਘ (ਸਬਜੀ ਮੰਡੀ), ਚੰਨੀ ਮੁਕਤੀ ਪੈਟਰੋਲੀਅਮ, ਰਾਣਾ ਅਟਵਾਲ, ਅਵਤਾਰ ਸਿੰਘ (ਸਿੰਘ ਫਾਰਮ), ਸੁਰਜੀਤ ਸਿੰਘ (ਟੀ ਡੀ ਮੋਬਾਈਲਜ਼), ਹਰਿੰਦਰ ਸਿੰਘ ਦੁਸਾਂਝ, ਰਤਨ ਸਿੰਘ, ਪਰਮਜੀਤ ਸਿੰਘ ਬੇਦੀ, ਹਰਪ੍ਰੀਤ ਸਿੰਘ ਤੂਰ, ਸਤਨਾਮ ਸਿੰਘ ਪਰਹਾਰ, ਤਜਿੰਦਰ ਸਿੰਘ ਗਿੱਲ, ਗੁਰਪ੍ਰੀਤ ਸਿੰਘ ਕੁੱਕੂ, ਤਰਸੇਮ ਸਿੰਘ ਭੀਮਾ, ਰਮੇਸ਼ ਕੁਮਾਰ (Angli Oil Company), ਕੁਲਵੰਤ ਪੂੰਨਾਂ, ਗੁਰਨਾਮ ਬਾਜਵਾ, ਸ਼ੁਦ ਪ੍ਰਕਾਸ਼, ਜਸਵਿੰਦਰ ਸਿੰਘ ਲਾਲ, ਇਕਬਾਲ ਜੱਬੋਵਾਲੀਆ, ਮਲਕੀਤ ਸਿੰਘ ਖਾਲਸਾ, ਸੁਰਿੰਦਰ ਸਿੰਘ ਵਾਲੀਆ (101 Insurance), ਰਣਧੀਰ ਸਿੰਘ, ਮੰਗਤ ਸਿੰਘ, ਭਾਗ ਸਿੰਘ ਅਤੇ ਹਰਜਿੰਦਰ ਸਿੰਘ (Little Neck), ਮਾਸਟਰ ਪ੍ਰਮੋਦ ਕੁਮਾਰ, ਹਰਮੇਲ ਸਿੰਘ ਮੇਲੀ, ਬਲਵੀਰ ਸਿੰਘ ਡੁਮੇਲੀ, ਗੁਰਮੀਤ ਬੁੱਟਲ, ਮੋਹਨ ਸਿੰਘ ਖੱਟੜਾ (ਸਿੱਖ ਕਲਚਰਲ ਸੁਸਾਇਟੀ), ਜਗਦੇਵ ਸਿੰਘ ਢਿੱਲੋਂ, ਭੁਪਿੰਦਰ ਸਿੰਘ ਅਟਵਾਲ, ਹਰਜਿੰਦਰ ਸਿੰਘ ਬਾਹੀਆ (ਨਿਊ ਜਰਸੀ), ਕੁਲਦੀਪ ਸਿੰਘ (ਨਿਊ ਜਰਸੀ), ਹਰਮਿੰਦਰ ਸਿੰਘ ਪਨਾਮ, ਪਾਲ ਸਿੰਘ, ਗੁਰਮੀਤ ਸਿੰਘ, ਸਰਦੂਲ ਸਿੰਘ, ਸਵਰਨ ਸਿੰਘ, ਤਰਸੇਮ ਸਿੰਘ ਘੁੰਮਣ, ਦਵਿੰਦਰ ਝਾਵਰ, ਜਸਬੀਰ ਸਿੰਘ ਕੋਚ, ਪਵਨ ਘਈ, ਜੱਸੀ (Phone Whole Seller), ਉਂਕਾਰ ਜੌਹਲਾਂ, ਬੰਟੀ ਅਤੇ ਰਿੰਕੂ, ਪਰਮਜੀਤ ਸਿੰਘ ਬਛੌੜੀ, ਦਵਿੰਦਰ ਰਾਣਾ, ਇਕਬਾਲ ਸਿੰਘ, ਚਰਨਜੀਤ ਸਿੰਘ ਸਮਰਾ, ਰਾਜਿੰਦਰ ਸਿੰਘ ਬਿੱਟੂ, ਫੁੰਮਣ ਸਿੰਘ, ਮਹਿੰਦਰ ਸਿੰਘ ਗਿਲਜੀਆਂ, ਤ੍ਰਲੋਕਬੀਰ, ਗੁਰਦੀਪ ਸਿੰਘ, ਭਾਗ ਸਿੰਘ ਰੱਕੜ, ਬਲਵਿੰਦਰ ਜੰਡਿਆਲਾ, ਪ੍ਰੋ. ਸੰਦੀਪ, ਸੰਤੋਖ ਸਿੰਘ ਚੇਅਰਮੈਨ, ਪ੍ਰੀਤ ਦਰਸ਼ਨ ਸਿੰਘ, ਬਿਸ਼ਨ ਸਿੰਘ ਘੋਤੜਾ, ਕਮਲ ਮੁਲਤਾਨੀ, ਸੁਰਜੀਤ ਸਿੰਘ, ਸਰਦੂਲ ਸਿੰਘ (sec) & Media Friends. ਲੰਗਰ ਦੀ ਸੇਵਾ ਬਲਵਿੰਦਰ ਸਿੰਘ ਸਤਿਗੁਰੂ ਸਵੀਟਸ ਵਲੋਂ

## ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ

| ਉਂਕਾਰ ਸਿੰਘ ਡੁਮੇਲੀ | ਮਨਮੋਹਨ ਸਿੰਘ ਪੁਨੀ | ਸੁਰਮੁਖ ਸਿੰਘ | ਜੈਕਰਨ ਸਿੰਘ |
|---|---|---|---|
| 347-476-1604 | 347-753-5940 | 917-294-6430 | 917-293-6953 |